# ਆਦਿ-ਮੰਗਲ ਦਾ ਸਰੂਪ ਸਥਾਨ
# ਅਤੇ ਪਾਠ-ਭੇਦ ਉਕਾਈਆਂ

# ਆਦਿ-ਮੰਗਲ ਦਾ ਸਰੂਪ ਸਥਾਨ
# ਅਤੇ ਪਾਠ-ਭੇਦ ਉਕਾਈਆਂ

**ਸੰਪਾਦਕ**

ਡਾ. ਓਅੰਕਾਰ ਸਿੰਘ

***AAD-MANGAL DA SAROOP SATHAAN ATE PATH-BHED UKAYIAN*** (Criticim)
*Ed. By* Dr. Onkar Singh, USA

*Published By*
**SARBAT KHALSA**
2339 W L Salle St.
Phoenix AZ 85041 USA
M. +973 3223 2075, +1 (602) 303-4765
Website: www.sarbatkhalsa.world
Email: fatehgarh1469@gmail.com

© Publisher

Year: 2026

ISBN: 978-81-69307-00-0

Printed in India

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ, ਆਡੀਓ ਬੁੱਕ ਜਾਂ ਪੀ.ਡੀ.ਐੱਫ. ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਤਤਕਰਾ


| | |
|---|---|
| ੧. ਮੁੱਖ-ਬੰਧ | 7 |
| ੧. ਭੂਮਿਕਾ | 9 |
| ੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਾਠ-ਭੇਦਾਂ ਦਾ ਵੇਰਵਾ | 15 |
| • ਮੰਗਲਾਚਰਣ ਦੇ ਸੰਪੂਰਣ ਸਰੂਪ ਅਤੇ ਸਹੀ ਸਥਾਨ ਦੇ ਪਾਠ-ਭੇਦ | 17 |
| • ਸੰਖੇਪ ਮੰਗਲ ਅਤੇ ਸਿਰਲੇਖਾਂ ਦੇ ਸਹੀ ਸਰੂਪ ਅਤੇ ਅਸਥਾਨ ਦੇ ਪਾਠ-ਭੇਦ | 138 |
| • ਲਗਾਂ ਮਾਤਰਾਂ ਅਤੇ ਸ਼ਬਦ ਬਣਤਰ ਦੇ ਪਾਠ-ਭੇਦ | 172 |
| • ਅੱਖਰ ਬਣਤਰ ਦੀਆਂ ਉਕਾਈਆਂ ਅਤੇ ਹੋਰ ਪਾਠ-ਭੇਦਾਂ ਬਾਰੇ ਰਿਪੋਰਟ | 212 |
| ੩. ਅੰਤਿਕਾ | |
| • 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ ਸੈਂਚੀਆਂ ਅਤੇ ਪੁਰਾਤਨ ਹੱਥ-ਲਿਖਤ ਪਾਵਨ ਬੀੜਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ' ਪੁਸਤਕ ਦਾ ਗਿਆਨੀ ਕਿਰਪਾਲ ਸਿੰਘ ਜੀ ਵੱਲੋਂ ਲਿਖਿਆ ਮੁਖਬੰਧ | 225 |
| • ਆਦਿ-ਮੰਗਲ ਦਾ ਸੰਪੂਰਨ ਸਰੂਪ ਤੇ ਸਹੀ ਤਰਤੀਬਕ ਸਥਾਨ<br>ਗਿਆਨੀ ਜਗਤਾਰ ਸਿੰਘ ਜੀ ਜਾਚਕ, ਸਾਬਕਾ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ | 228 |
| • ਮੂਲ ਮੰਤਰ ਦਾ ਪ੍ਰਮਾਣਿਕ ਸਰੂਪ (ਕੀ ਮੰਗਲਾਚਰਣ – ਜਪੁ – ਸਲੋਕ ਮੂਲ ਮੰਤਰ ਹੈ?)<br>ਡਾ. ਵਿਕਰਮ ਸਿੰਘ | 236 |
| • '੧ਓ ਸਤਿ' ਦੀ ਸੰਧੀ ਤੇ ਪ੍ਰਾਚੀਨ ਹੱਥ–ਲਿਖਤ ਬੀੜਾਂ ਵਿੱਚ ਮੰਗਲ ਅੰਕਿਤ ਕਰਨ ਦੀ ਵਿਧੀ<br>ਪ੍ਰਿੰਸੀਪਲ ਹਰਿਭਜਨ ਸਿੰਘ ਜੀ | 254 |
| • ਮੂਲ ਮੰਤਰ ਦਾ ਗੁਰਬਾਣੀ 'ਚ ਸਥਾਨ ਤੇ ਬਣਤਰ<br>ਗਿਆਨੀ ਅਵਤਾਰ ਸਿੰਘ | 259 |
| • ਮੂਲਮੰਤਰ ਅਤੇ ਬਾਣੀ ਸਿਰਲੇਖ ਦਾ ਸਥਾਨ ਅਤੇ ਵਿਵਾਦ<br>ਕਿਰਪਾਲ ਸਿੰਘ, ਬਠਿੰਡਾ | 264 |
| • ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਾਠ-ਭੇਦਾਂ ਬਾਰੇ ਸਰਬੱਤ ਖ਼ਾਲਸਾ ਦੇ ਸਨਮੁੱਖ ਇੱਕ ਜ਼ਰੂਰੀ ਲੇਖ<br>ਡਾ. ਓਅੰਕਾਰ ਸਿੰਘ | 275 |
| • ਸਿੱਖ-ਰੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਗਏ ਪੱਤਰ | 283 |
| • ਸਰਬੱਤ ਖਾਲਸਾ ਜਥੇਬੰਦੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੇ ਗਏ ਪੱਤਰ | 293 |

# ਮੁੱਖ-ਬੰਧ

*ਅਬ ਮਨ ਜਾਗਤ ਰਹੁ ਰੇ ਭਾਈ ॥*
*ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥ (ਪੰਨਾ ੩੩੯)*

ਜਿਵੇਂ ਵਿਕਾਰ ਬੇ-ਪਰਵਾਹੀ ਵਾਲੇ ਜੀਵਨ ਵਿੱਚੋਂ ਰੱਬੀ ਗੁਣਾਂ ਦੀ ਚੋਰੀ ਕਰ ਲੈਂਦੇ ਹਨ, ਉਸੇ ਤਰ੍ਹਾਂ ਆਪਣੇ ਫ਼ਰਜ਼ ਤੋਂ ਅਵੇਸਲਾ ਸਮਾਜ ਵੀ ਆਪਣੇ ਪੁਰਖਿਆਂ ਦੇ ਖਜ਼ਾਨੇ ਨੂੰ ਗੁਆ ਬੈਠਦਾ ਹੈ। ਸਿੱਖ ਕੌਮ ਕੋਲ ਦੁਨੀਆਂ ਦਾ ਸਭ ਤੋਂ ਕੀਮਤੀ ਖਜ਼ਾਨਾ **'ਗੁਰੂ ਗ੍ਰੰਥ ਸਾਹਿਬ ਜੀ'** ਹਨ, ਜਿਸ ਨੂੰ ਗੁਰੂ ਸਾਹਿਬਾਨਾਂ ਨੇ ਆਪ ਤਿਆਰ ਕਰਕੇ ਗੁਰਸਿੱਖਾਂ ਦੇ ਹਵਾਲੇ ਕੀਤਾ ਹੈ। ਹੁਣ ਸਿੱਖਾਂ ਦਾ ਫ਼ਰਜ਼ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਬੀ ਸੰਦੇਸ਼ ਰਾਹੀਂ ਸਰਬੱਤ ਲੋਕਾਈ ਨੂੰ ਭਰਮਾਂ ਵਿੱਚੋਂ ਕੱਢ ਕੇ ਠੰਢ ਵਰਤਾਉਣ। ਗੁਰਬਾਣੀ ਦਾ ਸੰਦੇਸ਼ ਸਰਬ ਸਾਂਝਾ ਹੈ ਅਤੇ ਗੁਰਸਿੱਖ ਇਸ ਖਜ਼ਾਨੇ ਦੇ ਰਖਵਾਲੇ ਹਨ। ਇਸ ਲਈ ਗੁਰਸਿੱਖਾਂ ਦਾ ਪਹਿਲਾ ਫ਼ਰਜ਼ ਇਹ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸੇ ਸਰੂਪ ਵਿੱਚ ਸਾਂਭ ਕੇ ਰੱਖਣ, ਜਿਸ ਸਰੂਪ ਵਿੱਚ ਸਤਿਗੁਰੂ ਸਾਹਿਬਾਨਾਂ ਨੇ ਇਸ ਨੂੰ ਸਿੱਖ-ਜਗਤ ਦੇ ਹਵਾਲੇ ਕੀਤਾ ਸੀ। ਇਸ ਹੱਥਲੀ ਪੁਸਤਕ ਦਾ ਮਨੋਰਥ ਇਸੇ ਫ਼ਰਜ਼ ਦੀ ਪਛਾਣ ਕਰਨਾ ਹੈ।

ਸਮੇਂ ਨਾਲ ਹੋ ਰਹੇ ਤਕਨੀਕੀ ਵਿਕਾਸ ਦੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਾਲੀ ਦਿੱਖ ਵਿੱਚ ਫਰਕ ਆ ਜਾਣਾ ਸੁਭਾਵਕ ਹੈ ਪਰ ਇਸ ਨਾਲ ਪਾਠ-ਭੇਦਾਂ ਦਾ ਆਉਣਾ ਸਾਡਾ ਅਵੇਸਲਾਪਨ ਹੈ। ਪਾਠ-ਭੇਦਾਂ ਦਾ ਕਾਰਨ ਕੇਵਲ ਭੁੱਲਣਹਾਰ ਮਨੁੱਖ ਹਨ। ਪਹਿਲਾਂ ਲਿਖਾਰੀਆਂ ਵੱਲੋਂ ਪੁਰਾਤਨ ਹੱਥ ਲਿਖਤ ਬੀੜਾਂ ਦੇ ਉਤਾਰੇ ਕਰਨ ਲੱਗਿਆਂ, ਫਿਰ ਹੱਥ ਲਿਖਤ ਬੀੜਾਂ ਨੂੰ ਪੱਥਰ ਦੇ ਛਾਪੇ ਨਾਲ ਛਪਾਈ ਕਰਨ ਵੇਲੇ, ਫਿਰ ਪੱਥਰ ਦੇ ਛਾਪੇ ਤੋਂ ਪ੍ਰਿੰਟਿੰਗ ਪ੍ਰੈੱਸ ਨਾਲ ਛਪਾਈ ਕਰਨ ਵੇਲੇ ਅਤੇ ਫਿਰ ਕੰਪਿਊਟਰ ਰਾਹੀਂ ਫੌਂਟ ਘੜਨ ਵੇਲੇ ਪਾਠ-ਭੇਦ ਵੱਧਦੇ ਗਏ। ਇਸ ਤੋਂ ਇਲਾਵਾ ਉਤਾਰਾ ਕਰਨ ਵੇਲੇ ਕਿਸ ਲਿਖਾਰੀ ਨੇ, ਕਿਸ ਮਾਨਤਾ ਦੇ ਪ੍ਰਭਾਵ ਹੇਠ, ਕਿਸ ਹੱਥ ਲਿਖਤ ਬੀੜ ਨੂੰ ਅਧਾਰ ਬਣਾਇਆ ਹੈ, ਇਹ ਵੀ ਪਾਠ-ਭੇਦ ਦਾ ਕਾਰਨ ਬਣਿਆ ਹੈ।

ਚੰਗੀ ਖ਼ਬਰ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੇਂ-ਸਮੇਂ 'ਤੇ ਇਨ੍ਹਾਂ ਪਾਠ-ਭੇਦਾਂ ਬਾਬਤ ਕਮੇਟੀਆਂ ਬਣਾਈਆਂ, ਜਿਨ੍ਹਾਂ ਦੀਆਂ ਕੀਮਤੀ ਰਿਪੋਰਟਾਂ ਜਨਤਕ ਹਨ। ਇਨ੍ਹਾਂ ਰਿਪੋਰਟਾਂ ਅਤੇ ਹੋਰ ਖੋਜ ਦੇ ਅਧਾਰ 'ਤੇ ਪਾਠ-ਭੇਦਾਂ ਦੀ ਸੁਧਾਈ ਕੀਤੀ ਜਾਣੀ ਚਾਹੀਦੀ ਸੀ ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਸਰਬੱਤ ਖ਼ਾਲਸਾ ਜਥੇਬੰਦੀ ਦੇ ਪੰਜ ਪ੍ਰਧਾਨੀ ਕੌਂਸਲ ਵੱਲੋਂ ਪਿਛਲੇ ਸਮੇਂ ਵਿੱਚ ਇਸ ਮਸਲੇ 'ਤੇ ਵੈਬੀਨਾਰ ਅਤੇ ਵਿਚਾਰਾਂ ਦਾ ਪ੍ਰਬੰਧ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਬਾਬਤ ਕਈ ਚਿੱਠੀਆਂ ਲਿਖੀਆਂ ਗਈਆਂ ਸਨ ਪਰ ਅੱਜ ਤੱਕ ਇਨ੍ਹਾਂ ਚਿੱਠੀਆਂ ਦਾ ਕੋਈ ਜੁਆਬ ਨਹੀਂ ਆਇਆ। ਇਹ ਚਿੱਠੀਆਂ ਵੀ ਇਸ ਪੁਸਤਕ ਦੇ ਅੰਤਿਕਾ ਵਿੱਚ ਦਰਜ ਕੀਤੀਆਂ ਗਈਆਂ

ਹਨ। ਅਫਸੋਸ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਇਸ ਗੰਭੀਰ ਮਸਲੇ 'ਤੇ ਭੇਦ-ਭਰੀ ਚੁੱਪ ਵੱਟੀ ਹੋਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੱਟੀ ਇਸ ਚੁੱਪ ਨੂੰ ਸਰਬੱਤ ਖ਼ਾਲਸਾ ਜਥੇਬੰਦੀ ਨੇ ਆਪਣੀ ਆਖਰੀ ਚਿੱਠੀ ਵਿੱਚ ਪਾਠ-ਭੇਦਾਂ ਦੇ ਮਸਲੇ ਨੂੰ ਸੁਲਝਾਉਣ ਲਈ ਉਨ੍ਹਾਂ ਦੀ ਸਹਿਮਤੀ ਮੰਨਦਿਆਂ ਧੰਨਵਾਦ ਕੀਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਨੂੰ ਪ੍ਰਭੁਤਾ ਬਖ਼ਸ਼ੀ ਹੈ। ਜੇਕਰ ਸਥਾਪਤ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਤੋਂ ਭਗੌੜੀਆਂ ਹੋ ਜਾਣ ਤਾਂ ਸਰਬੱਤ ਖ਼ਾਲਸਾ ਕੌਮੀ ਮਸਲੇ ਆਪਣੇ ਹੱਥ ਵਿੱਚ ਲੈ ਕੇ ਹੱਲ ਕਰਨ ਲਈ ਅਜ਼ਾਦ ਹੈ। ਸਰਬੱਤ ਖ਼ਾਲਸਾ ਜਥੇਬੰਦੀ ਦਾ ਮੰਤਵ ਗੁਰਮਤਿ ਦੇ ਚਾਨਣ ਵਿੱਚ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਇੱਕ ਖ਼ੁਦ-ਮੁਖਤਿਆਰ ਸੰਸਥਾ ਬਣਨਾ ਹੈ, ਜੋ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾਂ ਪੂਰਨ ਪਾਰਦਰਸ਼ਤਾ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਪਾਠ-ਭੇਦ ਇੱਕ ਗੰਭੀਰ ਧਾਰਮਿਕ ਅਤੇ ਅਕਾਦਮਿਕ ਮਸਲਾ ਹੈ। ਇਸ ਦੇ ਵਿਸ਼ਾ-ਮਾਹਿਰ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ। ਉਹ ਵੀ ਇੱਕ-ਇੱਕ ਕਰਕੇ ਕਰਤਾਰ ਵੱਲੋਂ ਬਖਸ਼ਿਆ ਜੀਵਨ ਭੋਗ ਕੇ ਸੰਸਾਰ ਤੋਂ ਕੂਚ ਕਰੀ ਜਾ ਰਹੇ ਹਨ। ਇਹ ਹਰ ਸਿੱਖ ਲਈ ਚਿੰਤਾ ਦਾ ਕਾਰਨ ਹੋਣਾ ਚਾਹੀਦਾ ਹੈ। ਪਰ ਬਹੁਤ ਹੀ ਅਫ਼ਸੋਸ ਦੀ ਗੱਲ ਇਹ ਹੈ ਕਿ ਬਹੁਤਾਤ ਸਿੱਖ ਇਨ੍ਹਾਂ ਪਾਠ-ਭੇਦਾਂ ਤੋਂ ਪੂਰੀ ਤਰਾਂ ਅਨਜਾਣ ਹਨ।

ਸੋ ਪਾਠ-ਭੇਦਾਂ ਦੀ ਸੁਧਾਈ ਤੋਂ ਪਹਿਲਾਂ ਹਰ ਸਿੱਖ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਅਸਲ ਵਿੱਚ ਇਹ ਮਸਲਾ ਹੈ ਕੀ? ਪੰਜ ਪ੍ਰਧਾਨੀ ਕੌਂਸਲ ਵੱਲੋਂ ਗੰਭੀਰ ਵਿਚਾਰ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਸਿੱਖ-ਸੰਗਤ ਦੀ ਜਾਗਰੂਕਤਾ ਲਈ ਪੁਰਾਤਨ ਅਤੇ ਪ੍ਰਮਾਣਿਕ ਹੱਥ-ਲਿਖਤ ਬੀੜਾਂ ਵਿੱਚੋਂ ਚਿੱਤਰਾਂ ਦੇ ਹਵਾਲੇ ਦੇ ਕੇ ਇੱਕ ਸੁੰਦਰ ਪੁਸਤਕ ਤਿਆਰ ਕੀਤੀ ਜਾਵੇ। ਇਸ ਅਤਿ ਮਹੱਤਵਪੂਰਣ ਕਿਤਾਬ ਨੂੰ ਲਿਖਣ ਦੀ ਜ਼ਿੰਮੇਵਾਰੀ ਡਾ. ਓਅੰਕਾਰ ਸਿੰਘ ਜੀ, (ਫੀਨਿਕਸ, ਅਮਰੀਕਾ) ਨੂੰ ਦਿੱਤੀ ਗਈ ਸੀ, ਜੋ ਇਸ ਵਿਸ਼ੇ ਬਾਰੇ ਗਿਣੇ ਚੁਣੇ ਵਿਦਵਾਨਾਂ ਵਿੱਚੋਂ ਇੱਕ ਹਨ। ਅਸੀਂ ਡਾ. ਓਅੰਕਾਰ ਸਿੰਘ ਜੀ ਦੇ ਤਹਿ ਦਿੱਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਡੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਇਸ ਬੇਸ਼ਕੀਮਤੀ ਕਿਤਾਬ ਨੂੰ ਕੌਮ ਦੀ ਝੋਲੀ ਵਿੱਚ ਪਾਇਆ ਹੈ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿੱਚ,


**ਵੱਲੋਂ, ਪੰਜ ਪ੍ਰਧਾਨੀ ਕੌਂਸਲ, ਸਰਬੱਤ ਖ਼ਾਲਸਾ ਜਥੇਬੰਦੀ:**

ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ),

ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ),

ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ)

ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ),

ਸ: ਸਤਬੀਰ ਸਿੰਘ (ਦਿੱਲੀ)

https://sarbatkhalsa.world/


ਮਿਤੀ: ੧ ਮਈ ੨੦੨੬

# ਭੂਮਿਕਾ

ਧੰਨ ਗੁਰੂ ਅਰਜਨ ਪਾਤਸ਼ਾਹ ਹਜ਼ੂਰ ਵੱਲੋ ਸਾਰੇ ਸਤਿਗੁਰੂ ਸਾਹਿਬਾਨ ਦੀ ਧੁਰ ਕੀ ਬਾਣੀ ਅਤੇ ਭਗਤ ਬਾਣੀ ਨੂੰ ਇਕੱਤ੍ਰ ਕੀਤਾ ਗਿਆ। ਭਾਈ ਸਾਹਿਬ ਗੁਰਦਾਸ ਜੀ ਨੂੰ ਇਸ ਦੀ ਲਿਖਣ-ਸੇਵਾ ਬਖਸ਼ ਕੇ 1601 ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰਵਾਇਆ ਗਿਆ ਅਤੇ ਸਤਿਗੁਰੂ ਜੀ ਆਪਣੇ ਹੱਥੀ ਇਸ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤਾ।

ਸਮੇਂ ਦੇ ਨਾਲ ਨਾਲ ਲੋੜ ਅਨੁਸਾਰ ਇਸ ਬੀੜ ਦੇ ਉਤਾਰੇ ਹੁੰਦੇ ਗਏ ਅਤੇ ਇਨ੍ਹਾਂ ਉਤਾਰਿਆਂ ਵਿੱਚ ਲਿਖਾਰੀਆਂ ਵੱਲੋਂ ਉਕਾਈਆਂ ਵੀ ਹੁੰਦੀਆਂ ਗਈਆਂ। ਪਹਿਲਾਂ ਪਹਿਲ ਪੁਰਾਤਨ ਗੁਰਸਿੱਖ ਬਹੁਤ ਸਿਦਕ ਭਰੋਸੇ ਵਾਲ਼ੇ ਅਤੇ ਵਿਦਵਾਨ ਬਿਰਤੀ ਦੇ ਹੋਇਆ ਕਰਦੇ ਸਨ। ਉਹ ਗੁਰੂ ਦੀ ਪ੍ਰੀਤ ਅਤੇ ਸਿਦਕ-ਭਰੋਸੇ ਵਿੱਚ ਬੈਠ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਖਿਆ ਕਰਦੇ ਸੀ। ਬਾਅਦ ਵਿੱਚ ਸਹਿਜੇ ਸਹਿਜੇ ਇਹ ਧੰਦਾ ਬਣਦਾ ਗਿਆ। ਮੇਲਿਆਂ ਅਦਿ ਤੇ ਵੇਚਣ ਲਈ ਸਰੂਪ ਲਿਖੇ ਜਾਣ ਲੱਗੇ। ਪੈਸੇ ਕਮਾਉਣ ਦੀ ਦੌੜ ਵਿੱਚ ਉਨ੍ਹਾਂ ਦਾ ਸ਼ੁੱਧਤਾ ਵੱਲੋਂ ਧਿਆਨ ਹਟਦਾ ਗਿਆ ਅਤੇ ਗੁਰਬਾਣੀ ਦੀ ਲਿਖਾਈ ਵਿੱਚ ਦਿਨੋਂ ਦਿਨ ਗਲਤੀਆਂ ਵਧਦੀਆਂ ਗਈਆਂ।

ਮੇਰੀ ਲਾਇਬ੍ਰੇਰੀ ਵਿੱਚ ਇਨ੍ਹਾਂ ਪੁਰਾਤਨ ਹੱਥ ਲਿਖਤ ਸਰੂਪਾਂ ਦੇ ਲਗਭਗ 800 ਦੇ ਕਰੀਬ ਉਤਾਰੇ ਹਨ। ਇਹ ਕਾਰਜ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਜੀ ਵੱਲੋ, ਪ੍ਰੋ. ਸਾਹਿਬ ਸਿੰਘ ਟਰਸਟ ਰਾਹੀਂ ਆਰੰਭਿਆ ਗਿਆ ਸੀ। ਅਸੀਂ ਅਜੇ ਵੀ ਇਨ੍ਹਾਂ ਯਤਨਾਂ ਵਿੱਚ ਲੱਗੇ ਹੋਏ ਹਾਂ ਕਿ ਸੰਸਾਰ ਭਰ ਵਿੱਚ ਜਿੱਥੇ ਕਿਤੇ ਵੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਹੱਥ ਲਿਖਤ ਸਰੂਪ ਪਿਆ ਹੈ ਉਸ ਦੀ ਡਿਜੀਟਲ ਕਾਪੀ ਤਿਆਰ ਕਰ ਲਈ ਜਾਵੇ।

ਮੂਲ ਮੰਤਰ (ਮੰਗਲਾਚਰਣ ਬਾਰੇ) ਅਤੇ ਹੋਰ ਪਾਠ-ਭੇਦਾਂ ਬਾਰੇ ਸਿੱਖ ਪੰਥ ਵਿੱਚ ਲੰਬੇ ਸਮੇਂ ਤੋਂ ਕਾਫ਼ੀ ਵਾਦ-ਵਿਵਾਦ ਚੱਲ ਰਿਹਾ ਹੈ। ਦਰਅਸਲ ਸਾਡੀਆਂ ਸ਼੍ਰੋਮਣੀ ਸੰਸਥਾਵਾਂ ਸਮੇਂ ਸਮੇਂ ਨਾਲ ਆਪਣੇ ਹੀ ਕੀਤੇ ਹੋਏ ਠੀਕ ਕਾਰਜਾਂ ਨੂੰ ਬਾਹਰੀ ਪ੍ਰਭਾਵ ਦੇ ਕਾਰਨ ਹਰ ਦਿਨ ਗਲਤ ਹੀ ਗਲਤ ਛਾਪਦੀਆਂ ਚਲੀਆਂ ਗਈਆਂ। ਸਾਡੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਦੋਂ ਹੋਂਦ ਵਿੱਚ ਆਈ ਤਾਂ ਉਨ੍ਹਾਂ ਵੇਖਿਆ ਕਿ ਬਜ਼ਾਰ ਵਿੱਚ ਪ੍ਰਾਈਵੇਟ ਛਾਪਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧੰਧੇ ਦੇ ਤੌਰ ਤੇ ਛਾਪ ਕੇ ਵਾਪਾਰ ਕਰ ਰਹੇ ਹਨ। ਉਨ੍ਹਾਂ ਨੇ ਸਥਾਪਿਤ ਵਿਦਵਾਨਾਂ ਦੀ ਸਲਾਹ ਨਾਲ ਖ਼ੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਾਪਣ ਦਾ ਫੈਸਲਾ ਕੀਤਾ। ਉਸ ਸਮੇਂ ਕੰਪਿਊਟਰ ਆਦਿਕ ਨਹੀਂ ਹੋਇਆ ਕਰਦੇ ਸਨ। ਸਾਰਾ ਕਾਰਜ ਸਿੱਕੇ ਦੇ ਬਣੇ ਅੱਖਰਾਂ ਦੀ ਕੰਪੋਜ਼ਿੰਗ ਨਾਲ ਹੁੰਦਾ ਸੀ। ਬਾਰ-ਬਾਰ ਕੰਪੋਜ਼ ਕਰਦਿਆਂ ਗਲਤੀਆਂ ਨਾਂ ਹੋਣ ਇਸ ਲਈ ਸ਼੍ਰੋਮਣੀ ਕਮੇਟੀ ਨੇ ਲੱਖਾਂ ਰੁਪਏ ਖਰਚ ਕਰਕੇ ਛਪਵਾਈ ਲਈ ਇਸ ਦੇ ਬਹੁਤ ਸੁੰਦਰ ਬਲਾਕ ਬਣਵਾਏ।

ਕਮੇਟੀ ਨੇ ਬਹੁਤ ਸੋਚ ਸਮਝ ਕੇ ਵਿਚਾਰ ਕਰਦਿਆਂ 1952 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਸੁੰਦਰ ਸਰੂਪ ਛਾਪਿਆ ਅਤੇ ਇਸ ਵਿੱਚ ਹਰ ਸਥਾਨ ਤੇ ਮੰਗਲ ਨੂੰ ਪਹਿਲ ਦੇ ਕੇ ਉੱਪਰ ਛਾਪਿਆ ਗਿਆ। ਇਸ ਬੀੜ ਦੀ ਅਸਲ ਕਾਪੀ ਸਾਡੇ ਗ੍ਰਿਹ ਵਿਖੇ ਮੌਜੂਦ ਹੈ। ਮੈਂ ਇਸ ਦੀ ਡਿਜੀਟਲ ਕਾਪੀ ਕਰਕੇ ਵੈਬ ਸਾਈਟ (https://gurugranthsahib.study/) ਤੇ ਵੀ ਪਾ ਦਿੱਤੀ ਹੈ। ਇਸੇ ਤਰ੍ਹਾਂ ਮੇਰੇ ਕੋਲ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਛਪੀਆਂ 4 ਸ਼ਬਦਾਰਥ ਸੈਂਚੀਆਂ ਵੀ ਹਨ ਜਿਨ੍ਹਾਂ ਉੱਤੇ ਹਰ ਜਗ੍ਹਾ ਮੰਗਲ ਥਾਂ ਸਿਰ ਉੱਤੇ ਹੈ। ਅੱਗੇ ਜਾ ਕੇ ਬਾਕੀ ਹੱਥ ਲਿਖਤਾਂ ਦੇ ਨਾਲ ਨਾਲ ਮੈਂ ਇਨ੍ਹਾਂ ਦੀਆਂ ਤਸਵੀਰਾਂ ਵੀ ਪਾਠਕਾਂ ਨਾਲ ਸਾਂਝੀਆਂ ਕਰ ਰਿਹਾ ਹਾਂ।

ਪਰ ਬਦਕਿਸਮਤੀ ਨਾਲ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੇਰਾਵਾਦ ਅਤੇ ਰਾਜਨੀਤਕ ਪ੍ਰਭਾਵਾਂ ਹੇਠ ਆਕੇ ਇਹ ਬਹੁਤ ਹੀ ਕੀਮਤੀ ਬਲਾਕ ਸਾੜ ਦਿੱਤੇ ਅਤੇ ਫਿਰ ਤੋਂ ਸਾਰੇ ਮੰਗਲ ਉਘੜ ਦੁਘੜੇ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਛਾਪ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ 1996 ਵਾਲ਼ੀ ਰਿਪੋਰਟ ਅਨੁਸਾਰ ਬਿਨਾਂ ਪੰਥ ਦੀ ਪ੍ਰਵਾਨਗੀ ਲਿਆਂ ਚੁੱਪ ਚੁਪੀਤੇ ਹੀ ਇਸ ਵਿੱਚ ਵਾਧਾ ਘਾਟਾ ਕੀਤਾ ਜਾਂਦਾ ਰਿਹਾ ਅਤੇ ਹੁਣ ਤੱਕ ਵੀ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਸ਼ਬਦਾਰਥ ਸੈਂਚੀਆਂ ਵੀ ਬਦਲ ਦਿੱਤੀਆਂ ਗਈਆਂ।

ਪਿੱਛੋਂ ਫਿਰ ਜਦੋਂ ਸ਼੍ਰੋਮਣੀ ਕਮੇਟੀ ਨੂੰ ਅਹਿਸਾਸ ਹੋਇਆ ਕਿ ਅਸੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗ਼ਲਤ ਸਰੂਪ ਛਾਪ ਰਹੇ ਹਾਂ ਤਾਂ ਉਨ੍ਹਾਂ ਨੇ ਤਿੰਨ ਸਿੱਖ ਵਿਦਵਾਨਾਂ: **ਸ. ਰਣਧੀਰ ਸਿੰਘ, ਗਿਆਨੀ ਕੁੰਦਨ ਸਿੰਘ ਅਤੇ ਭਾਈ ਗਿਆਨ ਸਿੰਘ ਨਿਹੰਗ ਜੀ** ਦੀ ਦੇਖਰੇਖ ਵਿੱਚ ਇੱਕ ਕਮੇਟੀ ਬਣਾਈ। ਇਨ੍ਹਾਂ ਵਿਦਵਾਨਾਂ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਪਈਆਂ ਪੁਰਾਤਨ ਹੱਥ-ਲਿਖਤ ਬੀੜਾਂ ਦੇ ਆਧਾਰ ਤੇ ਬੜੀ ਭਾਰੀ ਮਿਹਨਤ ਕਰਕੇ ਪਾਠ-ਭੇਦਾਂ ਦੀ ਇੱਕ ਸੂਚੀ ਤਿਆਰ ਕੀਤੀ। ਇਸ ਸੂਚੀ ਨੂੰ ਸ਼੍ਰੋਮਣੀ ਕਮੇਟੀ ਨੇ ਆਪ ਹੀ 1977 ਵਿੱਚ ਛਾਪਿਆ। ਇਸ ਦੀ ਭੂਮਿਕਾ ਸ੍ਰੀ ਦਰਬਾਰ ਸਾਹਿਬ ਦੇ ਉਸ ਵੇਲੇ ਦੇ ਹੈਡ ਗ੍ਰੰਥੀ, ਗਿਆਨੀ ਕਿਰਪਾਲ ਸਿੰਘ ਜੀ ਨੇ ਲਿਖੀ। ਇਸ ਭੂਮਿਕਾ ਨੂੰ ਅਸੀਂ ਹਬਹੂ ਇਸ ਪੁਸਤਕ ਵਿੱਚ ਛਾਪ ਰਹੇ ਹਾਂ। ਪਾਠ ਭੇਦਾਂ ਦੀ ਸੂਚੀ ਵਾਲ਼ੀ ਇਸ ਪੁਸਤਕ ਦੇ 860 ਪੰਨੇ ਹਨ। ਪਿੱਛੋਂ ਸ਼੍ਰੋਮਣੀ ਕਮੇਟੀ ਨੇ ਮੁੜ ਡੇਰਾਵਾਦਦੀਆਂ ਦੇ ਪ੍ਰਭਾਵ ਹੇਠ ਇਸ ਦੀਆਂ ਕਾਪੀਆਂ ਸਾੜ ਦਿੱਤੀਆਂ। ਜਦੋਂ ਗੋਇੰਦਵਾਲ ਸਾਹਿਬ ਵਿਖੇ ਇਹ ਕਾਪੀਆਂ ਸਾੜੀਆਂ ਜਾ ਰਹੀਆਂ ਸਨ ਤਾਂ ਉੱਥੇ ਕੁੱਝ ਪ੍ਰੇਮੀਆਂ ਨੇ ਇਸ ਪੁਸਤਕ ਦੀਆਂ ਕੁੱਝ ਕੁ ਕਾਪੀਆਂ ਬਚਾ ਲਈਆਂ। ਖੁਸ਼ਕਿਸਮਤੀ ਨਾਲ ਉਸ ਦੀ ਇੱਕ ਕਾਪੀ ਮੇਰੀ ਲਾਇਬ੍ਰੇਰੀ ਵਿੱਚ ਵੀ ਮੌਜੂਦ ਹੈ ਜੋ ਮੈਨੂੰ ਡਾ. ਪਰਮਿੰਦਰ ਸਿੰਘ ਸ਼ੌਂਕੀ ਜੀ ਵੱਲੋ ਦਿੱਤੀ ਗਈ ਹੈ। ਇਸ ਦੀਆਂ ਕੁੱਝ ਫੋਟੋਆਂ ਵੀ ਅਸੀਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਅਫਸੋਸ! ਕਿ ਸ਼੍ਰੋਮਣੀ ਕਮੇਟੀ ਨੇ ਆਪਣੀ ਹੀ ਛਾਪੀ ਹੋਈ ਇਸ ਪੁਸਤਕ ਦੇ ਤੱਥਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਹੁਣ ਤੱਕ ਵੀ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗ਼ਲਤ ਸਰੂਪ ਛਾਪਿਆ ਜਾ ਰਿਹਾ ਹੈ। ਇਸ ਬਾਰੇ ਸਾਰੇ ਤੱਥ ਇਸ ਪੁਸਤਕ ਵਿੱਚ ਦਿੱਤੇ ਜਾ ਰਹੇ ਹਨ।

ਪਿੱਛੋਂ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ, ਸ਼੍ਰੋਮਣੀ ਕਮੇਟੀ ਵੱਲੋਂ 7 ਮੈਂਬਰਾਂ ਦੀ ਇੱਕ ਸੋਧਕ ਕਮੇਟੀ ਬਣਾਈ ਗਈ ਜਿਸ ਨੇ ਦੁਬਾਰਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਦੀ ਸੂਚੀ ਤਿਆਰ ਕੀਤੀ ਅਤੇ 1996 ਵਿੱਚ ਸ਼੍ਰੋਮਣੀ ਕਮੇਟੀ ਨੂੰ ਸੌਂਪੀ। ਸ਼੍ਰੋਮਣੀ ਕਮੇਟੀ ਨੇ ਉਸ ਰਿਪੋਰਟ ਨੂੰ ਪਾੜ ਕੇ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੀਤੀਆਂ ਜਾ ਰਹੀਆਂ ਗਲਤੀਆਂ ਵੱਲ ਫਿਰ ਕੋਈ ਧਿਆਨ ਨਹੀਂ ਦਿੱਤਾ ਅਤੇ ਛਪਾਈ ਦਾ ਕਾਰਜ ਉਸੇ ਤਰ੍ਹਾਂ ਜਾਰੀ ਰਿਹਾ। ਮੈਂ ਮੰਗਲਾਂ ਦੀ ਠੀਕ ਤਰਤੀਬ ਬਾਰੇ ਪਾਠ-ਭੇਦ ਸੂਚੀ ਵਾਲ਼ੀ ਪੁਸਤਕ ਵਿੱਚੋਂ ਕੁੱਝ ਤਸਵੀਰਾਂ ਥੱਲੇ ਦੇ ਰਿਹਾ ਹਾਂ ਕਿ ਪਤਾ ਲੱਗ ਸਕੇ ਕਿ ਮੂਲ ਮੰਤਰ ਦਾ ਠੀਕ ਸਥਾਨ ਅਤੇ ਸਰੂਪ ਕੀ ਹੈ? ਇਸ ਵਿੱਚ ਉਨ੍ਹਾਂ ਵਿਦਵਾਨਾਂ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਪਈਆਂ ਹੱਥ ਲਿਖਤ ਬੀੜਾਂ ਦੇ ਹਵਾਲੇ ਵੀ ਦਿੱਤੇ ਹੋਏ ਹਨ:





ਇਵੇਂ ਹੀ ਸ਼੍ਰੋਮਣੀ ਕਮੇਟੀ ਵੱਲੋਂ 1952 ਵਿੱਚ ਛਪੇ ਹੋਏ ਸਰੂਪ ਜਿਨ੍ਹਾਂ ਵਿੱਚ ਮੰਗਲ ਉੱਪਰ ਹੈ ਅਤੇ 2025 ਵਿੱਚ ਕਮੇਟੀ ਵੱਲੋਂ ਮੰਗਲ ਅੱਗੜ ਪਿੱਛੜ ਕਰਕੇ ਛਾਪੇ ਗਏ ਸਰੂਪ ਦੀਆਂ ਤਸਵੀਰਾਂ ਵੀ ਥੱਲੇ ਦਿੱਤੀਆਂ ਜਾ ਰਹੀਆਂ ਹਨ।

1952



2025



ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ 1969 ਵਿੱਚ ਛਪੀ ਸ਼ਬਦਾਰਥ ਸੈਂਚੀ ਵਿੱਚੋ ਲਈਆਂ ਫੋਟੋਆਂ ਹਨ ਜਿਨ੍ਹਾਂ ਵਿੱਚ ਮੰਗਲ ਬਿਲਕੁਲ ਠੀਕ ਸਥਾਨ ਤੇ ਪਹਿਲਾਂ ਦਰਜ ਹੈ ।



( ੮ )

ਤਾ ਲੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ[1] ਸਿਧਾ[2] ਕੀ ਸੁਧਿ ॥੩੬॥ [3]ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ [4]ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ[5] ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ[6] ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ[7] ॥ ੩੭ ॥ *ਜਤੁ ਪਾਹਾਰਾ[8] ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ[9] ਹਥੀਆਰੁ ॥ ਭਉ ਖਲਾ ਅਗਨਿ ਤਪ[10] ਤਾਉ ॥ ਭਾਂਡਾ ਭਾਉ[11] ਅੰਮ੍ਰਿਤੁ[12] ਤਿਤੁ ਢਾਲਿ ॥ [13]ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥ ਸਲੋਕੁ† ॥ [14]ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ[15] ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ [16]ਵਾਚੈ ਧਰਮੁ ਹਦੂਰਿ ॥ [17]ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ[18] ਘਾਲਿ ॥ ਨਾਨਕ ਤੇ ਮੁਖ ਉਜਲ ਕੇਤੀ ਛੁਟੀ ਨਾਲਿ ॥ ੧ ॥

੧ ਓ ਸਤਿਗੁਰ ਪ੍ਰਸਾਦਿ ॥ ਸੋ ਦਰੁ‡ ਰਾਗੁ ਆਸਾ ਮਹਲਾ ੧ ॥ ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਨਿ ਤੁਹਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਨਿ ਤੁਹਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ ਗਾਵਨਿ ਤੁਹਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ ਤੁਹਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨਿ ਤੁਹਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਹਨੋ ਸਾਧ ਬੀਚਾਰੇ ॥ ਗਾਵਨਿ ਤੁਹਨੋ



( ੧੨ )

ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ[1] ਪਰਗਟੁ ਹੋਇ ॥ ੪ ॥ ੨ ॥ ਆਸਾ ਮਹਲਾ ੧* ॥ †ਤਿਤੁ[2] ਸਰਵਰੜੈ[3] ਭਈਲੇ[4] ਨਿਵਾਸਾ[5] ਪਾਣੀ ਪਾਵਕੁ[6] ਤਿਨਹਿ[7] ਕੀਆ ॥ ਪੰਕਜੁ[8] ਮੋਹ ਪਗੁ[9] ਨਹੀ ਚਾਲੈ ਹਮ ਦੇਖਾ ਤਹ[10] ਡੂਬੀਅਲੇ[11] ॥ ੧ ॥ ਮਨ ਏਕੁ ਨ ਚੇਤਸਿ[12] ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥ ਨਾ ਹਉ ਜਤੀ[13] ਸਤੀ[14] ਨਹੀ ਪੜਿਆ ਮੂਰਖ ਮੁਗਧਾ[15] ਜਨਮੁ ਭਇਆ ॥ ਪ੍ਰਣਵਤਿ[16] ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥ ੨ ॥ ੩ ॥ ਆਸਾ ਮਹਲਾ ੫‡ ॥ §ਭਈ ਪਰਾਪਤਿ ਮਾਨੁਖ ਦੇਹੁਰੀਆ[17] ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ[18] ॥ ¶ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥ ਸਰੰਜਾਮਿ[19] ਲਾਗੁ ਭਵਜਲ[20] ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ[21] ਮਾਇਆ ਕੈ ॥ ੧॥ਰਹਾਉ॥ ਜਪੁ ਤਪੁ ਸੰਜਮੁ[22] ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ[23] ॥ ਕਹੁ ਨਾਨਕ ਹਮ [24]ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ[25] ॥ ੨ ॥ ੪ ॥

੧ ਓ ਸਤਿਗੁਰ ਪ੍ਰਸਾਦਿ ॥

ਸੋਹਿਲਾ§ ਰਾਗੁ ਗਉੜੀ ਦੀਪਕੀ: ਮਹਲਾ ੧ ॥ [26]ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥ ੧ ॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥ ੧ ॥ ਰਹਾਉ ॥ ਨਿਤ ਨਿਤ ਜੀਅੜੇ ਸਮਾਲੀਅਨਿ[27] ਦੇਖੈਗਾ[28] ਦੇਵਣਹਾਰੁ ॥ ਤੇਰੇ ਦਾਨੈ[29] ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ[30] ॥ ੨ ॥ [31]ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥ ਘਰਿ ਘਰਿ ਏਹੋ ਪਾਹੁਚਾ[32] ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ[33] ਆਵੰਨਿ ॥ ੪ ॥੧॥ ਰਾਗੁ ਆਸਾ ਮਹਲਾ ੧ () ॥ [34]ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ ੧ ॥ ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥ ੧ ॥ ਰਹਾਉ ॥ [35]ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ

ਪ੍ਰਸਿੱਧ ਵਿਦਵਾਨ ਅਤੇ ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਡਾ. ਬਿਕਰਮ ਸਿੰਘ ਜੀ ਨੇ ਮੰਗਲਾਚਰਣ (ਮੂਲ ਮੰਤਰ) ਦੇ ਠੀਕ ਸਰੂਪ ਅਤੇ ਸਥਾਨ ਬਾਰੇ ਇੱਕ ਕਿਤਾਬਚਾ ਲਿਖਿਆ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਪਵਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਵੰਡਿਆ। ਅਸੀਂ ਉਸ ਕਿਤਾਬਚੇ ਵਿਚਲਾ ਸਾਰਾ ਲੇਖ ਵੀ ਇੱਥੇ ਛਾਪ ਰਹੇ ਹਾਂ।

ਇਸ ਪੁਸਤਕ ਵਿੱਚ ਪੁਰਾਤਨ ਹੱਥ ਲਿਖਤ ਬੀੜਾਂ ਦੇ ਹਵਾਲਿਆਂ ਅਤੇ ਤਸਵੀਰਾਂ ਨਾਲ ਦਰਸਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਮੰਗਲਾਂ ਦਾ ਸਰੂਪ ਅਤੇ ਸਥਾਨ ਕੀ ਹੋਣਾ ਚਾਹੀਦਾ ਹੈ ਅਤੇ ਹੋਰ ਪਾਠ-ਭੇਦਾਂ ਦੀ ਸੁਧਾਈ ਦਾ ਆਧਾਰ ਕੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਾਠ-ਭੇਦਾਂ ਨੂੰ ਸਮਝਣ ਵਾਸਤੇ ਚਾਰ ਤਰਾਂ ਨਾਲ ਵੰਡਿਆ ਜਾ ਸਕਦਾ ਹੈ। ਇਸ ਪੁਸਤਕ ਵਿੱਚ ਇਹਨਾਂ ਚਾਰ ਤਰਾਂ ਦੇ ਪਾਠ-ਭੇਦਾਂ ਨੂੰ ਚਾਰ ਭਾਗਾਂ ਵਿੱਚ ਸਮਝਾਉਣ ਦਾ ਯਤਨ ਕੀਤਾ ਗਿਆ ਹੈ:

1. ਮੰਗਲਾਚਰਣ ਦੇ ਸੰਪੂਰਣ ਸਰੂਪ ਅਤੇ ਸਹੀ ਸਥਾਨ ਦੇ ਪਾਠ-ਭੇਦ;
2. ਸੰਖੇਪ ਮੰਗਲ ਅਤੇ ਸਿਰਲੇਖਾਂ ਦੇ ਸਹੀ ਸਰੂਪ ਅਤੇ ਅਸਥਾਨ ਦੇ ਪਾਠ-ਭੇਦ;
3. ਲਗਾਂ ਮਾਤਰਾਂ ਅਤੇ ਸ਼ਬਦ ਬਣਤਰ ਦੇ ਪਾਠ-ਭੇਦ;
4. ਅੱਖਰ ਬਣਤਰ ਦੀਆਂ ਉਕਾਈਆਂ ਅਤੇ ਹੋਰ ਪਾਠ-ਭੇਦਾਂ ਬਾਰੇ ਰਿਪੋਰਟ

ਹੱਥ ਲਿੱਖਤ ਬੀੜਾਂ ਦੀ ਤਸਵੀਰਾਂ ਨਾਲ ਪਾਠਕ ਸਮਝ ਸਕਣਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢ ਅਤੇ 31 ਰਾਗਾਂ ਦੇ ਆਰੰਭ ਵਿੱਚ ਸੱਜੇ ਹੱਥ ਸੰਪੂਰਨ ਮੰਗਲ **"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"** ਦਿੱਤਾ ਹੋਇਆ ਹੈ। ਬਾਕੀ ਸਭ ਸਥਾਨਾਂ ਉੱਤੇ ਸੱਜੇ ਹੱਥ **"ੴ ਸਤਿ ਗੁਰ ਪ੍ਰਸਾਦਿ॥"** ਦਾ ਸੰਖੇਪ ਮੰਗਲ ਅੰਕਿਤ ਹੈ। ਮੰਗਲਾਂ ਦਾ ਇਹੀ ਸਰੂਪ ਅਤੇ ਸਥਾਨ ਬਿਲਕੁਲ ਦਰੁਸਤ ਹੈ ਜੋ ਪੁਰਾਤਨ ਗੁਰਸਿੱਖਾਂ ਨੇ ਕੀਤੇ ਆਪਣੇ ਹੱਥ ਲਿਖਤ ਸਰੂਪਾਂ ਦੇ ਉਤਾਰਿਆਂ ਵਿੱਚ ਦਰਜ ਕੀਤਾ ਹੋਇਆ ਹੈ। ਇਸ ਦਾ ਵਿਸਥਾਰ ਵੀ ਇਸ ਪੁਸਤਕ ਰਾਹੀਂ ਸੰਗਤਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸੇ ਨੂੰ ਭਾਈ ਮਨੀ ਸਿੰਘ ਜੀ ਦੀ ਮੰਨੀ ਜਾਂਦੀ ਭਗਤ-ਮਾਲ ਵਿੱਚ ਵੀ ਦਰਸਾਇਆ ਹੋਇਆ ਹੈ। ਮੈਂ ਉਸ ਦੀ ਤਸਵੀਰ ਉੱਪਰ ਦਿੱਤੀ ਹੈ। **ਮੰਗਲਾਂ ਦੀ ਇਸੇ ਤਰਤੀਬ ਅਨੁਸਾਰ ਹੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਛਪਵਾਈ ਹੋਣੀ ਚਾਹੀਦੀ ਹੈ।**

ਮੰਗਲ ਦੇ ਸਹੀ ਸਰੂਪ ਅਤੇ ਸਥਾਨ ਬਾਰੇ ਇਸ ਪੁਸਤਕ ਵਿੱਚ ਸਥਾਪਿਤ ਵਿਦਵਾਨਾਂ ਦੇ ਜੋ ਲੇਖ ਦਿੱਤੇ ਜਾ ਰਹੇ ਹਨ ਉਹ ਪਾਠਕਾਂ ਵੱਲੋਂ ਇਸ ਵਿਸ਼ੇ ਨੂੰ ਸਹੀ ਤਰ੍ਹਾਂ ਸਮਝਣ ਵਿੱਚ ਸਹਾਈ ਹੋਣਗੇ।

ਸੋ ਪੁਰਾਤਨ ਹੱਥ-ਲਿਖਤ ਬੀੜਾਂ ਦੀਆਂ ਤਸਵੀਰਾਂ ਵਿੱਚ ਆਪ ਜੀ ਮੰਗਲਾਚਰਣ ਦੇ ਠੀਕ ਸਰੂਪ ਅਤੇ ਇਸ ਦੇ ਸਹੀ ਸਥਾਨ ਦੇ ਦਰਸ਼ਨ ਕਰ ਸਕੋਗੇ ਜੀ।

ਲਗਾਂ ਮਾਤਰਾਂ ਅਤੇ ਸ਼ਬਦ ਬਣਤਰ ਦੇ ਪਾਠ-ਭੇਦ ਨੂੰ ਸਮਝਾਉਣ ਲਈ ਨਿੱਤਨੇਮ ਦੇ ਪਹਿਲਾਂ ਤੇਰ੍ਹਾਂ ਪੰਨਿਆਂ ਦੀ ਉਦਾਹਰਣ ਲਈ ਗਈ ਹੈ। ਅੱਖਰ ਬਣਤਰ ਦੀਆਂ ਉਕਾਈਆਂ ਅਤੇ ਹੋਰ ਪਾਠ-ਭੇਦਾਂ ਵਾਸਤੇ 1996 ਵਾਲੀ ਰਿਪੋਰਟ ਨੂੰ ਦਰਜ ਕੀਤਾ ਗਿਆ ਹੈ।

ਅਸੀਂ ਯਤਨ ਕੀਤਾ ਹੈ ਕਿ ਪੁਰਾਤਨ ਹੱਥ ਲਿਖਤ ਬੀੜਾਂ ਦੀ ਫੋਟੋਗਰਾਫ਼ੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀਆਂ ਹੋਈਆਂ ਬੀੜਾਂ, ਸ਼ਬਦਾਰਥ ਸੈਂਚੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ ਪਾਠ-ਭੇਦ ਸੂਚੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਬਣੀ ਕਮੇਟੀ ਦੀ 1996 ਵਾਲ਼ੀ ਰਿਪੋਰਟ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਛਾਪੇ ਹੋਏ ਹੋਰ ਸਾਹਿਤ ਨੂੰ ਆਧਾਰ ਬਣਾਇਆ ਜਾਏ। ਇਸ ਪੁਸਤਕ ਵਿੱਚ ਅਸੀਂ ਇਸ ਵਿਸ਼ੇ ਬਾਰੇ ਹੋਰਨਾਂ ਵਿਦਵਾਨਾਂ ਦੀਆਂ ਲਿਖਤਾਂ ਨੂੰ ਵੀ ਅੰਤਿਕਾ ਵਿੱਚ ਸ਼ਾਮਿਲ ਕੀਤਾ ਹੈ।

ਇਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 860 ਪੰਨਿਆਂ ਦੀ ਇੱਕ ਬਹੁਤ ਹੀ ਕੀਮਤੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ ਸੈਂਚੀਆਂ ਅਤੇ ਪੁਰਾਤਨ ਹੱਥ ਲਿਖਿਤ ਪਾਵਨ ਬੀੜਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ' ਨਾਮਕ ਪੁਸਤਕ ਛਪਵਾਈ ਸੀ। ਇਸ ਦਾ ਮੁੱਖਬੰਧ ਉਸ ਵੇਲੇ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਕਿਰਪਾਲ ਸਿੰਘ ਜੀ ਵੱਲੋਂ ਲਿਖਿਆ ਗਿਆ ਸੀ। ਸੰਗਤਾਂ ਦੀ ਜਾਣਕਾਰੀ ਲਈ ਅਸੀਂ ਉਸ ਨੂੰ ਵੀ ਅੰਤਿਕਾ ਵਿੱਚ ਛਾਪ ਰਹੇ ਹਾਂ।

ਡਾ. ਬਿਕਰਮ ਸਿੰਘ ਜੀ, ਸਾਬਕਾ ਪ੍ਰਿੰਸੀਪਲ, ਗੁਰਮਤਿ ਕਾਲਜ, ਪਟਿਆਲਾ ਦੇ ਲੇਖ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪਵਾਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੂੰ ਵੰਡਿਆ ਗਿਆ ਹੈ ਪਰ ਆਪ ਉਸ ਤੇ ਅਮਲ ਨਹੀਂ ਕੀਤਾ ਗਿਆ।

ਗਿਆਨੀ ਜਗਤਾਰ ਸਿੰਘ ਜੀ ਜਾਚਕ, ਸਾਬਕਾ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ; ਪ੍ਰਿੰਸੀਪਲ ਹਰਿਭਜਨ ਸਿੰਘ ਜੀ, (ਸਾਬਕਾ ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ); ਗਿਆਨੀ ਅਵਤਾਰ ਸਿੰਘ ਜੀ ਜਲੰਧਰ; ਗਿਆਨੀ ਕਿਰਪਾਲ ਸਿੰਘ ਜੀ ਬਠਿੰਡਾ; ਅਤੇ ਦਾਸ (ਡਾ. ਓਅੰਕਾਰ ਸਿੰਘ, ਫੀਨਿਕਸ, ਅਮਰੀਕਾ) ਦੇ ਲੇਖ ਵੀ ਦਰਜ ਕਰ ਰਹੇ ਹਾਂ।

ਸਿੱਖ-ਰੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਗਏ ਪੱਤਰ, ਅਤੇ ਸਰਬੱਤ ਖਾਲਸਾ ਜਥੇਬੰਦੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੇ ਗਏ ਪੱਤਰ ਅੰਤ ਵਿਚ ਦਰਜ ਕੀਤੇ ਗਏ ਹਨ।

ਸਰਬੱਤ ਖਾਲਸਾ ਵੱਲੋਂ ਇਸ ਪੁਸਤਕ ਨੂੰ ਛਪਵਾਕੇ ਪੰਥਕ ਵਿਚਾਰਾਂ ਲਈ ਸਾਂਝਾ ਕੀਤਾ ਜਾ ਰਿਹਾ ਤਾਂਕਿ ਸਮੁੱਚੀ ਕੌਮ, ਸਫ਼ਾ ਵਿਛਾਕੇ ਇਸ ਅਤਿ ਗੰਭੀਰ ਅਤੇ ਨਾਜ਼ੁਕ ਵਿੱਸ਼ੇ ਤੇ ਸਤਿਗੁਰੂ ਜੀ ਦੇ ਨਿਰਮਲ ਭੈਅ ਵਿੱਚ ਰਹਿੰਦਿਆਂ ਆਪਣੀ ਕੋਈ ਠੀਕ ਰਾਏ ਬਣਾ ਸਕੇ। ਉਸਾਰੂ ਸੁਝਾਵਾਂ ਦੀ ਸਦਾ ਉਡੀਕ ਰਹੇਗੀ।

ਗੁਰੂ ਦਾ ਦਾਸਰਾ
ਓਅੰਕਾਰ ਸਿੰਘ (ਡਾ.)

# ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਾਠ-ਭੇਦਾਂ ਦਾ ਵੇਰਵਾ

# ਮੰਗਲਾਚਰਣ ਦੇ ਸੰਪੂਰਣ ਸਰੂਪ ਅਤੇ ਸਹੀ ਸਥਾਨ ਦੇ ਪਾਠ–ਭੇਦ

ਭਾਰਤ ਵਰਸ਼ ਦੀ ਧਰਤੀ ਤੇ ਪੁਰਾਤਨ ਸਮਿਆਂ ਵਿੱਚ ਕੋਈ ਵੀ ਕਾਰਜ ਜਾਂ ਲਿਖਤ ਆਰੰਭ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਦਾ ਮੰਗਲ ਕੀਤਾ ਜਾਂਦਾ ਸੀ। ਮੰਗਲਾਚਰਣ ਸਿਰਫ਼ ਇੱਕ ਰਸਮ ਨਹੀਂ, ਸਗੋਂ ਇੱਕ ਮਨੋਵਿਗਿਆਨਕ ਅਤੇ ਅਧਿਆਤਮਕ ਵਿਧੀ ਰਹੀ ਹੈ। ਦਰਅਸਲ ਸੰਸਕ੍ਰਿਤ ਦੇ ਵਿਦਵਾਨਾਂ ਅਨੁਸਾਰ ਮੰਗਲ ਉਹ ਹੈ ਜੋ ਮੰਗ (ਖੁਸ਼ੀ) ਲਿਆਵੇ ਅਤੇ ਲ (ਲਾਉਣਾ/ਦੇਣਾ) ਭਾਵ ਜੋ ਅਸ਼ੁੱਭ ਦਾ ਨਾਸ਼ ਕਰਕੇ ਸ਼ੁੱਭ ਦੀ ਸਥਾਪਨਾ ਕਰੇ।

ਭਾਰਤੀ ਕਾਵਿ-ਸ਼ਾਸਤਰ (Indian Poetics) ਦੇ ਵਿਦਵਾਨਾਂ ਨੇ ਮੰਗਲ ਲਿਖਣ ਦੀ ਵਿਧੀ ਬਾਰੇ ਬਹੁਤ ਹੀ ਸਪਸ਼ਟ ਲਿਖਿਆ ਹੋਇਆ ਹੈ ਕਿ ਇਹ ਨਿਰਵਿਘਨ ਸਮਾਪਤੀ ਦਾ ਪ੍ਰਤੀਕ ਹੈ। ਪ੍ਰਸਿੱਧ ਆਚਾਰੀਆ ਮੰਮਟ (ਕਾਵਿ-ਪ੍ਰਕਾਸ਼) ਵਿੱਚ ਲਿਖਦੇ ਹਨ ਕਿ "ਇਸ਼ਟ ਦਾ ਮੰਗਲ ਲਿਖਣ ਨਾਲ ਲਿਖਾਰੀ ਦੀ ਹਉਮੈ ਦਾ ਨਾਸ਼ ਹੁੰਦਾ ਹੈ ਅਤੇ ਪੜ੍ਹਨ ਵਾਲ਼ਿਆਂ ਦਾ ਧਿਆਨ ਇਕਾਗਰ ਹੋਕੇ ਵਿਸ਼ੇ ਵੱਲ ਕੇਂਦਰਿਤ ਰਹਿੰਦਾ ਹੈ।" ਚੂੜਾਮਣਿ ਕਵੀ ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਵੀ ਮੰਗਲ ਦੀ ਮਹਿਮਾ ਬਾਰੇ ਸੂਰਜ ਪ੍ਰਕਾਸ਼ ਵਿੱਚ ਬਹੁਤ ਹੀ ਸੁੰਦਰ ਲਿਖਿਆ ਹੋਇਆ ਹੈ ਕਿ "ਮੰਗਲ ਬਿਘਨ ਬਿਨਾਸਨੰ, ਮੰਗਲ ਸ੍ਰੀ ਕਰਤਾਰ" ਭਾਵ ਕਿ ਪਰਮੇਸ਼੍ਵਰ ਦਾ ਮੰਗਲ ਹੀ ਸਾਰੇ ਵਿਘਨਾਂ ਨੂੰ ਨਸ਼ਟ ਕਰਨ ਵਾਲ਼ਾ ਹੈ। ਗੁਰਬਾਣੀ ਵਿੱਚ ਵੀ ਪੰਚਮ ਪਾਤਸ਼ਾਹ ਹਜ਼ੂਰ ਵੱਲੋ ਸੰਕੇਤ ਹੈ ਕਿ, "ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ॥ ਅਰਥਾਤ ਪਰਮੇਸ਼੍ਵਰ ਦਾ ਮੰਗਲ ਕੀਤਿਆਂ, ਭਾਵ ਪ੍ਰਭੂ ਦੀ ਸਿਫ਼ਤ-ਸਾਲਾਹ ਗਾਉਣ ਸਦਕੇ ਮਨੁੱਖ ਦਾ ਜੀਵਨ ਹੀ ਮੰਗਲਮਈ (ਅਥਵਾ) ਸ਼ੁਭ ਹੋ ਜਾਂਦਾ ਹੈ।

ਭਾਈ ਸਾਹਿਬ ਮਨੀ ਸਿੰਘ ਜੀ ਨੇ ਸਿੱਖ ਮੰਗਲਾਚਰਣ ਬਾਰੇ ਇਉਂ ਲਿਖਿਆ ਹੋਇਆ ਹੈ: ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਨਾਮ ਸਭ ਦੇਵਾਂ ਦਾ ਦੇਵ ਹੈ॥ ਕੋਈ ਦੇਵੀ ਨੂੰ ਮਨਾਂਵਦਾ ਹੈ॥ ਕੋਈ ਸਿਵ ਨੰੂ ਕੋਈ ਗਣੇਸ ਨੂੰ ਕੋਈ ਹੋਰ ਦੇਵਤਿਆਂ ਨੂੰ॥ ਗੁਰੂ ਕੇ ਸਿਖ ਸਤਿਨਾਮ ਨੂੰ ਅਰਾਧਤੇ ਹੈਂ ਜਿਸ ਕਰ ਸਭ ਵਿਘਨ ਨਾਸ ਹੋਂਦੇ ਹਨ॥"ਤਾਂਤੇ ਸਤਿਨਾਮ ਕਾ ਮੰਗਲਚਾਰ ਆਦ ਰਖਾ ਗਿਆ ਹੈ।



ਪੰਚਮ ਪਾਤਸ਼ਾਹ ਹਜ਼ੂਰ ਜੀ ਨੇ ਧੰਨ ਗੁਰੂ ਗ੍ਰੰਥ ਜੀ ਦੀ ਸੰਪਾਦਨਾ ਵੇਲੇ ਆਰੰਭ ਵਿੱਚ "ਅਕਾਲ ਪੁਰਖ " ਜੀ ਦਾ ਜੋ ਮੰਗਲ ਕੀਤਾ ਉਸਦਾ ਸਰੂਪ **"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"** ਹੈ।

ਭਾਵੇਂ ਹੁਣ ਵਾਲ਼ੀਆਂ ਛਾਪੇ ਦੀਆਂ ਬੀੜਾਂ ਵਿੱਚ ਮੰਗਲ ਵੱਖੋ ਵੱਖਰੀ ਤਰ੍ਹਾਂ ਅਤੇ ਬੇਤਰਤੀਬੇ ਛਾਪੇ ਜਾ ਰਹੇ ਹਨ ਪਰ ਪੁਰਾਤਨ ਹੱਥ ਲਿਖਤ ਬੀੜਾਂ ਵਿੱਚ ਇਹ **"ਸੰਪੂਰਨ ਮੰਗਲ"** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਜਪੁਜੀ ਸਾਹਿਬ ਅਤੇ ਹਰ ਰਾਗ ਦੇ ਆਰੰਭ ਵਿੱਚ ਅੰਕਿਤ ਹੋਇਆ ਮਿਲਦਾ ਹੈ। ਹੋਰ ਹਰ ਜਗ੍ਹਾ ਤੇ **"ੴ ਸਤਿਗੁਰ ਪ੍ਰਸਾਦਿ॥"** ਦਾ ਸੰਖੇਪ ਮੰਗਲ ਹੀ ਆਇਆ ਹੈ।

ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ ਕਿ ਮੰਗਲਾਚਰਣ ਦਾ ਸੰਪੂਰਣ ਸਰੂਪ **"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"** ਤੱਕ ਹੀ ਹੈ। ਸਾਨੂੰ ਸੈਂਕੜੇ ਹੀ ਹੱਥ-ਲਿਖਤ ਬੀੜਾਂ ਵਿੱਚ ਇਹ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ, (ਭਾਵ ਜਪੁ ਬਾਣੀ ਦੇ ਆਰੰਭ ਤੋਂ ਪਹਿਲਾਂ) ਅਤੇ 31 ਰਾਗਾਂ ਦੇ ਸ਼ੁਰੂ ਵਿੱਚ ਸੱਜੇ ਹੱਥ ਅੰਕਿਤ ਹੋਇਆ ਮਿਲਦਾ ਹੈ ਅਤੇ ਇਹੀ ਇਸ ਦਾ ਸਹੀ ਸਥਾਨ ਹੈ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀਆਂ ਜਾ ਰਹੀਆਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ, ਸੈਂਚੀਆਂ ਅਤੇ ਸ਼ਬਦਾਰਥ ਪੋਥੀਆਂ ਵਿੱਚ ਰਾਗਾਂ ਦੇ ਆਰੰਭ ਅੰਦਰ ਕਦੀ ਛੋਟਾ ਅਤੇ ਕਦੀ ਵੱਡਾ ਮੰਗਲ ਦਿੱਤਾ ਹੋਇਆ। ਇਸ ਦੇ ਨਾਲ ਹੀ ਕਦੀ ਰਾਗ ਦਾ ਨਾਂ ਪਹਿਲਾਂ ਅਤੇ ਕਦੀ ਮੰਗਲ ਪਹਿਲਾਂ ਦਿੱਤਾ ਹੋਇਆ ਹੈ। ਜਿਵੇਂ ਕਿ:

1. ਬੀੜ ਦੇ ਆਰੰਭ ਵਿੱਚ, (ਭਾਵ ਜਪੁ ਬਾਣੀ ਤੋਂ ਪਹਿਲਾਂ) **"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"** ਤੱਕ ਸੰਪੂਰਨ ਮੰਗਲ ਦਿੱਤਾ ਹੋਇਆ ਹੈ।
2. ਸ੍ਰੀਰਾਗ ਦੇ ਆਰੰਭ ਵਿੱਚ ਛੋਟਾ ਮੰਗਲ **"ੴ ਸਤਿਗੁਰ ਪ੍ਰਸਾਦਿ॥"** ਅਤੇ ਬਾਅਦ 'ਚ ਰਾਗ ਦਾ ਨਾਂ ਦਿੱਤਾ ਹੈ।
3. ਰਾਗੁ ਜੈਤਸਰੀ ਵਿੱਚ ਪਹਿਲਾਂ ਰਾਗ ਦਾ ਨਾਂ ਅਤੇ ਬਾਅਦ 'ਚ ਛੋਟਾ ਮੰਗਲ **"ੴ ਸਤਿਗੁਰ ਪ੍ਰਸਾਦਿ॥"** ਦਿੱਤਾ ਹੈ।
4. ਰਾਗੁ ਬੈਰਾੜੀ ਵਿੱਚ ਪਹਿਲਾਂ ਰਾਗ ਦਾ ਨਾਂ ਅਤੇ ਬਾਅਦ ਵਿੱਚ ਛੋਟਾ ਮੰਗਲ **"ੴ ਸਤਿਗੁਰ ਪ੍ਰਸਾਦਿ॥"** ਦਿੱਤਾ ਹੈ।

5. ਰਾਗੁ ਤੁਖਾਰੀ ਵਿੱਚ ਪਹਿਲਾਂ ਰਾਗ ਦਾ ਨਾਂ ਅਤੇ ਬਾਅਦ ਵਿੱਚ ਛੋਟਾ ਮੰਗਲ **"ੴ ਸਤਿਗੁਰ ਪ੍ਰਸਾਦਿ॥"** ਦਿੱਤਾ ਹੈ।
6. ਰਾਗ ਕੇਦਾਰਾ ਵਿੱਚ ਪਹਿਲਾਂ ਰਾਗ ਦਾ ਨਾਂ ਅਤੇ ਬਾਅਦ ਵਿੱਚ ਛੋਟਾ ਮੰਗਲ **"ੴ ਸਤਿਗੁਰ ਪ੍ਰਸਾਦਿ॥"** ਦਿੱਤਾ ਹੈ।

ਬਾਕੀ ਸਭ ਰਾਗਾਂ ਦੀ ਬਾਣੀ ਦੇ ਆਰੰਭ ਵਿੱਚ ਦਿੱਤਾ ਤਾਂ ਸੰਪੂਰਨ ਮੰਗਲ **"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"** ਹੈ ਪਰ ਕਦੀ ਰਾਗ ਦਾ ਨਾਂ ਪਹਿਲਾਂ ਦਿੱਤਾ ਹੈ ਅਤੇ ਕਦੀ ਮੰਗਲ ਪਹਿਲਾਂ ਦਿੱਤਾ ਹੈ, ਭਾਵ ਕਿ ਕੋਈ ਇੱਕ ਤਰਤੀਬ ਨਹੀਂ ਹੈ।

ਹਰ ਰਾਗ ਦੇ ਸ਼ੁਰੂ ਦੀ ਸਹੀ ਤਰਤੀਬ ਇਹ ਹੈ: ਪਹਿਲਾਂ ਸੰਪੂਰਨ ਮੰਗਲ, ਫ਼ਿਰ ਰਾਗ ਦਾ ਨਾਮ ਅਤੇ ਉਸਤੋਂ ਬਾਅਦ ਮਹਲਾ ਭਾਵ ਬਾਣੀਕਾਰ ਦਾ ਨਾਂ।

ਸੋ ਪੁਸਤਕ ਦੇ ਇਸ ਭਾਗ ਵਿੱਚ ਪੁਰਾਤਨ ਹੱਥ ਲਿਖਤ ਬੀੜਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢ, (ਭਾਵ ਜਪੁ ਬਾਣੀ ਤੋਂ ਪਹਿਲਾਂ) ਆਏ ਮੰਗਲ ਦਾ ਸਹੀ ਸਰੂਪ ਅਤੇ 31 ਰਾਗਾਂ ਦੇ ਆਰੰਭ ਵਿੱਚ ਆਏ ਸੰਪੂਰਨ ਮੰਗਲ ਦੀਆਂ ਤਸਵੀਰਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਥੱਲੇ ਉਨ੍ਹਾਂ ਬੀੜਾਂ ਦੇ ਹਵਾਲੇ ਵੀ ਦਿੱਤੇ ਜਾ ਰਹੇ ਹਨ ਤਾਂਕਿ ਸਮੁੱਚੇ ਖਾਲਸਾ ਪੰਥ ਨੂੰ ਇਹ ਸਪਸ਼ਟ ਹੋ ਸਕੇ ਕਿ ਮੰਗਲ ਦਾ ਅਸਲੀ ਸਰੂਪ ਅਤੇ ਸਥਾਨ ਕੀ ਹੈ ਅਤੇ ਇਸੇ ਅਨੁਸਾਰ ਹੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਸ਼ੁੱਧ ਛਪਾਈ ਹੋਣੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪਵਾਈ ਪਾਠ-ਭੇਦਾਂ ਦੀ ਸੂਚੀ ਵਿੱਚ ਇਸੇ ਤਰਤੀਬ ਦੀ ਪ੍ਰੋੜ੍ਹਤਾ ਕੀਤੀ ਗਈ ਹੈ। ਅਸੀਂ ਪੁਸਤਕ ਦਾ ਆਕਾਰ ਵੱਡਾ ਹੋਣ ਦੇ ਡਰ ਤੋਂ ਅਸੀਂ ਇਸ ਵਿੱਚ ਇੱਕ ਬੀੜ ਜੋ 1748 ਏ.ਡੀ ਵਿੱਚ ਲਿਖੀ ਗਈ ਅਤੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਪਈ ਹੈ ਦੀਆਂ ਪੂਰੀਆਂ 31 ਰਾਗਾਂ ਦੀਆਂ ਤਸਵੀਰਾਂ ਦੇ ਰਹੇ ਹਾਂ ਅਤੇ ਬਾਕੀ ਬੀੜਾਂ ਵਿੱਚੋਂ ਕੇਵਲ ਦੋ-ਦੋ ਤਸਵੀਰਾਂ ਦੇ ਰਹੇ ਹਾਂ। ਕੁੱਝ ਤਸਵੀਰਾਂ ਸਤਿਗੁਰੂ ਸਾਹਿਬਾਨ ਦੇ ਕਰ ਕਮਲਾਂ ਨਾਲ ਲਿਖੇ ਸੰਪੂਰਨ ਮੰਗਲ ਦੀਆਂ ਵੀ ਦੇ ਰਹੇ ਹਾਂ।



ਸਭ ਤੋਂ ਪਹਿਲਾਂ ਅਸੀਂ ਮੰਨੀ ਜਾਂਦੀ ਕਰਤਾਰਪੁਰੀ ਬੀੜ ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਆਪਣੇ ਛਾਪੇ ਵਾਲ਼ੀ ਬੀੜ ਦਾ ਆਧਾਰ ਬਣਾਇਆ ਦੇ ਪਹਿਲੇ ਪੰਨੇ ਦੀ ਤਸਵੀਰ ਦੇ ਰਹੇ ਹਾਂ। ਇਸ ਵਿੱਚ ਸਪਸ਼ਟ ਤੌਰ ਤੇ ਸੰਪੂਰਨ ਮੰਗਲ ੴ ਤੋਂ ਗੁਰਪ੍ਰਸਾਦਿ ਤੱਕ ਦੇ ਕੇ 2 ਡੰਡੀਆਂ ਪਾਈਆਂ ਹੋਈਆਂ ਹਨ। ਉਪਰੰਤ 2-2 ਡੰਡੀਆਂ ਦੇ ਵਿਚਕਾਰ ਜਪੁ ਬਾਣੀ ਦਾ ਸਿਰਲੇਖ ਦਿੱਤਾ ਹੋਇਆ ਹੈ। ਦੁਬਾਰਾ ਫਿਰ 2-2 ਡੰਡੀਆਂ ਪਾਈਆਂ ਹਨ। ਫਿਰ ਬਿਲਕੁਲ ਵੱਖਰਾ ਕਰਕੇ ਜਪੁ ਬਾਣੀ ਦਾ ਪਹਿਲਾ ਸਲੋਕ ਲਿਖਿਆ ਹੋਇਆ ਹੈ।



ਕਰੋ ਦਰਸ਼ਨ ਨੌਵੇਂ ਪਾਤਸ਼ਾਹ ਧੰਨ ਗੁਰੂ ਅਰਜਨ ਸਾਹਿਬ ਜੀ ਦੇ ਹਸਤ ਕਮਲਾਂ ਦਾ ਲਿਖਿਆ ਹੋਇਆ ਸੰਪੂਰਨ ਮੰਗਲਾਚਰਣ ਜੋ 1605 ਏ.ਡੀ. ਵਿੱਚ ਲਿਖੀ ਗਈ ਬੂੜੇ ਸੰਧੂ ਵਾਲ਼ੀ ਹੱਥ-ਲਿਖਤ ਬੀੜ ਵਿੱਚ ਦਰਜ ਹੈ।




ਕਰੋ ਦਰਸ਼ਨ ਇਸੇ ਹੀ ਅਤਿਅੰਤ ਪੁਰਾਤਨ ਹੱਥ-ਲਿਖਤ ਬੀੜ ਦੇ ਆਰੰਭ ਵਾਲ਼ੇ ਅੰਕ ਦੇ ਜਿੱਥੇ ਸੰਪੂਰਨ ਮੰਗਲ ਦਰਜ ਕਰਕੇ ਫਿਰ ਬੜੇ ਸਾਫ਼ ਤੌਰ ਤੇ 2-2- ਡੰਡੀਆਂ ਦੇ ਵਿਚਕਾਰ ਜਪੁ ਬਾਣੀ ਦਾ ਸਿਰਲੇਖ ਦਿੱਤਾ ਹੋਇਆ ਹੈ। ਉਪਰੰਤ  ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਹੈ।



ੴ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ
ਰਾਗੁਸਿਰੀਰਾਗੁਮਹਲਾ ੧ ਘਰੁ੧ ਚਉਪਦੇ
ਮੋਤੀਤਮੰਦਰਉਸਰਹਿਰਤਨੀਤਹੋਹਿਜੜਾਉ॥ਕਸਤੂਰਿਕੰਗੂਅਗਰਿਚੰਦਨਿ
ਲੀਪਿਆਵੈਚਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੧॥
ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆਅਵਰੁਨਾ
ਹੀਥਾਉ॥੧॥ਰਹਉ॥ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ॥ਮੋ
ਹਣੀਮੁਖਿਮਣੀਸੋਹੈਕਰੇਰੰਗਿਪਸਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈ
ਨਾਉ॥੨॥ਸਿਧੁਹੋਵਾਸਿਧਿਲਾਈਰਿਧਿਆਖਾਆਉ॥ਗੁਪਤੁਪਰਗਟੁਹੋਇਬੈਸਾ
ਲੋਕੁਰਾਖੈਭਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੩॥ਸੁਲ
ਤਾਨੁਹੋਵਾਮੇਲਿਲਸਕਰਤਖਤਿਰਖਾਪਾਉ॥ਹੁਕਮੁਹਾਸਲੁਕਰੀਬੈਠਾਨਾਨਕਸ
ਭਵਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੪॥੧॥
॥ਸਿਰੀਰਾਗੁਮਹਲਾ ੧ ॥ਕੋਟਿਕੋਟੀਮੇਰੀਆਰਜਾਪਵਣੁਪੀਅਣੁਅਪਿ
ਆਉ॥ਚੰਦੁਸੂਰਜੁਦੁਇਗੁਫੈਨਦੇਖਾਸੁਪਨੈਸਉਣਨਥਾਉ॥ਭੀਤੇਰੀਕੀਮਤਿਨ
ਪਵੈਹਉਕੇਵਡੁਆਖਾਨਾਉ॥੧॥ਸਾਚਾਨਿਰੰਕਾਰੁਨਿਜਥਾਇ॥ਸੁਣਿਸੁਣਿਆਖ
ਣੁਆਖਣਾਜੇਭਾਵੈਕਰੇਤਮਾਇ॥੧॥ਰਹਉ॥ਕੁਸਾਕਟੀਆਵਾਰਵਾਰਪੀਸਣਿ
ਪੀਸਾਪਾਇ॥ਅਗੀਸੇਤੀਜਾਲੀਆਭਸਮਸੇਤੀਰਲਿਜਾਉ॥ਭੀਤੇਰੀਕੀਮਤਿ
ਨਾਪਵੈਹਉਕੇਵਡੁਆਖਾਨਾਉ॥੨॥ਪੰਖੀਹੋਇਕੈਜੇਭਵਾਸੈਅਸਮਾਨੀਜਾਉ॥
ਨਦਰੀਕਿਸੈਨਆਵਊਨਕਿਛੁਪੀਆਨਖਾਉ॥ਭੀਤੇਰੀਕੀਮਤਿਨਪਵੈਹਉਕੇ
ਵਡੁਆਖਾਨਾਉ॥੩॥ਨਾਨਕਕਾਗਦਲਖਮਣਾਪੜਿਪੜਿਕੀਚੈਭਾਉ॥ਮਸੂ
ਟਿਨਆਵਈਲੇਖਣਿਪਉਣੁਚਲਾਉ॥ਭੀਤੇਰੀਕੀਮਤਿਨਪਵੈਹਉਕੇਵ
ਡੁਆਖਾਨਾਉ॥੪॥੨॥ਸਿਰੀਰਾਗੁਮਹਲਾ੧ ॥ਲੇਖੈਬੋਲਣੁਬੋਲਣਾ
ਲੇਖੈਖਾਣਾਖਾਉ॥ਲੇਖੈਵਾਟਚਲਾਈਆਲੇਖੈਸੁਣਿਵੇਖਾਉ॥ਲੇਖੈਸਾਹ
ਲਈਅਹਿਪੜੇਕਿਪੁਛਣਜਾਉ॥੧॥ਬਾਬਾਮਾਇਆਰਚਨਾਧੋਹੁ॥ਅੰਧੈਨਾਮੁ
ਵਿਸਾਰਿਆਨਾਤਿਸੁਏਹਨਓਹੁ॥੧॥ਰਹਉ॥ਜੀਵਣਮਰਣਾਜਾਇਕੈਏਥੈਖਾਜੈ
ਕਾਲਿ॥ਜਿਥੈਬਹਿਸਮਝਾਈਐਤਿਥੈਕੋਇਨਚਲਿਓਨਾਲਿ॥ਰੋਵਣਵਾਲੇ
ਜੇਤੜੇਸਭਿਬੰਨਹਿਪੰਡਪਰਾਲਿ॥੨॥ਸਭੁਕੋਆਖੈਬਹੁਤੁਬਹੁਤੁਘਟਿਨਆ
ਖੈਕੋਇ॥ਕੀਮਤਿਕਿਨੈਨਪਾਈਆਕਹਣਿਨਵਡਾਹੋਇ॥ਸਾਚਾਸਾਹਿਬੁਏਕੁ

ਕਰੋ ਦਰਸ਼ਨ ਇਸੇ ਹੀ ਬੀੜ ਦੇ ਪੰਨਾ ਨੰਬਰ ੩੨ ਉੱਤੇ ਸ੍ਰੀ ਰਾਗ ਦੇ ਆਰੰਭ ਵਾਲ਼ੇ ਪੰਨੇ ਦੇ ਜਿੱਥੇ ਰਾਗ ਦੇ ਆਰੰਭ ਤੋਂ ਪਹਿਲਾਂ ਸੱਜੇ ਹੱਥ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ ਅਤੇ ਉਪਰੰਤ ਬਾਣੀ ਦਾ ਆਰੰਭ ਹੋਇਆ ਹੈ।



ਟਿਕਾਣਾ ਭਾਈ ਰਾਮ-ਕਿਸ਼ਨ ਤੇ ਪਈ ਬੀੜ ਜੋ 1653 ਏ.ਡੀ. ਵਿੱਚ ਲਿਖੀ ਗਈ ਵਿੱਚੋਂ ਲਏ ਗਏ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਸਤ ਕਮਲਾਂ ਦੇ ਲਿਖੇ ਮੰਗਲਾਚਰਣ ਦੇ ਦਰਸ਼ਨ ਕਰੋ ਜੀ।



1690 ਏ.ਡੀ. ਵਿੱਚ ਲਿਖੀ ਗਈ ਇੱਕ ਹੱਥ ਲਿਖਤ ਬੀੜ ਜੋ ਚੀਫ਼ ਖਾਲਸਾ ਦੀਵਾਨ ਵਿਖੇ MCKD-22 ਨੰਬਰ ਤੇ ਪਈ ਹੈ। ਦਰਸ਼ਨ ਕਰੋ ਇੱਥੇ ਮੰਗਲਾਚਰਣ ਦੇ ਜੋ ਬੀੜ ਦੇ ਆਰੰਭ ਵਿੱਚ ਇੱਕ ਖ਼ਾਸ ਤਰਤੀਬ ਨਾਲ ਲਿਖਿਆ ਗਿਆ ਹੈ। ਉਸ ਉਪਰੰਤ 2 ਡੰਡੀਆਂ ਪਾ ਕੇ ਜਪੁ ਬਾਣੀ ਦਾ ਨਾਂ ਦਰਜ ਹੈ ਅਤੇ ਫਿਰ ਜਪੁ ਬਾਣੀ ਦਾ ਪਹਿਲਾ ਸਲੋਕ ਲਿਖਿਆ ਗਿਆ ਹੈ।



ਕਰੋ ਦਰਸ਼ਨ ਇਸੇ ਬੀੜ ਦੇ ਪੰਨਾ ਨੰਬਰ ੭ ਦੇ। ਜਿਸ ਅੰਦਰ ਸ੍ਰੀ ਰਾਗ ਦੀ ਬਾਣੀ ਆਰੰਭ ਕਰਨ ਤੋਂ ਪਹਿਲਾਂ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ।



1692 ਵਿੱਚ ਲਿਖੀ ਗਈ ਇੱਕ ਪੁਰਾਤਨ ਹੱਥ-ਲਿਖਤ ਬੀੜ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੁਸ਼ੋਭਿਤ ਹੈ। ਕਰੋ ਦਰਸ਼ਨ ਇਸ ਦੇ ਆਰੰਭ ਵਾਲ਼ੇ ਪੰਨੇ ਦੇ ਜਿੱਥੇ ਸੰਪੂਰਨ ਮੰਗਲ ਲਿਖਕੇ ਫਿਰ 2-2- ਡੰਡੀਆਂ ਵਿੱਚ ਜਪੁ ਬਾਣੀ ਦੀ ਸਿਰਲੇਖ ਅਤੇ ਫਿਰ 2-2- ਡੰਡੀਆਂ ਵਿੱਚ ਜਪੁਜੀ ਸਾਹਿਬ ਦਾ ਪਹਿਲਾ ਸਲੋਕ ਦਰਜ ਕੀਤਾ ਗਿਆ ਹੈ।



ਕਰੋ ਇਸੇ ਹੀ ਬੀੜ ਦੇ ਅੰਕ ਨੰਬਰ ੩੭ ਦੇ ਦਰਸ਼ਨ ਸ੍ਰੀ ਰਾਗ ਦੇ ਆਰੰਭ ਵਿੱਚ ਪਹਿਲਾਂ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ ਅਤੇ ਫਿਰ ਸ੍ਰੀ ਰਾਗ ਦੀ ਬਾਣੀ ਦਾ ਆਰੰਭ ਹੋਇਆ ਹੈ।


ੴਸਤਿਨਾਮੁਕਰਤਾਪੁਰਖੁਨਿਰਭਉਨਿ
ਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ਜਪੁ॥
ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀਸ
ਚੁ॥ ੧॥ਸੋਚੈਸੋਚਿਨਹੋਵਈਜੇਸੋਚੀਲਖਵਾਰ॥ਚੁਪੈਚੁਪ
ਨਹੋਵਈਜੇਲਾਇਰਹਾਲਿਵਤਾਰ॥ਭੁਖਿਆਭੁਖਨਉਤ
ਰੀਜੇਬੰਨਾਪੁਰੀਆਭਾਰ॥ਸਹਸਸਿਆਣਪਾਲਖਹੋਹਿਤਇ
ਕਨਚਲੈਨਾਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈ
ਪਾਲਿ॥ਹੁਕਮਿਰਜਾਈਚਲਣਾਨਾਨਕਲਿਖਿਆਨਾਲਿ
॥੧॥ਹੁਕਮੀਹੋਵਨਿਆਕਾਰਹੁਕਮੁਨਕਹਿਆਜਾਈ॥ਹੁ
ਕਮੀਹੋਵਨਿਜੀਅਹੁਕਮਿਮਿਲੈਵਡਿਆਈ॥ਹੁਕਮੀਉ
ਤਮੁਨੀਚੁ॥ਹੁਕਮਿਲਿਖਿਦੁਖਸੁਖਪਾਈਅਹਿ॥ਇਕਨਾਹੁ
ਕਮੀਬਖਸੀਸਇਕਿਹੁਕਮੀਸਦਾਭਵਾਈਅਹਿ॥ਹੁਕਮੈਅੰ

1694 ਏ.ਡੀ. ਵਿੱਚ ਲਿਖੀ ਗਈ ਇੱਕ ਪੁਰਾਤਨ ਹੱਥ ਲਿਖਤ ਬੀੜ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਸਾਹਿਬ ਵਿਖੇ ਮੌਜੂਦ ਹੈ। ਇਸ ਅੰਦਰ ਆਰੰਭ ਵਿੱਚ ਸੰਪੂਰਨ ਮੰਗਲ ਦੇ ਕੇ ਫਿਰ 2-2- ਡੰਡੀਆਂ ਵਿੱਚ ਜਪੁ ਬਾਣੀ ਦਾ ਨਾਂ ਹੈ ਅਤੇ ਉਪਰੰਤ ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਹੈ।



ਰਾਗੁਗਉੜੀਪੂਰਬੀਮਹਲਾ ੫॥ਕਰਉਬੇਨੰਤੀਸੁਨਹੁਮੇਰੇਮੀਤਾਸੰਤਟਹਲਕੀਬੇਲਾ॥
ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ॥ ੧॥ਅਉਧਘਟੈਦਿਨਸੁਰੈਣਾਰੇ॥
ਮਨਗੁਰਮਿਲਿਕਾਜਸਵਾਰੇ॥ ੧॥ਰਹਾਉ॥ ॥ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰ
ਹਮਗਿਆਨੀ॥ਜਿਸਹਿਜਗਾਇਪੀਆਵੈਇਹੁਰਸੁਅਕਥਕਥਾਤਿਨਿਜਾਨੀ॥ ੨ ॥ਜਾਕ
ਉਆਏਸੋਈਬਿਹਾਝਹੁਹਰਿਗੁਰਤੇਮਨਹਿਬਸੇਰਾ॥ਨਿਜਘਰਿਮਹਲੁਪਾਵਹੁਸੁਖਸਹਜੇ
ਬਹੁਰਿਨਹੋਇਗੋਫੇਰਾ॥ ੩ ॥ਅੰਤਰਜਾਮੀਪੁਰਖਬਿਧਾਤੇਸਰਧਾਮਨਕੀਪੂਰੇ॥ਨਾਨਕ
ਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ॥ ੪ ॥੫ ॥

੧ਓਸਤਿਨਾਮੁਕਰਤਾਪੁਰਖੁਨਿਰਭਉਨਿ
ਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾ
ਦਿ॥
ਰਾਗੁਸਿਰੀਰਾਗੁਮਹਲਾ ੧ ॥ਚਉਪਦੇ॥ ਘਰੁ ੧ ॥ਮੋਤੀਤਮੰਦਰਊਸਰਹਿਰ
ਤਨੀਤਹੋਹਿਜੜਾਉ॥ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ॥ਮਤੁਦੇਖਿਭੂਲਾਵੀਸ

ਵੇਖੋ ਇਸੇ ਬੀੜ ਦਾ ਪੰਨਾ ੧੨ ਜਿੱਥੇ ਸ੍ਰੀ ਰਾਗ ਦੇ ਆਰੰਭ ਤੋਂ ਪਹਿਲਾਂ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ ਅਤੇ ਫਿਰ ਬਾਣੀ ਦਾ ਆਰੰਭ ਹੋਇਆ ਹੈ।



ਇਹ ਭਾਈ ਸਾਹਿਬ ਰਾਮ ਰਾਇ ਜੀ ਦੀ ਸੰਨ 1695 ਵਿੱਚ ਲਿਖੀ ਹੋਈ ਅਤਿਅੰਤ ਕੀਮਤੀ ਹੱਥ ਲਿਖਤ ਬੀੜ ਹੈ। ਇਸ ਵਿੱਚ ਬਹੁਤ ਸਪਸ਼ਟ ਮੰਗਲਾਚਰਣ ਸੱਜੇ ਹੱਥ ਰੱਖ ਕੇ ਲਿਖਿਆ ਹੋਇਆ ਹੈ। ਉਸ ਤੋਂ ਬਾਅਦ ਜਪੁ ਬਾਣੀ ਦਾ ਨਾਂ ਅਤੇ ਫਿਰ ਸਲੋਕ ਲਿਖ ਕੇ ਅੰਕ ੧ ਲਿਖਿਆ ਹੋਇਆ ਹੈ। ਜੋ ਕੋ ਬਿਲਕੁਲ ਸਹੀ ਤਰਤੀਬ ਹੈ।




ਦਰਸ਼ਨ ਕਰੋ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲਾਚਰਣ ਦੇ ਜੋ ਬਿਲਕੁਲ ਸੱਜੇ ਹੱਥ ਰੱਖਿਆ ਗਿਆ ਹੈ ਅਤੇ ਉਸ ਦੀ ਸਮਾਪਤੀ ਵੀ ਸੱਜੇ ਹੱਥ ਹੀ ਕੀਤੀ ਗਈ। ਮੰਗਲਾਚਰਣ ਤੋਂ ਬਾਅਦ ਖੱਬੇ ਹੱਥ ਸ਼ਬਦ ਦਾ ਸਿਰਲੇਖ ਦਿੱਤਾ ਗਿਆ ਹੈ ਜੋ ਬਿਲਕੁਲ ਸਹੀ ਹੈ।



ਇਹ ਬੀੜ, ਔਰੰਗਾਬਾਦ ਵਿਖੇ ਭੈਣ ਮਨਿੰਦਰ ਕੌਰ ਜੀ ਕੋਲ਼ ਸੰਭਾਲ਼ੀ ਹੋਈ ਹੈ। ਇਸ ਵਿੱਚ ਬੜੇ ਸਪਸ਼ਟ ਤੌਰ ਤੇ  ਮੰਗਲਾਚਰਣ ਅਤੇ ਜਪੁ ਬਾਣੀ ਦਾ ਨਾਂ ਵੱਖਰਾ ਦਿੱਤਾ ਹੋਇਆ ਹੈ ਅਤੇ ਜਪੁ ਬਾਣੀ ਆਰੰਭ ਹੋਣ ਤੋਂ ਪਹਿਲਾਂ ਸਲੋਕ ਲਿਖਿਆ ਹੋਇਆ ਹੈ।



ਦਰਸ਼ਨ ਕਰੋ। ਇਸ ਔਰੰਗਾਬਾਦ ਵਾਲ਼ੀ ਬੀੜ ਵਿੱਚ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਿੱਤਾ ਹੋਇਆ ਹੈ ਅਤੇ ਉਸ ਤੋਂ ਬਾਅਦ ਸ਼ਬਦ ਦਾ ਸਿਰਲੇਖ ਦਿੱਤਾ ਹੋਇਆ ਹੈ।




ਇਹ ਬੀੜ ਮਹਾਨ ਗੁਰਸਿੱਖ ਬਾਬਾ ਬਿਧੀ ਚੰਦ ਜੀ ਦੇ ਹੱਥ ਕਮਲਾਂ ਦਾ ਲਿਖਿਆ ਹੋਇਆ ਹੈ ਜੋ ਬਾਬਾ ਸੁਰ ਸਿੰਘ ਜੀ ਦੇ ਅਸਥਾਨ ਸ਼ਸ਼ੋਭਿਤ ਹੈ। ਇਸ ਵਿੱਚ ਸੰਪੂਰਨ ਮੰਗਲਚਾਰਣ ਗੁਰਪ੍ਰਸਾਦਿ ਤੱਕ ਸੱਜੇ ਹੱਥ ਜਪੁ ਬਾਣੀ ਤੋਂ ਪਹਿਲਾਂ ਦਰਜ ਹੈ। ਉਸ ਉਪਰੰਤ ਜਪੁ ਬਾਣੀ ਦਾ ਨਾਮ ਅਤੇ ਫਿਰ ਸਲੋਕ ਦਰਜ ਹੈ ਜੋ ਕਿ ਬਿਲਕੁਲ ਦਰੁਸਤ ਹੈ।



ਦਰਸ਼ਨ ਕਰੋ ਬਾਬਾ ਬਿਧੀ ਚੰਦ ਜੀ ਦੇ ਹੱਥ-ਲਿਖਤ ਸਰੂਪ ਦੇ। ਇੱਥੇ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਹੈ ਅਤੇ ਉਸ ਤੋਂ ਬਾਅਦ ਸ਼ਬਦ ਦਾ ਸਿਰਲੇਖ ਹੈ ਜੋ ਬਿਲਕੁਲ ਸਹੀ ਤਰਤੀਬ ਹੈ।



ਇਹ ਮਾਈ ਦੇਸਾਂ ਜੀ ਵਾਲ਼ੀ ਬੀੜ ਹੈ ਜੋ 1733 ਏ.ਡੀ. ਵਿੱਚ ਲਿਖੀ ਗਈ। ਇਸ ਵਿੱਚ ਸਪਸ਼ਟ ਰੂਪ ਵਿੱਚ ਸੰਪੂਰਨ ਮੰਗਲ ਸੱਜੇ ਹੱਥ ਲਿਖਿਆ ਗਿਆ ਹੈ। ਫਿਰ ਦੋ ਡੰਡੀਆਂ ਵਿੱਚ ॥ਜਪੁ॥ ਬਾਣੀ ਦਾ ਨਾਂ ਅਤੇ ਫਿਰ ਸਲੋਕ ਦਰਜ ਕੀਤਾ ਗਿਆ ਹੈ।



ਇਹ ਮਾਈ ਦੇਸਾਂ ਵਾਲ਼ੀ ਬੀੜ ਹੈ। ਇੱਥੇ ਵੀ ਸ੍ਰੀ ਰਾਗ ਦੇ ਆਰੰਭ ਵਿੱਚ ਸੱਜੇ ਹੱਥ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ ਜੋ ਕਿ ਬਿਲਕੁਲ ਦਰੁਸਤ ਹੈ।.




ਇਹ ਬੀੜ 1746 ਏ.ਡੀ. ਵਿੱਚ ਲਿਖੀ ਗਈ ਹੈ ਜੋ ਕਿ ਸੋਢੀਆਂ ਦੇ ਅਸਥਾਨ ਤੇ ਸ੍ਰੀ ਅਨੰਦਪੁਰ ਸਾਹਿਬ ਮੌਜੂਦ ਹੈ। ਇਸ ਵਿੱਚ ਵੀ ਸੰਪੂਰਨ ਮੰਗਲ ਗੁਰਪ੍ਰਸਾਦਿ ਤੱਕ ਦਰਜ ਹੈ, ਉਸ ਤੋਂ ਬਾਅਦ ਜਪੁ ਬਾਣੀ ਦਾ ਨਾਮ ਹੈ ਅਤੇ ਫਿਰ ਦੋ ਡੰਡੀਆਂ ਪਾ ਕੇ ਸਲੋਕ ਦਰਜ ਕੀਤਾ ਹੋਇਆ ਹੈ ਜੋ ਕਿ ਬਿਲਕੁਲ ਸਹੀ ਤਰਤੀਬ ਹੈ।


੧ੳ ਸਤਿਨਾਮੁਕਰਤਾਪੁਰਖੁਨਿਰਭਉਨਿਰ
ਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ਰਾਗੁ
ਸਿਰੀਰਾਗੁਮਹਲਾ ੧ ਘਰੁ ੧ ਚਉਪਦੇ॥
ਮੋਤੀਤਮੰਦਰਊਸਰਹਿਰਤਨੀਤਹੋਹਿਜੜਾਉ॥ਕਸਤੂਰਿਕੁੰਗੂਅਗਰਿਚੰਦਨਿਲੀ
ਪਿਆਵੈਚਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥ਹਰਿਬਿਨੁਜੀਉ
ਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆਅਵਰੁਨਾਹੀਥਾਉ॥੧॥ਰਹਉ
ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ॥ਮੋਹਣੀਮੁਖਿਮਣੀਸੋਹੈਕ
ਰੇਰੰਗਿਪਸਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੨॥ਸਿਧੁਹੋਵਾ
ਸਿਧਿਲਾਈਰਿਧਿਆਖਾਆਉ॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾਉ॥ਮਤੁ
ਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੩॥ਸੁਲਤਾਨੁਹੋਵਾਮੇਲਿਲਸਕਰਤ
ਖਤਿਰਾਖਪਾਉ॥ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤੁਦੇਖਿਭੂਲਾਵੀਸਰੈ
ਤੇਰਾਚਿਤਿਨਆਵੈਨਾਉ॥੪॥੧॥ ਸਿਰੀਰਾਗੁਮਹਲਾ ੧ ਕੋਟਿਕੋਟੀਮੇਰੀਆਰ
ਜਾਪਵਣੁਪੀਅਣੁਅਪਿਆਉ॥ਚੰਦੁਸੂਰਜੁਦੁਇਗੁਫੈਨਦੇਖਾਸੁਪਨੈਸਉਣਨਥਾਉ॥

ਇਹ ਵੀ ਕੇਸਗੜ੍ਹ ਸਾਹਿਬ ਵਾਲ਼ੀ ਬੀੜ ਦਾ ਸ੍ਰੀ ਰਾਗ ਦੇ ਆਰੰਭ ਦਾ ਪੰਨਾ ਹੈ। ਇਸ ਵਿੱਚ ਵੀ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕੀਤਾ ਹੋਇਆ ਹੈ ਅਤੇ ਉਸ ਤੋਂ ਬਾਅਦ ਸ਼ਬਦ ਦਾ ਸਿਰਲੇਖ ਹੈ। ਜੋ ਕਿ ਬਿਲਕੁਲ ਸਹੀ ਤਰਤੀਬ ਹੈ।




ਇਹ ਬੀੜ ਮੇਰੇ ਦਾਦਾ ਜੀ ਗਿਆਨੀ ਗੁਰਦਿੱਤ ਸਿੰਘ ਜੀ ਜੋ ਫਤਿਹਗੜ੍ਹ ਸਾਹਿਬ ਅਸਥਾਨ ਦੇ ਮੁੱਖ ਗ੍ਰੰਥੀ ਸਨ, ਉਨ੍ਹਾਂ ਦੇ ਗ੍ਰਹਿ ਵਿਖੇ ਪਈ ਹੋਈ ਸੀ। ਇਸ ਵਿੱਚ ਸਪਸ਼ਟ ਤੌਰ ਸੰਪੂਰਨ ਮੰਗਲ ਦਰਜ ਹੈ ਅਤੇ ਉਸ ਤੋਂ ਬਾਅਦ ਜਪੁ ਬਾਣੀ ਦਾ ਨਾਂ ਦਰਜ ਹੈ ਜੋ ਕਿ ਬਿਲਕੁਲ ਸਹੀ ਤਰਤੀਬ ਹੈ।



ਇਹ ਇਸ ਬੀੜ ਦਾ ਸ੍ਰੀ ਰਾਗ ਦਾ ਆਰੰਭ ਹੈ ਜਿੱਥੇ ਸੰਪੂਰਨ ਮੰਗਲ ਗੁਰਪ੍ਰਸਾਦਿ ਤੱਕ ਦਰਜ ਹੈ ਅਤੇ ਉਸ ਤੋਂ ਬਾਅਦ ਸ਼ਬਦ ਦਾ ਸਿਰਲੇਖ ਆਰੰਭ ਹੋਇਆ ਹੈ ਜੋ ਕਿ ਬਿਲਕੁਲ ਸਹੀ ਤਰਤੀਬ ਹੈ।



ਇਹ ਬੀੜ 1823 ਵਿੱਚ ਲਿਖੀ ਗਈ ਜੋ ਕਿ ਗੁਰਦੁਆਰਾ ਕਰਨੀ ਸਾਹਿਬ, ਪੰਜਾਬ ਵਿੱਚ ਪਈ ਹੈ। ਇਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਸੰਪੂਰਨ ਮੰਗਲ ਅਤੇ ਜਪੁ ਬਾਣੀ ਦਾ ਨਾਂ ਲਿਖਿਆ ਹੋਇਆ ਹੈ ਅਤੇ ਕਾਲ਼ੀ ਸਿਆਹੀ ਨਾਲ ਸਲੋਕ ਦਰਜ ਹੈ ਜੋ ਕਿ ਬਿਲਕੁਲ ਸਹੀ ਤਰਤੀਬ ਹੈ ਜੀ।



ਗਾਏ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥ ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ
ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ ਪੁਰਖੁ ਪਾਇਆ
ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥ ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ
ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥ ਰਾਗੁ ਗਉ
ੜੀ ਪੂਰਬੀ ਮਹਲਾ ੫ ॥ ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ਈ
ਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ ਅਉਧ ਘਟੈ ਦਿਨਸੁ ਰੈਣਾਰੇ ॥ ਮਨ
ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨ
ਨੀ ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥ ਜਾ ਕਉ ਆਏ
ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ
ਹੋਇਗੋ ਫੇਰਾ ॥੩॥ ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ ਨਾਨਕ ਦਾਸੁ ਇ
ਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾ
ਦਿ ॥ ਰਾਗੁ ਸਿਰੀਰਾਗੁ ਮਹਲਾ ੧ ॥ ਚਉਪਦੇ ਘਰੁ ੧ ॥
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ
ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ
ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ
ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ ਸਿਧੁ ਹੋਵਾ ਸਿਧਿ ਲਾਈ ਰਿ

ਇਹ ਕਰਨੀ ਸਾਹਿਬ ਵਾਲ਼ੀ ਬੀੜ ਵਿੱਚ ਸ੍ਰੀ ਰਾਗ ਦਾ ਆਰੰਭ ਹੈ ਜਿਸ ਵਿੱਚ ਸੰਪੂਰਨ ਮੰਗਲ ਦਰਜ ਹੈ ਅਤੇ ਉਸ ਤੋਂ ਬਾਅਦ ਸ਼ਬਦ ਦਾ ਸਿਰਲੇਖ ਦਿੱਤਾ ਹੋਇਆ ਹੈ ਜੋਕਿ ਬਿਲਕੁਲ ਸਹੀ ਤਰਤੀਬ ਹੈ।




ਇਹ ਮਾਹਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦਾ ਸਰੂਪ ਹੈ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਸਾਹਿਬ ਵਿਖੇ ਸੁਸ਼ੋਭਿਤ ਹੈ। ਇਸ ਵਿੱਚ ਸੰਪੂਰਨ ਮੰਗਲ ਤੋਂ ਬਾਅਦ ਦੋ ਡੰਡੀਆਂ ਵਿੱਚ ॥ਜਪੁ॥ ਦਾ ਸਿਰਲੇਖ ਹੈ ਜੋ ਕਿ ਤਰਤੀਬ ਅਨੁਸਾਰ ਬਿਲਕੁਲ ਠੀਕ ਹੈ। ਉਸ ਤੋਂ ਬਾਅਦ ਜਪੁ ਬਾਣੀ ਦਾ ਪਾਠ ਆਰੰਭ ਹੁੰਦਾ ਹੈ।



੧ੳਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥
॥ਰਾਗੁਸਿਰੀਰਾਗੁਮਹਲਾ੧ ॥ਚਉਪਦੇ॥ ॥ਘਰੁ੧ ॥ਮੋਤੀਤਮੰਦਰਊਸਰਹਿ
ਰਤਨੀਤਹੋਹਿਜੜਾਉ॥ਕਸਤੂਰਿਕੁੰਗੂਅਗਰਚੰਦਨਲੀਪਿਆਵੈਚਾਉ॥ਮਤੁਦੇਖਿ
ਭੂਲਾਵੀਸਰੈਤੇਰਾਚਿਤਿਨਆਵੈਨਾਉ॥੧॥ਹਰਿਬਿਨੁਜੀਉਜਲਿਬਲਿਜਾਉ॥ਮੈ
ਆਪਣਾਗੁਰੁਪੂਛਿਦੇਖਿਆਅਵਰੁਨਾਹੀਥਾਉ॥੧॥ਰਹਾਉ॥ ॥ਧਰਤੀਤਹੀਰੇ
ਲਾਲਜੜਤੀਪਲਘਿਲਾਲਜੜਾਉ॥ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ॥
ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੨॥ਸਿਧੁਹੋਵਾਸਿਧਿਲਾਈਰਿਧਿ
ਆਖਾਆਉ॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾਉ॥ਮਤੁਦੇਖਿਭੂਲਾਵੀ
ਸਰੈਤੇਰਾਚਿਤਿਨਆਵੈਨਾਉ॥੩॥ਸੁਲਤਾਨੁਹੋਵਾਮੇਲਿਲਸਕਰਤਖਤਿਰਾਖ
ਪਾਉ॥ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤੁਦੇਖਿਭੂਲਾਵੀਸਰੈਤੇ
ਰਾਚਿਤਿਨਆਵੈਨਾਉ॥੪॥੧॥ਸਿਰੀਰਾਗੁਮਹਲਾ੧ ॥ਕੋਟਿਕੋਟੀਮੇਰੀਆ
ਰਜਾਪਵਣੁਪੀਅਣੁਅਪਿਆਉ॥ਚੰਦੁਸੂਰਜੁਦੁਇਗੁਫੈਨਦੇਖਾਸੁਪਨੈਸਉਣ
ਨਥਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੧॥ਸਾਚਾਨਿਰੰਕਾਰੁਨਿ
ਜਥਾਇ॥ਸੁਣਿਸੁਣਿਆਖਣੁਆਖਣਾਜੇਭਾਵੈਕਰੇਤਮਾਇ॥੧॥ਰਹਾਉ॥ ॥ਕੁਸਾਕ
ਟੀਆਵਾਰਵਾਰਪੀਸਣਿਪੀਸਾਪਾਇ॥ਅਗੀਸੇਤੀਜਾਲੀਆਭਸਮਸੇਤੀਰਲਿ
ਜਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੨॥ਪੰਖੀਹੋਇਕੈਜੇਭਵਾਸੈ

ਇਸੇ ਬੀੜ ਵਿੱਚ ਵੇਖੋ ਸ੍ਰੀ ਰਾਗ ਦਾ ਆਰੰਭ ਜਿੱਥੇ ਸੰਪੂਰਨ ਮੰਗਲ ਦਰਜ ਕਰਨ ਤੋਂ ਬਾਅਦ ਸ਼ਬਦ ਦਾ ਸਿਰਲੇਖ ਦਿੱਤਾ ਹੋਇਆ ਜੋ ਕਿ ਬਿਲਕੁਲ ਸਹੀ ਤਰਤੀਬ ਹੈ ਜੀ।



ਇਹ ਬੀੜ 1702 ਏ.ਡੀ. ਦੀ ਲਿਖੀ ਹੋਈ ਹੈ ਜੋ ਕਿ ਸਿੱਖ ਬੁੱਕ ਕਲੱਬ ਦੀ ਵੈਬ ਸਾਈਟ ਤੇ ਸਾਂਭੀ ਹੋਈ ਹੈ। ਇਸ ਵਿੱਚ ਸੰਪੂਰਨ ਮੰਗਲ ਸੱਜੇ ਹੱਥ ਦਰਜ ਹੈ। ਫਿਰ ਜਪੁ ਬਾਣੀ ਦਾ ਨਾਂ ਹੈ ਅਤੇ ਫਿਰ ਸਲੋਕ ਦਰਜ ਹੋਇਆ ਹੋਇਆ ਹੈ ਜੋ ਕਿ ਬਿਲਕੁਲ ਸਹੀ ਤਰਤੀਬ ਹੈ।



ਇਸੇ ਬੀੜ ਵਿੱਚ ਵੇਖੋ ਸ੍ਰੀ ਰਾਗ ਦੇ ਆਰੰਭ ਦੀ ਤਸਵੀਰ। ਸੰਪੂਰਨ ਮੰਗਲ ਪੂਰੀ ਤਰ੍ਹਾਂ ਸੱਜੇ ਹੱਥ ਦਰਜ ਕੀਤਾ ਗਿਆ ਹੈ ਅਤੇ ਫਿਰ ਸ਼ਬਦ ਦਾ ਸਿਰਲੇਖ ਦਰਜ ਹੈ ਜੋ ਕਿ ਬਿਲਕੁਲ ਸਹੀ ਤਰਤੀਬ ਹੈ।


੧ਓ
॥ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ
॥ਜਪੁ॥ ॥ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀ
ਸਚੁ॥ਸੋਚੈਸੋਚਿਨਹੋਵਈਜੇਸੋਚੀਲਖਵਾਰ॥ਚੁਪੈਚੁਪਨਹੋਵਈਜੇਲਾ
ਇਰਹਾਲਿਵਤਾਰ॥ਭੁਖਿਆਭੁਖਨਉਤਰੀਜੇਬੰਨਾਪੁਰੀਆਭਾਰ॥ਸਹਸ
ਸਿਆਣਪਾਲਖਹੋਹਿਤਇਕਨਚਲੈਨਾਲਿ॥ਕਿਵਸਚਿਆਰਾਹੋਈਐ
ਕਿਵਕੂੜੈਤੁਟੈਪਾਲਿ॥ਹੁਕਮਿਰਜਾਈਚਲਣਾਨਾਨਕਲਿਖਿਆਨਾਲਿ
੧॥ਹੁਕਮੀਹੋਵਨਿਆਕਾਰਹੁਕਮੁਨਕਹਿਆਜਾਈ॥ਹੁਕਮੀਹੋਵਨਿਜੀ
ਅਹੁਕਮਿਮਿਲੈਵਡਿਆਈ॥ਹੁਕਮੀਉਤਮੁਨੀਚੁਹੁਕਮਿਲਿਖਿਦੁਖਸੁਖ
ਪਾਈਅਹਿ॥ਇਕਨਾਹੁਕਮੀਬਖਸੀਸ॥ਇਕਿਹੁਕਮੀਸਦਾਭਵਾਈਅ
ਹਿ॥ਹੁਕਮੈਅੰਦਰਿਸਭੁਕੋਬਾਹਰਿਹੁਕਮਨਕੋਇ॥ਨਾਨਕਹੁਕਮੈਜੇਬੁਝੈਤ
ਹਉਮੈਕਹੈਨਕੋਇ॥੨॥ਗਾਵੈਕੋਤਾਣੁਹੋਵੈਕਿਸੈਤਾਣੁ॥ਗਾਵੈਕੋਦਾਤਿਜਾ
ਣੈਨੀਸਾਣੁ॥ਗਾਵੈਕੋਗੁਣਵਡਿਆਈਆਚਾਰ॥ਗਾਵੈਕੋਵਿਦਿਆਵਿਖ
ਮੁਵੀਚਾਰੁ॥ਗਾਵੈਕੋਸਾਜਿਕਰੇਤਨੁਖੇਹ॥ਗਾਵੈਕੋਜੀਅਲੈਫਿਰਿਦੇਹ॥

ਇਹ ਹੱਥ-ਲਿਖਤ ਬੀੜ 1661 ਏ.ਡੀ. ਵਿੱਚ ਲਿਖੀ ਗਈ ਹੈ ਜੋ ਪਿੰਡ ਕਾਨਗੜ੍ਹ ਵਿਖੇ ਪਈ ਹੈ। ਇਸ ਵਿੱਚ ਸੰਪੂਰਨ ਮੰਗਲ ਸੱਜੇ ਹੱਥ ਦਰਜ ਕਰਕੇ ਫਿਰ ਦੋ ਡੰਡੀਆਂ ਵਿੱਚ ਜਪੁ ਬਾਣੀ ਦਾ ਸਿਰਲੇਖ ਦਿੱਤਾ ਹੋਇਆ ਹੈ। ਉਸ ਉਪਰੰਤ ਸਲੋਕ ਦਰਜ ਹੈ ਤੇ ਫਿਰ ਜਪੁ ਬਾਣੀ ਦਾ ਆਰੰਭ ਹੈ।



ਇਸੇ ਬੀੜ ਵਿੱਚ ਵੇਖੋ ਸ੍ਰੀ ਰਾਗ ਦਾ ਆਰੰਭ। ਸੰਪੂਰਨ ਮੰਗਲ ਪੂਰੀ ਤਰ੍ਹਾਂ ਸੱਜੇ ਹੱਥ ਦਿੱਤਾ ਹੋਇਆ ਹੈ ਅਤੇ ਉਸ ਉਪਰੰਤ ਸ਼ਬਦ ਦਾ ਸਿਰਲੇਖ ਹੈ ਜੋ ਕਿ ਬਿਲਕੁਲ ਸਹੀ ਤਰਤੀਬ ਹੈ।



ੴ
ਸਤਿਨਾਮੁਕ
ਰਤਾਪੁਰਖੁਨਿਰਭ
ਉਨਿਰਵੈਰੁਅਕਾਲਮੂਰਤਿ
ਅਜੂਨੀਸੈਭੰਗੁਰਪ੍ਰਸਾਦਿ॥ ਜਪੁ॥
ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕ
ਹੋਸੀਭੀਸਚੁ॥੧॥ਸੋਚੈਸੋਚਿਨਹੋਵਈਜੇਸੋਚੀਲ
ਖਵਾਰ॥ਚੁਪੈਚੁਪਨਹੋਵਈਜੇਲਾਇਰਹਾਲਿਵਤਾਰ॥ਭੁਖਿ
ਆਭੁਖਨਉਤਰੀਜੇਬੰਨਾਪੁਰੀਆਭਾਰ॥ਸਹਸਸਿਆਣਪਾਲਖਹੋ
ਹਿਤਇਕਨਚਲੈਨਾਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈਪਾਲਿ॥
ਹੁਕਮਿਰਜਾਈਚਲਣਾਨਾਨਕਲਿਖਿਆਨਾਲਿ॥੧॥ਹੁਕਮੀਹੋਵਨਿਆਕਾਰਹੁਕ
ਮੁਨਕਹਿਆਜਾਈ॥ਹੁਕਮੀਹੋਵਨਿਜੀਅਹੁਕਮਿਮਿਲੈਵਡਿਆਈ॥ਹੁਕਮੀਉ
ਤਮੁਨੀਚੁਹੁਕਮਿਲਿਖਿਦੁਖਸੁਖਪਾਈਅਹਿ॥ਇਕਨਾਹੁਕਮੀਬਖਸੀਸਇਕਿ
ਹੁਕਮੀਸਦਾਭਵਾਈਅਹਿ॥ਹੁਕਮੈਅੰਦਰਿਸਭੁਕੋਬਾਹਰਿਹੁਕਮਨਕੋਇ॥ਨਾਨਕ
ਹੁਕਮੈਜੇਬੁਝੈਤਾਹਉਮੈਕਹੈਨਕੋਇ॥੨॥ਗਾਵੈਕੋਤਾਣੁਹੋਵੈਕਿਸੈਤਾਣੁ॥ਗਾਵੈਕੋ
ਦਾਤਿਜਾਣੈਨੀਸਾਣੁ॥ਗਾਵੈਕੋਗੁਣਵਡਿਆਈਆਚਾਰ॥ਗਾਵੈਕੋਵਿਦਿਆਵਿਖ
ਮੁਵੀਚਾਰੁ॥ਗਾਵੈਕੋਸਾਜਿਕਰੇਤਨੁਖੇਹ॥ਗਾਵੈਕੋਜੀਅਲੈਫਿਰਿਦੇਹ॥ਗਾਵੈਕੋਜਾ
ਪੈਦਿਸੈਦੂਰਿ॥ਗਾਵੈਕੋਵੇਖੈਹਾਦਰਾਹਦੂਰਿ॥ਕਥਨਾਕਥੀਨਆਵੈਤੋਟਿ॥ਕਥਿਕ
ਥਿਕਥੀਕੋਟੀਕੋਟਿਕੋਟਿ॥ਦੇਦਾਦੇਲੈਦੇਥਕਿਪਾਹਿ॥ਜੁਗਾਜੁਗੰਤਰਿਖਾਹੀਖਾਹਿ॥

ਸੰਨ 1834 ਵਿੱਚ ਲਿਖਿਆ ਇਹ ਹੱਥ-ਲਿਖਤ ਸਰੂਪ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਵਿਖੇ ਮੌਜੂਦ ਹੈ। ਇਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ 2 ਡੰਡੀਆਂ ਦਿੱਤੀਆਂ ਹਨ। ਫਿਰ ਜਪੁ ਬਾਣੀ ਦਾ ਹੈਡਿੰਗ ਦਿੱਤਾ ਹੈ, 2 ਡੰਡੀਆਂ ਦਿੱਤੀਆਂ ਹਨ, ਉਪਰੰਤ ਸਲੋਕ ਦਰਜ ਕੀਤਾ ਹੋਇਆ ਹੋਇਆ, ਜੋ ਕਿ ਬਿਲਕੁਲ ਸਹੀ ਤਰਤੀਬ ਹੈ।



ਗਿਆਨੀਮਜਿਸਹਿਜਗਾਇਪੀਆਵੈਇਹੁਕਥੁਅਕਥੁਕਥਾਤਿਨਿਜਾਨੀ॥੨॥ਜਾਕਉਆਇਸੋਈ
ਬਿਹਾਝੁਹੁਹਰਿਗੁਰਤੇਮਨਹਿਬਸੇਰਾ॥ਨਿਜਮਹਿਲੁਪਾਵਹੁਸੁਖਮਹਜੋਬਹੁਰਿਨਹੋਇਗੋਫੇਰਾ॥
੩॥ਅੰਤਰਜਾਮੀਪੁਰਖੁਬਿਧਾਤੇਸਰਧਾਮਨਕੀਪੂਰੇ॥ਨਾਨਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀ
ਧੂਰੇ॥੪॥੫॥

੧ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ॥
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਰਾਗੁਸਿਰੀਰਾਗੁਮਹਲਾ੧ ॥ਪਹਰੁ੧॥ਚਉਪਦੇ॥ ॥ਮੋਤੀਤਮੰਦਰਊਸਰਹਿਰਤਨੀਤਹੋਹਿਜੜਾ
ਉ॥ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ॥ਮਤਿਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥
੧॥ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੁਛਿਦੇਖਿਆਅਵਰੁਨਾਹੀਥਾਉ॥੧॥ਰਹਾਉ॥
ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ॥ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ॥ਮ
ਤਿਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੨॥ਸਿਧੁਹੋਵਾਸਿਧਿਲਾਈਰਿਧਿਆਖਾਆਉ॥ਗੁ
ਪਤੁਪਰਗਟੁਹੋਇਬੈਸਾਲੋਕੁਰਾਖੈਭਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੩॥ਸੁਲਤਾ
ਨੁਹੋਵਾਮੇਲਿਲਸਕਰਤਖਤਿਰਾਖਾਪਾਉ॥ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤੁਦੇਖਿ
ਭੂਲਾਵੀਸਰੈਤੇਰਾਚਿਤਿਨਆਵੈਨਾਉ॥੪॥੧॥ਸਿਰੀਰਾਗੁਮਹਲਾ੧ ॥ਕੋਟਿਕੋਟੀਮੇਰੀਆਰਜਾਪਵਣ
ਪੀਅਣੁਅਪਿਆਉ॥ਚੰਦੁਸੂਰਜੁਦੁਇਗੁਫੈਨਦੇਖਾਸੁਪਨੈਸਉਣਨਥਾਉ॥ਭੀਤੇਰੀਕੀਮਤਿਨਾਪਵੈਹਉ
ਕੇਵਡੁਆਖਾਨਾਉ॥੧॥ਸਾਚਾਨਿਰੰਕਾਰਨਿਜਥਾਇ॥ਸੁਣਿਸੁਣਿਆਖਣੁਆਖਣਾਜੇਭਾਵੈਕਰੇਤਮਾ
ਇ॥੧॥ਰਹਾਉ॥ਕੁਸਾਕਟੀਆਵਾਰਵਾਰਪੀਸਣਿਪੀਸਾਪਾਇ॥ਅਗੀਸੇਤੀਜਾਲੀਆਭਸਮਸੇਤੀ
ਰਲਿਜਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੨॥ਪੰਖੀਹੋਇਕੈਜੇਭਵਾਸੈਅਸਮ
ਨਿਜਾਉ॥ਨਦਰੀਕਿਸੈਨਆਵਊਨਾਕਿਛੁਪੀਆਨਖਾਉ॥ਭੀਤੇਰੀਕੀਮਤਿਨਾਪਵੈਹਉਕੇਵਡੁ
ਆਖਾਨਾਉ॥੩॥ਨਾਨਕਕਾਗਦਲਖਮਣਾਪੜਿਪੜਿਕੀਚੈਭਾਉ॥ਮਸੂਤੋਟਿਨਆਵਈਲੇਖਣ
ਪਉਣਚਲਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੪॥੨॥ਸਿਰੀਰਾਗੁਮਹਲਾ੧॥
ਲੇਖੈਬੋਲਣੁਬੋਲਣਾਲੇਖੈਖਾਣਾਖਾਉ॥ਲੇਖੈਵਾਟਚਲਾਈਆਲੇਖੈਸੁਣਿਵੇਖਾਉ॥ਲੇਖੈਸਾਹਲ
ਵਾਈਅਹਿਪੜੇਕਿਪੁਛਣਜਾਉ॥੧॥ਬਾਬਾਮਾਇਆਰਚਨਾਧੋਹੁ॥ਅੰਧੈਨਾਮੁਵਿਸਾਰਿਆਨਾਤਿਸੁ
ਏਹਨਓਹੁ॥੧॥ਰਹਾਉ॥ਜੀਵਣੁਮਰਣਾਜਾਇਕੈਏਥੈਖਾਜੈਕਾਲਿ॥ਜਿਥੈਬਹਿਸਮਝਾਈਐਤਿ

ਇਸੇ ਹੀ ਬੀੜ ਦੇ ਪੰਨਾ ੬ ਤੇ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ ਅਤੇ ਉਸ ਤੋਂ ਬਾਅਦ ਸ਼ਬਦ ਦੇ ਆਰੰਭ ਦਾ ਸਿਰਲੇਖ ਦਿੱਤਾ ਹੈ।



ਦਰਸ਼ਨ ਕਰੋ ਪਿੰਡ ਕੁਠਾਲਾ ਵਿਖੇ ਪਈ ਇੱਕ ਬਹੁਤ ਹੀ ਸੁੰਦਰ ਹੱਥ-ਲਿਖਤ ਬੀੜ ਦੇ ਜਿਸ ਵਿੱਚ ਸਾਰਾ ਮੰਗਲਾਚਰਣ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ ਉਸ ਤੋਂ ਬਾਅਦ ਅੰਕ ੧ ਵੀ ਪਿਆ ਹੋਇਆ ਹੈ ਫਿਰ ਦੋ-ਦੋ ਡੰਡੀਆਂ ਦੇ ਵਿਚਕਾਰ ॥ਜਪੁ॥ ਬਾਣੀ ਦਾ ਸਿਰਲੇਖ ਲਿਖਣ ਮਗਰੋਂ ਸਲੋਕ ਦਰਜ ਕਰਕੇ ਫਿਰ ਅੰਕ ੧ ਪਾਇਆ ਹੋਇਆ ਹੈ।




ਇਸੇ ਬੀੜ ਦੇ ਪੰਨਾ ੧੧ ਦੇ ਦਰਸ਼ਨ ਕਰੋ। ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਸ਼ਬਦਾਂ ਦਾ ਆਰੰਭ ਕੀਤਾ ਗਿਆ ਹੈ।


੪੧

੧ਓ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ
ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ
ਜਪੁ ॥ ॥ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ ਭੁਖਿਆ ਭੁਖ ਨ ਉਤ
ਰੀ ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਕਿਵ ਸਚਿਆਰਾ ਹੋਈਐ ਕਿ
ਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ ਹੁਕਮੀ ਹੋਵਨਿ ਆਕਾਰ ਹੁਕਮੁ
ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ
ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ
ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈਆ ਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦ
ਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥ ਸਾਚਾ ਸਾਹਿ
ਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀ
ਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵ
ਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ
॥੪॥ ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬ
ਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾ
ਤਾ ਸੋ ਮੈ ਵਿਸਰਿ ਨ ਜਾਈ ॥੫॥ ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ਜੇਤੀ ਸਿਰਠਿ ਉਪਾਈ ਵੇ

ਦਰਸ਼ਨ ਕਰੋ ਸ. ਅਨੁਰਾਗ ਸਿੰਘ ਜੀ ਲੁਧਿਆਣਾ ਦੇ ਗ੍ਰਹਿ ਵਿਖੇ 1707 ਏ.ਡੀ. ਵਿੱਚ ਲਿਖੀ ਇੱਕ ਹੱਥ-ਲਿਖਤ ਬੀੜ ਜਿਸ ਵਿੱਚ ਮੰਗਲਾਚਰਣ ਪੂਰੀ ਤਰ੍ਹਾ ਸੱਜੇ ਹੱਥ ਦਰਜ ਕਰਕੇ ਫਿਰ ਜਪੁ ਦਾ ਸਿਰਲੇਖ ਦਿੱਤਾ ਗਿਆ ਹੈ ਅਤੇ ਉਸ ਤੋਂ 2 ਡੰਡੀਆਂ ਪਾਕੇ ਫਿਰ ਸਲੋਕ ਦਰਜ ਕੀਤਾ ਹੋਇਆ ਹੈ। ਬਹੁਤ ਹੀ ਸਪਸ਼ਟ ਅਤੇ ਠੀਕ ਤਰਤੀਬ ਦਿੱਤੀ ਹੋਈ ਹੈ ਜੀ।




ਕਰੋ ਜੀ 1737 ਏ.ਡੀ. ਵਿੱਚ ਲਿਖੀ ਇੱਕ ਬਿਰਧ ਬੀੜ ਦੇ ਦਰਸ਼ਨ ਜਿਸ ਵਿੱਚ ਮੰਗਲ ਪੂਰੀ ਤਰ੍ਹਾਂ ਸੱਜੇ ਹੱਥ ਰੱਖ ਕੇ ਦਰਜ ਕੀਤਾ ਹੋਇਆ ਹੈ। ਇਸ ਦਾ ਪਹਿਲਾ ਪੰਨਾ ਬਹੁਤ ਖਸਤਾ ਹੈ ਜੋ ਛਪਣ ਦੇ ਯੋਗ ਨਹੀਂ ਇਸ ਲਈ ਸ੍ਰੀ ਰਾਗ ਦੇ ਆਰੰਭ ਵਾਲ਼ੇ ਅੰਕ ਦੇ ਦਰਸ਼ਨ ਕਰੋ। ਆਰੰਭ ਵਿੱਚ ਪੂਰਾ ਮੰਗਲ ਦਰਜ ਕਰਕੇ ਫਿਰ ਸ਼ਬਦ-ਬਾਣੀ ਦਾ ਆਰੰਭ ਕੀਤਾ ਗਿਆ ਹੈ।



ਦਰਸ਼ਨ ਕਰੋ ਇੱਕ ਹੋਰ ਕੀਮਤੀ ਹੱਥ-ਲਿਖਤ ਸਰੂਪ ਦੇ ਜੋ ਸਿੱਖ ਬੁੱਕ ਕਲੱਬ ਦੀ ਵੈਬ-ਸਾਈਟ ਤੇ ਪਈ ਹੈ। ਇਸ ਵਿੱਚ ਪੂਰੀ ਤਰ੍ਹਾਂ ਸੱਜੇ ਹੱਥ ਸੰਪੂਰਨ ਮੰਗਲ ਦਰਜ ਕਰਕੇ ਫਿਰ ਅਗਲੀ ਪੰਕਤੀ ਵਿੱਚ ਜਪੁ ਸਿਰਲੇਖ ਲਿਖ ਕੇ 2 ਡੰਡੀਆਂ ਦਿੱਤੀਆਂ ਗਈਆਂ ਹਨ ਅਤੇ ਫਿਰ ਸਲੋਕ ਦਰਜ ਕਰਕੇ 2 ਡੰਡੀਆਂ ਬਾਅਦ ਅੰਕ ੧ ਲਿਖਿਆ ਹੋਇਆ ਹੈ।


੭

ਤ੍ਰਿਨਿ ਜਾਨੀ॥੨॥ਜਾਕਉਆਏਸੋਈਬਿਹਾਝਹੁਹਰਿਗੁਰਤੇਮਨਹਿਬਸੇਰਾ॥ਨਿਜਘਰਿਮਹਲੁ
ਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩॥ਅੰਤਰਜਾਮੀਪੁਰਖਬਿਧਾਤੇਸਰਧਾਮਨਕੀ
ਪੂਰੇ॥ਨਾਨਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ॥੪॥੫॥

੧ਓ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ

ਰਾਗੁਸਿਰੀਰਾਗੁਮਹਲਾ੧ ਚਉਪਦੇਘਰੁ੧ ਮੋਤੀਤਮੰਦਰਊਸਰਹਿਰਤਨੀਤਹੋਹਿਜ
ੜਾਉ॥ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ॥ਮਤੁਦੇਖਿਭੂਲਾਵੀਸਰੈਤੇਰਾਚਿ
ਤਿਨਆਵੈਨਾਉ॥੧॥ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆਅ
ਵਰੁਨਾਹੀਥਾਉ॥੧॥ਰਹਾਉ॥ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ॥ਮੋਹਣੀ
ਮੁਖਿਮਣੀਸੋਹੈਕਰੇਰੰਗਿਪਸਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੨॥ਸਿ
ਧੁਹੋਵਾਸਿਧਿਲਾਈਰਿਧਿਆਖਾਆਉ॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾਉ॥ਮਤੁਦੇ
ਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੩॥ਸੁਲਤਾਨੁਹੋਵਾਮੇਲਿਲਸਕਰਤਖਤਿਰਾਖਾ
ਪਾਉ॥ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆ
ਵੈਨਾਉ॥੪॥੧॥ ਸਿਰੀਰਾਗੁਮਹਲਾ੧ ਕੋਟਿਕੋਟੀਮੇਰੀਆਰਜਾਪਵਣੁਪੀਅਣੁਅਪਿਆ
ਉ॥ਚੰਦੁਸੂਰਜੁਦੁਇਗੁਫੈਨਦੇਖਾਸੁਪਨੈਸਉਣਨਥਾਉ॥ਭੀਤੇਰੀਕੀਮਤਿਨਾਪਵੈਹਉਕੇਵਡੁ
ਆਖਾਨਾਉ॥੧॥ਸਾਚਾਨਿਰੰਕਾਰੁਨਿਜਥਾਇ॥ਸੁਣਿਸੁਣਿਆਖਣੁਆਖਣਾਜੇਭਾਵੈਕਰੇਤ
ਮਾਇ॥੧॥ਰਹਾਉ॥ਕੁਸਾਕਟੀਆਵਾਰਵਾਰਪੀਸਣਿਪੀਸਾਪਾਇ॥ਅਗੀਸੇਤੀਜਾਲੀਆ
ਭਸਮਸੇਤੀਰਲਿਜਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੨॥ਪੰਖੀਹੋਇਕੈ
ਜੇਭਵਾਸੈਅਸਮਾਨੀਜਾਉ॥ਨਦਰੀਕਿਸੈਨਆਵਊਨਾਕਿਛੁਪੀਆਨਖਾਉ॥ਭੀਤੇਰੀਕੀਮ
ਤਿਨਾਪਵੈਹਉਕੇਵਡੁਆਖਾਨਾਉ॥੩॥ਨਾਨਕਕਾਗਦਲਖਮਣਾਪੜਿਪੜਿਕੀਚੈਭਾਉ॥ਮਸੂ

ਦਰਸ਼ਨ ਕਰੋ ਇਸੇ ਹੀ ਬੀੜ ਦਾ ਪੰਨਾ ਨੰਬਰ 7 ਜਿੱਥੇ ਮੰਗਲ ਪੂਰੀ ਤਰ੍ਹਾਂ ਸੱਜੇ ਹੱਥ ਲਿਖ ਕੇ ਬਾਣੀ ਆਰੰਭ ਕੀਤੀ ਗਈ ਹੈ।



੧ੳ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾਲ
ਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਜਪੁ॥ ॥ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀਸਚੁ॥੧॥ਸੋਚੈਸੋਚਿਨਹੋਵਈ
ਜੇਸੋਚੀਲਖਵਾਰ॥ਚੁਪੈਚੁਪਨਹੋਵਈਜੇਲਾਇਰਹਾਲਿਵਤਾਰ॥ਭੁਖਿਆਭੁਖਨਉਤਰੀਜੇਬੰਨਾ
ਪੁਰੀਆਭਾਰ॥ਸਹਸਸਿਆਣਪਾਲਖਹੋਹਿਤਇਕਨਚਲੈਨਾਲਿ॥ਕਿਵਸਚਿਆਰਾਹੋਈਐਕਿ
ਵਕੂੜੈਤੁਟੈਪਾਲਿ॥ਹੁਕਮਿਰਜਾਈਚਲਣਾਨਾਨਕਲਿਖਿਆਨਾਲਿ॥੧॥ਹੁਕਮੀਹੋਵਨਿਆਕਾ
ਰਹੁਕਮੁਨਕਹਿਆਜਾਈ॥ਹੁਕਮੀਹੋਵਨਿਜੀਅਹੁਕਮਿਮਿਲੈਵਡਿਆਈ॥ਹੁਕਮੀਉਤਮੁਨੀ
ਚੁਹੁਕਮਿਲਿਖਿਦੁਖਸੁਖਪਾਈਅਹਿ॥ਇਕਨਾਹੁਕਮੀਬਖਸੀਸਇਕਿਹੁਕਮੀਸਦਾਭਵਾਈ
ਅਹਿ॥ਹੁਕਮੈਅੰਦਰਿਸਭੁਕੋਬਾਹਰਿਹੁਕਮਨਕੋਇ॥ਨਾਨਕਹੁਕਮੈਜੇਬੁਝੈਤਹਉਮੈਕਹੈਨ
ਕੋਇ॥੨॥ਗਾਵੈਕੋਤਾਣੁਹੋਵੈਕਿਸੈਤਾਣੁ॥ਗਾਵੈਕੋਦਾਤਿਜਾਣੈਨੀਸਾਣੁ॥ਗਾਵੈਕੋਗੁਣਵਡਿਆਈ
ਆਚਾਰ॥ਗਾਵੈਕੋਵਿਦਿਆਵਿਖਮੁਵੀਚਾਰੁ॥ਗਾਵੈਕੋਸਾਜਿਕਰੇਤਨੁਖੇਹ॥ਗਾਵੈਕੋਜੀਅਲੈਫਿਰਿਦੇ
ਹ॥ਗਾਵੈਕੋਜਾਪੈਦਿਸੈਦੂਰਿ॥ਗਾਵੈਕੋਵੇਖੈਹਾਦਰਾਹਦੂਰਿ॥ਕਥਨਾਕਥੀਨਆਵੈਤੋਟਿ॥ਕਥਿਕ
ਥਿਕਥੀਕੋਟੀਕੋਟਿਕੋਟਿ॥ਦੇਦਾਦੇਲੈਦੇਥਕਿਪਾਹਿ॥ਜੁਗਾਜੁਗੰਤਰਿਖਾਹੀਖਾਹਿ॥ਹੁਕਮੀਹੁਕ
ਮੁਚਲਾਏਰਾਹੁ॥ਨਾਨਕਵਿਗਸੈਵੇਪਰਵਾਹੁ॥੩॥ਸਾਚਾਸਾਹਿਬੁਸਾਚੁਨਾਇਭਾਖਿਆਭਾਉਅਪਾ
ਰੁ॥ਆਖਹਿਮੰਗਹਿਦੇਹਿਦੇਹਿਦਾਤਿਕਰੇਦਾਤਾਰੁ॥ਫੇਰਿਕਿਅਗੈਰਖੀਐਜਿਤੁਦਿਸੈਦਰਬਾਰੁ॥ਮੁ
ਹੌਕਿਬੋਲਣੁਬੋਲੀਐਜਿਤੁਸੁਣਿਧਰੇਪਿਆਰੁ॥ਅੰਮ੍ਰਿਤਵੇਲਾਸਚੁਨਾਉਵਡਿਆਈਵੀਚਾਰੁ॥
ਕਰਮੀਆਵੈਕਪੜਾਨਦਰੀਮੋਖੁਦੁਆਰੁ॥ਨਾਨਕਏਵੈਜਾਣੀਐਸਭੁਆਪੇਸਚਿਆਰੁ॥੪॥ਥਾ
ਪਿਆਨਜਾਇਕੀਤਾਨਹੋਇ॥ਆਪੇਆਪਿਨਿਰੰਜਨੁਸੋਇ॥ਜਿਨਿਸੇਵਿਆਤਿਨਿਪਾਇਆਮਾਨੁ॥
ਨਾਨਕਗਾਵੀਐਗੁਣੀਨਿਧਾਨੁ॥ਗਾਵੀਐਸੁਣੀਐਮਨਿਰਖੀਐਭਾਉ॥ਦੁਖੁਪਰਹਰਿਸੁਖੁਘਰਿ

ਪਿੰਡ ਭਿੰਡਰ ਕਲਾਂ ਤੋਂ ਪ੍ਰਾਪਤ ਹੋਈ ਇੱਕ ਹੱਥ-ਲਿਖਤ ਬੀੜ ਜੋ ਲਗਭੱਗ 1741 ਏ.ਡੀ. ਵਿੱਚ ਲਿਖੀ ਗਈ। ਇਸ ਵਿੱਚ ਮੰਗਲ ਪੂਰੀ ਤਰ੍ਹਾਂ ਸੱਜੇ ਹਥ ਦਰਜ ਕੀਤਾ ਗਿਆ ਹੈ। ਫਿਰ ਬੜੀ ਸੁਚੇਤਤਾ ਨਾਲ ਜਪੁ ਬਾਣੀ ਦਾ ਨਾਂ ਅਗਲੀ ਪੰਕਤੀ ਵਿੱਚ ਦੇ ਕੇ 2 ਡੰਡੀਆਂ ਪਾਈਆਂ ਗਈਆਂ ਹਨ ਤੇ ਫਿਰ ਸਲੋਕ ਦਰਜ ਕੀਤਾ ਗਿਆ ਹੈ।




ਇਸੇ ਬੀੜ ਦੇ ਸ੍ਰੀ ਰਾਗ ਦੇ ਆਰੰਭ ਵਾਲ਼ੇ ਪੰਨੇ ਦੇ ਦਰਸ਼ਨ ਕਰੋ ਜਿੱਥੇ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।



੧ਓ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾਲ
ਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਜਪੁ॥ ॥ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀਸਚੁ॥੧॥ਸੋਚੈਸੋਚਿਨਹੋਵਈ
ਜੇਸੋਚੀਲਖਵਾਰ॥ਚੁਪੈਚੁਪਨਹੋਵਈਜੇਲਾਇਰਹਾਲਿਵਤਾਰ॥ਭੁਖਿਆਭੁਖਨਉਤਰੀਜੇਬੰਨਾ
ਪੁਰੀਆਭਾਰ॥ਸਹਸਸਿਆਣਪਾਲਖਹੋਹਿਤਇਕਨਚਲੈਨਾਲਿ॥ਕਿਵਸਚਿਆਰਾਹੋਈਐਕਿ
ਵਕੂੜੈਤੁਟੈਪਾਲਿ॥ਹੁਕਮਿਰਜਾਈਚਲਣਾਨਾਨਕਲਿਖਿਆਨਾਲਿ॥੧॥ਹੁਕਮੀਹੋਵਨਿਆਕਾ
ਰਹੁਕਮੁਨਕਹਿਆਜਾਈ॥ਹੁਕਮੀਹੋਵਨਿਜੀਅਹੁਕਮਿਮਿਲੈਵਡਿਆਈ॥ਹੁਕਮੀਉਤਮੁਨੀ
ਚੁਹੁਕਮਿਲਿਖਿਦੁਖਸੁਖਪਾਈਅਹਿ॥ਇਕਨਾਹੁਕਮੀਬਖਸੀਸਇਕਿਹੁਕਮੀਸਦਾਭਵਾਈ
ਅਹਿ॥ਹੁਕਮੈਅੰਦਰਿਸਭੁਕੋਬਾਹਰਿਹੁਕਮਨਕੋਇ॥ਨਾਨਕਹੁਕਮੈਜੇਬੁਝੈਤਹਉਮੈਕਹੈਨ
ਕੋਇ॥੨॥ਗਾਵੈਕੋਤਾਣੁਹੋਵੈਕਿਸੈਤਾਣੁ॥ਗਾਵੈਕੋਦਾਤਿਜਾਣੈਨੀਸਾਣੁ॥ਗਾਵੈਕੋਗੁਣਵਡਿਆਈ
ਆਚਾਰ॥ਗਾਵੈਕੋਵਿਦਿਆਵਿਖਮੁਵੀਚਾਰੁ॥ਗਾਵੈਕੋਸਾਜਿਕਰੇਤਨੁਖੇਹ॥ਗਾਵੈਕੋਜੀਅਲੈਫਿਰਿਦੇ
ਹ॥ਗਾਵੈਕੋਜਾਪੈਦਿਸੈਦੂਰਿ॥ਗਾਵੈਕੋਵੇਖੈਹਾਦਰਾਹਦੂਰਿ॥ਕਥਨਾਕਥੀਨਆਵੈਤੋਟਿ॥ਕਥਿਕ
ਥਿਕਥੀਕੋਟੀਕੋਟਿਕੋਟਿ॥ਦੇਦਾਦੇਲੈਦੇਥਕਿਪਾਹਿ॥ਜੁਗਾਜੁਗੰਤਰਿਖਾਹੀਖਾਹਿ॥ਹੁਕਮੀਹੁਕ
ਮੁਚਲਾਏਰਾਹੁ॥ਨਾਨਕਵਿਗਸੈਵੇਪਰਵਾਹੁ॥੩॥ਸਾਚਾਸਾਹਿਬੁਸਾਚੁਨਾਇਭਾਖਿਆਭਾਉਅਪਾ
ਰੁ॥ਆਖਹਿਮੰਗਹਿਦੇਹਿਦੇਹਿਦਾਤਿਕਰੇਦਾਤਾਰੁ॥ਫੇਰਿਕਿਅਗੈਰਖੀਐਜਿਤੁਦਿਸੈਦਰਬਾਰੁ॥ਮੁ
ਹੌਕਿਬੋਲਣੁਬੋਲੀਐਜਿਤੁਸੁਣਿਧਰੇਪਿਆਰੁ॥ਅੰਮ੍ਰਿਤਵੇਲਾਸਚੁਨਾਉਵਡਿਆਈਵੀਚਾਰੁ॥
ਕਰਮੀਆਵੈਕਪੜਾਨਦਰੀਮੋਖੁਦੁਆਰੁ॥ਨਾਨਕਏਵੈਜਾਣੀਐਸਭੁਆਪੇਸਚਿਆਰੁ॥੪॥ਥਾ
ਪਿਆਨਜਾਇਕੀਤਾਨਹੋਇ॥ਆਪੇਆਪਿਨਿਰੰਜਨੁਸੋਇ॥ਜਿਨਿਸੇਵਿਆਤਿਨਿਪਾਇਆਮਾਨੁ॥
ਨਾਨਕਗਾਵੀਐਗੁਣੀਨਿਧਾਨੁ॥ਗਾਵੀਐਸੁਣੀਐਮਨਿਰਖੀਐਭਾਉ॥ਦੁਖੁਪਰਹਰਿਸੁਖੁਘਰਿ
ਲੈਜਾਇ॥ਗੁਰਮੁਖਿਨਾਦੰਗੁਰਮੁਖਿਵੇਦੰਗੁਰਮੁਖਿਰਹਿਆਸਮਾਈ॥ਗੁਰੁਈਸਰੁਗੁਰੁਗੋਰਖੁਬ
ਰਮਾਗੁਰੁਪਾਰਬਤੀਮਾਈ॥ਜੇਹਉਜਾਣਾਆਖਾਨਾਹੀਕਹਣਾਕਥਨੁਨਜਾਈ॥ਗੁਰਾਇਕਦੇਹਿਬੁ

ਧੰਨ ਗੁਰੂ ਰਾਮਦਾਸ ਸਾਹਿਬ ਜੀ ਦੇ ਦਸਖਤਾਂ ਦੀ ਨਕਲ ਵਾਲ਼ੀ ਇੱਕ ਹੋਰ ਹੱਥ ਲਿਖਤ ਬੀੜ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਸਾਹਿਬ ਵਿਖੇ ਮੌਜੂਦ ਹੈ। ਇਸ ਦੇ ਆਰੰਭ ਵਿੱਚ ਮੰਗਲ ਪੂਰੀ ਤਰ੍ਹਾਂ ਸੱਜੇ ਹੱਥ ਦਿੱਤਾ ਗਿਆ ਹੈ। ਫਿਰ ਜਪੁ॥ ਬਾਣੀ ਦਾ ਸਿਰਲੇਖ ਦੇ ਕੇ 2 ਡੰਡੀਆਂ ਅਤੇ ਉਪਰੰਤ ਪਹਿਲਾ ਸਲੋਕ ਦਰਜ ਕੀਤਾ ਗਿਆ ਹੈ।


॥ਕਾਮਿਕਰੋਧਿਨਗਰੁਬਹੁਭਰਿਆਮਿਲਿਸਾਧੂਖੰਡਲਖੰਡਾਹੇ॥ਪੂਰਬਿਲਿਖਤਲਿਖੇਗੁਰੁਪ
ਇਆਮਨਿਹਰਿਲਿਵਮੰਡਲਮੰਡਾਹੇ॥੧॥ਕਰਿਸਾਧੂਅੰਜੁਲੀਪੁਨੁਵਡਾਹੇ॥ਕਰਿਡੰਡਉਤਪੁਨੁਵਡਾਹੇ
ਰਹਾਉ॥ਸਾਕਤਹਰਿਰਸਸਾਦੁਨਜਾਣਿਆਤਿਨਅੰਤਰਿਹਉਮੈਕੰਡਾਹੇ॥ਜਿਉਜਿਉਚਲਹਿਚੁਭੈਦੁ
ਖੁਪਾਵਹਿਜਮਕਾਲੁਸਹਹਿਸਿਰਿਡੰਡਾਹੇ॥੨॥ਹਰਿਜਨਹਰਿਹਰਿਨਾਮਿਸਮਾਣੇਦੁਖੁਜਨਮਮਰਣ
ਭਵਖੰਡਾਹੇ॥ਅਬਿਨਾਸੀਪੁਰਖੁਪਾਇਆਪਰਮੇਸਰੁਬਹੁਸੋਭਖੰਡਬ੍ਰਹਮੰਡਾਹੇ॥੩॥ਹਮਗਰੀਬਮਸ
ਕੀਨਪ੍ਰਭਤੇਰੇਹਰਿਰਾਖੁਰਾਖੁਵਡਵਡਾਹੇ॥ਜਨਨਨਕਨਾਮੁਅਧਾਰੁਟੇਕਹੈਹਰਿਨਾਮੇਹੀਸੁਖੁਮੰਡਾਹੇ
॥੪॥੪॥ਰਾਗੁਗਉੜੀਪੂਰਬੀਮਹਲਾ੫ ॥ਕਰਉਬੇਨੰਤੀਸੁਣਹੁਮੇਰੇਮੀਤਾਸੰਤਟਹਲਕੀਬੇ
ਲਾ॥ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ॥੧॥ਅਉਧਘਟੈਦਿਨਸੁਰੈਣਾਰੇ॥ਮਨ
ਗੁਰਮਿਲਿਕਾਜਸਵਾਰੇ॥ਰਹਾਉ॥ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰਹਮਗਿਆਨੀ॥ਜਿਸਹਿ
ਜਗਾਇਪੀਆਵੈਇਹੁਰਸੁਅਕਥਕਥਾਤਿਨਿਜਾਨੀ॥੨॥ਜਾਕਉਆਏਸੋਈਬਿਹਾਝਹੁਹਰਿਗੁਰਤੇ
ਮਨਹਿਬਸੇਰਾ॥ਨਿਜਘਰਿਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩॥ਅੰਤਰਜਾਮੀਪੁ
ਰਖਬਿਧਾਤੇਸਰਧਾਮਨਕੀਪੂਰੇ॥ਨਨਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ॥੪॥੫॥
[illegible]
[illegible]
[illegible]
[illegible]
[illegible]
[illegible]

੧ਓ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾਲ
ਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਰਾਗੁਸਿਰੀਰਾਗੁਮਹਲਾ੧ ਚਉਪਦੇਘਰੁ੧ ॥ਮੋਤੀਤਮੰਦਰਊਸਰਹਿਰਤਨੀਤਹੋਹਿ
ਜੜਾਉ॥ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆ
ਵੈਨਾਉ॥੧॥ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆਅਵਰੁਨਾਹੀਥਾਉ
॥ਰਹਾਉ॥ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ॥ਮੋਹਣੀਮੁਖਿਮਣੀਸੋਹੈਕਰੇਰੰਗਿ

ਕਰੋ ਜੀ ਇਸੇ ਹੱਥ-ਲਿਖਿਤ ਬੀੜ ਦੇ ਸ੍ਰੀ ਰਾਗ ਵਾਲ਼ੇ ਪੰਨੇ ਦੇ ਜਿੱਥੇ ਸੰਪੂਰਨ ਮੰਗਲ ਦਰਜ ਹੈ ਅਤੇ ਉਸ ਉਪਰੰਤ ਗੁਰਬਾਣੀ ਦਾ ਆਰੰਭ ਕੀਤਾ ਗਿਆ ਹੈ।



ਕਰੋ ਜੀ ਇੱਕ ਹੋਰ ਕੀਮਤੀ ਹੱਥ-ਲਿਖਤ ਬੀੜ ਦੇ ਦਰਸ਼ਨ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨੰਬਰ M-3570 ਤੇ ਮੌਜੂਦ ਹੈ। ਬੀੜ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਿੱਤਾ ਹੋਇਆ ਹੈ ਫਿਰ ਜਪੁ ਸਿਰਲੇਖ ਤੋਂ ਬਾਅਦ 2 ਡੰਡੀਆਂ ਅਤੇ ਫਿਰ ਦੁਬਾਰਾ ਡੰਡੀਆਂ ਪਾਕੇ ਸਲੋਕ ਦਰਜ ਕੀਤਾ ਹੋਇਆ ਹੈ।


ਮੰਡਲਜਨਕਮੋਤੀ॥ਧੂਪੁਮਲਿਆਨਲੋਪਵਣੁਚਵਰੋਕਰੋਸਗਲਬਨਰਾਇਫੂਲੰਤਜੋਤੀ॥੧॥ਕੈਸੀਆਰਤੀਹੋਇਭਵ
ਖੰਡਨਾਤੇਰੀਆਰਤੀ॥ਅਨਹਤਾਸਬਦਵਾਜੰਤਭੇਰੀ॥੧॥ਰਹਾਉ॥ਸਹਸਤਵਨੈਨਨਨਨੈਨਹਹਿਤੋਹਿਕਉਸਹ
ਸਮੂਰਤਿਨਨਾਏਕਤੋਹੀ॥ਸਹਸਪਦਬਿਮਲਨਨਏਕਪਦਗੰਧਬਿਨੁਸਹਸਤਵਗੰਧਇਵਚਲਤਮੋਹੀ॥੨॥
ਸਭਮਹਿਜੋਤਿਜੋਤਿਹੈਸੋਇ॥ਤਿਸਦੈਚਾਨਣਿਸਭਮਹਿਚਾਨਣੁਹੋਇ॥ਗੁਰਸਾਖੀਜੋਤਿਪ੍ਰਗਟੁਹੋਇ॥ਜੋਤਿ
ਸੁਭਾਵੈਸੁਆਰਤੀਹੋਇ॥੩॥ਹਰਿਚਰਣਕਮਲਮਕਰੰਦਲੋਭਿਤਮਨੋਅਨਦਿਨੋਮੋਹਿਆਹੀਪਿਆਸਾ॥
ਕ੍ਰਿਪਾਜਲੁਦੇਹਿਨਾਨਕਸਾਰਿੰਗਕਉਹੋਇਜਾਤੇਤੇਰੈਨਾਇਵਾਸਾ॥੪॥੩॥ਰਾਗੁਗਉੜੀਪੂਰਬੀਮਹਲਾ੪ ॥
ਕਾਮਿਕਰੋਧਿਨਗਰੁਬਹੁਭਰਿਆਮਿਲਿਸਾਧੂਖੰਡਲਖੰਡਾਹੇ॥ਪੂਰਬਿਲਿਖਤਲਿਖੇਗੁਰੁਪਾਇਆਮਨਹਰਿਲਿ
ਵਮੰਡਲਮੰਡਾਹੇ॥੧॥ਕਰਿਸਾਧੂਅੰਜੁਲੀਪੁੰਨੁਵਡਾਹੇ॥ਕਰਿਡੰਡਉਤਪੁੰਨੁਵਡਾਹੇ॥੧॥ਰਹਾਉ॥ਸਾਕਤਹਰਿ
ਰਸੁਸਾਦੁਨਜਾਣਿਆਤਿਨਅੰਤਰਿਹਉਮੈਕੰਡਾਹੇ॥ਜਿਉਜਿਉਚਲਹਿਚੁਭੈਦੁਖੁਪਾਵਹਿਜਮਕਾਲੁਸਹਹਿਸਿ
ਰਿਡੰਡਾਹੇ॥ਹਰਿਜਨਹਰਿਹਰਿਨਾਮਿਸਮਾਣੇਦੁਖੁਜਨਮਮਰਣਭਵਖੰਡਾਹੇ॥ਅਬਿਨਾਸੀਪੁਰਖੁਪਾਇਆਪਰਮੇ
ਸਰੁਬਹੁਸੋਭਖੰਡਬ੍ਰਹਮੰਡਾਹੇ॥੩॥ਹਮਗਰੀਬਮਸਕੀਨਪ੍ਰਭਤੇਰੇਹਰਿਰਾਖੁਰਾਖੁਵਡਵਡਾਹੇ॥ਜਨੁਨਾਨਕ
ਨਾਮੁਅਧਾਰੁਟੇਕਹੈਹਰਿਨਾਮੇਹੀਸੁਖੁਮੰਡਾਹੇ॥੪॥੪॥ਰਾਗੁਗਉੜੀਪੂਰਬੀਮਹਲਾ੫ ॥ਕਰਉਬੇਨੰਤੀ
ਸੁਣਹੁਮੇਰੇਮੀਤਾਸੰਤਟਹਲਕੀਬੇਲਾ॥ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ॥੧॥ਅਉਧਘ
ਟੈਦਿਨੁਸੁਰੈਣਾਰੇ॥ਮਨਗੁਰਮਿਲਿਕਾਜਸਵਾਰੇ॥੧॥ਰਹਾਉ॥ਇਹੁਸੰਸਾਰਬਿਕਾਰੁਸੰਸੇਮਹਿਤਰਿਓਬ੍ਰਹਮ
ਗਿਆਨੀ॥ਜਿਸਹਿਜਗਾਇਪੀਆਵੈਇਹੁਰਸੁਅਕਥਕਥਾਤਿਨਿਜਾਨੀ॥ਜਾਕਉਆਏਸੋਈਬਿਹਾਝਹੁਹਰਿ
ਗੁਰਤੇਮਨਹਿਬਸੇਰਾ॥ਨਿਜਘਰਿਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩॥ਅੰਤਰਜਾਮੀਪੁਰਖ
ਬਿਧਾਤੇਸਰਧਾਮਨਕੀਪੂਰੇ॥ਨਾਨਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ॥੪॥੫॥੮॥੮॥

੧ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ॥
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥

ਰਾਗੁਸਿਰੀਰਾਗੁਮਹਲਾ੧ ॥ਚਉਪਦੇ॥ ॥ਘਰੁ੧ ॥ਮੋਤੀਤਮੰਦਰਊਸਰਹਿਰਤਨੀਤਹੋਹਿਜੜਾਉ
ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ॥ਮਤਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੧॥ਹਰਿਬਿ
ਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆਅਵਰੁਨਾਹੀਥਾਉ॥੧॥ਰਹਾਉ॥ਧਰਤੀਤਹੀਰੇਲ

ਇਸੇ ਹੀ ਬੀੜ ਵਿੱਚ ਸ੍ਰੀ ਰਾਗ ਦੇ ਆਰੰਭ ਵਾਲ਼ੇ ਪੰਨੇ ਦੇ ਦਰਸ਼ਨ ਕਰੋ। ਸੰਪੂਰਨ ਮੰਗਲ ਦਰਜ ਕਰਕੇ ਫਿਰ ਗੁਰਬਾਣੀ ਦਾ ਆਰੰਭ ਕੀਤਾ ਗਿਆ ਹੈ।



ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਜਪੁ॥ ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀਸਚੁ॥ਸੋਚੈਸੋਚਿਨਹੋਵਈਜੇਸੋਚੀਲਖਵਾਰ॥
ਚੁਪੈਚੁਪਨਹੋਵਈਜੇਲਾਇਰਹਾਲਿਵਤਾਰ॥ਭੁਖਿਆਭੁਖਨਉਤਰੀਜੇਬੰਨਾਪੁਰੀਆਭਾਰ॥ਸਹਸਸਿਆਣਪਾ
ਲਖਹੋਹਿਤਇਕਨਚਲੈਨਾਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈਪਾਲਿ॥ਹੁਕਮਿਰਜਾਈਚਲਣਾ
ਨਾਨਕਲਿਖਿਆਨਾਲਿ॥੧॥ਹੁਕਮੀਹੋਵਨਿਆਕਾਰਹੁਕਮੁਨਕਹਿਆਜਾਈ॥ਹੁਕਮੀਹੋਵਨਿਜੀਅਹੁਕਮਿਮਿ
ਲੈਵਡਿਆਈ॥ਹੁਕਮੀਉਤਮੁਨੀਚੁਹੁਕਮਿਲਿਖਿਦੁਖਸੁਖਪਾਈਅਹਿ॥ਇਕਨਾਹੁਕਮੀਬਖਸੀਸਇਕਿਹੁਕ
ਮੀਸਦਾਭਵਾਈਅਹਿ॥ਹੁਕਮੈਅੰਦਰਿਸਭੁਕੋਬਾਹਰਿਹੁਕਮਨਕੋਇ॥ਨਾਨਕਹੁਕਮੈਜੇਬੁਝੈਤਹਉਮੈਕਹੈਨ
ਕੋਇ॥੨॥ਗਾਵੈਕੋਤਾਣੁਹੋਵੈਕਿਸੈਤਾਣੁ॥ਗਾਵੈਕੋਦਾਤਿਜਾਣੈਨੀਸਾਣੁ॥ਗਾਵੈਕੋਗੁਣਵਡਿਆਈਆਚਾਰ॥
ਗਾਵੈਕੋਵਿਦਿਆਵਿਖਮੁਵੀਚਾਰੁ॥ਗਾਵੈਕੋਸਾਜਿਕਰੇਤਨੁਖੇਹ॥ਗਾਵੈਕੋਜੀਅਲੈਫਿਰਿਦੇਹ॥ਗਾਵੈਕੋਜਾਪੈ
ਦਿਸੈਦੂਰਿ॥ਗਾਵੈਕੋਵੇਖੈਹਾਦਰਾਹਦੂਰਿ॥ਕਥਨਾਕਥੀਨਆਵੈਤੋਟਿ॥ਕਥਿਕਥਿਕਥੀਕੋਟੀਕੋਟਿਕੋਟਿ॥ਦੇਦਾ
ਦੇਲੈਦੇਥਕਿਪਾਹਿ॥ਜੁਗਾਜੁਗੰਤਰਿਖਾਹੀਖਾਹਿ॥ਹੁਕਮੀਹੁਕਮੁਚਲਾਏਰਾਹੁ॥ਨਾਨਕਵਿਗਸੈਵੇਪਰਵਾਹੁ॥
ਸਾਚਾਸਾਹਿਬੁਸਾਚੁਨਾਇਭਾਖਿਆਭਾਉਅਪਾਰੁ॥ਆਖਹਿਮੰਗਹਿਦੇਹਿਦੇਹਿਦਾਤਿਕਰੇਦਾਤਾਰੁ॥ਫੇਰਿਕਿ
ਅਗੈਰਖੀਐਜਿਤੁਦਿਸੈਦਰਬਾਰੁ॥ਮੁਹੌਕਿਬੋਲਣੁਬੋਲੀਐਜਿਤੁਸੁਣਿਧਰੇਪਿਆਰੁ॥ਅੰਮ੍ਰਿਤਵੇਲਾ
ਸਚੁਨਾਉਵਡਿਆਈਵੀਚਾਰੁ॥ਕਰਮੀਆਵੈਕਪੜਾਨਦਰੀਮੋਖੁਦੁਆਰੁ॥ਨਾਨਕਏਵੈਜਾਣੀਐਸਭੁਆਪੇ

ਸੰਨ 1824 ਵਿੱਚ ਲਿਖੀ ਇੱਕ ਹੋਰ ਕੀਮਤੀ ਹੱਥ-ਲਿਖਤ ਬੀੜ ਜਿਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਜਪੁ ਬਾਣੀ ਦਾ ਸਿਰਲੇਖ ਦੇ ਕੇ 2 ਡੰਡੀਆਂ ਪਾਈਆਂ ਹਨ ਅਤੇ ਫਿਰ ਸਲੋਕ ਦਰਜ ਕੀਤਾ ਹੋਇਆ ਹੈ।


ਬੇਲਾ॥ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ॥੧॥ਅਉਧਘਟੈਦਿਨਸੁਰੈਣਾਰੇ॥ਮਨਗੁਰਮਿਲਿ
ਕਾਜਸਵਾਰੇ॥੧॥ਰਹਾਉ॥ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰਹਮਗਿਆਨੀ॥ਜਿਸਹਿਜਗਾਇਪੀਆ
ਵੈਇਹੁਰਸੁਅਕਥਕਥਾਤਿਨਿਜਾਨੀ॥੨॥ਜਾਕਉਆਏਸੋਈਬਿਹਾਝਹੁਹਰਿਗੁਰਤੇਮਨਹਿਬਸੇਰਾ॥ਨਿਜਘਰਿ
ਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩॥ਅੰਤਰਜਾਮੀਪੁਰਖਬਿਧਾਤੇਸਰਧਾਮਨਕੀਪੂਰੇ॥ਨਾਨ
ਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ॥੪॥੫॥

੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥

ਰਾਗੁਸਿਰੀਰਾਗੁਮਹਲਾ੧ ਚਉਪਦੇ॥ ਘਰੁ੧ ਮੋਤੀਤਮੰਦਰਊਸਰਹਿਰਤਨੀਤਹੋਹਿਜੜਾਉ॥ਕਸਤੂ
ਰਿਕੁੰਗੂਅਗਰਿਚੰਦਨਿਲੀਪਿਆਵੈਚਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਨਆਵੈਨਾਉ॥੧॥ਹਰਿਬਿਨੁ
ਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆਅਵਰੁਨਾਹੀਥਾਉ॥੧॥ਰਹਾਉ॥ਧਰਤੀਤਹੀਰੇਲਾ
ਲਜੜਤੀਪਲਘਿਲਾਲਜੜਾਉ॥ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ॥ਮਤੁਦੇਖਿਭੂਲਾਵੀਸਰੈਤੇਰਾ
ਚਿਤਿਨਆਵੈਨਾਉ॥੨॥ਸਿਧੁਹੋਵਾਸਿਧਿਲਾਈਰਿਧਿਆਖਾਆਉ॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭ
ਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੩॥ਸੁਲਤਾਨੁਹੋਵਾਮੇਲਿਲਸਕਰਤਖਤਿਰਾਖਾਪਾਉ
॥ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੪॥੧॥
ਸਿਰੀਰਾਗੁਮਹਲਾ੧ ਕੋਟਿਕੋਟੀਮੇਰੀਆਰਜਾਪਵਣੁਪੀਅਣੁਅਪਿਆਉ॥ਚੰਦੁਸੂਰਜੁਦੁਇਗੁਫੈਨਦੇਖਾ
ਸੁਪਨੈਸਉਣਨਥਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੧॥ਸਾਚਾਨਿਰੰਕਾਰੁਨਿਜਥਾਇ॥ਸੁਣਿ
ਸੁਣਿਆਖਣੁਆਖਣਾਜੇਭਾਵੈਕਰੇਤਮਾਇ॥੧॥ਰਹਾਉ॥ਕੁਸਾਕਟੀਆਵਾਰਵਾਰਪੀਸਣਿਪੀਸਾਪਾਇ॥ਅਗੀ
ਸੇਤੀਜਾਲੀਆਭਸਮਸੇਤੀਰਲਿਜਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੨॥ਪੰਖੀਹੋਇਕੈਜੇ
ਭਵਾਸੈਅਸਮਾਨੀਜਾਉ॥ਨਦਰੀਕਿਸੈਨਆਵਊਨਾਕਿਛੁਪੀਆਨਖਾਉ॥ਭੀਤੇਰੀਕੀਮਤਿਨਾਪਵੈਹਉਕੇਵਡੁ
ਆਖਾਨਾਉ॥੩॥ਨਾਨਕਕਾਗਦਲਖਮਣਾਪੜਿਪੜਿਕੀਚੈਭਾਉ॥ਮਸੂਤੋਟਿਨਆਵਈਲੇਖਣਿਪਉਣੁਚਲਾਉ
॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੪॥੨॥ ਸਿਰੀਰਾਗੁਮਹਲਾ੧ ਲੇਖੈਬੋਲਣੁਬੋਲਣਾ

ਇਸੇ ਹੀ ਬੀੜ ਦੇ ਪੰਨਾ ਨੰਬਰ ੮ ਦੇ ਦਰਸ਼ਨ ਕਰੋ ਜਿੱਥੇ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਿੱਤਾ ਹੈ ਅਤੇ ਫਿਰ ਗੁਰਬਾਣੀ ਸ਼ਬਦ ਆਰੰਭ ਕੀਤੇ ਗਏ ਹਨ।



ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿੱਖੇ ਨੰਬਰ M3586 ਤੇ ਪਈ ਇੱਕ ਹੋਰ ਕੀਮਤੀ ਹੱਥ-ਲਿਖਤ ਬੀੜ ਜਿਸ ਦੇ ਪਹਿਲੇ ਸੁੰਦਰ ਸੁਨਹਿਰੀ ਪੰਨੇ ਤੇ ਆਰੰਭ ਵਿੱਚ ਸੰਪੂਰਨ ਮੰਗਲ ਦੇ ਕੇ ਫਿਰ ਜਪੁ ਬਾਣੀ ਦਾ ਸਿਰਲੇਖ ਅਤੇ 2 ਡੰਡੀਆਂ। ਉਪਰੰਤ ਸਲੋਕ ਦਰਜ ਕੀਤਾ ਹੋਇਆ ਹੈ।



॥ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ॥੧॥ਅਉਧਘਟੈਦਿਨਸੁਰੈਣਾਰੇ॥ਮਨ
ਗੁਰਮਿਲਿਕਾਜਸਵਾਰੇ॥੧॥ਰਹਾਉ॥ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰਹਮਗਿਆਨੀ
॥ਜਿਸਹਿਜਗਾਇਪੀਆਵੈਇਹੁਰਸੁਅਕਥਕਥਾਤਿਨਿਜਾਨੀ॥੨॥ਜਾਕਉਆਏਸੋਈਬਿਹਾ
ਝਹੁਹਰਿਗੁਰਤੇਮਨਹਿਬਸੇਰਾ॥ਨਿਜਘਰਿਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩
॥ਅੰਤਰਜਾਮੀਪੁਰਖਬਿਧਾਤੇਸਰਧਾਮਨਕੀਪੂਰੇ॥ਨਾਨਕਦਾਸੁਇਹੈਸੁਖੁਮਾਗੈਮੋਕਉਕਰਿਸੰ
ਤਨਕੀਧੂਰੇ॥੪॥੫॥

ੴਸਤਿਨਾਮੁਕਰਤਾਪੁਰਖੁਨਿਰਭਉਨਿ
ਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ

॥ ਰਾਗੁਸਿਰੀਰਾਗੁਮਹਲਾ੧॥ ਘਰੁ੧॥ ਚਉਪਦੇ॥ ਮੋਤੀਤਮੰਦਰਊਸਰਹਿਰਤਨੀਤਹੋਹਿ
ਜੜਾਉ॥ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨ
ਆਵੈਨਾਉ॥੧॥ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆਅਵਰੁਨਾਹੀ
ਥਾਉ॥੧॥ਰਹਾਉ॥ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ॥ਮੋਹਣੀਮੁਖਿਮਣੀਸੋਹੈ
ਕਰੇਰੰਗਿਪਸਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੨॥ਸਿਧੁਹੋਵਾਸਿਧਿਲਾਈ
ਰਿਧਿਆਖਾਆਉ॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾਉ॥ਮਤੁਦੇਖਿਭੂਲਾਵੀਸਰੈਤੇਰਾ
ਚਿਤਿਨਆਵੈਨਾਉ॥੩॥ਸੁਲਤਾਨੁਹੋਵਾਮੇਲਿਲਸਕਰਤਖਤਿਰਾਖਾਪਾਉ॥ਹੁਕਮੁਹਾਸਲੁਕਰੀ
ਬੈਠਾਨਾਨਕਾਸਭਵਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੪॥੧॥ ਸਿਰੀਰਾਗੁਮ
ਹਲਾ੧॥ ਕੋਟਿਕੋਟੀਮੇਰੀਆਰਜਾਪਵਣੁਪੀਅਣੁਅਪਿਆਉ॥ਚੰਦੁਸੂਰਜੁਦੁਇਗੁਫੈਨਦੇਖਾਸੁਪਨੈ
ਸਉਣਨਥਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੧॥ਸਾਚਾਨਿਰੰਕਾਰੁਨਿਜਥਾਇ॥ਸੁ
ਣਿਸੁਣਿਆਖਣੁਆਖਣਾਜੇਭਾਵੈਕਰੇਤਮਾਇ॥੧॥ਰਹਾਉ॥ਕੁਸਾਕਟੀਆਵਾਰਵਾਰਪੀਸਣਿਪੀ
ਸਾਪਾਇ॥ਅਗੀਸੇਤੀਜਾਲੀਆਭਸਮਸੇਤੀਰਲਿਜਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾ
ਨਾਉ॥੨॥ਪੰਖੀਹੋਇਕੈਜੇਭਵਾਸੈਅਸਮਾਨੀਜਾਉ॥ਨਦਰੀਕਿਸੈਨਆਵਊਨਾਕਿਛੁਪੀਆਨਖਾਉ
॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੩॥ਨਾਨਕਕਾਗਦਲਖਮਣਾਪੜਿਪੜਿਕੀ
ਚੈਭਾਉ॥ਮਸੂਤੋਟਿਨਆਵਈਲੇਖਣਿਪਉਣੁਚਲਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾ
ਨਾਉ॥੪॥੨॥ ਸਿਰੀਰਾਗੁਮਹਲਾ੧॥ ਲੇਖੈਬੋਲਣੁਬੋਲਣਾਲੇਖੈਖਾਣਾਖਾਉ॥ਲੇਖੈਵਾ

ਏਸੇ ਹੀ ਬੀੜ ਦਾ ਪੰਨਾ ਨੰਬਰ 7 ਜਿੱਥੇ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਿੱਤਾ ਹੋਇਆ ਹੈ ਅਤੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ ਜੋਕਿ ਬਿਲਕੁਲ ਸਹੀ ਤਰਤੀਬ ਹੈ।



੨੧

੧ ੴਸਤਿਨਾਮੁਕਰਤਾਪੁਰਖੁ
ਨਿਰਭਉਨਿਰਵੈਰੁਅਕਾਲ
ਮੂਰਤਿਅਜੂਨੀਸੈਭੰਗੁਰਪ੍ਰਸਾਦਿ॥
॥ਜਪੁ॥ ॥ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀਸਚੁ॥੧॥ਸੋਚੈਸੋ
ਚਿਨਹੋਵਈਜੇਸੋਚੀਲਖਵਾਰ॥ਚੁਪੈਚੁਪਨਹੋਵਈਜੇਲਾਇਰਹਾਲਿਵਤਾਰ॥ਭੁਖਿਆ
ਭੁਖਨਉਤਰੀਜੇਬੰਨਾਪੁਰੀਆਭਾਰ॥ਸਹਸਸਿਆਣਪਾਲਖਹੋਹਿਤਇਕਨਚਲੈਨਾ
ਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈਪਾਲਿ॥ਹੁਕਮਿਰਜਾਈਚਲਣਾਨਾਨਕ
ਲਿਖਿਆਨਾਲਿ॥੧॥ਹੁਕਮੀਹੋਵਨਿਆਕਾਰਹੁਕਮੁਨਕਹਿਆਜਾਈ॥ਹੁਕਮੀਹੋਵਨਿ
ਜੀਅਹੁਕਮਿਮਿਲੈਵਡਿਆਈ॥ਹੁਕਮੀਉਤਮੁਨੀਚੁਹੁਕਮਿਲਿਖਿਦੁਖਸੁਖਪਾਈ
ਅਹਿ॥ਇਕਨਾਹੁਕਮੀਬਖਸੀਸਇਕਿਹੁਕਮੀਸਦਾਭਵਾਈਅਹਿ॥ਹੁਕਮੈਅੰਦ
ਰਿਸਭੁਕੋਬਾਹਰਿਹੁਕਮਨਕੋਇ॥ਨਾਨਕਹੁਕਮੈਜੇਬੁਝੈਤਹਉਮੈਕਹੈਨਕੋਇ॥੨॥ਗਾ ੨੧
ਵੈਕੋਤਾਣੁਹੋਵੈਕਿਸੈਤਾਣੁ॥ਗਾਵੈਕੋਦਾਤਿਜਾਣੈਨੀਸਾਣੁ॥ਗਾਵੈਕੋਗੁਣਵਡਿਆ
ਈਆਚਾਰ॥ਗਾਵੈਕੋਵਿਦਿਆਵਿਖਮੁਵੀਚਾਰੁ॥ਗਾਵੈਕੋਸਾਜਿਕਰੇਤਨੁਖੇਹ॥
॥ਗਾਵੈਕੋਜੀਅਲੈਫਿਰਿਦੇਹ॥ਗਾਵੈਕੋਜਾਪੈਦਿਸੈਦੂਰਿ॥ਗਾਵੈਕੋਵੇਖੈਹਾਦਰਾਹ
ਦੂਰਿ॥ਕਥਨਾਕਥੀਨਆਵੈਤੋਟਿ॥ਕਥਿਕਥਿਕਥੀਕੋਟੀਕੋਟਿਕੋਟਿ॥ਦੇਦਾਦੇਲੈਦੇ
ਥਕਿਪਾਹਿ॥ਜੁਗਾਜੁਗੰਤਰਿਖਾਹੀਖਾਹਿ॥ਹੁਕਮੀਹੁਕਮੁਚਲਾਏਰਾਹੁ॥ਨਾਨਕ
ਵਿਗਸੈਵੇਪਰਵਾਹੁ॥੩॥ਸਾਚਾਸਾਹਿਬੁਸਾਚੁਨਾਇਭਾਖਿਆਭਾਉਅਪਾਰੁ॥ਆਖ
ਹਿਮੰਗਹਿਦੇਹਿਦੇਹਿਦਾਤਿਕਰੇਦਾਤਾਰੁ॥ਫੇਰਿਕਿਅਗੈਰਖੀਐਜਿਤੁਦਿਸੈਦਰ
ਬਾਰੁ॥ਮੁਹੌਕਿਬੋਲਣੁਬੋਲੀਐਜਿਤੁਸੁਣਿਧਰੇਪਿਆਰੁ॥ਅੰਮ੍ਰਿਤਵੇਲਾਸਚੁਨਾ
ਉਵਡਿਆਈਵੀਚਾਰੁ॥ਕਰਮੀਆਵੈਕਪੜਾਨਦਰੀਮੋਖੁਦੁਆਰੁ॥ਨਾਨਕਏਵੈਜਾਣੀ
ਐਸਭੁਆਪੇਸਚਿਆਰੁ॥੪॥ਥਾਪਿਆਨਜਾਇਕੀਤਾਨਹੋਇ॥ਆਪੇਆਪਿਨਿ
ਰੰਜਨੁਸੋਇ॥ਜਿਨਿਸੇਵਿਆਤਿਨਿਪਾਇਆਮਾਨੁ॥ਨਾਨਕਗਾਵੀਐਗੁਣੀਨਿਧਾਨੁ॥

ਇਹ ਭਾਈ ਗੁਰਦਾਸ ਜੀ ਮਿਸਲ ਵਾਲ਼ੀ ਇੱਕ ਪੁਰਾਤਨ ਹੱਥ-ਲਿਖਤ ਬੀੜ ਹੈ ਜਿਸ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਿੱਤਾ ਹੈ। ਫਿਰ 2-2 ਡੰਡੀਆਂ ਦੇ ਵਿਚਕਾਰ ਜਪੁ ਬਾਣੀ ਦਾ ਸਿਰਲੇਖ ਅਤੇ ਉਪਰੰਤ ਸਲੋਕ ਦਰਜ ਕੀਤਾ ਹੋਇਆ ਹੈ।


੧ ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾ
ਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਰਾਗੁਸਿਰੀਰਾਗੁਮਹਲਾ ੧
॥ਚਉਪਦੇ॥ ॥ਘਰੁ॥੧॥

ਇਸੇ ਹੀ ਕਮਾਲ ਦੀ ਹੱਥ-ਲਿਖਤ ਬੀੜ ਦੇ ਸ੍ਰੀ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਰਾਗ ਦਾ ਨਾਮ ਫਿਰ 2 ਡੰਡੀਆਂ ਵਿੱਚ ਚਉਪਦੇ ਅਤੇ ਫਿਰ 2 ਡੰਡੀਆਂ ਵਿੱਚ ਘਰੁ ੧ ਦਾ ਸੰਕੇਤ ਦਿੱਤਾ ਹੋਇਆ ਹੈ। ਬਹੁਤ ਕਮਾਲ ਦੀ ਤਰਤੀਬ ਹੈ।



ਕਰੋ ਦਰਸ਼ਨ ਯੂ.ਪੀ. ਦੇ ਪਿੰਡ ਬਹਿਰਾਮ ਪੁਰ ਵਿੱਚ ਪਈ ਇੱਕ ਹੱਥ-ਲਿਖਤ ਬੀੜ ਦੇ ਦਰਸ਼ਨ ਜਿਸ ਵਿੱਚ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਸੁਨਹਿਰੀ ਅੱਖਰਾਂ ਵਿੱਚ ਸੰਪੂਰਨ ਮੰਗਲ ਦੇ ਕੇ ਫਿਰ 2-2 ਡੰਡੀਆਂ ਦੇ ਵਿਚਕਾਰ ਜਪੁ ਬਾਣੀ ਦਾ ਸਿਰਲੇਖ ਦਿੱਤਾ ਗਿਆ ਹੈ। ਉਪਰੰਤ ਫਿਰ 2-2- ਡੰਡੀਆਂ ਦੇ ਵਿਚਕਾਰ ਪਹਿਲਾ ਸਲੋਕ ਦਰਜ ਕੀਤਾ ਗਿਆ ਹੈ।


ਣਾਰੇ॥ਸਤਗੁਰਮਿਲਿਕਾਜਸਵਾਰੇ॥੧॥ਰਹਾਉ॥ਇਹੁਸੰਸਾਰੁਬਿਕਾਰੁਸੰ
ਸੇਮਹਿਤਰਿਓਬ੍ਰਹਮਗਿਆਨੀ॥ਜਿਸਹਿਜਗਾਇਪੀਆਵੈਇਹੁਰਸੁਅਕਥ
ਕਥਾਤਿਨਿਜਾਨੀ॥੨॥ਜਾਕਉਆਏਸੋਈਬਿਹਾਝਹੁਹਰਿਗੁਰਤੇਮਨਹਿਬ
ਸੇਰਾ॥ਨਿਜਘਰਿਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ ਅੰਤ
ਰਜਾਮੀਪੁਰਖੁਬਿਧਾਤੇਸਰਧਾਮਨਕੀਪੂਰੇ॥ਨਾਨਕਦਾਸੁਇਹੈਸੁਖੁਮਾਗੈ
ਮੋਕਉਕਰਿਸੰਤਨਕੀਧੂਰੇ॥੪॥੧॥

ੴਸਤਿਨਾਮੁਕਰਤਾਪੁਰਖੁ
ਨਿਰਭਉਨਿਰਵੈਰੁਅਕਾਲਮੂਰਤਿਅਜੂਨੀਸੈਭੰ
ਗੁਰਪ੍ਰਸਾਦਿ

ਰਾਗੁਸਿਰੀਰਾਗੁਮਹਲਾ ੧ ਘਰੁ ੧ ਚਉਪਦੇ
॥ਮੋਤੀਤਮੰਦਰਊਸਰਹਿਰਤਨੀਤਹੋਹਿਜੜਾਉ॥ਕਸਤੂਰਿਕੁੰਗੂਅਗ
ਰਿਚੰਦਨਿਲੀਪਿਆਵੈਚਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈ
ਨਾਉ॥੧॥ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੁਛਿਦੇਖਿਆ
ਅਵਰੁਨਹੀਥਾਉ॥੧॥ਰਹਾਉ॥ਧਰਤੀਤਹੀਰੇਲਾਲਜੜਤੀਪਲਘਿਲਾ
ਲਜੜਾਉ॥ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ॥ਮਤੁਦੇਖਿਭੂਲਾਵੀ॥
ਸਰੈਤੇਰਾਚਿਤਿਨਆਵੈਨਾਉ॥੨॥ਸਿਧੁਹੋਵਾਸਿਧਿਲਾਈਰਿਧਿਆਖਾਆਉ

ਇਸੇ ਹੀ ਬੀੜ ਦੇ ਪੰਨਾ ਨੰਬਰ ੭ ਦੇ ਦਰਸ਼ਨ ਕਰੋ ਜਿਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਗੁਰਬਾਣੀ ਦਾ ਆਰੰਭ ਕੀਤਾ ਗਿਆ ਹੈ।



੧ ਓ॥ਸਤਿਨਾਮੁਕਰਤਾਪੁਰਖੁਨਿਰਭਉਨਿਰ
ਵੈਰੁ॥ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥
॥ਜਪੁ॥ ॥ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀ
ਭੀਸਚੁ॥ਸੋਚੈਸੋਚਿਨਹੋਵਈਜੇਸੋਚੀਲਖਵਾਰ॥ਚੁਪੈਚੁਪਨਹੋਵਈ
ਜੇਲਾਇਰਹਾਲਿਵਤਾਰ॥ਭੁਖਿਆਭੁਖਨਉਤਰੀਜੇਬੰਨਾਪੁਰੀਆਭਾਰ॥ਸਹਸ
ਸਿਆਣਪਾਲਖਹੋਹਿਤਇਕਨਚਲੈਨਾਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈ
ਪਾਲਿ॥ਹੁਕਮਿਰਜਾਈਚਲਣਾਨਾਨਕਲਿਖਿਆਨਾਲਿ॥੧॥ਹੁਕਮੀਹੋਵਨਿਆਕਾਰ
ਹੁਕਮੁਨਕਹਿਆਜਾਈ॥ਹੁਕਮੀਹੋਵਨਿਜੀਅਹੁਕਮਿਮਿਲੈਵਡਿਆਈ॥ਹੁਕਮੀ
ਉਤਮੁਨੀਚੁਹੁਕਮਿਲਿਖਿਦੁਖਸੁਖਪਾਈਅਹਿ॥ਇਕਨਾਹੁਕਮੀਬਖ
ਸੀਸਇਕਿਹੁਕਮੀਸਦਾਭਵਾਈਅਹਿ॥ਹੁਕਮੈਅੰਦਰਿਸ
ਭੁਕੋਬਾਹਰਿਹੁਕਮਨਕੋਇ॥ਨਾਨਕਹੁਕਮੈਜੇਬੁਝੈ
ਤਹਉਮੈਕਹੈਨਕੋਇ॥੨॥ਗਾਵੈਕੋਤਾਣੁ
ਹੋਵੈਕਿਸੈਤਾਣੁ॥ਗਾਵੈਕੋਦਾ
ਤਿਜਾਣੈਨੀਸਾਣੁ॥
ਗਾਵੈਕੋਗੁਣ

1733 ਏ.ਡੀ. ਵਿੱਚ ਲਿਖੀ ਗਈ ਇੱਕ ਹੱਥ ਲਿਖਤ ਬੀੜ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ ਵਿਖੇ ਪਈ ਹੈ। ਇਸ ਵਿੱਚ ਸੰਪੂਰਨ ਮੰਗਲ ਆਰੰਭ ਵਿੱਚ ਦਿੱਤਾ ਹੋਇਆ ਹੈ। ਫਿਰ 2-2 ਡੰਡੀਆਂ ਵਿੱਚ ਜਪੁ ਬਾਣੀ ਦਾ ਨਾਂ ਅਤੇ ਫਿਰ 2-2 ਡੰਡੀਆਂ ਵਿੱਚ ਜਪੁ ਬਾਣੀ ਦਾ ਪਹਿਲਾ ਸਲੋਕ ਦਿੱਤਾ ਹੋਇਆ ਹੈ।


ਫੁਦੀਪਕਬਨੇਤਾਰਕਾਮੰਡਲਜਨਕਮੋਤੀ।ਧੂਪੁਮਲਆਨਲੋਪਵਣੁਚਵਰੋਕਰੇਸਗਲਬਨਰਾਇਫੂਲ
ਲੰਤਜੋਤੀ।੧।ਕੈਸੀਆਰਤੀਹੋਇਭਵਖੰਡਨਾਤੇਰੀਆਰਤੀ।ਅਨਹਤਾਸਬਦੁਵਾਜੰਤੁਭੇਰੀ।੧।
।ਰਹਾਉ।ਸਹਸਤਵਨੈਨਨਨਨੈਨਹਹਿਤੋਹਿਕਉਸਹਸਮੂਰਤਿਨਨਾਏਕਤੋਹੀ।ਸਹਸਪਦਬਿਮ
ਲਨਨਏਕਪਦਗੰਧਬਿਨੁਸਹਸਤਵਗੰਧਇਵਚਲਤਮੋਹੀ।੨।ਸਭਮਹਿਜੋਤਿਜੋਤਿਹੈਸੋਇ।
ਤਿਸਦੈਚਾਨਣਿਸਭਮਹਿਚਾਨਣੁਹੋਇ।ਗੁਰਸਾਖੀਜੋਤਿਪਰਗਟੁਹੋਇ।ਜੋਤਿਸੁਭਾਵੈਸੁਆਰਤੀਹੋ।
ਇ।੩।ਹਰਿਚਰਣਕਵਲਮਕਰੰਦਲੋਭਿਤਮਨੋਅਨਦਿਨੋਮੋਹਿਆਹੀਪਿਆਸਾ।ਕ੍ਰਿਪਾਜਲੁਦੇਹਿ
ਨਨਕਸਾਰਿੰਗਕਉਹੋਇਜਾਤੇਤੇਰੈਨਾਇਵਾਸਾ।੪।੩।ਰਾਗੁਗਉੜੀਪੂਰਬੀਮਹਲਾ੪।ਕਾਮਿਕ੍ਰੋ
ਧਿਨਗਰੁਬਹੁਭਰਿਆਮਿਲਿਸਾਧੂਖੰਡਲਖੰਡਾਹੇ।ਪੂਰਬਿਲਿਖਤਲਿਖੇਗੁਰੁਪਾਇਆਮਨਿਹਰਿ
ਲਿਵਮੰਡਲਮੰਡਾਹੇ।੧।ਕਰਿਸਾਧੂਅੰਜੁਲੀਪੁੰਨੁਵਡਾਹੇ।ਕਰਿਡੰਡਉਤਪੁਨੁਵਡਾਹੇ।੧।ਰਹਾਉ।
ਸਾਕਤਹਰਿਰਸਸਾਦੁਨਜਾਣਿਆਤਿਨਅੰਤਰਿਹਉਮੈਕੰਡਾਹੇ।ਜਿਉਜਿਉਚਲਹਿਚੁਭੈਦੁਖੁਪ
ਵਹਿਜਮਕਾਲੁਸਹਹਿਸਿਰਿਡੰਡਾਹੇ।੨।ਹਰਿਜਨਹਰਿਹਰਿਨਾਮਿਸਮਾਣੇਦੁਖੁਜਨਮਮਰਣਭਵ
ਖੰਡਾਹੇ।ਅਬਿਨਾਸੀਪੁਰਖੁਪਾਇਆਪਰਮੇਸਰੁਬਹੁਸੋਭਖੰਡਬ੍ਰਹਮੰਡਾਹੇ।੩।ਹਮਗਰੀਬਮ
ਸਕੀਨਪ੍ਰਭਤੇਰੇਹਰਿਰਾਖੁਰਾਖੁਵਡਵਡਾਹੇ।ਜਨਨਾਨਕਨਾਮੁਅਧਾਰੁਟੇਕਹੈਹਰਿਨਾਮੇਹੀਸੁਖੁ
ਮੰਡਾਹੇ।੪।੪।ਰਾਗੁਗਉੜੀਪੂਰਬੀਮਹਲਾ੫।ਕਰਉਬੇਨਤੀਸੁਣਹੁਮੇਰੇਮੀਤਾਸੰਤਟਹਲਕੀ
ਬੇਲਾ।ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ।੧।ਅਉਧਘਟੈਦਿਨਸੁਰੈਣਾਰੇਮ
ਨਗੁਰਮਿਲਿਕਾਜਸਵਾਰੇ।੧।ਰਹਾਉ।ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰਹਮਗਿਆਨੀ
।ਜਿਸਹਿਜਗਾਇਪੀਆਵੈਇਹੁਰਸੁਅਕਥਕਥਾਤਿਨਿਜਾਨੀ।੨।ਜਾਕਉਆਏਸੋਈਬਿਹਾ
ਝਹੁਹਰਿਗੁਰਤੇਮਨਹਿਬਸੇਰਾ।ਨਿਜਘਰਿਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ।
।੩।ਅੰਤਰਜਾਮੀਪੁਰਖਬਿਧਾਤੇਸਰਧਾਮਨਕੀਪੂਰੇ।ਨਾਨਕਦਾਸੁਇਹਸੁਖੁਮਾਗੈਮੋਕਉਕਰਿਸੰ
ਤਨਕੀਧੂਰੇ।੪।੫। ੧ਓ।ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ।ਅਕਾਲਮੂਰਤਿ
ਅਜੂਨੀਸੈਭੰਗੁਰਪ੍ਰਸਾਦਿ। ।ਰਾਗੁਸਿਰੀਰਾਗੁਮਹਲਾ੧।ਚਉਪਦੇ।ਘਰੁ੧।ਮੋਤੀਤਮੰਦ।

ਇਸੇ ਹੱਥ-ਲਿਖਤ ਬੀੜ ਦੇ ਪੰਨਾ ੧੦ ਦੇ ਦਰਸ਼ਨ ਕਰੋ, ਜਿੱਥੇ ਸ੍ਰੀ ਰਾਗ ਦੀ ਬਾਣੀ ਆਰੰਭ ਹੋਣ ਤੋਂ ਪਹਿਲਾਂ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ।




ਇਹ ਚਿੱਤਰ ਪਾਕਿਸਤਾਨ ਦੇ ਪਿੰਡ ਟੋਪੀ (ਨੇੜੇ ਗੁਰਦੁਆਰਾ ਪੰਜਾ ਸਾਹਿਬ) ਵਿਖੇ ਮੌਜੂਦ ਬੀੜ ਵਿੱਚੋਂ ਲਿਆ ਗਿਆ ਹੈ। ਇਸ ਅੰਦਰ ਸੰਪੂਰਨ ਮੰਗਲ ਤੋਂ ਬਾਅਦ ਤੀਸਰੀ ਪੰਕਤੀ ਵਿੱਚ ਜਪੁ ਬਾਣੀ ਦਾ ਸਿਰਲੇਖ ਦੇ ਕੇ 2 ਡੰਡੀਆਂ ਪਾਈਆਂ ਹੋਈਆਂ ਹਨ ਅਤੇ ਫਿਰ ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਕੀਤਾ ਹੋਇਆ ਹੈ।




ਇਹ ਇਸੇ ਬੀੜ ਦਾ ਸ੍ਰੀ ਰਾਗ ਦੇ ਆਰੰਭ ਦਾ ਪੰਨਾ ਹੈ। ਪੂਰੀ ਤਰ੍ਹਾਂ ਸੱਜੇ ਹੱਥ ਸੰਪੂਰਨ ਮੰਗਲ ਲਿਖ ਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਤਖ਼ਤ ਸ੍ਰੀ ਹਰਿਮੰਦਰ, ਪਟਨਾ ਸਾਹਿਬ ਵਿਖੇ ਸੁਸ਼ੋਭਿਤ ਇੱਕ ਬੀੜ ਜਿਸ ਵਿੱਚ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਕਰ ਕਮਲਾਂ ਦਾ ਲਿਖਿਆ ਸੰਪੂਰਨ ਮੰਗਲ ਹੈ।




ਇਸੇ ਬੀੜ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਾਲ਼ਾ ਪੰਨਾ ਵੇਖੋ। ਮੰਗਲ ਲਿਖ ਕੇ ਫਿਰ ਜਪੁ ਮਹਲਾ ੧ ਲਿਖਿਆ ਹੈ ਅਤੇ ਫਿਰ ਜਪੁ ਬਾਣੀ ਦਾ ਆਰੰਭ ਵਾਲ਼ਾ ਸਲੋਕ ਲਿਖਿਆ ਹੋਇਆ ਹੈ। ਮੰਗਲ ਦੇ ਸਰੂਪ ਅਤੇ ਸਥਾਨ ਬਾਰੇ ਇਸ ਤੋਂ ਸਪਸ਼ਟ ਹੋਰ ਕੀ ਹੋ ਸਕਦਾ ਹੈ।



ਇਸੇ ਬੀੜ ਦਾ ਸ੍ਰੀ ਰਾਗ ਦੇ ਆਰੰਭ ਵਾਲ਼ਾ ਪੰਨਾ ਵੇਖੋ ਜੀ। ਸੱਜੇ ਹੱਥ ਸੰਪੂਰਨ ਮੰਗਲ ਦੇ ਕੇ ਫਿਰ ਅਗਲੀ ਲਾਈਨ ਤੋਂ ਬਾਣੀ ਦਾ ਆਰੰਭ ਕੀਤਾ ਗਿਆ ਹੈ।



ੴਸਤਿਨਾਮੁਕਰਤਾਪੁਰਖੁਨਿਰਭਉਨਿ
ਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ਜਪੁ॥
ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀਸ
ਚੁ॥੧॥ਸੋਚੈਸੋਚਿਨਹੋਵਈਜੇਸੋਚੀਲਖਵਾਰ॥ਚੁਪੈਚੁਪ
ਨਹੋਵਈਜੇਲਾਇਰਹਾਲਿਵਤਾਰ॥ਭੁਖਿਆਭੁਖਨਉਤ
ਰੀਜੇਬੰਨਾਪੁਰੀਆਭਾਰ॥ਸਹਸਸਿਆਣਪਾਲਖਹੋਹਿਤਇ
ਕਨਚਲੈਨਾਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈ
ਪਾਲਿ॥ਹੁਕਮਿਰਜਾਈਚਲਣਾਨਾਨਕਲਿਖਿਆਨਾਲਿ
॥੧॥ਹੁਕਮੀਹੋਵਨਿਆਕਾਰਹੁਕਮੁਨਕਹਿਆਜਾਈ॥ਹੁ
ਕਮੀਹੋਵਨਿਜੀਅਹੁਕਮਿਮਿਲੈਵਡਿਆਈ॥ਹੁਕਮੀਉ
ਤਮੁਨੀਚੁ॥ਹੁਕਮਿਲਿਖਿਦੁਖਸੁਖਪਾਈਅਹਿ॥ਇਕਨਾਹੁ
ਕਮੀਬਖਸੀਸਇਕਿਹੁਕਮੀਸਦਾਭਵਾਈਅਹਿ॥ਹੁਕਮੈਅੰ

1714 ਵਿੱਚ ਲਿਖੀ ਇਹ ਹੱਥ ਲਿਖਤ ਬੀੜ ਕੇਸਗੜ੍ਹ, ਅਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ। ਪ੍ਰੰਪਰਕ ਤੌਰ ਤੇ ਇਸ ਨੂੰ ਭਾਈ ਮਨੀ ਸਿੰਘ ਜੀ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਸੰਪੂਰਨ ਮੰਗਲ ਦਰਜ ਕਰਕੇ ਉਸ ਤੋਂ ਬਾਅਦ 2 ਡੰਡੀਆਂ ਪਾਈਆਂ ਗਈਆਂ ਹਨ। ਫਿਰ ਜਪੁ ਬਾਣੀ ਦਾ ਨਾਂ ਲਿਖ ਕੇ ਫਿਰ 2 ਡੰਡੀਆਂ ਪਾਈਆਂ ਗਈਆਂ ਹਨ ਅਤੇ ਉਪਰੰਤ ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਕੀਤਾ ਹੋਇਆ ਹੈ।



ਰਾਗੁਗਉੜੀਪੂਰਬੀਮਹਲਾ ੫॥ਕਰਉਬੇਨੰਤੀਸੁਨਹੁਮੇਰੇਮੀਤਾਸੰਤਟਹਲਕੀਬੇਲਾ। ੧੨
ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ। ੧॥ਅਉਧਘਟੈਦਿਨਸੁਰੈਣਾਰੇ।
ਮਨਗੁਰਮਿਲਿਕਾਜਸਵਾਰੇ। ੧॥ਰਹਾਉ। ॥ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰ
ਹਮਗਿਆਨੀ॥ਜਿਸਹਿਜਗਾਇਪੀਆਵੈਇਹੁਰਸੁਅਕਥਕਥਾਤਿਨਜਾਨੀ। ੨ ॥ਜਾਕ
ਉਆਏਸੋਈਬਿਹਾਝਹੁਹਰਿਗੁਰਤੇਮਨਹਿਬਸੇਰਾ॥ਨਿਜਘਰਿਮਹਲੁਪਾਵਹੁਸੁਖਸਹਜੇ
ਬਹੁਰਿਨਹੋਇਗੋਫੇਰਾ। ੩ ॥ਅੰਤਰਿਜਾਮੀਪੁਰਖਬਿਧਾਤੇਸਰਧਾਮਨਕੀਪੂਰੇ॥ਨਾਨਕ
ਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ। ੪ ॥੫ ॥

੧ਓਸਤਿਨਾਮੁਕਰਤਾਪੁਰਖੁਨਿਰਭਉਨਿ
ਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾ
ਦਿ॥
ਰਾਗੁਸਿਰੀਰਾਗੁਮਹਲਾ ੧ ॥ਪਹਿਲਾ। ਘਰੁ ੧ ॥ਮੋਤੀਤਮੰਦਰਊਸਰਹਿਰਤ
ਨੀਤਹੋਹਿਜੜਾਉ॥ਕਸਤੂਰਕੁੰਗੂਅਗਰਿਚੰਦਨਲੀਪਆਵੈਚਾਉ॥ਮਤੁਦੇਖਿਭੂਲਾਵੀਸ

ਇਸੇ ਬੀੜ ਦਾ ਪੰਨਾ ੧੨ ਜਿਸ ਵਿੱਚ ਸ੍ਰੀ ਰਾਗ ਆਰੰਭ ਹੁੰਦਾ ਹੈ। ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਕਰੋ ਦਰਸ਼ਨ ਅਜਮੇਰ ਵਿੱਚ ਪਈ ਇੱਕ ਹੱਥ-ਲਿਖਤ ਬੀੜ ਦੇ ਜਿਸ ਵਿੱਚ ਮੰਗਲ ਦਰਜ ਕਰਨ ਉਪਰੰਤ 2 ਡੰਡੀਆਂ ਤੋਂ ਬਾਅਦ ਜਪੁ ਬਾਣੀ ਦਾ ਨਾਂ ਲਿਖਿਆ ਹੋਇਆ ਹੈ ਅਤੇ ਫਿਰ ਕਾਲ਼ੀ ਸਿਆਹੀ ਨਾਲ ਜਪੁ ਬਾਣੀ ਦਾ ਆਰੰਭ ਵਾਲ਼ਾ ਸਲੋਕ ਦਰਜ ਹੈ।


ਆਤਿਨਅੰਤਰਿਹਉਮੈਕੰਡਾ ਹੇ॥ਜਿਉਜਿਉਚਲਹਿਚੁਭੈਦੁਖੁਪਾਵਹਿਜਮਕਾਲੁ
ਸਹਹਿਸਿਰਿਡੰਡਾਹੇ॥੨॥ਹਰਿਜਨਹਰਿਹਰਿਨਾਮਿਸਮਾਣੇ ਦੁਖਜਨਮਮਰਣਭਵਖੰ
ਡਾਹੇ॥ਅਬਿਨਾਸੀਪੁਰਖੁਪਾਇਆਪਰਮੇਸਰੁਬਹੁਸੋਭਖੰਡਬ੍ਰਹਮੰਡਾਹੇ॥੩॥ਹਮ
ਗਰੀਬਮਸਕੀਨਪ੍ਰਭਤੇਰੇਹਰਿਰਾਖੁਰਾਖੁਵਡਵਡਾਹੇ॥ਜਨਨਾਨਕਨਾਮੁਅਧਾਰੁਟੇ
ਕਹੇਹਰਿਨਾਮੇਹੀਸੁਖੁਮੰਡਾਹੇ॥੪॥੪॥ਰਾਗੁਗਉੜੀਪੂਰਬੀਮਹਲਾ ੫ ॥ਕਰਉ
ਬੇਨੰਤੀਸੁਣਹੁਮੇਰੇਮੀਤਾਸੰਤਟਹਲਕੀਬੇਲਾ॥ਈਹਾਖਾਟਿਚਲਹੁਹਰਿਲਾਹਾਆ
ਗੈਬਸਨੁਸੁਹੇਲਾ॥੧॥ਅਉਧਘਟੈਦਿਨਸੁਰੈਣਾਰੇ॥ਮਨਗੁਰਮਿਲਿਕਾਜਸਵਾਰੇ॥੧॥
ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰਹਮਗਿਆਨੀ॥ਜਿਸਹਿਜਗਾਇਪੀਆਵੈਇ
ਹੁਰਸੁਅਕਥਕਥਾਤਿਨਜਾਨੀ॥੨॥ਜਾਕਉਆਏਸੋਈਬਿਹਾਝਹੁਹਰਿਗੁਰਤੇਮਨਹਿਬ
ਸੇਰਾ॥ਨਿਜਘਰਿਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩॥ਅੰਤਰਜਾਮੀਪੁ
ਰਖੁਬਿਧਾਤੇਸਰਧਾਮਨਕੀਪੂਰੇ॥ਨਾਨਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ
॥੪॥੫॥
੧ਓਸ
ਤਿਨਾਮੁਕਰਤਾਪੁਰ
ਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂ
ਨੀਸੈਭੰਗੁਰਪ੍ਰ
ਸਾਦਿ
ਰਾਗੁਸਿਰੀਰਾਗੁਮਹਲਾ੧ ॥ਚਉਪਦੇ॥ ॥ਘਰੁ॥੧॥ ॥ਮੋਤੀਤਮੰਦਰਊ
ਸਰਹਿਰਤਨੀਤਹੋਹਿਜੜਾਉ॥ਕਸਤੂਰਿਕੁੰਗੂਅਗਰਿਚੰਦਨਲੀਪਿਆਵੈਚਾਉ॥ਮ
ਤਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੧॥ਹਰਿਬਿਨੁਜੀਉਜਲਿਬਲਿਜਾਉ
॥ਮੈਆਪਣਾਗੁਰੁਪੂਛਿਦੇਖਿਆਅਵਰੁਨਾਹੀਥਾਉ॥੧॥ਰਹਾਉ॥ ॥ਧਰਤੀਤਹੀਰੇਲਾ

ਇਸੇ ਬੀੜ ਦੇ ਪੰਨਾ ੮ ਦੇ ਦਰਸ਼ਨ ਕਰੋਂ ਜਿੱਥੇ ਬਹੁਤ ਸੁੰਦਰ ਚਿੱਤਰਕਾਰੀ ਨਾਲ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਵੇਖੋ ਇਸ ਪੁਰਾਤਨ ਬੀੜ ਵਿੱਚ ਮੰਗਲ ਲਿਖ ਕੇ ਫਿਰ 2-2 ਡੰਡੀਆਂ ਵਿੱਚ ਜਪੁ ਬਾਣੀ ਦਾ ਸਿਰਲੇਖ ਦਿੱਤਾ ਹੈ। ਉਪਰੰਤ ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਕੀਤਾ ਹੋਇਆ ਹੈ।



ਇਸੇ ਬੀੜ ਦਾ ਸ੍ਰੀ ਰਾਗ ਦੇ ਆਰੰਭ ਵਾਲ਼ਾ ਪੰਨਾ ਜਿਸ ਵਿੱਚ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਇਬ੍ਰੇਰੀ ਵਿਖੇ ਮੌਜੂਦ ਇੱਕ ਹੱਥ ਲਿਖਤ ਬੀੜ ਦੇ ਆਰੰਭ ਵਿੱਚ ਖੂਬਸੂਰਤ ਚਿੱਤਰਕਾਰੀ ਨਾਲ ਦਰਜ ਕੀਤਾ ਮੰਗਲ ਉਪਰੰਤ ਜਪੁ ਬਾਦੀ ਦਾ ਸਿਰਲੇਖ ਦੇ ਕੇ 2 ਡੰਡੀਆਂ। ਬਾਅਦ ਵਿੱਚ ਕਾਲੀ ਸਿਆਹੀ ਨਾਲ ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਕੀਤਾ ਗਿਆ ਹੈ।


ੴ ਸਤਿਨਾਮੁ ਕਰਤਾ
ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ
ਰਾਗੁਸਿਰੀਰਾਗੁਮਹਲਾ ੧ ॥ ਚਉਪਦੇ॥ ਘਰੁ ੧ ॥ ਮੋਤੀਤਮੰਦਰਊ
ਸਰਹਿਰਤਨੀਤਹੋਹਿਜੜਾਉ॥ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ
ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੧॥ਹਰਿਬਿਨੁਜੀਉਜਲਿਬ
ਲਿਜਾਉ॥ਮੈਆਪਣਾਗੁਰੁਪੂਛਿਦੇਖਿਆਅਵਰੁਨਾਹੀਥਾਉ॥੧॥ਰਹਾਉ॥
ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ॥ਮੋਹਨੀਮੁਖਿਮਨੀਸੋਹੈ
ਕਰੈਰੰਗਿਪਸਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੨॥ਸਿਧੁ
ਹੋਵਾਸਿਧਿਲਾਈਰਿਧਿਆਖਾਆਉ॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾ
ਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੩॥ਸੁਲਤਾਨੁਹੋਵਾਮੇਲਿ
ਲਸਕਰਤਖਤਿਰਾਖਾਪਾਉ॥ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤੁ
ਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੪॥੧॥ ਸਿਰੀਰਾਗੁਮਹਲਾ ੧॥

ਵੇਖੋ ਇਸੇ ਬੀੜ ਦਾ ਸ੍ਰੀ ਰਾਗ ਦੇ ਆਰੰਭ ਵਾਲ਼ਾ ਪੰਨਾ, ਜਿੱਥੇ ਪਹਿਲਾਂ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਇਬ੍ਰੇਰੀ ਵਿਖੇ ਪਈ ਇੱਕ ਹੋਰ ਬੀੜ ਜਿਸ ਵਿੱਚ ਸੰਪੂਰਨ ਮੰਗਲ ਲਿਖ ਕੇ 2 ਡੰਡੀਆਂ ਪਾਈਆਂ ਗਈਆਂ ਹਨ। ਜਪੁ ਬਾਦੀ ਦੇ ਸਿਰਲੇਖ ਨੂੰ 2-2 ਡੰਡੀਆਂ ਦੇ ਵਿਚਕਾਰ ਲਿਖਿਆ ਹੈ ਅਤੇ ਇਸ ਉਪਰੰਤ ਜਪੁ ਬਾਣੀ ਦਾ ਪਹਿਲਾ ਸਿਰਲੇਖ ਦਿੱਤਾ ਗਿਆ ਹੈ।



ਭਖੰਡਬ੍ਰਹਮੰਡਾਹੇ॥੩॥ਹਮਗਰੀਬਮਸਕੀਨਪ੍ਰਭਤੇਰੇਹਰਿਰਾਖੁਰਾਖੁਵਡਵਡਹੇ॥੧॥ਨਾਨ
ਕਨਾਮਅਧਾਰੁਟੇਕਹੈਹਰਿਨਾਮੇਹੀਸੁਖੁਮੰਡਾਹੇ॥੪॥੪॥ਰਾਗੁਗਉੜੀਪੂਰਬੀਮਹਲਾ੫॥ ॥ਕ
ਰਉਬੇਨੰਤੀਸੁਣਹੁਮੇਰੇਮੀਤਾਸੰਤਟਹਲਕੀਬੇਲਾ॥ਈਹਾਖਾਟਿਚਲਹੁਹਰਿਲਾਹਾਆਗੈਬ
ਸਨੁਸੁਹੇਲਾ॥੧॥ਅਉਧਘਟੈਦਿਨਸੁਰੈਣਾਰੇ॥ਮਨਗੁਰਮਿਲਿਕਾਜਸਵਾਰੇ॥੧॥ਰਹਾਉ॥
ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰਹਮਗਿਆਨੀ॥ਜਿਸਹਿਜਗਾਇਪੀਆਵੈਇਹੁਰਸੁ
ਅਕਥਕਥਾਤਿਨਿਜਾਨੀ॥੨॥ਜਾਕਉਆਏਸੋਈਬਿਹਾਝਹੁਹਰਿਗੁਰਤੇਮਨਹਿਬਸੇਰਾ॥ਨਿ
ਜਘਰਿਮਹਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩॥ਅੰਤਰਜਾਮੀਪੁਰਖਬਿਧਾਤੇ
ਸਰਧਾਤੇਸਰਧਾਮਨਕੀਪੂਰੇ॥ਨਾਨਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ॥੪॥੫॥

੧ਓ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥

ਰਾਗੁਸਿਰੀਰਾਗੁਮਹਲਾ੧ ॥ਚਉਪਦੇ॥ਘਰੁ॥੧ ॥ਮੋਤੀਤਮੰਦਰਊਸਰਹਿਰਤਨੀਤ
ਹੋਹਿਜੜਾਉ॥ਕਸਤੂਰਿਕੁੰਗੂਅਗਰਿਚੰਦਨਿਲੀਪਆਵੈਚਾਉ॥ਮਤੁਦੇਖਿਭੂਲਾਵੀਸਰੈਤੇ
ਰਾਚਿਤਿਨਆਵੈਨਾਉ॥ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿ
ਆਅਵਰੁਨਾਉਥਾਉ॥੧॥ਰਹਾਉ॥ ॥ਧਰਤੀਤਹੀਰੇਲਾਲਜੜਤੀਪਲੰਘਲਾਲਜੜਾਉ
॥ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥
੨॥ਸਿਧੁਹੋਵਾਸਿਧਿਲਾਈਰਿਧਿਆਖਾਆਉ॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾਉ॥
ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੩॥ਸੁਲਤਾਨੁਹੋਵਾਮੇਲਿਲਸਕਰਤਖਤਿਰਾ
ਖਾਪਾਉ॥ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤੁਦੇਖਿਭੂਲਾਵੀਸਰੈਤੇਰਾਚਿਤਿ
ਨਆਵੈਨਾਉ॥੪॥੧॥ਸਿਰੀਰਾਗੁਮਹਲਾ੧ ॥ਕੋਟਿਕੋਟੀਮੇਰੀਆਰਜਾਪਵਣੁਪੀਅਣੁ

ਵੇਖੋ ਇਸ ਬੀੜ ਦਾ ਸ੍ਰੀ ਰਾਗ ਦੇ ਆਰੰਭ ਵਾਲ਼ਾ ਪੰਨਾ। ਪਹਿਲਾਂ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਚੀਫ ਖ਼ਾਲਸਾ ਦੀਵਾਨ ਵਿਖੇ ਪਈ ਬੀੜ ਨੰਬਰ MCKD-09 ਜਿਸ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ। ਉਪਰੰਤ ਜਪੁ ਬਾਣੀ ਦਾ ਨਾਂ ਲਿਖ ਕੇ ਫਿਰ 2 ਡੰਡੀਆਂ ਪਾਈਆਂ ਗਈਆਂ। ਬਾਅਦ ਵਿੱਚ ਜਪੁ ਬਾਣੀ ਦੇ ਆਰੰਭ ਵਾਲ਼ਾ ਸਲੋਕ ਲਿਖਿਆ ਹੋਇਆ ਹੈ।




ਵੇਖੋ ਇਸੇ ਬੀੜ ਦਾ ਪੰਨਾ ਨੰਬਰ ੯ ਜਿਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਸ੍ਰੀ ਰਾਗ ਦੀ ਬਾਣੀ ਦਾ ਆਰੰਭ ਕੀਤਾ ਗਿਆ ਹੈ।




ਚੀਫ਼ ਖਾਲਸਾ ਦੀਵਾਨ ਵਿਖੇ ਪਈ ਬੀੜ ਨੰਬਰ MCKD-16 ਜਿਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ 2-2 ਡੰਡੀਆਂ ਪਾਕੇ ਜਪੁ ਬਾਣੀ ਦਾ ਨਾਂ ਦਿੱਤਾ ਹੋਇਆ ਹੈ।



ਵੇਖੋ ਇਸੇ ਬੀੜ ਦਾ ਸ੍ਰੀ ਰਾਗ ਦੇ ਆਰੰਭ ਵਾਲ਼ਾ ਪੰਨਾ। ਸ੍ਰੀ ਰਾਗ ਦੀ ਬਾਣੀ ਆਰੰਭ ਹੋਣ ਤੋਂ ਪਹਿਲਾਂ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ।




ਚੀਫ਼ ਖਾਲਸਾ ਦੀਵਾਨ ਦੀ ਲਾਇਬ੍ਰੇਰੀ ਵਿੱਚ ਪਈ ਬੀੜ ਨੰਬਰ MCKD-18 ਜਿਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ 2 ਡੰਡੀਆਂ ਪਾਈਆਂ ਗਈਆਂ ਹਨ। ਉਪਰੰਤ ਜਪੁ ਬਾਣੀ ਦਾ ਨਾਂ ਲਿਖ ਕੇ ਫਿਰ 2 ਡੰਡੀਆਂ ਪਾਈਆਂ ਹਨ ਅਤੇ ਉਪਰੰਤ ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਕੀਤਾ ਗਿਆ ਹੈ।



ਵੇਖੋ ਇਸੇ ਬੀੜ ਦੇ ਸ੍ਰੀ ਰਾਗ ਦੇ ਆਰੰਭ ਵਾਲ਼ਾ ਪੰਨਾ। ਪਹਿਲਾਂ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਆਰੰਭ ਕੀਤੀ ਗਈ ਹੈ।



ਕਰੋ ਦਰਸ਼ਨ ਇੱਕ ਪੁਰਾਤਨ ਬੀੜ ਦੇ ਜੋ ਚੀਫ਼ ਖਾਲਸਾ ਦੀਵਾਨ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ। ਇਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਨਾਂ ਲਿਖਿਆ ਗਿਆ ਹੈ। ਉਪਰੰਤ ਜਪੁ ਬਾਣੀ ਦਾ ਨਾਂ ਦਰਜ ਹੈ ਅਤੇ ਫਿਰ ਬਹੁਤ ਸੁੰਦਰ ਵੇਲ ਬਣਾ ਕੇ ਜਪੁ ਬਾਣੀ ਦਾ ਪਹਿਲਾ ਸਲੋਕ ਲਿਖਿਆ ਹੋਇਆ ਹੈ।



ਵੇਖੋ ਇਸ ਬੀੜ ਦਾ ਪੰਨਾ ਨੰਬਰ ੭ ਜਿੱਥੇ ਸੱਜੇ ਹੱਥ ਸੰਪੂਰਨ ਮੰਗਲ ਦਰਜ ਕਰਕੇ ਫਿਰ ਬਾਣੀ ਦਾ ਆਰੰਭ ਕੀਤਾ ਗਿਆ ਹੈ।




ਚੀਫ਼ ਖਾਲਸਾ ਦੀਵਾਨ ਵਿਖੇ ਨੰਬਰ MCKD-22 ਤੇ ਉਪਲਬਧ ਇੱਕ ਸੁੰਦਰ ਬੀੜ ਜੋ 1690 ਏ.ਡੀ. ਵਿੱਚ ਲਿਖੀ ਗਈ। ਚਿੱਤਰ ਵਿੱਚ ਬੀੜ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ ਫਿਰ ਡੰਡੀਆਂ ਪਾਕੇ ਵੱਖਰੇ ਤੌਰ ਤੇ ਜਪੁ ਬਾਣੀ ਦਾ ਨਾਂ ਲਿਖਿਆ ਹੈ ਅਤੇ ਮਗਰੋਂ ਜਪੁ ਬਾਣੀ ਦਾ ਆਰੰਭ ਸਲੋਕ ਅੰਕਿਤ ਹੈ।



ਲਾ੫॥ ॥ਕਰਉਬਿਨੰਤੀਸੁਣਹੁਮੇਰੇਮੀਤਾਸੰਤਟਹਲਕੀਬੇਲਾ॥ਈਹਾਖਾਟਿ
ਚਲਹੁਹਰਿਲਾਹਾਆਗੈਬਸਨਸੁਹੇਲਾ॥੧॥ਅਉਧਘਟੈਦਿਨਸੁਰੈਣਾਰੇ॥ਮ
ਨਗੁਰਮਿਲਿਕਾਜਸਵਾਰੇ॥੧॥ਰਹਾਉ॥ਇਹੁਸੰਸਾਰੁਬਿਕਾਰੁਸੰਸੇਮਹਿਤਰਿਓ
ਬ੍ਰਹਮਗਿਆਨੀ॥ਜਿਸਹਿਜਗਾਇਪੀਆਵੈਇਹੁਰਸੁਅਕਥਕਥਾਤਿਨਜਾਨੀ
॥੨॥ਜਾਕਉਆਏਸੋਈਬਿਹਾਝਹੁਹਰਿਗੁਰਤੇਮਨਹਿਬਸੇਰਾ॥ਨਿਜਘਰਿਮਹ
ਲੁਪਾਵਹੁਸੁਖਸਹਜੇਬਹੁਰਿਨਹੋਇਗੋਫੇਰਾ॥੩॥ਅੰਤਰਿਜਾਮੀਪੁਰਖਬਿਧਾਤੇ
ਸਰਧਾਮਨਕੀਪੂਰੇ॥ਨਾਨਕਦਾਸੁਇਹੈਸੁਖੁਮਾਗੈਮੋਕਉਕਰਿਸੰਤਨਕੀਧੂਰੇ
॥੪॥੫॥ ॥ ॥
॥ ॥ ॥
॥ ॥੧ੴਸਤਿਨਾਮੁਕਰਤਾਪੁਰਖੁਨਿਰਭਉ
॥ ਨਿਰਵੈਰੁਅਕਾਲਮੂਰਤਿਅਜੂਨੀਸੈਭੰਗੁ
ਰਪ੍ਰਸਾਦਿ॥ ॥ਸਿਰੀਰਾਗੁਮਹਲਾ੧॥ ॥ਘਰੁ੧॥ ॥ਚਉਪਦੇ
॥ ॥ਮੋਤੀਤਮੰਦਰਉਸਰਹਿਰਤਨੀਤਹੋਹਿਜੜਾਉ॥ਕਸਤੂਰਿਕੁੰਗੂਅ
ਗਰਿਚੰਦਨਿਲੀਪਿਆਵੈਚਾਉ॥ਮਤਿਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ
॥੧॥ਹਰਿਬਿਨੁਜੀਉਜਲਿਬਲਿਜਾਉ॥ਮੈਆਪਣਾਗੁਰੁਪੂਛਿਦੇਖਿਆ
ਅਵਰੁਨਾਹੀਥਾਉ॥੧॥ਰਹਾਉ॥ਧਰਤੀਤਹੀਰੇਲਾਲਜੜਤੀਪਲਘਲਾ
ਲਜੜਾਉ॥ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ॥ਮਤਿਦੇਖਿਭੂਲਾਵੀ
ਸਰੈਤੇਰਾਚਿਤਿਨਆਵੈਨਾਉ॥੨॥ਸਿਧੁਹੋਵਾਸਿਧਿਲਾਈਰਿਧਿਆਖਾਆਉ
॥ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾਉ॥ਮਤਦੇਖਿਭੂਲਾਵੀਸਰੈਤੇਰਾ
ਚਿਤੁਨਆਵੈਨਾਉ॥੩॥ਸੁਲਤਾਨੁਹੋਵਾਮੇਲਿਲਸਕਰਤਖਤਿਰਾਖਾਪਾਉ॥ਹੁ
ਕਮੁਹਾਸਲੁਕਰੀਬੈਠਾਨਾਨਕਾਸਭਵਾਉ॥ਮਤਿਦੇਖਿਭੂਲਾਵੀਸਰੈਤੇਰਾਚਿਤ
ਨਆਵੈਨਾਉ॥੪॥੧॥ ॥ਸਿਰੀਰਾਗੁਮਹਲਾ੧॥ ॥ਕੋਟਿਕੋਟੀਮੇਰੀਆਰਜਾਪ
ਵਣੁਪੀਅਣੁਅਪਿਆਉ॥ਚੰਦੁਸੂਰਜੁਦੁਇਗੁਫੈਨਦੇਖਾਸੁਪਨੈਸਉਣਨ
ਥਾਉ॥ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ॥੧॥ਸਾਚਾਨਿਰੰਕਾਰੁ
ਨਿਜਥਾਉ॥ਸੁਣਿਸੁਣਿਆਖਣੁਆਖਣਾਜੇਭਾਵੈਤਾਕਰੇਤਮਾਇ॥੧॥ਰਹਾਉ

ਇਸੇ ਬੀੜ ਦੇ ਸ੍ਰੀ ਰਾਗ ਦੇ ਆਰੰਭ ਵਾਲ਼ੇ ਪੰਨੇ ਤੇ ਸੱਜੇ ਹੱਥ ਸੰਪੂਰਨ ਮੰਗਲ ਦੇ ਕੇ ਫਿਰ ਬਾਣੀ ਲਿਖਣੀ ਸ਼ੁਰੂ ਕੀਤੀ ਗਈ ਹੈ।


੧ੳ॥ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ੧
॥ਜਪੁ॥ ॥ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀਭੀਸਚੁ॥੧॥ਸੋਚੈਸੋਚਿਨਹੋਵਈਜੇਸੋ
ਚੀਲਖਵਾਰ॥ਚੁਪੈਚੁਪਨਹੋਵਈਜੇਲਾਇਰਹਾਲਿਵਤਾਰ॥ਭੁਖਿਆਭੁਖਨਉਤਰੀਜੇਬੰਨਾਪੁਰੀਆਭ
ਰਾ॥ਸਹਸਸਿਆਣਪਾਲਖਹੋਹਿਤਇਕਨਚਲੈਨਾਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈ
ਪਾਲਿ॥ਹੁਕਮਿਰਜਾਈਚਲਣਾਨਾਨਕਲਿਖਿਆਨਾਲਿ॥੧॥ਹੁਕਮੀਹੋਵਨਿਆਕਾਰਹੁਕਮੁਨਕਹਿਆ
ਜਾਈ॥ਹੁਕਮੀਹੋਵਨਿਜੀਅਹੁਕਮਿਮਿਲੈਵਡਿਆਈ॥ਹੁਕਮੀਉਤਮੁਨੀਚੁਹੁਕਮਿਲਿਖਿਦੁਖਸੁਖ
ਪਾਈਅਹਿ॥ਇਕਨਾਹੁਕਮੀਬਖਸੀਸਇਕਿਹੁਕਮੀਸਦਾਭਵਾਈਅਹਿ॥ਹੁਕਮੈਅੰਦਰਿਸਭੁਕੋ
ਬਾਹਰਿਹੁਕਮਨਕੋਇ॥ਨਾਨਕਹੁਕਮੈਜੇਬੁਝੈਤਹਉਮੈਕਹੈਨਕੋਇ॥੨॥ਗਾਵੈਕੋਤਾਣੁਹੋਵੈਕਿਸੈਤਾਣੁ॥ਗਾ
ਵੈਕੋਦਾਤਿਜਾਣੈਨੀਸਾਣੁ॥ਗਾਵੈਕੋਗੁਣਵਡਿਆਈਆਚਾਰੁ॥ਗਾਵੈਕੋਵਿਦਿਆਵਿਖਮੁਵੀਚਾਰੁ॥ਗਾ
ਵੈਕੋਸਾਜਿਕਰੇਤਨੁਖੇਹ॥ਗਾਵੈਕੋਜੀਅਲੈਫਿਰਿਦੇਹ॥ਗਾਵੈਕੋਜਾਪੈਦਿਸੈਦੂਰਿ॥ਗਾਵੈਕੋਵੇਖੈਹਾਦਰਾਹ
ਦੂਰਿ॥ਕਥਨਾਕਥੀਨਆਵੈਤੋਟਿ॥ਕਥਿਕਥਿਕਥੀਕੋਟੀਕੋਟਿਕੋਟਿ॥ਦੇਦਾਦੇਲੈਦੇਥਕਿਪਾਹਿ॥ਜੁਗ
ਜੁਗੰਤਰਿਖਾਹੀਖਾਹਿ॥ਹੁਕਮੀਹੁਕਮੁਚਲਾਏਰਾਹੁ॥ਨਾਨਕਵਿਗਸੈਵੇਪਰਵਾਹੁ॥੩॥ਸਾਚਾਸਾਹਿਬੁਸਾ
ਚੁਨਾਇਭਾਖਿਆਭਾਉਅਪਾਰੁ॥ਆਖਹਿਮੰਗਹਿਦੇਹਿਦੇਹਿਦਾਤਿਕਰੇਦਾਤਾਰੁ॥ਫੇਰਿਕਿਅਗੈਰਖੀ
ਐਜਿਤੁਦਿਸੈਦਰਬਾਰੁ॥ਮੁਹੌਕਿਬੋਲਣੁਬੋਲੀਐਜਿਤੁਸੁਣਿਧਰੇਪਿਆਰੁ॥ਅੰਮ੍ਰਿਤਵੇਲਾਸਚੁਨਾਉ
ਵਡਿਆਈਵੀਚਾਰੁ॥ਕਰਮੀਆਵੈਕਪੜਾਨਦਰੀਮੋਖੁਦੁਆਰੁ॥ਨਾਨਕਏਵੈਜਾਣੀਐਸਭੁਆਪੇਸਚਿ
ਆਰੁ॥੪॥ਥਾਪਿਆਨਜਾਇਕੀਤਾਨਹੋਇ॥ਆਪੇਆਪਿਨਿਰੰਜਨੁਸੋਇ॥ਜਿਨਿਸੇਵਿਆਤਿਨਿਪਾਇਆ
ਮਾਨੁ॥ਨਾਨਕਗਾਵੀਐਗੁਣੀਨਿਧਾਨੁ॥ਗਾਵੀਐਸੁਣੀਐਮਨਿਰਖੀਐਭਾਉ॥ਦੁਖੁਪਰਹਰਿਸੁਖੁਘਰਿਲੈਜਾ
ਇ॥ਗੁਰਮੁਖਿਨਾਦੰਗੁਰਮੁਖਿਵੇਦੰਗੁਰਮੁਖਿਰਹਿਆਸਮਾਈ॥ਗੁਰੁਈਸਰੁਗੁਰੁਗੋਰਖੁਬਰਮਾਗੁਰੁਪਾਰ
ਬਤੀਮਾਈ॥ਜੇਹਉਜਾਣਾਆਖਾਨਾਹੀਕਹਣਾਕਥਨੁਨਜਾਈ॥ਗੁਰਾਇਕਦੇਹਿਬੁਝਾਈ॥ਸਭਨਾਜੀਆ
ਕਾਇਕੁਦਾਤਾਸੋਮੈਵਿਸਰਿਨਜਾਈ॥੫॥ਤੀਰਥਿਨਾਵਾਜੇਤਿਸੁਭਾਵਾਵਿਣੁਭਾਣੇਕਿਨਾਇਕਰੀ॥ਜੇਤੀ
ਸਿਰਠਿਉਪਾਈਵੇਖਾਵਿਣੁਕਰਮਾਕਿਮਿਲੈਲਈ॥ਮਤਿਵਿਚਿਰਤਨਜਵਾਹਰਮਾਣਿਕਜੇਇਕ

ਗੁਰਦੁਆਰਾ ਸਾਹਿਬ ਬਹਾਦਰਪੁਰ, ਨਜ਼ਦੀਕ ਮਸਤੂਆਣਾ ਸਾਹਿਬ, ਜ਼ਿਲ੍ਹਾ ਸੰਗਰੂਰ ਵਿਖੇ ਪਈ ਇਸ ਬੀੜ ਦੇ ਆਰੰਭ ਵਿੱਚ ਸੰਪੂਰਨ ਮੰਗਲ ਲਿਖਿਆ ਹੋਇਆ ਹੈ। ਉਪਰੰਤ2-2 ਡੰਡੀਆਂ ਪਾਕੇ ਜਪੁ ਬਾਣੀ ਦਾ ਨਾਂ ਦਰਜ ਹੈ ਅਤੇ ਫਿਰ ਜਪੁ ਬਾਣੀ ਦਾ ਪਹਿਲਾ ਸਲੋਕ ਦਰਜ ਕੀਤਾ ਗਿਆ ਹੈ।



ਤ੍ਰਾਹੇਤ੍ਰਾਹਿਹਮਗਰੀਬਮਸਕੀਨਪ੍ਰਭਤੇਰੇਹਾਤੇਰਾਖੁਰਾਖੁਵਡਵਡਾਹੇ।ਜਨਨਾਨਕਨਾਮੁਅਧਾਰੁਟੇਕਹੈਹਰਿ ੬
ਨਾਮੇਹੀਸੁਖਮੰਡਾਹੇ॥੪॥੪॥ ।ਗਉੜੀਪੂਰਬੀਮਹਲਾ ੫।ਕਰਉਬੇਨੰਤੀਸੁਣਹੁਮੇਰੇਮੀਤਾਸੰਤਟਹਲਕੀਬੇਲਾ।।
ਈਹਾਖਾਟਿਚਲਹੁਹਰਿਲਾਹਾਆਗੈਬਸਨੁਸੁਹੇਲਾ੧।ਅਉਧਘਟੈਦਿਨਸੁਰੈਣਾਰੇ।ਮਨਗੁਰਮਿਲਿਕਾਜਸਵ।
ਰੇ।ਰਹਾਉ।ਇਹੁਸੰਸਾਰੁਬਿਕਾਰੁਸੰਸੇਮਹਿਤਰਿਓਬ੍ਰਹਮਗਿਆਨੀ।ਜਿਸਹਿਜਗਾਇਪੀਆਵੈਇਹੁਰਸੁਅਕਥ
ਕਥਾਤਿਨਿਜਾਨੀ੨।ਜਾਕਉਆਏਸੋਈਬਿਹਾਝਹੁਹਰਿਗੁਰਤੇਮਨਹਿਬਸੇਰਾ।ਨਿਜਘਰਿਮਹਲੁਪਾਵਹੁਸੁਖਸਹਜੇ
ਬਹੁਰਿਨਹੋਇਗੋਫੇਰਾ੩।ਅੰਤਰਜਾਮੀਪੁਰਖਬਿਧਾਤੇਸਰਧਾਮਨਕੀਪੂਰੇ।ਨਾਨਕਦਾਸੁਇਹੈਸੁਖੁਮਾਗੈਮੋਕਉਕਰਿ
ਸੰਤਨਕੀਧੂਰੇ॥੪॥੫॥

੧ੳਸਤਿਗੁਰਪ੍ਰਸਾਦਿ॥ ॥ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅ
ਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ।।ਰਾਗੁਸਿਰੀਰਾਗੁਮਹਲਾ੧ ।ਚਉਪਦੇਘਰੁ੧॥ ॥
।ਮੋਤੀਤਮੰਦਰਊਸਰਹਿਰਤਨੀਤਹੋਹਿਜੜਾਉ।ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ।ਮਤੁਦੇਖਿ
ਭੂਲਾਵੀਸਰੈਤੇਰਾਚਿਤਿਨਆਵੈਨਾਉ੧।ਹਰਿਬਿਨੁਜੀਉਜਲਿਬਲਿਜਾਉ।ਮੈਆਪਣਾਗੁਰੁਪੂਛਿਦੇਖਿਆਅਵਰੁ
ਨਾਹੀਥਾਉ।ਰਹਾਉ।ਧਰਤੀਤਹੀਰੇਲਾਲਜੜਤੀਪਲਘਿਲਾਲਜੜਾਉ।ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ।
ਮਤੁਦੇਖਿਭੂਲਾਵਸਰੈਤੇਰਾਚਿਤਿਨਆਵੈਨਾਉ੨।ਸਿਧੁਹੋਵਾਸਿਧਿਲਾਈਰਿਧਿਆਖਾਆਉ।ਗੁਪਤੁਪਰਗਟੁਹੋ
ਇਬੈਸਾਲੋਕੁਰਾਖੈਭਾਉ।ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ੩।ਸੁਲਤਾਨੁਹੋਵਾਮੇਲਿਲਸਕਰਤਖਤਿ
ਰਾਖਾਪਾਉ।ਹੁਕਮੁਹਾਸਲੁਕਰੀਬੈਠਾਨਾਨਕਾਸਭਵਾਉ।ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ॥੪॥੧॥
॥ਸਿਰੀਰਾਗੁਮਹਲਾ੧॥ ।ਕੋਟਿਕੋਟੀਮੇਰੀਆਰਜਾਪਉਣੁਪੀਅਣੁਅਪਿਆਉ।ਚੰਦੁਸੂਰਜੁਦੁਇਗੁਫੈਨਦੇਖਾ
ਸੁਪਨੈਸਉਣਨਥਾਉ।ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ੧।ਸਾਚਾਨਿਰੰਕਾਰੁਨਿਜਥਾਇ।ਸੁਣਿ
ਸੁਣਿਆਖਣੁਆਖਣਾਜੇਭਾਵੈਕਰੇਤਮਾਇ।ਰਹਾਉ।ਕੁਸਾਕਟੀਆਵਾਰਵਾਰਪੀਸਣਿਪੀਸਾਪਾਇ।
।ਅਗੀਸੇਤੀਜਾਲੀਆਭਸਮਸੇਤੀਰਲਿਜਾਉ।ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ੨।ਪੰਖੀਹੋ
ਇਕੈਜੇਭਵਾਸੈਅਸਮਾਨੀਜਾਉ।ਨਦਰੀਕਿਸੈਨਆਵਊਨਾਕਿਛੁਪੀਆਨਾਖਾਉ।ਭੀਤੇਰੀਕੀਮਤਿਨਾਪ।

ਇਸੇ ਬੀੜ ਦਾ ਪੰਨਾ ਨੰਬਰ ੬ ਜਿੱਥੇ ਸ੍ਰੀ ਰਾਗ ਦੇ ਆਰੰਭ ਵਿੱਚ ਲਾਲ ਸਿਆਹੀ ਨਾਲ ਸੰਪੂਰਨ ਮੰਗਲ ਦਰਜ ਕਰਕੇ ਫਿਰ ਸ੍ਰੀ ਰਾਗ ਦੀ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਕਰੋ ਦਰਸ਼ਨ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਸਾਹਿਬ ਪਈ ਇੱਕ ਬੀੜ ਜਿਸ ਵਿੱਚ ਸੰਪੂਰਨ ਮੰਗਲ ਦਰਜ ਕਰਕੇ ਫਿਰ ਸਲੋਕ ਮਹਲਾ ੧ ਜਪੁ ਲਿਖਿਆ ਹੋਇਆ ਹੈ ਅਤੇ ਬਾਅਦ ਵਿੱਚ ਸਲੋਕ ਦਰਜ ਕੀਤਾ ਗਿਆ ਹੈ । ਪੁਰਾਣੀ ਸ਼ੈਲੀ ਅਨੁਸਾਰ ਇਸ ਵਿੱਚ ਕੰਨੇ ਦੀ ਥਾਂ ਬਿੰਦੀ ਲੱਗੀ ਹੋਈ ਹੈ।



ਗੁਰਦੁਆਰਾ ਬਾਲ ਲੀਲ੍ਹਾ ਪਟਨਾ ਸਾਹਿਬ ਵਿਖੇ ਪਈ ਇੱਕ ਹੱਥ ਲਿਖਤ ਬੀੜ ਜਿਸ ਵਿੱਚ ਸੰਪੂਰਨ ਮੰਗਲ ਦਰਜ ਕਰਨ ਉਪਰੰਤ ਹਾਸ਼ੀਏ ਵਿੱਚ ਜਪੁ ਬਾਣੀ ਦਾ ਨਾਂ 2-2 ਡੰਡੀਆਂ ਵਿੱਚ ਦਿੱਤਾ ਹੋਇਆ ਹੈ ਉਪਰੰਤ ਪਹਿਲਾ ਸਲੋਕ ਅਤੇ ਫਿਰ ਜਪੁ ਬਾਣੀ ਦਾ ਆਰੰਭ ਹੈ।



ਇਸੇ ਬੀੜ ਦਾ ਸ੍ਰੀ ਰਾਗ ਦੇ ਆਰੰਭ ਵਾਲ਼ਾ ਪੰਨਾ ਜਿਸ ਵਿੱਚ ਸੰਪੂਰਨ ਮੰਗਲ ਦੇ ਕੇ ਬਾਣੀ ਦਾ ਆਰੰਭ ਕੀਤਾ ਗਿਆ ਹੈ।



ਕਰੋ ਦਰਸ਼ਨ ਤਖ਼ਤ ਸ੍ਰੀ ਪਟਨਾ ਸਾਹਿਬ ਸਾਹਿਬ ਪਈ ਇੱਕ ਪੁਰਾਤਨ ਹੱਥ-ਲਖਤ ਬੀੜ ਦੇ ਜੋ 1784 ਏ.ਡੀ. ਵਿੱਚ ਲਿਖੀ ਗਈ। ਇਸ ਬੀੜ ਵਿੱਚ ਸੰਪੂਰਨ ਮੰਗਲ ਪਹਿਲਾਂ ਬੀੜ ਦੇ ਆਰੰਭ ਵਿੱਚ, (ਭਾਵ ਜਪੁ ਬਾਣੀ ਤੋਂ ਪਹਿਲਾਂ) ਅੰਕਿਤ ਕੀਤਾ ਗਿਆ ਹੈ। ਉਸ ਉਪਰੰਤ 31 ਰਾਗਾਂ ਵਿੱਚ ਹਰ ਰਾਗ ਤੋਂ ਪਹਿਲਾਂ ਸੱਜੇ ਹੱਥ ਮੰਗਲ ਦਰਜ ਕੀਤਾ ਹੋਇਆ ਹੈ। ਅਸੀਂ ਉਨ੍ਹਾਂ ਸਾਰੇ 31 ਰਾਗਾਂ ਦੀਆਂ ਤਸਵੀਰਾਂ ਪਾਠਕਾਂ ਨਾਲ ਸਾਂਝਾ ਕਰਨ ਦਾ ਸੁਭਾਗ ਪ੍ਰਾਪਤ ਕਰ ਰਹੇ ਹਾਂ ਤਾਂਕਿ ਸੰਪੂਰਨ ਮੰਗਲ ਦਾ ਸਹੀ ਸਰੂਪ ਅਤੇ ਸਥਾਨ ਪਤਾ ਲੱਗ ਸਕੇ।



॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ। ॥
॥ ਸਿਰੀਰਾਗੁਮਹਲਾ੧ ਘਰੁ੧ ।ਚਉਪਦੇ। ।।ਮੋਤੀਤਮੰਦਰਊਸਰਹਿਰ
ਤਨੀਤਹੋਹਿਜੜਾਉ।ਕਸਤੂਰਿਕੁੰਗੂਅਗਰਿਚੰਦਨਿਲੀਪਿਆਵੈਚਾਉ।।ਮਤੁਦੇਖਿਭੂਲਾਵੀ
ਸਰੈਤੇਰਾਚਿਤਿਨਆਵੈਨਾਉ।।੧।।ਹਰਿਬਿਨੁਜੀਉਜਲਿਬਲਿਜਾਉ।।ਮੈਆਪਣਾਗੁਰੁਪੂਛਿ
ਦੇਖਿਆਅਵਰੁਨਾਹੀਥਾਉ।।੧।।ਰਹਾਉ।।ਧਰਤੀਤਹੀਰੇਲਾਲਜੜਤੀਪਲਘਿਲਾਲਜੜ
ਉ।।ਮੋਹਣੀਮੁਖਿਮਣੀਸੋਹੈਕਰੇਰੰਗਿਪਸਾਉ।।ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ
।।੨।।ਸਿਧੁਹੋਵਾਸਿਧਿਲਾਈਰਿਧਿਆਖਾਆਉ।।ਗੁਪਤੁਪਰਗਟੁਹੋਇਬੈਸਾਲੋਕੁਰਾਖੈਭਾਉ
।।ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ।।੩।।ਸੁਲਤਾਨੁਹੋਵਾਮੇਲਿਲਸਕਰਤਖਤਿ
ਰਾਖਾਪਾਉ।+।ਮਤੁਦੇਖਿਭੂਲਾਵੀਸਰੈਤੇਰਾਚਿਤਿਨਆਵੈਨਾਉ।।੪।।੧।। ਸਿਰੀਰਾਗੁਮਹਲਾ੧
।।ਕੋਟਿਕੋਟੀਮੇਰੀਆਰਜਾਪਵਣੁਪੀਅਣੁਅਪਿਆਉ।।ਚੰਦੁਸੂਰਜੁਦੁਇਗੁਫੈਨਦੇਖਾਸੁਪਨੈ
ਸਉਣਨਥਾਉ।।ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ।।੧।।ਸਾਚਾਨਿਰੰਕਾਰੁਨਿਜਥਾ
ਇ।।ਸੁਣਿਸੁਣਿਆਖਣੁਆਖਣਾਜੇਭਾਵੈਕਰੇਤਮਾਇ।।੧।।ਰਹਾਉ।।ਕੁਸਾਕਟੀਆਵਾਰਵਾਰਪੀ
ਸਣਿਪੀਸਾਪਾਇ।।ਅਗੀਸੇਤੀਜਾਲੀਆਭਸਮਸੇਤੀਰਲਿਜਾਉ।।ਭੀਤੇਰੀਕੀਮਤਿਨਾਪਵੈਹ
ਉਕੇਵਡੁਆਖਾਨਾਉ।।੨।।ਪੰਖੀਹੋਇਕੈਜੇਭਵਾਸੈਅਸਮਾਨੀਜਾਉ।।ਨਦਰੀਕਿਸੈਨਆਵਊਨਾ
ਕਿਛੁਪੀਆਨਖਾਉ।।ਭੀਤੇਰੀਕੀਮਤਿਨਾਪਵੈਹਉਕੇਵਡੁਆਖਾਨਾਉ।।੩।।ਨਾਨਕਕਾਗਦਲਖ
ਮਣਾਪੜਿਪੜਿਕੀਚੈਭਾਉ।।ਮਸੂਤੋਟਿਨਆਵਈਲੇਖਣਿਪਉਣੁਚਲਾਉ।।ਭੀਤੇਰੀਕੀਮਤਿਨ
ਪਵੈਹਉਕੇਵਡੁਆਖਾਨਾਉ।।੪।।੨।। ਸਿਰੀਰਾਗੁਮਹਲਾ੧ ।।ਲੇਖੈਬੋਲਣੁਬੋਲਣਾ
ਲੇਖੈਖਾਣਾਖਾਉ ।ਲੇਖੈਸਾਹਨਵਾਣੀਅਹਿਪੜੇਕਿਪੁਛਣਜਾਉ।।੧।।ਬਾਬਾਮਾਇਆਰਚ

ਇਸੇ ਬੀੜ ਅੰਦਰ, ਸ੍ਰੀ ਰਾਗ ਦੇ ਆਰੰਭ ਵਿੱਚ ਆਏ ਸੰਪੂਰਨ ਮੰਗਲ ਦੀ ਤਸਵੀਰ ਜੋ ਸੱਜੇ ਹੱਥ ਦਰਜ ਕੀਤਾ ਗਿਆ ਹੈ।



੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥ ੫੪
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਮਾਝਮਹਲਾ੪ ਚਉਪਦੇ॥ ਘਰੁਪਹਿਲਾ॥ ॥ਹਰਿਹਰਿਨਾਮੁਮੈਹਰਿਮਨਿਭਾਇ
ਆ॥ਵਡਭਾਗੀਹਰਿਨਾਮੁਧਿਆਇਆ॥ਗੁਰਿਪੂਰੈਹਰਿਨਾਮਸਿਧਿਪਾਈਕੋਵਿਰਲਾਗੁਰਮ
ਤਿਚਲੈਜੀਉ॥੧॥ਮੈਹਰਿਹਰਿਖਰਚੁਲਇਆਬੰਨਿਪਲੈ॥ਮੇਰਾਪ੍ਰਾਣਸਖਾਈਸਦਨਾਲਿਚਲੈ॥
ਗੁਰਿਪੂਰੈਹਰਿਨਾਮੁਦਿੜਾਇਆਹਰਿਨਿਹਚਲੁਹਰਿਧਨੁਪਲੈਜੀਉ॥੨॥ਹਰਿਹਰਿਸਜਣੁਮੇਰਾ
ਪ੍ਰੀਤਮੁਰਾਇਆ॥ਕੋਈਆਣਿਮਿਲਾਵੈਮੇਰੇਪ੍ਰਾਣਜੀਵਾਇਆ॥ਹਉਰਹਿਨਸਕਾਬਿਨੁਦੇਖੇਪ੍ਰੀ
ਤਮਾਮੈਨੀਰੁਵਹੇਵਹਿਚਲੈਜੀਉ॥੩॥ਸਤਿਗੁਰੁਮਿਤ੍ਰੁਮੇਰਾਬਾਲਸਖਾਈ॥ਹਉਰਹਿਨਸਕਾਬਿ
ਨੁਦੇਖੇਮੇਰੀਮਾਈ॥ਹਰਿਜੀਉਕ੍ਰਿਪਾਕਰਹੁਗੁਰੁਮੇਲਹੁਜਨਨਾਨਕਹਰਿਧਨੁਪਲੈਜੀਉ॥੪॥੧॥
॥ ਮਾਝਮਹਲਾ੪ ॥ਮਧੁਸੂਦਨੁਮੇਰੇਮਨਤਨਪ੍ਰਾਨਾ॥ਹਉਹਰਿਬਿਨੁਦੂਜਾਅਵਰੁਨਜਾ
ਨਾਕੋਈਸਜਣੁਸੰਤੁਮਿਲੈਵਡਭਾਗੀਮੈਹਰਿਪ੍ਰਭੁਪਿਆਰਾਦਸੈਜੀਉ॥੧॥ਹਉਮਨੁਤਨੁਖੋ
ਜੀਢੂਢਿਢੂਢਾਈ॥ਕਿਉਪਿਆਰਾਪ੍ਰੀਤਮੁਮਿਲੈਮੇਰੀਮਾਈ॥ਮਿਲਿਸਤਸੰਗਤਿਖੋਜੁਦਸ
ਾਈਵਿਚਿਸੰਗਤਿਹਰਿਪ੍ਰਭੁਵਸੈਜੀਉ॥੨॥ਮੇਰਾਪਿਆਰਾਪ੍ਰੀਤਮੁਸਤਿਗੁਰੁਰਖਵਾਲਾ॥ਹਮਬਾ
ਰਿਕਦੀਨਕਰਹੁਪ੍ਰਤਿਪਾਲਾ॥ਮੇਰਾਮਾਤਪਿਤਾਗੁਰੁਸਤਿਗੁਰੁਪੂਰਾਗੁਰਜਲਮਿਲਿਕਮਲੁਵਿ
ਗਸੈਜੀਉ॥੩॥ਮੈਬਿਨੁਗੁਰਦੇਖੇਨੀਦਨਆਵੈ॥ਮੇਰੇਮਨਤਨਿਵੇਦਨਗੁਰਬਿਰਹੁਲਗਾਵੈ॥ਹ
ਰਿਹਰਿਦਇਆਕਰਹੁਗੁਰੁਮੇਲਹੁਜਨਨਾਨਕਗੁਰਮਿਲਿਰਹਸੈਜੀਉ॥੪॥੨॥ ਮਾਝਮ
ਹਲਾ੪ ॥ਹਰਿਗੁਣਪੜੀਐਹਰਿਗੁਣਗੁਣੀਐ॥ਹਰਿਹਰਿਨਾਮੁਕਥਾਨਿਤਸੁਣੀਐ॥ਮਿਲਿ
ਸਤਸੰਗਤਿਹਰਿਗੁਣਗਾਏਜਗੁਭਉਜਲੁਦੁਤਰੁਤਰੀਐਜੀਉ॥੧॥ਆਉਸਖੀਹਰਿਮੇਲੁਕ
ਰੇਹਾ॥ਮੇਰੇਪ੍ਰੀਤਮਕਾਮੈਦੇਇਸਨੇਹਾ॥ਮੇਰਾਮਿਤ੍ਰੁਸਖਾਸੋਪ੍ਰੀਤਮੁਭਾਈਮੈਦਸੇਹਰਿਨਰਹਰੀਐਜੀ

ਇਸੇ ਬੀੜ ਦੇ ਅਗਲੇ ਰਾਗ ਮਾਝ ਤੋਂ ਪਹਿਲਾਂ ਦਰਜ ਕੀਤੇ ਗਏ ਸੰਪੂਰਨ ਮੰਗਲ ਦੀ ਤਸਵੀਰ



॥ ੧ੳਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਗਉੜੀਗੁਆਰੇਰੀਮਹਲਾ੧ ॥ਚਉਪਦੇ॥ ॥ਦੁਪਦੇ॥ ॥ਭਉਮੁਚੁਭਾਰਾ
ਵਡਾਤੋਲੁ॥ਮਨਮਤਿਹਉਲੀਬੋਲੇਬੋਲੁ॥ਸਿਰਿਧਰਿਚਲੀਐਸਹੀਐਭਾਰੁ॥ਨਦਰੀਕਰਮੀਗੁਰ
ਬੀਚਾਰੁ॥੧॥ਭੈਬਿਨੁਕੋਇਨਲੰਘਸਿਪਾਰਿ॥ਭੈਭਉਰਾਖਿਆਭਾਇਸਵਾਰਿ॥੧॥ਰਹਾਉ॥ਭੈਤ
ਨਿਅਗਨਿਭਖੈਭੈਨਾਲਿ॥ਭੈਭਉਘੜੀਐਸਬਦਿਸਵਾਰਿ॥ਭੈਬਿਨੁਘਾੜਤਕਚੁਨਿਕਚ॥ਅੰਧ
ਸਚਾਅੰਧੀਸਟ॥੨॥ਬੁਧੀਬਾਜੀਉਪਜੈਚਾਉ॥ਸਹਸਸਿਆਣਪਪਵੈਨਤਾਉ॥ਨਾਨਕਮਨਮੁਖਿ
ਬੋਲਣੁਵਾਉ॥ਅੰਧਾਅਖਰੁਵਾਉਦੁਆਉ॥੩॥੧॥ ਗਉੜੀਮਹਲਾ੧ ॥ਡਰਿਘਰੁ
ਘਰਿਡਰੁਡਰਿਡਰੁਜਾਇ॥ਸੋਡਰੁਕੇਹਾਜਿਤੁਡਰਿਡਰੁਪਾਇ॥ਤੁਧੁਬਿਨੁਦੂਜੀਨਾਹੀਜਾਇ॥ਜੋ
ਕਿਛੁਵਰਤੈਸਭਤੇਰੀਰਜਾਇ॥੧॥ਡਰੀਐਜੇਡਰੁਹੋਵੈਹੋਰੁ॥ਡਰਿਡਰਿਡਰਣਾਮਨਕਾਸੋਰੁ॥੧
॥ਰਹਾਉ॥ਨਾਜੀਉਮਰੈਨਡੂਬੈਤਰੈ॥ਜਿਨਿਕਿਛੁਕੀਆਸੋਕਿਛੁਕਰੈ॥ਹੁਕਮੇਆਵੈਹੁਕਮੇਜਾਇ
॥ਆਗੈਪਾਛੈਹੁਕਮਿਸਮਾਇ॥੨॥ਹੰਸੁਹੇਤੁਆਸਾਅਸਮਾਨੁ॥ਤਿਸੁਵਿਚਿਭੂਖਬਹੁਤੁਨੈਸਾਨੁ॥
ਭਉਖਾਣਾਪੀਣਾਆਧਾਰੁ॥ਵਿਣੁਖਾਧੇਮਰਿਹੋਹਿਗਵਾਰ॥੩॥ਜਿਸਕਾਕੋਈਕੋਈਕੋਇਕੋਇ
॥ਸਭੁਕੋਤੇਰਾਤੂੰਸਭਨਾਕਾਸੋਇ॥ਜਾਕੀਜੀਅਜੰਤਧਨੁਮਾਲੁ॥ਨਾਨਕਆਖਣੁਬਿਖਮੁਬੀਚਾਰੁ
॥੪॥੨॥ ਗਉੜੀਮਹਲਾ੧ ॥ਮਾਤਾਮਤਿਪਿਤਾਸੰਤੋਖੁ॥ਸਤੁਭਾਈਕਰਿਏਹੁਵਿਸੇਖੁ॥
੧॥ਕਹਣਾਹੈਕਿਛੁਕਹਣੁਨਜਾਇ॥ਤਉਕੁਦਰਤਿਕੀਮਤਿਨਹੀਪਾਇ॥੧॥ਰਹਾਉ॥ਸਰਮਸੁਰ
ਤਿਦੁਇਸਸੁਰਭਏ॥ਕਰਣੀਕਾਮਣਿਕਰਿਮਨਲਏ॥੨॥ਸਾਹਾਸੰਜੋਗੁਵੀਆਹੁਵਿਜੋਗੁ॥ਸਚੁ
ਸੰਤਤਿਕਹੁਨਾਨਕਜੋਗੁ॥੩॥੩॥ ਗਉੜੀਮਹਲਾ੧ ॥ਪਉਣੈਪਾਣੀਅਗਨੀਕਾ
ਮੇਲੁ॥ਚੰਚਲਚਪਲਬੁਧਿਕਾਖੇਲੁ॥ਨਉਦਰਵਾਜੇਦਸਵਾਦੁਆਰੁ॥ਬੁਝੁਰੇਗਿਆਨੀਏਹੁਬੀ

ਇਸੇ ਬੀੜ ਦੇ ਅਗਲੇ ਰਾਗ ਗਉੜੀ ਗੁਆਰੇਰੀ ਤੋਂ ਪਹਿਲਾਂ ਆਏ ਸੰਪੂਰਨ ਮੰਗਲ ਦੀ ਤਸਵੀਰ



॥ ੧ੳਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥ ੧੫੪

॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥

॥ਰਾਗੁਆਸਾਮਹਲਾ੧ ਘਰੁ੧ ਸੋਦਰੁ॥ ॥ਸੋਦਰੁਤੇਰਾਕੇਹਾਸੋਘਰੁਕੇਹਾਜਿਤੁਬਹਿ
ਸਰਬਸਮਾਲੇ॥ਵਾਜੇਤੇਰੇਨਾਦਅਨੇਕਅਸੰਖਾਕੇਤੇਤੇਰੇਵਾਵਣਹਾਰੇ॥ਕੇਤੇਤੇਰੇਰਾਗਪਰੀਸਿਉ
ਕਹੀਅਹਿਕੇਤੇਤੇਰੇਗਾਵਣਹਾਰੇ॥ਗਾਵਨਿਤੁਧਨੋਪਉਣੁਪਾਣੀਬੈਸੰਤਰੁਗਾਵੈਰਾਜਾਧਰਮਦੁ
ਆਰੇ॥ਗਾਵਨਿਤੁਧਨੋਚਿਤੁਗੁਪਤੁਲਿਖਿਜਾਣਨਿਲਿਖਿਲਿਖਿਧਰਮੁਵੀਚਾਰੇ॥ਗਾਵਨਿਤੁਧਨੋ
ਈਸਰੁਬ੍ਰਹਮਾਦੇਵੀਸੋਹਨਿਤੇਰੇਸਦਾਸਵਾਰੇ॥ਗਾਵਨਿਤੁਧਨੋਇੰਦ੍ਰਇੰਦ੍ਰਾਸਣਿਬੈਠੇਦੇਵਤਿਆ
ਦਰਿਨਾਲੇ॥ਗਾਵਨਿਤੁਧਨੋਸਿਧਸਮਾਧੀਅੰਦਰਿਗਾਵਨਿਤੁਧਨੋਸਾਧਬੀਚਾਰੇ॥ਗਾਵਨਿਤੁ॥
ਧਨੋਜਤੀਸਤੀਸੰਤੋਖੀਗਾਵਨਿਤੁਧਨੋਵੀਰਕਰਾਰੇ॥ਗਾਵਨਿਤੁਧਨੋਪੰਡਿਤਪੜੇਰਖੀਸੁਰਜੁਗੁ॥
ਜੁਗੁਵੇਦਾਨਾਲੇ॥ਗਾਵਨਿਤੁਧਨੋਮੋਹਣੀਆਮਨੁਮੋਹਨਿਸੁਰਗੁਮਛੁਪਇਆਲੇ॥ਗਾਵਨਿਤੁ॥
ਧਨੋਰਤਨਉਪਾਏਤੇਰੇਜੇਤੇਅਠਸਠਿਤੀਰਥਨਾਲੇ॥ਗਾਵਨਿਤੁਧਨੋਜੋਧਮਹਾਬਲਸੂਰਾਗਾਵਨਿ
ਤੁਧਨੋਖਾਣੀਚਾਰੇ॥ਗਾਵਨਿਤੁਧਨੋਖੰਡਮੰਡਲਬ੍ਰਹਮੰਡਾਕਰਿਕਰਿਰਖੇਤੇਰੇਧਾਰੇ॥ਸੇਈਤੁਧ
ਨੋਗਾਵਨਿਜੋਤੁਧੁਭਾਵਨਿਰਤੇਤੇਰੇਭਗਤਰਸਾਲੇ॥ਹੋਰਿਕੇਤੇਤੁਧਨੋਗਾਵਨਿਸੇਮੈਚਿਤਿਨਆਵ
ਨਿਨਾਨਕੁਕਿਆਬੀਚਾਰੇ॥ਸੋਈਸੋਈਸਦਾਸਚੁਸਾਹਿਬੁਸਾਚਾਸਾਚੀਨਾਈ॥ਹੈਭੀਹੋਸੀਜਾਇ
ਨਜਾਸੀਰਚਨਾਜਿਨਿਰਚਾਈ॥ਰੰਗੀਰੰਗੀਭਾਤੀਕਰਿਕਰਿਜਿਨਸੀਮਾਇਆਜਿਨਿਉਪਾਈ
ਕਰਿਕਰਿਦੇਖੈਕੀਤਾਆਪਣਾਜਿਉਤਿਸਦੀਵਡਿਆਈ॥ਜੋਤਿਸੁਭਾਵੈਸੋਈਕਰਸੀਫਿ
ਰਿਹੁਕਮੁਨਕਰਣਾਜਾਈ॥ਸੋਪਾਤਿਸਾਹੁਸਾਹਾਪਾਤਿਸਾਹਿਬੁਨਾਨਕਰਹਣੁਰਜਾਈ॥੧॥ ॥
ਆਸਾਮਹਲਾ੪ ॥ਸੋਪੁਰਖੁ॥ ॥ਸੋਪੁਰਖੁਨਿਰੰਜਨੁਹਰਿਪੁਰਖੁਨਿਰੰਜਨੁਹਰਿਅਗਮਾ
ਅਗਮਅਪਾਰਾ॥ਸਭਿਧਿਆਵਹਿਸਭਿਧਿਆਵਹਿਤੁਧੁਜੀਹਰਿਸਚੇਸਿਰਜਣਹਾਰਾ॥ਸਭਿ

ਵੇਖੋ ਇਸੇ ਬੀੜ ਵਿੱਚ ਰਾਗ ਆਸਾ ਤੋਂ ਪਹਿਲਾਂ ਆਏ ਸੰਪੂਰਨ ਮੰਗਲ ਦੀ ਤਸਵੀਰ



॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਗੂਜਰੀਮਹਲਾ੧ ॥ਚਉਪਦੇ॥ ਘਰੁ੧ ॥ਤੇਰਾਨਾਮੁਕਰੀਚਨਣਾਠੀਆ
ਜੇਮਨੁਉਰਸਾਹੋਇ॥ਕਰਣੀਕੁੰਗੂਜੇਰਲੈਘਟਅੰਤਰਿਪੂਜਾਹੋਇ॥੧॥ਪੂਜਾਕੀਚੈਨਾਮੁਧਿਆ
ਈਐ॥ਬਿਨੁਨਾਵੈਪੂਜਨਹੋਇ॥੧॥ਰਹਾਉ॥ਬਾਹਰਿਦੇਵਪਖਾਲੀਅਹਿਜੇਮਨੁਧੋਵੈਕੋਇ॥ਜੂ
ਠਿਲਹੈਜੀਉਮਾਜੀਐਮੋਖਪਇਆਣਾਹੋਇ॥੨॥ਪਸੂਮਿਲਹਿਚੰਗਿਆਈਆਖੜੁਖਾਵ
ਹਿਅੰਮ੍ਰਿਤੁਦੇਹਿ॥ਨਾਮਵਿਹੂਣੇਆਦਮੀਧ੍ਰਿਗੁਜੀਵਣਕਰਮਕਰੇਹਿ॥੩॥ਨੇੜਾਹੈਦੂਰਿਨਜਾ
ਣਿਅਹੁਨਿਤਸਾਰੇਸੰਮ੍ਹਾਲੇ॥ਜੋਦੇਵੈਸੋਖਾਵਣਾਕਹੁਨਾਨਕਸਾਚਾਹੇ॥੪॥੧॥ ਗੂਜਰੀ
ਮਹਲਾ੧ ॥ਨਾਭਿਕਮਲਤੇਬ੍ਰਹਮਾਉਪਜੇਬੇਦਪੜਹਿਮੁਖਿਕੰਠਿਸਵਾਰਿ॥ਤਾਕੋਅੰਤੁ
ਨਜਾਈਲਖਣਾਆਵਤਜਾਤਰਹੈਗੁਬਾਰਿ॥੧॥ਪ੍ਰੀਤਮਕਿਉਬਿਸਰਹਿਮੇਰੇਪ੍ਰਾਣਾਅਧਾ
ਰ॥ਜਾਕੀਭਗਤਿਕਰਹਿਜਨਪੂਰੇਮੁਨਿਜਨਸੇਵਹਿਗੁਰਵੀਚਾਰਿ॥੧॥ਰਹਾਉ॥ਰਵਿ
ਸਿਦੀਪਕਜਾਕੇਤ੍ਰਿਭਵਣਿਏਕਾਜੋਤਿਮੁਰਾਰਿ॥ਗੁਰਮੁਖਿਹੋਇਸੁਅਹਿਨਿਸਿਨਿਰਮਲੁ
ਮਨਮੁਖਿਰੈਣਿਅੰਧਾਰਿ॥੨॥ਸਿਧਸਮਾਧਿਕਰਹਿਨਿਤਝਗਰਾਦੁਹੁਲੋਚਨਿਕਿਆਹੇਰੈ
॥ਅੰਤਰਿਜੋਤਿਸਬਦੁਧੁਨਿਜਾਗੈਸਤਿਗੁਰੁਝਗਰੁਨਿਬੇਰੈ॥੩॥ਸੁਰਿਨਰਨਾਥਬੇਅੰ
ਤਅਜੋਨੀਸਾਚੈਮਹਲਿਅਪਾਰਾ॥ਨਾਨਕਸਹਜਿਮਿਲੇਜਗਜੀਵਨਨਦਰਿਕਰਹੁਨਿਸਤਾ
॥ਚਉਪਦੇ॥ ਰਾ॥੪॥੨॥ ੧ਓਸਤਿਗੁਰਪ੍ਰਸਾਦਿ॥ ਰਾਗੁਗੂਜਰੀਮਹਲਾ੩ ਘਰੁ੧
॥ਧ੍ਰਿਗੁਇਵੇਹਾਜੀਵਣਾਜਿਤੁਹਰਿਪ੍ਰੀਤਿਨਪਾਇ॥ਜਿਤੁਕੰਮਿਹਰਿਵੀਸਰੈਦੂਜੈਲਾਗੈ
ਜਾਇ॥੧॥ਐਸਾਸਤਿਗੁਰੁਸੇਵੀਐਮਨਾਜਿਤੁਸੇਵਿਐਗੋਵਿਦਪ੍ਰੀਤਿਊਪਜੈਅਵਰਵਿ
ਸਰਿਜਾਇ॥ਹਰਿਸੇਤੀਚਿਤੁਗਹਿਰਹੈਜਰਾਕਾਭਉਨਹੋਵਈਜੀਵਨਪਦਵੀਪਾਇ

ਇਸੇ ਬੀੜ ਵਿੱਚ ਰਾਗ ਗੂਜਰੀ ਦੇ ਆਰੰਭ ਤੋਂ ਪਹਿਲਾਂ ਦਰਜ ਹੋਏ ਸੰਪੂਰਨ ਮੰਗਲ ਦੀ ਤਸਵੀਰ



ਦੁਪਦੇ

॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਦੇਵਗੰਧਾਰੀਮਹਲਾ੪ + ਘਰੁ੧ ॥ਸੇਵਕਜਨਬਨੇਠਾਕੁਰਲਿਵਲਾਗੇ॥ਜੋ
ਤੁਮਰਾਜਸੁਕਹਤੇਗੁਰਮਤਿਤਿਨਮੁਖਭਾਗਸਭਾਗੇ॥੧॥ਰਹਾਉ॥ਟੂਟੇਮਾਇਆਕੇਬੰਧਨਫਾ
ਹੇਹਰਿਰਾਮਨਾਮਲਿਵਲਾਗੇ॥ਹਮਰਾਮਨੁਮੋਹਿਓਗੁਰਮੋਹਨਿਹਮਬਿਸਮਭਈਮੁਖਿਲਾਗੇ॥੧॥
ਸਗਲੀਰੈਣਿਸੋਈਅੰਧਿਆਰੀਗੁਰਕਿੰਚਤਕਿਰਪਾਜਾਗੇ॥ਜਨਨਾਨਕਕੇਪ੍ਰਭਸੁੰਦਰਸੁਆਮੀ
ਮੋਹਿਤੁਮਸਰਿਅਵਰੁਨਲਾਗੇ॥੨॥੧॥ ਦੇਵਗੰਧਾਰੀਮਹਲਾ੪ ॥ਮੇਰੋਸੁੰਦਰੁਕਹਹੁਮਿ
ਲੈਕਿਤੁਗਲੀ॥ਹਰਿਕੇਸੰਤਬਤਾਵਹੁਮਾਰਗੁਹਮਪੀਛੈਲਾਗਿਚਲੀ॥੧॥ਰਹਾਉ॥ਪ੍ਰਿਅਕੇ
ਬਚਨਸੁਖਾਨੇਹੀਅਰੈਇਹਚਾਲਬਨੀਹੈਭਲੀ॥ਲਟੁਰੀਮਧੁਰੀਠਾਕੁਰਭਾਈਓਹਸੁੰਦਰਿਹਰਿਢੁ
ਲਿਮਿਲੀ॥੧॥ਏਕੋਪ੍ਰਿਉਸਖੀਆਸਭਪ੍ਰਿਅਕੀਜੋਭਾਵੈਪਿਰਸਾਭਲੀ॥ਨਾਨਕੁਗਰੀਬੁਕਿਆ
ਕਰੈਬਿਚਾਰਾਹਰਿਭਾਵੈਤਿਤੁਰਾਹਿਚਲੀ॥੨॥੨॥ ਦੇਵਗੰਧਾਰੀਮਹਲਾ੪ ॥ਮੇਰੇ
ਮਨਮੁਖਿਹਰਿਹਰਿਹਰਿਬੋਲੀਐ॥ਗੁਰਮੁਖਿਰੰਗਿਚਲੂਲੈਰਾਤੀਹਰਿਪ੍ਰੇਮਭਿਨੀਚੋਲੀਐ॥੧
॥ਰਹਾਉ॥ਹਉਫਿਰਉਦਿਵਾਨੀਆਵਲਬਾਵਲਤਿਸੁਕਾਰਣਿਹਰਿਢੋਲੀਐ॥ਕੋਈਮੇਲੈਮੇਰਾ
ਪ੍ਰੀਤਮੁਪਿਆਰਾਹਮਤਿਸਕੀਗੁਲਗੋਲੀਐ॥੧॥ਸਤਿਗੁਰੁਪੁਰਖੁਮਨਾਵਹੁਅਪੁਨਾਹਰਿਅੰਮ੍ਰਿ
ਤੁਪੀਝੋਲੀਐ॥ਗੁਰਪ੍ਰਸਾਦਿਜਨਨਾਨਕਪਾਇਆਹਰਿਲਧਾਦੇਹਟੋਲੀਐ॥੨॥੩॥ ਦੇਵਗੰ
ਧਾਰੀਮਹਲਾ੪ ॥ਅਬਹਮਚਲੀਠਾਕੁਰਪਹਿਹਾਰਿ॥ਜਬਹਮਸਰਣਿਪ੍ਰਭੂਕੀਆਈਰਾਖੁ
ਪ੍ਰਭੂਭਾਵੈਮਾਰਿ॥੧॥ਰਹਾਉ॥ਲੋਕਨਕੀਚਤੁਰਾਈਉਪਮਾਤੇਬੈਸੰਤਰਿਜਾਰਿ॥ਕੋਈਭਲਾਕਹ
ਉਭਾਵੈਬੁਰਾਕਹਉਹਮਤਨੁਦੀਓਹੈਢਾਰਿ॥੧॥ਜੋਆਵਤਸਰਣਿਠਾਕੁਰਪ੍ਰਭੁਤੁਮਰੀਤਿਸੁ
ਰਾਖਹੁਕਿਰਪਾਧਾਰਿ॥ਜਨਨਾਨਕਸਰਣਿਤੁਮਾਰੀਹਰਿਜੀਉਰਾਖਹੁਲਾਜਮੁਰਾਰਿ॥੨॥੪॥

੩

ਇਸੇ ਬੀੜ ਦੇ ਰਾਗ ਦੇਵਗੰਧਾਰੀ ਤੋਂ ਪਹਿਲਾਂ ਆਏ ਸੰਪੂਰਨ ਮੰਗਲ ਦੀ ਤਸਵੀਰ।


॥ਤਨਤੇਪ੍ਰਾਨਹੋਤਜਬਨਿਆਰੇਟੇਰਤਪ੍ਰੇਤਪੁਕਾਰਿ॥ਆਧਘਰੀਕੋਊਨਹਿਰਾਖੈਘਰਤੇਦੇਤਨਿਕਾਰਿ
॥੧॥ਮ੍ਰਿਗਤ੍ਰਿਸਨਾਜਿਉਜਗਰਚਨਾਯਹਦੇਖਹੁਰਿਦੈਬੀਚਾਰਿ॥ਕਹੁਨਾਨਕਭਜੁਰਾਮਨਾਮਨਿਤਜਾ
ਤੇਹੋਤਉਧਾਰ॥੨॥੨॥ ਦੇਵਗੰਧਾਰੀਮਹਲਾ੯ ॥ਜਗਤਮੈਝੂਠੀਦੇਖੀਪ੍ਰੀਤਿ॥ਅਪਨੇਹੀ
ਸੁਖਸਿਉਸਭਲਾਗੇਕਿਆਦਾਰਾਕਿਆਮੀਤ॥੧॥ਰਹਾਉ॥ਮੇਰਉਮੇਰਉਸਭੈਕਹਤਹੈਹਿਤਸਿ
ਉਬਾਧਿਓਚੀਤ॥ਅੰਤਿਕਾਲਿਸੰਗੀਨਹਕੋਊਇਹਅਚਰਜਹੈਰੀਤਿ॥੧॥ਮਨਮੂਰਖਅਜਹੂਨ
ਸਮਝਤਸਿਖਦੈਹਾਰਿਓਨੀਤ॥ਨਾਨਕਭਉਜਲਪਾਰਿਪਰੈਜਉਗਾਵੈਪ੍ਰਭਕੇਗੀਤ॥੨॥੩॥
॥ਜੋੜੁ॥੪੭॥ ॥ ॥ ॥ ॥ ॥ ॥ ॥ ॥ ॥

॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥

॥ਰਾਗੁਬਿਹਾਗੜਾਮਹਲਾ੫ ॥ਚਉਪਦਾ॥ ਘਰੁ੨ ॥ਦੂਤਨਸੰਗਰੀਆ॥ਭੁਇਅੰ
ਗਨਿਬਸਰੀਆ॥ਅਨਿਕਉਪਰੀਆ॥੧॥ਤਉਮੈਹਰਿਹਰਿਕਰੀਆ॥ਤਉਸੁਖਸਹਜਰੀਆ॥੧॥ਰਹਾ
ਉ॥ਮਿਥਨਮੋਹਰੀਆ॥ਅਨਿਕਉਮੇਰੀਆ॥ਵਿਚਿਘੂਮਨਘਿਰੀਆ॥੨॥ਸਗਲਬਟਰੀਆ॥ਬਿਰ
ਖਇਕਤਰੀਆ॥ਬਹੁਬੰਧਹਿਪਰੀਆ॥੩॥ਥਿਰੁਸਾਧਸਫਰੀਆ॥ਜਹਕੀਰਤਨੁਹਰੀਆ॥ਨਾਨਕ
ਸਰਨਰੀਆ॥੪॥੧॥ ੧ਓਸਤਿਗੁਰਪ੍ਰਸਾਦਿ॥ ਰਾਗੁਬਿਹਾਗੜਾਮਹਲਾ੯
॥ਹਰਿਕੀਗਤਿਨਹਿਕੋਊਜਾਨੈ॥ਜੋਗੀਜਤੀਤਪੀਪਚਿਹਾਰੇਅਰੁਬਹੁਲੋਗਸਿਆਨੇ॥੧॥ਰਹਾਉ॥
ਛਿਨਮਹਿਰਾਉਰੰਕਕਉਕਰਈਰਾਉਰੰਕਕਰਿਡਾਰੇ॥ਰੀਤੇਭਰੇਭਰੇਸਖਨਾਵੈਯਹਤਾਕੋਬਿਵਹਾਰੋ
॥੧॥ਅਪਨੀਮਾਇਆਆਪਿਪਸਾਰੀਆਪਹਿਦੇਖਨਹਾਰਾ॥ਨਾਨਾਰੂਪਧਰੇਬਹੁਰੰਗੀਸਭਤੇਰਹੈਨਿਆ

ਦਰਸ਼ਨ ਕਰੋ ਇਸੇ ਬੀੜੇ ਦੇ ਰਾਗ ਬਿਹਾਗੜਾ ਦੇ ਆਰੰਭ ਹੋਣ ਤੋਂ ਪਹਿਲਾਂ ਦਰਜ ਕੀਤੇ ਗਏ ਸੰਪੂਰਨ ਮੰਗਲ ਦੇ।



ਇਸੇ ਬੀੜ ਦੇ ਰਾਗ ਵਡਹੰਸ ਦੇ ਆਰੰਭ ਤੋਂ ਪਹਿਲਾਂ ਦਰਜ ਕੀਤਾ ਗਿਆ ਸੰਪੂਰਨ ਮੰਗਲ।



॥ ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ॥ ੩੩੩

॥ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ॥

॥ਰਾਗੁ ਸੋਰਠਿ ਮਹਲਾ ੧ ॥ਚਉਪਦੇ॥ ਘਰੁ ੧ ॥ਸਭਨਾ ਮਰਣਾ ਆਇਆ ਵੇਛੋੜਾ

ਇਸੇ ਬੀੜ ਵਿੱਚ ਰਾਗ ਸੋਰਠ ਤੋਂ ਪਹਿਲਾਂ ਦਰਜ ਹੋਇਆ ਸੰਪੂਰਨ ਮੰਗਲ।



॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥ ੩੩੩
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਧਨਾਸਿਰੀਮਹਲਾ੧ ॥ਚਉਪਦੇ॥ ਘਰੁ੧ ॥ਜੀਉਡਰਤੁਹੈਆਪਣਾਕੈਸਿਉ
ਕਰੀਪੁਕਾਰ॥ਦੂਖਵਿਸਾਰਣੁਸੇਵਿਆਸਦਾਸਦਾਦਾਤਾਰੁ॥੧॥ਸਾਹਿਬੁਮੇਰਾਨੀਤਨਵਾਸਦਾਸਦਾਦ
ਾਤਾਰੁ॥੧॥ਰਹਾਉ॥ਅਨਦਿਨੁਸਾਹਿਬੁਸੇਵੀਐਅੰਤਿਛਡਾਏਸੋਇ॥ਸੁਣਿਸੁਣਿਮੇਰੀਕਾਮਣੀਪਾਰਿ
ਉਤਾਰਾਹੋਇ॥੨॥ਦਇਆਲਤੇਰੈਨਾਮਿਤਰਾ॥ਸਦਕੁਰਬਾਣੈਜਾਉ॥੧॥ਰਹਾਉ॥ਸਰਬੰਸਾ
ਚਾਏਕੋਹੈਦੂਜਾਨਾਹੀਕੋਇ॥ਤਾਕੀਸੇਵਾਸੋਕਰੇਜਾਕਉਨਦਰਿਕਰੇ॥੩॥ਤੁਧੁਬਾਝੁਪਿਆਰੇਕੇ
ਵ ਰਹਾ॥ਸਾਵਡਿਆਈਦੇਹਿਜਿਤੁਨਾਮਿਤੇਰੇਲਾਗਿਰਹਾ॥ਦੂਜਾਨਾਹੀਕੋਇਜਿਸੁਆਗੈਪਿਆ
ਰੇਜਾਇਕਹਾ॥੧॥ਰਹਾਉ॥ਸੇਵੀਸਾਹਿਬੁਆਪਣਾਅਵਰੁਨਜਾਚੰਉਕੋਇ॥ਨਾਨਕੁਤਾਕਾਦਾਸੁ
ਹੈਬਿੰਦਬਿੰਦਚੁਖਚੁਖਹੋਇ॥੪॥ਸਾਹਿਬਤੇਰੇਨਾਮਵਿਟਹੁ॥ਬਿੰਦਬਿੰਦਚੁਖਚੁਖਹੋਇ॥੧॥
ਰਹਾਉ॥੧॥ ਧਨਾਸਰੀਮਹਲਾ੧ ॥ਹਮਆਦਮੀਹਾਂਇਕਦਮੀਮੁਹਲਤਿਮੁਹਤੁਨਜ
ਾਣਾ॥ਨਾਨਕੁਬਿਨਵੈਤਿਸੈਸਰੇਵਹੁਜਾਕੇਜੀਅਪਰਾਣਾ॥੧॥ਅੰਧੇਜੀਵਨਾਵੀਚਾਰਿਦੇਖਿਕੇਤੇ
ਕੇਦਿਨਾ॥੧॥ਰਹਾਉ॥ਸਾਸੁਮਾਸੁਸਭੁਜੀਉਤੁਮਾਰਾਤੂਮੈਖਰਾਪਿਆਰਾ॥ਨਾਨਕੁਸਾਇਰੁਏਵ
ਕਹਤੁਹੈ ਸਚੇਪਰਵਦਗਾਰਾ॥੨॥ਜੇਤੂਕਿਸੈਨਦੇਹੀਮੇਰੇਸਾਹਿਬਾਕਿਆਕੋਕਢੈਗਹਣਾ॥ਨ
ਾਨਕੁਬਿਨਵੈਸੋਕਿਛੁਪਾਈਐਪੁਰਬਿਲਿਖੇਕਾਲਹਣਾ॥੩॥ਨਾਮੁਖਸਮਕਾਚਿਤਿਨਕੀਆਕਪ
ਟੁਕਪਟੁਕਮਾਣਾ॥ਜਮਦੁਆਰਿਜਾਪਕੜਿਚਲਾਇਆਤਾਚਲਦਾਪਛੁਤਾਣਾ॥੪॥ਜਬਲਗ
ਦੁਨੀਆਰਹੀਐਨਾਨਕਕਿਛੁਸੁਣੀਐਕਿਛੁਕਹੀਐ॥ਭਾਲਿਰਹੇਹਮਰਹਣੁਨਪਾਇਆਜੀ
ਵਤਿਆਮਰਿਰਹੀਐ॥੫॥੨॥ ਧਨਾਸਰੀਮਹਲਾ੧ ਘਰੁ੨ ॥ਕਿਉਸਿਮਰੀਸਿਵ
ਰਿਆਨਹੀਜਾਇ॥ਤਪੈਹਿਆਉਜੀਅੜਾਬਿਲਲਾਇ॥ਸਿਰਜਿਸਵਾਰੇਸਾਚਾਸੋਇ॥ਤਿਸੁ

੧ਓ ਸਤਿਗੁਰਪ੍ਰਸਾਦਿ

ਇਸੇ ਬੀੜ ਦੇ ਰਾਗ ਧਨਾਸਰੀ ਦੇ ਆਰੰਭ ਤੋਂ ਪਹਿਲਾਂ ਦਰਜ ਹੋਇਆ ਸੰਪੂਰਨ ਮੰਗਲ।



॥ਜੋਬ੍ਰਹਮੰਡੇਸੋਈਪਿੰਡੇਜੋਖੋਜੈਸੋਪਾਵੈ॥ਪੀਪਾਪ੍ਰਣਵੈਪਰਮਤਤੁਹੈਸਤਿਗੁਰੁਹੋਇਲਖਾਵੈ॥੨॥੧॥ ੩੮੮
॥੬॥ ੴਸਤਿਗੁਰਪ੍ਰਸਾਦਿ॥ ਰਾਗੁਧਨਾਸਰੀਬਾਣੀਭਗਤਧੰਨੇਜੀਉਕੀ॥ ॥
॥ਗੋਪਾਲਤੇਰਾਆਰਤਾ॥ਜੋਜਨਤੁਮਰੀਭਗਤਿਕਰੰਤੇਤਿਨਕੇਕਾਜਸਵਾਰਤਾ॥੧॥ਰਹਾਉ॥ਦਾਲਿ
ਸੀਧਾਮਾਗਉਘੀਉ॥ਹਮਰਾਖੁਸੀਕਰੈਨਿਤਜੀਉ॥ਪਨੀਆਛਾਦਨੁਨੀਕਾ॥ਅਨਾਜੁਮਗਉਸਤ
ਸੀਕਾ॥੧॥ਗਊਭੈਸਮਗਉਲਾਵੇਰੀ॥ਇਕਤਾਜਨਿਤੁਰੀਚੰਗੇਰੀ॥ਘਰਕੀਗੀਹਨਿਚੰਗੀ॥ਜ
ਨੁਧੰਨਾਲੇਵੈਮੰਗੀ॥੨॥੧॥ ॥ਕਬੀਰਜੀਉਕੇ॥੫॥ ॥ਨਾਮਦੇਵਜੀਕੇ੫॥ ਰਵਿਦਾ
ਸਜੀਉਕੇ॥੩॥ ਤ੍ਰਿਲੋਚਨਜੀਕੇ॥੧॥ ਪੀਪਾਜੀਕੇ॥੧॥ ਧੰਨਾਜੀਕੇ॥੧ ਜੁਮਲਾ॥੧੭॥

॥ ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਜੈਤਸਿਰੀਮਹਲਾ੪ ਚਉਪਦੇ॥ ਘਰੁ੧ ॥ਮੇਰੈਹੀਅਰੈਰਤਨੁਨਾਮੁਹਰਿਬ
ਸਿਆਗੁਰਿਹਾਥੁਧਰਿਓਮੇਰੈਮਾਥਾ॥ਜਨਮਜਨਮਕੇਕਿਲਬਿਖਦੁਖਉਤਰੇਗੁਰਿਨਾਮੁਦੀਓਰਿ
ਨੁਲਾਥਾ॥੧॥ਮੇਰੇਮਨਭਜੁਰਾਮਨਾਮੁਸਭਿਅਰਥਾ॥ਗੁਰਿਪੂਰੈਹਰਿਨਾਮੁਦ੍ਰਿੜਾਇਆਬਿਨੁਨਾਵੈ
ਜੀਵਨੁਬਿਰਥਾ॥੧॥ਰਹਾਉ॥ਬਿਨੁਗੁਰਮੂੜਭਏਹੈਮਨਮੁਖਤੇਮੋਹਮਾਇਆਨਿਤਫਾਥਾ॥ਤਿਨ
ਸਾਧੂਚਰਣਨਸੇਵੇਕਬਹੂਤਿਨਸਭੁਜਨਮੁਅਕਾਥਾ॥੨॥ਜਿਨਸਾਧੂਚਰਣਸਾਧਪਗਸੇਵੇਤਿਨਸ
ਫਲਿਓਜਨਮੁਸਨਾਥਾ॥ਮੋਕਉਕੀਜੈਦਾਸੁਦਾਸਦਾਸਨਕੋਹਰਿਦਇਆਧਾਰਿਜਗੰਨਾਥਾ॥੩॥ਹ
ਮਅੰਧੁਲੇਗਿਆਨਹੀਨਅਗਿਆਨੀਕਿਉਚਾਲਹਮਾਰਗਿਪੰਥਾ॥ਹਮਅੰਧੁਲੇਕਉਗੁਰਅੰਚਲੁ

ਵੇਖੋ ਇਸ ਬੀੜ ਵਿੱਚ ਰਾਗ ਜੈਤਸਰੀ ਦੇ ਆਰੰਭ ਤੋਂ ਪਹਿਲਾਂ ਸੰਪੂਰਨ ਮੰਗਲ ਦੀ ਤਸਵੀਰ।



॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥ ੩੯੭

॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ॥

ਰਾਗੁਟੋਡੀਮਹਲਾ੪ ਘਰੁ੧ ॥ਹਰਿਬਿਨੁਰਹਿਨਸਕੈਮਨੁਮੇਰਾ॥ਮੇਰੇਪ੍ਰੀਤਮਪ੍ਰਾਨਹਰਿ
ਪ੍ਰਭੁਗੁਰੁਮੇਲੇਬਹੁਰਿਨਭਵਜਲਿਫੇਰਾ॥੧॥ਰਹਾਉ॥ਮੇਰੈਹੀਅਰੈਲੋਚਲਾਗੀਪ੍ਰਭਕੇਰੀਹਰਿਨੈਨਹੁ
ਹਰਿਪ੍ਰਭੁਹੇਰਾ॥ਸਤਿਗੁਰਿਦਇਆਲਿਹਰਿਨਾਮੁਦ੍ਰਿੜਾਇਆਹਰਿਪਾਧਰੁਹਰਿਪ੍ਰਭਕੇਰਾ॥੧॥ਹਰਿ
ਰੰਗੀਹਰਿਨਾਮੁਪ੍ਰਭੁਪਾਇਆਹਰਿਗੋਵਿੰਦਹਰਿਪ੍ਰਭਕੇਰਾ॥ਹਰਿਹਿਰਦੈਮਨਿਤਨਿਮੀਠਾਲਾਗਾਮੁਖਿ
ਮਸਤਕਿਭਾਗੁਪੂਰੇਰਾ॥੨॥ਲੋਭਵਿਕਾਰਜਿਨਾਮਨੁਲਾਗਾਹਰਿਵਿਸਰਿਆਪੁਰਖੁਚੰਗੇਰਾ॥ਓ
ਇਮਨਮੁਖਮੂੜਅਗਿਆਨੀਕਹੀਅਹਿਤਿਨਮਸਤਕਿਭਾਗੁਮੰਦੇਰਾ॥੩॥ਬਿਬੇਕਬੁਧਿਸਤਿਗੁ
ਰਤੇਪਾਈਗੁਰਗਿਆਨੁਗੁਰੂਪ੍ਰਭਕੇਰਾ॥ਜਨਨਾਨਕਨਾਮੁਗੁਰੂਤੇਪਾਇਆਧੁਰਿਮਸਤਕਿਭਾਗੁਲਿ
ਖੇਰਾ॥੪॥੧॥ ੧ਓਸਤਿਗੁਰਪ੍ਰਸਾਦਿ॥ਰਾਗੁਟੋਡੀਮਹਲਾ੫ ਚਉਪਦੇ॥ ਘਰੁ੧ ॥
ਸੰਤਨਅਵਰਨਕਾਹੂਜਾਨੀ॥ਬੇਪਰਵਾਹਸਦਾਰੰਗਿਹਰਿਕੈਜਾਕੋਪਾਖੁਸੁਆਮੀ॥੧॥ਰਹਾਉ॥ਊ
ਚਸਮਾਨਾਠਾਕੁਰਤੇਰੋਅਵਰਨਕਾਹੂਤਾਨੀ॥ਐਸੋਅਮਰੁਮਿਲਿਓਭਗਤਨਕਉਰਾਚਿਰਹੇਰੰਗਿਗਿ
ਆਨੀ॥੧॥ਰੋਗਸੋਗਦੁਖਜਰਾਮਰਾਹਰਿਜਨਹਿਨਹੀਨਿਕਟਾਨੀ॥ਨਿਰਭਉਹੋਇਰਹੇਲਿਵਏਕੈ
ਨਾਨਕਹਰਿਮਨੁਮਾਨੀ॥੨॥੧॥ ਟੋਡੀਮਹਲਾ੫ ॥ਹਰਿਬਿਸਰਤਸਦਾਖੁਆਰੀ॥ਤਾਕ
ਉਧੋਖਾਕਹਾਬਿਆਪੈਜਾਕਉਓਟਤੁਹਾਰੀ॥੧॥ਰਹਾਉ॥ਬਿਨੁਸਿਮਰਨਜੋਜੀਵਨੁਬਲਨਾਸਰਪ
ਜੈਸੇਅਰਜਾਰੀ॥ਨਵਖੰਡਨਕੋਰਾਜੁਕਮਾਵੈਅੰਤਿਚਲੈਗੋਹਾਰੀ॥੧॥ਗੁਣਨਿਧਾਨਗੁਣਤਿਨਹੀਗਾ
ਏਜਾਕਉਕਿਰਪਾਧਾਰੀ॥ਸੋਸੁਖੀਆਧੰਨੁਉਸੁਜਨਮਾਨਾਨਕਤਿਸੁਬਲਿਹਾਰੀ॥੧॥੨॥ ॥
॥ ੧ਓਸਤਿਗੁਰਪ੍ਰਸਾਦਿ॥ ਟੋਡੀਮਹਲਾ੫ ॥ਦੁਪਦੇ॥ ਘਰੁ੨ ॥ਧਾਇਓ
ਰੇਮਨਦਹਦਿਸਧਾਇਓ॥ਮਾਇਆਮਗਨਸੁਆਦਿਲੋਭਿਮੋਹਿਓਤਿਨਿਪ੍ਰਭਿਆਪਿਭੁਲਾਇਓ॥

ਇਸੇ ਬੀੜ ਵਿੱਚ ਟੋਡੀ ਰਾਗ ਦੇ ਆਰੰਭ ਤੋਂ ਪਹਿਲਾਂ ਵੇਖੋ ਦਰਜ ਹੋਇਆ ਸੰਪੂਰਨ ਮੰਗਲ।



੪੦੧

੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਰਾਗੁ ਬੈਰਾੜੀ ਮਹਲਾ ੪ ਦੁਪਦੇ ਘਰੁ ੧

ਕਰੋ ਦਰਸ਼ਨ ਰਾਗ ਬੈਰਾੜੀ ਦੇ ਆਰੰਭ ਤੋਂ ਪਹਿਲਾਂ ਦਰਜ ਹੋਏ ਸੰਪੂਰਨ ਮੰਗਲ ਦੇ।


ਤਸੋਈਅਨਿਪਾਈਐ॥ਕਰਿਕਿਰਪਾਹਰਿਨਾਮੁਦਿਵਾਈਐ॥ਸਰਬਸੁਖਹਰਿਨਾਮਿਵਡਾਈ॥ਗੁਰਪ੍ਰ ੪੦੨
ਸਾਦਿਨਾਨਕਮਤਿਪਾਈ॥੨॥੧॥ ॥੭॥ਜੋੜ੍ਹ॥ ॥ ॥ ॥ ॥ ॥

੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
ਰਾਗੁਤਿਲੰਗਮਹਲਾ੧ ਘਰੁ੧ ॥ਯਕਅਰਜਗੁਫਤਮਪੇਸਿਤੋਦਰਗੋਸਕੁਨਕਰਤਾਰ॥
ਹਕਾਕਬੀਰਕਰੀਮਤੂਬੇਐਬਪਰਵਦਗਾਰ॥੧॥ਦੁਨੀਆਮੁਕਾਮੇਫਾਨੀ॥ਤਹਕੀਕਦਿਲਦਾਨੀ॥
ਮਮਸਰਮੂਇਅਜਰਾਈਲਗਿਰਫਤਹਦਿਲਹੇਚਿਨਦਾਨੀ॥੧॥ਰਹਾਉ॥ਜਨਪਿਸਰਪਦਰਬਿ
ਰਾਦਰਾਂਕਸਨੇਸਦਸਤੰਗੀਰ॥ਆਖਿਰਬਿਅਫਤਮਕਸਨਦਾਰਦਚੂੰਸਵਦਤਕਬੀਰ॥੨॥ਸਬ
ਰੋਜਗਸਤਮਦਰਹਵਾਕਰਦੇਮਬਦੀਖਿਆਲ॥ਗਾਹੇਨਨੇਕੀਕਾਰਕਰਦਮਮਮਈਂਚਿਨੀਅਹ
ਵਾਲ॥੩॥ਬਦਬਖਤਹਮਚੁਬਖੀਲਗਾਫਿਲਬੇਨਜਰਬੇਬਾਕ॥ਨਾਨਕਬੁਗੋਯਦਜਨੁਤੁਰਾਤੇ
ਰੇਚਾਕਰਾਪਾਖਾਕ॥੪॥੧॥ ਤਿਲੰਗਮਹਲਾ੧ ਘਰੁ੨ ॥ਭਉਤੇਰਾਭਾਂਗਖਲੜੀਮੇ
ਰਾਚੀਤੁ॥ਮੈਦੇਵਾਨਾਭਇਆਅਤੀਤੁ॥ਕਰਕਾਸਾਦਰਸਨਕੀਭੂਖ॥ਮੈਦਰਮਾਗਉਨੀਤਾਨੀਤ॥
ਤਉਦਰਸਨਕੀਕਰਉਸਮਾਇ॥ਮੈਦਰਮਾਗਤੁਭੀਖਿਆਪਾਇ॥੧॥ਰਹਾਉ॥ਕੇਸਰਿਕੁਸਮ
ਮਿਰਗਮੈਹਰਣਾਸਰਬਸਰੀਰੀਚੜਣਾ॥ਚੰਦਨਭਗਤਾਜੋਤਿਇਨੇਹੀਸਰਬੇਪਰਮਲੁਕਰਣਾ॥੨॥
ਘਿਅਪਟਭਾਡਾਕਹੈਨਕੋਇ॥ਐਸਾਭਗਤੁਵਰਨਮਹਿਹੋਇ॥ਤੇਰੈਨਾਮਿਨਿਵੇਰਹੇਇਵਲਾਇ॥
ਨਾਨਕਤਿਨਦਰਿਭੀਖਿਆਪਾਇ॥੩॥੨॥ ਤਿਲੰਗਮਹਲਾ੧ ਘਰੁ੩ ॥ਇਹੁਤਨੁ
ਮਾਇਆਪਾਹਿਆਪਿਆਰੇਲੀਤੜਾਲਬਿਰੰਗਾਇ॥ਮੇਰੈਕੰਤਨਭਾਵੈਚੋਲੜਾਪਿਆਰੇਕਿਉਧਨ

ਇਸੇ ਬੀੜ ਵਿੱਚ ਤਿਲੰਗ ਰਾਗ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਹੋਇਆ ਹੋਇਆ ਹੈ।



੧ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥ ੪੦੬
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਸੂਹੀਮਹਲਾ੧ ॥ਚਉਪਦੇ ਘਰੁ੧ ॥ਭਾਂਡਾਧੋਇਬੈਸਿਧੂਪੁਦੇਵਹੁਤ
ਉਦੂਧੈਕਉਜਾਵਹੁ॥ਦੂਧੁਕਰਮਫੁਨਿਸੁਰਤਿਸਮਾਇਣੁਹੋਇਨਿਰਾਸਜਮਾਵਹੁ॥੧॥ਜਪਹੁਤ
ਏਕੋਨਾਮਾ॥ਅਵਰਿਨਿਰਾਫਲਕਾਮਾ॥੧॥ਰਹਾਉ॥ਇਹੁਮਨੁਈਟੀਹਾਥਿਕਰਹੁਫੁਨਿਨੇਤ੍ਰਉ
ਨੀਦਨਆਵੈ॥ਰਸਨਾਨਾਮੁਜਪਹੁਤਬਮਥੀਐਇਨਬਿਧਿਅੰਮ੍ਰਿਤੁਪਾਵਹੁ॥੨॥ਮਨੁਸੰਪਟੁਜਿ
ਤੁਸਤਸਰਿਨਾਵਣੁਭਾਵਨਪਾਤੀਤ੍ਰਿਪਤਿਕਰੇ॥ਪੂਜਾਪ੍ਰਾਣਸੇਵਕੁਜੇਸੇਵੇਇਨਬਿਧਿਸਾਹਿਬੁਰਵਤੁਰਹੈ
॥੩॥ਕਹਦੇਕਹਹਿਕਹੇਕਹਿਜਾਵਹਿਤੁਮਸਰਿਅਵਰੁਨਕੋਈ॥ਭਗਤਿਹੀਣੁਨਾਨਕੁਜਨੁਜੰ
ਪੈਹਉਸਾਲਾਹੀਸਚਾਸੋਈ॥੪॥੧॥ ੧ੴਸਤਿਗੁਰਪ੍ਰਸਾਦਿ॥ ॥
॥ਸੂਹੀਮਹਲਾ੧ ਘਰੁ੨ ॥ਅੰਤਰਿਵਸੈਨਬਾਹਰਿਜਾਇ॥ਅੰਮ੍ਰਿਤੁਛੋਡਿਕਾਹੇਬਿ
ਖੁਖਾਇ॥੧॥ਐਸਾਗਿਆਨੁਜਪਹੁਮਨਮੇਰੇ॥ਹੋਵਹੁਚਾਕਰਸਾਚੇਕੇਰੇ॥੧॥ਰਹਾਉ॥ਗਿਆਨੁ
ਧਿਆਨੁਸਭੁਕੋਈਰਵੈ॥ਬਾਂਧਨਿਬਾਂਧਿਆਸਭੁਜਗੁਭਵੈ॥੨॥ਸੇਵਾਕਰੇਸੁਚਾਕਰੁਹੋਇ॥ਜ
ਲਿਥਲਿਮਹੀਅਲਿਰਵਿਰਹਿਆਸੋਇ॥੩॥ਹਮਨਹੀਚੰਗੇਬੁਰਾਨਹੀਕੋਇ॥ਪ੍ਰਣਵਤਿਨਾਨਕੁਤਾਰੇ
ਸੋਇ॥੪॥੧॥੨॥ ੧ੴਸਤਿਗੁਰਪ੍ਰਸਾਦਿ॥ ਸੂਹੀਮਹਲਾ੧ ਘਰੁ੬ ॥ਉਜ
ਲੁਕੈਹਾਚਿਲਕਣਾਘੋਟਿਮਕਾਲੜੀਮਸੁ॥ਧੋਤਿਆਜੂਠਿਨਉਤਰੈਜੇਸਉਧੋਵਾਤਿਸੁ॥੧॥
ਸਜਣਸੇਈਨਾਲਿਮੈਚਲਦਿਆਨਾਲਿਚਲੰਨਿ॥ਜਿਥੈਲੇਖਾਮੰਗੀਐਤਿਥੈਖੜੇਦਿਸੰਨਿ॥੧
ਕੋਠੇਮੰਡਪਮਾੜੀਆਪਾਸਹੁਚਿਤਵੀਆਹਾ॥ਢਠੀਆਕੰਮਿਨਆਵਨੀਵਿਚਹੁਸਖਣੀਆ
ਹਾ॥ਬਗਾਬਗੇਕਪੜੇਤੀਰਥਮੰਝਿਵਸੰਨਿ॥ਘੁਟਿਘੁਟਿਜੀਆਖਾਵਣੇਬਗੇਨਾਕਹੀਅ
ਨਿ॥੩॥ਸਿੰਮਲਰੁਖੁਸਰੀਰੁਮੈਮੈਜਨਦੇਖਿਭੁਲੰਨਿ॥ਸੇਫਲਕੰਮਿਨਆਵਨੀਤੇਗੁਣਮੈਤਨਿਹ

ਇਸੇ ਬੀੜ ਅੰਦਰ ਰਾਗ ਸੂਹੀ ਦੇ ਆਰੰਭ ਵਿੱਚ ਦਰਜ ਸੰਪੂਰਨ ਮੰਗਲ।


੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
॥ਰਾਗੁ ਬਿਲਾਵਲੁ ਮਹਲਾ ੧ ॥ਚਉਪਦੇ॥ ਘਰੁ ੧ ॥ਤੂ ਸੁਲਤਾਨੁ ਕਹਾ ਹਉ ਮੀ
ਆ ਤੇਰੀ ਕਵਨ ਵਡਾਈ ॥ ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ
ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ
ਤੁਝ ਤੇ ਤੇਰੀ ਸਭ ਅਸਨਾਈ ॥ ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥
੨॥ ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥ ਜੋ ਤੁਧੁ ਭਾਵੈ ਸੋਈ ਆਖਾ ਤਿ
ਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥ ਭਗਤਿ ਹੀਣੁ ਨਾ
ਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥ ਬਿਲਾਵਲੁ ਮਹਲਾ ੧ ॥ਮਨੁ ਮੰਦਰੁ
ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆ
ਵਾ ॥੧॥ ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ
ਪਰਾਈ ॥੧॥ ਰਹਾਉ ॥ ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ ਜਲਿ ਥਲਿ
ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮਾਰੀ ॥੨॥ ਸਿਖ ਮਤਿ ਸਭ ਬੁਧਿ ਤੁਮਾਰੀ
ਮੰਦਿਰ ਛਾਵਾ ਤੇਰੇ ॥ ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥ ਜੀ
ਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ ॥ ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ
ਕੀ ਅਰਦਾਸੇ ॥੪॥੨॥ ਬਿਲਾਵਲੁ ਮਹਲਾ ੧ ॥ ਆਪੇ ਸਬਦੁ ਆਪੇ ਨੀਸਾਨੁ ॥ ਆ
ਪੇ ਸੁਰਤਾ ਆਪੇ ਜਾਨੁ ॥ ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥੧॥ ਐਸਾ ਨਾਮੁ
ਨਿਰੰਜਨ ਦੇਉ ॥ ਹਉ ਜਾਚਿਕੁ ਤੂ ਅਲਖ ਅਭੇਉ ॥੧॥ ਰਹਾਉ ॥ ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮ
ਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥ ਚਖਿ ਛੋ

ਇਸੇ ਬੀੜ ਅੰਦਰ ਰਾਗ ਬਿਲਾਵਲ ਦੇ ਆਰੰਭ ਵਿੱਚ ਦਰਜ ਕੀਤਾ ਗਿਆ ਸੰਪੂਰਨ ਮੰਗਲ।



ਓਨੁਸਪਨਾਜਨੁਤੇਰਾ॥੪॥੧॥ ਜੋੜ॥੧੨॥੧॥੨॥੧॥੧੬॥ਜੋੜ॥ ॥ ॥ ॥ ੪੭੮

੧ਓ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥

॥ ਅਕਾਇਮੂਰਤਅਜੂਨੀਸੈਭੰਗੁਰਪ੍ਰਸਾਦਿ॥ ॥

॥ਰਾਗੁਗੋਡਮਹਲਾ੪ ਚਉਪਦੇ॥ ਘਰੁ੧ ॥ਜੇਮਨਿਚਿਤਿਆਸਰਖਹਿਹਰਿਉਪਰਿ
ਤਾਮਨਿਚਿੰਦੇਅਨੇਕਅਨੇਕਫਲਪਾਈ॥ਹਰਿਜਾਣੈਸਭੁਕਿਛੁਜੋਜੀਇਵਰਤੈਪ੍ਰਭੁਘਾਲਿਆਕਿਸੈ
ਕਾਇਕੁਤਿਲੁਨਗਵਾਈ॥ਹਰਿਤਿਸਕੀਆਸਕੀਜੈਮਨਮੇਰੇਜੋਸਭਮਹਿਸੁਆਮੀਰਹਿਆਸਮਾਈ
॥੧॥ਮੇਰੇਮਨਆਸਾਕਰਿਜਗਦੀਸਗੁਸਾਈ॥ਜੋਬਿਨੁਹਰਿਆਸਅਵਰਕਾਹੂਕੀਕੀਜੈਸਾਨਿਹਫਲ
ਆਸਸਭਬਿਰਥੀਜਾਈ॥੧॥ਰਹਾਉ॥ਜੋਦੀਸੈਮਾਇਆਮੋਹਕੁਟੰਬੁਸਭੁਮਤਤਿਸਕੀਆਸ
ਲਗਿਜਨਮੁਗਵਾਈ॥ਇਨ੍ਹਕੈਕਿਛੁਹਾਥਿਨਹੀਕਹਾਕਰਹਿਇਹਿਬਪੁੜੇਇਨ੍ਹਕਾਵਾਹਿਆਕਛੁਨ
ਵਸਾਈ॥ਮੇਰੇਮਨਆਸਕਰਿਹਰਿਪ੍ਰੀਤਮਅਪੁਨੇਕੀਜੋਤੁਝੁਤਾਰੈਤੇਰਾਕੁਟੰਬੁਸਭੁਛਡਾਈ॥੨॥
ਜੇਕਿਛੁਆਸਅਵਰਕਰਹਿਪਰਮਿਤ੍ਰੀਮਤਤੂੰਜਾਣਹਿਤੇਰੈਕਿਤੈਕੰਮਿਆਈ॥ਇਹਆਸਪਰਮਿਤ੍ਰ
ਭਾਉਦੂਜਾਹੈਖਿਨਮਹਿਝੂਠੁਬਿਨਸਿਸਭਜਾਈ॥ਮੇਰੇਮਨਆਸਾਕਰਿਹਰਿਪ੍ਰੀਤਮਸਾਚੇਕੀਜੋਤੇਰਾ
ਘਾਲਿਆਸਭੁਥਾਇਪਾਈ॥੩॥ਆਸਾਮਨਸਾਸਭਤੇਰੀਮੇਰੇਸੁਆਮੀਜੈਸੀਤੂਆਸਕਰਾਵਹਿ
ਤੈਸੀਕੋਆਸਕਰਾਈ॥ਕਿਛੁਕਿਸੀਕੈਹਥਿਨਾਹੀਮੇਰੇਸੁਆਮੀਐਸੀਮੇਰੈਸਤਿਗੁਰਿਬੂਝਬੁ
ਝਾਈ॥ਜਨਨਾਨਕਕੀਆਸਤੂਜਾਣਹਿਹਰਿਦਰਸਨੁਦੇਖਿਹਰਿਦਰਸਨਿਤ੍ਰਿਪਤਾਈ॥੪॥੧॥ ॥
॥ਗੋਂਡਮਹਲਾ੪ ॥ਐਸਾਹਰਿਸੇਵੀਐਨਿਤਧਿਆਈਐਜੋਖਿਨਮਹਿਕਿਲਵਿਖਸਭਿਕਰੇਬਿ
ਨਾਸਾ॥ਜੇਹਰਿਤਿਆਗਿਅਵਰਕੀਆਸਕੀਜੈਤਾਹਰਿਨਿਹਫਲਸਭਘਾਲਗਵਾਸਾ॥ਮੇਰੇਮਨਹਰਿਸੇ
ਆਗੈ

ਇਸੇ ਬੀੜ ਦੇ ਰਾਗ ਗੋਂਡ ਦੇ ਆਰੰਭ ਤੋਂ ਪਹਿਲਾਂ ਦਰਜ ਹੋਇਆ ਸੰਪੂਰਨ ਮੰਗਲ।



ਰਾਗ ਰਾਮਕਲੀ ਦੇ ਆਰੰਭ ਹੋਣ ਤੋਂ ਪਹਿਲਾਂ ਇਸ ਬੀੜ ਵਿੱਚ ਸੰਪੂਰਨ ਮੰਗਲ ਦਿੱਤਾ ਹੋਇਆ ਹੈ।



੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ॥ ੫੪੧
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥
॥ਰਾਗੁ ਨਟਨਾਰਾਇਨ ਮਹਲਾ ੪ ॥ਚਉਪਦੇ॥ ॥ਮੇਰੇ ਮਨ ਜਾਪਿ ਅਹਿਨਿਸਿ ਨਾਮੁ ਹਰੇ॥ ਕੋ
ਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ॥੧॥ਰਹਾਉ॥ ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵ
ਕ ਭਾਇ ਖਰੇ॥ ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ॥੧॥ ਖਿਨੁ ਖਿਨੁ ਨਰੁ ਨਾਰਾਇਨੁ
ਗਾਵਹਿ ਮੁਖਿ ਬੋਲਹਿ ਨਰ ਨਰਹਰੇ॥ ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ॥
ਵਡਭਾਗੀ ਹਰਿ ਨਾਮੁ ਧਿਆਵਹਿ ਹਰਿ ਕੇ ਭਗਤ ਹਰੇ॥ ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ ਮੈ ਮੂ
ੜ ਮੁਗਧ ਨਿਸਤਰੇ॥੩॥ ਕ੍ਰਿਪਾ ਕ੍ਰਿਪਾ ਧਾਰਿ ਜਗਜੀਵਨ ਰਖਿ ਲੇਵਹੁ ਸਰਣਿ ਪਰੇ॥ ਨਾਨਕੁ ਜਨੁ ਤੁ
ਮਰੀ ਸਰਣਾਈ ਹਰਿ ਰਾਖਹੁ ਲਾਜ ਹਰੇ॥੪॥੧॥ ਨਟ ਮਹਲਾ ੪ ॥ਰਾਮ ਜਪਿ ਜਨ ਰਾਮੈ ਨਾਮਿ ਰ
ਲੇ॥ ਰਾਮ ਨਾਮੁ ਜਪਿਓ ਗੁਰ ਬਚਨੀ ਹਰਿ ਧਾਰੀ ਹਰਿ ਕ੍ਰਿਪਏ॥੧॥ਰਹਾਉ॥ ਹਰਿ ਹਰਿ ਅਗਮ ਅ
ਗੋਚਰੁ ਸੁਆਮੀ ਜਨ ਜਪਿ ਮਿਲਿ ਸਲਲ ਸਲਲੇ॥ ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ ਹਮ ਜਨ
ਕੈ ਬਲਿ ਬਲਲੇ॥੧॥ ਪੁਰਖੋਤਮੁ ਹਰਿ ਨਾਮੁ ਜਨਿ ਗਾਇਓ ਸਭਿ ਦਾਲਦ ਦੁਖ ਦਲਲੇ॥ ਵਿਚਿ ਦੇਹੀ
ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੇ॥੨॥ ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ
ਸਸਿ ਕਮਲੇ॥ ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ॥੩॥ ਹਮਰੈ ਸੁਆਮੀ ਲੋਚ ਹਮ ਲਾਈ ਘਨਘਨਿ
ਹਮ ਜੀਵਹ ਦੇਖਿ ਹਰਿ ਮਿਲਲੇ॥ ਜਨ ਨਾਨਕ ਹਰਿ ਅਮਲ ਹਰਿ ਲਾਏ ਹਰਿ ਮੇਲਹੁ ਅਨਦ ਭਲੇ॥੪॥੨॥
॥ ਨਟ ਮਹਲਾ ੪ ॥ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ॥ ਗੁਰ ਪਰਸਾਦੀ ਹਰਿ ਨਾਮੁ ਧਿਆਇਓ ਹਮ ਸਤਿ
ਗੁਰ ਚਰਨ ਪਖੇ॥੧॥ਰਹਾਉ॥ ਊਤਮ ਜਗੰਨਾਥ ਜਗਦੀਸੁਰ ਹਮ ਪਾਪੀ ਸਰਣਿ ਰਖੇ॥ ਤੁਮ ਵਡ ਪੁਰਖ
ਦੀਨ ਦੁਖ ਭੰਜਨ ਹਰਿ ਦੀਓ ਨਾਮੁ ਮੁਖੇ॥੧॥ ਹਰਿ ਗੁਨ ਊਚ ਨੀਚ ਹਮ ਗਾਏ ਗੁਰ ਸਤਿਗੁਰ ਸੰਗਿ ਸਖੇ॥ ਜਿ
ਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ॥੨॥ ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬ

ਦਰਸ਼ਨ ਕਰੋ ਇਸ ਬੀੜ ਵਿੱਚ ਰਾਗ ਨਟਨਾਰਾਇਨ ਦੇ ਆਰੰਭ ਵਿੱਚ ਆਏ ਸੰਪੂਰਨ ਮੰਗਲ ਦੇ।

ਇਸ ਬੀੜ ਅੰਦਰ ਰਾਗ ਮਾਲੀ ਗਉੜਾ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ।



ਇਸ ਬੀੜ ਅੰਦਰ ਰਾਗ ਮਾਲੀ ਗਉੜਾ ਦੇ ਆਰੰਭ ਵਿੱਚ ਸੰਪੂਰਨ ਮੰਗਲ ਦਰਜ ਕੀਤਾ ਗਿਆ ਹੈ।



ਰਾਗ ਮਾਰੂ ਦੇ ਆਰੰਭ ਵਿੱਚ ਇਸ ਬੀੜ ਅੰਦਰ ਸੰਪੂਰਨ ਮੰਗਲ ਦਰਜ ਹੋਇਆ ਹੋਇਆ ਹੈ।


ਕੋਟਿਕਠਿਨਦਾਰੁਣਮਾਈਰੀ॥੨॥ਨਿਕਟਿਨਉਤਅਰੁਰਿਨਾਹੀ ਬੇਗਿਮਿਲਾਵਹੁਆਈ॥ਮੀਰਾਂਗਿਰਧਰ ੬੧੨
ਸੁਆਮੀਦਇਆਲਾਤਨਕੀਤਪਤਿਬੁਝਾਈਰੀਮਾਈ॥੩॥ਕਵਨੈਨਅਪਨੇਗੁਨਬਾਂਧਿਆਈ॥
॥੧॥ਲਾਉਣੁਜਾ॥੧॥ ॥੧੧॥੧॥੧॥੨॥੧॥੧੬॥ਜੋੜ॥ ॥ ॥ ॥ ॥

॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥

॥ਰਾਗੁਤੁਖਾਰੀਮਹਲਾ੧ ॥ਬਾਰਾਮਾਹਾ ਛੰਤ॥ ॥ਤੂਸੁਣਿਕਿਰਤਕਰੰਮਾਪੁਰਬਿਕਮਾਇ
ਆ॥ਸਿਰਿਸਿਰਿਸੁਖਸਹੰਮਾਦੇਹਿਸੁਤੂਭਲਾ॥ਹਰਿਰਚਨਾਤੇਰੀਕਿਆਗਤਿਮੇਰੀਹਰਿਬਿਨੁਘੜੀਨ
ਜੀਵਾ॥ਪ੍ਰਿਅ ਬਾਝੁਦੁਹੇਲੀਕੋਇਨਬੇਲੀਗੁਰਮੁਖਿਅੰਮ੍ਰਿਤੁਪੀਵਾਂ॥ਰਚਨਾਰਾਚਿਰਹੇਨਿਰੰਕਾਰੀ
ਪ੍ਰਭਮਨਿਕਰਮਸੁਕਰਮਾ॥ਨਾਨਕਪੰਥੁਨਿਹਾਲੇਸਧਨਤੂਸੁਣਿਆਤਮਰਾਮਾ॥੧॥ਬਾਬੀਹਾਪ੍ਰਿਉਬੋ
ਲੇਕੋਕਿਲਬਾਣੀਆ॥ਸਾਧਨਸਭਿਰਸਚੋਲੈਅੰਕਿਸਮਾਣੀਆ॥ਹਰਿਅੰਕਿਸਮਾਣੀਜਾਪ੍ਰਭਭਾਣੀ
ਸਾਸੋਹਾਗਣਿਨਾਰੇ॥ਨਵਘਰਥਾਪਿਮਹਲਘਰੁਊਚਉਨਿਜਘਰਿਵਾਸੁਮੁਰਾਰੇ॥ਸਭਤੇਰੀਤੂਮੇਰ
ਪ੍ਰੀਤਮੁਨਿਸਿਬਾਸੁਰਰੰਗਿਰਾਵੈ॥ਨਾਨਕਪ੍ਰਿਉਪ੍ਰਿਉਚਵੈਬਬੀਹਾਕੋਕਿਲਸਬਦਿਸੁਹਾਵੈ॥੨॥
ਤੂਸੁਣਿਹਰਿਰਸਭਿੰਨੇਪ੍ਰੀਤਮਆਪਣੇ॥ਮਨਿਤਨਿਰਵਤਰਵੈਨਘੜੀਨਬੀਸਰੈ॥ਕਿਉਘੜੀਬਿ
ਸਾਰੀਹਉਬਲਿਹਾਰੀਹਉਜੀਵਾਗੁਣਗਾਏ॥ਨਾਕੋਈਮੇਰਾਹਉਕਿਸੁਕੇਰਾਹਰਿਬਿਨੁਰਹਣੁਨਜਾ
ਏ॥ਓਟਗਹੀਹਰਿਚਰਣਨਿਵਾਸੇਭਏਪਵਿਤ੍ਰਸਰੀਰਾ॥ਨਾਨਕਦ੍ਰਿਸਟਿਦੀਰਘਸੁਖੁਪਾਵੈਗੁਰਸਬ
ਦੀਮਨੁਧੀਰਾ॥੩॥ਬਰਸੈਅੰਮ੍ਰਿਤਧਾਰਬੂੰਦਸੁਹਾਵਣੀ॥ਸਾਜਨਮਿਲੇਸਹਜਿਸੁਭਾਇਹਰਿਸਿਉਪ੍ਰੀ
ਤਿਬਣੀ॥ਹਰਿਮੰਦਰਿਆਵੈਜਾਪ੍ਰਭਭਾਵੈਧਨਊਭੀਗੁਣਸਾਰੀ॥ਘਰਿਘਰਿਕੰਤੁਰਵੈਸੋਹਾਗਣਿ

ਦਰਸ਼ਨ ਕਰੋ ਇਸ ਬੀੜ ਅੰਦਰ ਰਾਗ ਤੁਖਾਰੀ ਦੇ ਆਰੰਭ ਵਿੱਚ ਦਰਜ ਕੀਤੇ ਸੰਪੂਰਨ ਮੰਗਲ ਦੇ।




ਇਸੇ ਬੀੜ ਦੇ ਵਿੱਚ ਰਾਗ ਕੇਦਾਰਾ ਦੇ ਆਰੰਭ ਤੋਂ ਪਹਿਲਾਂ ਦਰਜ ਹੋਇਆ ਸੰਪੂਰਨ ਮੰਗਲ।



੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਇਸ ਬੀੜ ਅੰਦਰ ਰਾਗ ਭੈਰਉ ਦੇ ਆਰੰਭ ਵਿੱਚ ਦਰਜ ਹੋਇਆ ਸੰਪੂਰਨ ਮੰਗਲ।


ਈ॥ਨਾਮਦੇਉਗੁਰਕੀਸਰਣਾਈ॥੮॥੨॥੧੨॥ ੧ਓ ਸਤਿਗੁਰਪ੍ਰਸਾਦਿ॥ ॥
॥ਰਾਗੁਭੈਰਉਬਾਣੀਰਵਿਦਾਸਜੀਉਕੀ॥ ਘਰੁ੨ ॥ਬਿਨੁਦੇਖੇਉਪਜੈਨਹੀਆਸਾ॥ਜੋ
ਦੀਸੈਸੋਹੋਇਬਿਨਾਸਾ॥ਬਰਨਸਹਿਤਜੋਜਾਪੈਨਾਮੁ॥ਸੋਜੋਗੀਕੇਵਲਨਿਹਕਾਮੁ॥੧॥ਪਰਚੈਰਾਮੁਰਵੈ
ਜਉਕੋਈ॥ਪਾਰਸੁਪਰਸੈਦੁਬਿਧਾਨਹੋਈ॥੧॥ਰਹਾਉ॥ਸੋਮੁਨਿਮਨਕੀਦੁਬਿਧਾਖਾਇ॥ਬਿਨੁਦੁਆ
ਰੈਤ੍ਰੈਲੋਕਸਮਾਇ॥ਮਨਕਾਸੁਭਾਉਸਭੁਕੋਈਕਰੈ॥ਕਰਤਾਹੋਇਸੁਅਨਭੈਰਹੈ॥੨॥ਫਲਕਾਰਨਫੂ
ਲੀਬਨਰਾਇ॥ਫਲੁਲਾਗਾਤਬਫੂਲੁਬਿਲਾਇ॥ਗਿਆਨੈਕਾਰਨਕਰਮਅਭਿਆਸੁ॥ਗਿ
ਆਨੁਭਇਆਤਹਕਰਮਨਨਾਸੁ॥੩॥ਘ੍ਰਿਤਕਾਰਨਦਧਿਮਥੈਸਇਆਨ॥ਜੀਵਤਮੁਕਤਸਦਾ
ਨਿਰਬਾਨ॥ਕਹਿਰਵਿਦਾਸਪਰਮਬੈਰਾਗ॥ਰਿਦੈਰਾਮੁਕੀਨਜਪਸਿਅਭਾਗ॥੪॥੧॥੨੦॥੧੨॥੧॥
॥ਤੁਤਾਜੋੜੁ॥ ॥ ॥ ॥ ॥ ॥ ॥ ॥ ॥ ॥ ॥

॥ ੧ਓ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਬਸੰਤੁਮਹਲਾ੧ ਘਰੁ੧ ॥ਚਉਪਦੇ॥ ॥ਮਾਹਾਮਾਹਮੁਮਾਰਖੀਚੜਿਆਸਦਾਬ
ਸੰਤੁ॥ਪਰਫੜੁਚਿਤਸਮਾਲਿਸੋਇਸਦਾਸਦਾਗੋਬਿੰਦੁ॥੧॥ਭੋਲਿਆਹਉਮੈਸੁਰਤਿਵਿਸਾਰਿ॥
ਹਉਮੈਮਾਰਿਬੀਚਾਰਿਮਨਗੁਣਵਿਚਿਗੁਣੁਲੈਸਾਰਿ॥੧॥ਰਹਾਉ॥ਕਰਮਪੇਡੁਸਾਖਾਹਰੀਧਰਮੁ
ਫੁਲੁਫਲੁਗਿਆਨੁ॥ਪਤਪਰਾਪਤਿਛਾਵਘਣੀਚੂਕਾਮਨਅਭਿਮਾਨੁ॥੨॥ਅਖੀਕੁਦਰਤਿਕੰਨੀ
ਬਾਣੀਮੁਖਿਆਖਣੁਸਚੁਨਾਮੁ॥ਪਤਿਕਾਧਨੁਪੂਰਾਹੋਆਲਾਗਾਸਹਜਿਧਿਆਨੁ॥੩॥ਮਾਹਾਰੁਤੀ
ਆਵਣਾਵੇਖਹੁਕਰਮਕਮਾਇ॥ਨਾਨਕਹਰੇਨਸੁਕਹੀਜਿਗੁਰਮੁਖਿਰਹੇਸਮਾਇ॥੪॥੧॥ ॥

ਇਸ ਬੀੜ ਅੰਦਰ ਰਾਗ ਬਸੰਤ ਤੋਂ ਪਹਿਲਾਂ ਦਰਜ ਕੀਤਾ ਹੋਇਆ ਸੰਪੂਰਨ ਮੰਗਲ।


॥ਤੁਝਹਿਸੁਝੰਤਾਕਛੂਨਾਹਿ॥ਪਹਿਰਾਵਾਦੇਖੇਊਭਿਜਾਹਿ॥ਗਰਬਵਤੀਕਾਨਾਹੀਠਾਉ॥ਤੇਰੀਗਰ ੬੬੦
ਦਨਿਊਪਰਿਲਵੈਕਾਉ॥੧॥ਤੂਕਾਂਇਗਰਬਹਿਬਾਵਲੀ॥ਜੈਸੇਭਾਦਉਖੂੰਬਰਾਜੁਤੂਤਿਸਤੇਖਰੀ
ਉਤਾਵਲੀ॥੧॥ਰਹਾਉ॥ਜੈਸੇਕੁਰੰਕਨਹੀਪਾਇਓਭੇਦੁ॥ਤਨਿਸੁਗੰਧਢੂਢੈਪਰਦੇਸੁ॥ਅਪਤਨਕਾਜੋ
ਕਰੇਬੀਚਾਰੁ॥ਤਿਸੁਨਹੀਜਮਕੰਕਰੁਕਰੇਖੁਆਰੁ॥੨॥ਪੁਤ੍ਰਕਲਤ੍ਰਕਾਕਰਹਿਅਹੰਕਾਰੁ॥ਠਾਕੁਰੁਲੇ
ਖਾਮੰਗਨਹਾਰੁ॥ਫੇੜੇਕਾਦੁਖੁਸਹੈਜੀਉ॥ਪਾਛੇਕਿਸਹਿਪੁਕਾਰਹਿਪੀਉਪੀਉ॥੩॥ਸਾਧੂਕੀਜਉ
ਲੇਹਿਓਟ॥ਤੇਰੇਮਿਟਹਿਪਾਪਸਭਕੋਟਿਕੋਟਿ॥ਕਹਿਰਵਿਦਾਸੁਜੋਜਪੈਨਾਮੁ॥ਤਿਸੁਜਾਤਿਨਜਨਮੁ
ਨਜੋਨਿਕਾਮੁ॥੪॥੧॥ ॥੮॥੧॥੩॥੧॥੧੩॥ਜੋੜੁ॥ ॥ ॥ ॥ ॥ ॥

॥ ੧ਓ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਸਾਰੰਗਮਹਲਾ੧ ਚਉਪਦੇ॥ ਘਰੁ੧ ॥ਅਪੁਨੇਠਾਕੁਰਕੀਹਉਚੇਰੀ॥ਚਰਨ
ਗਹੇਜਗਜੀਵਨਪ੍ਰਭਕੇਹਉਮੈਮਾਰਿਨਿਬੇਰੀ॥੧॥ਰਹਾਉ॥ਪੂਰਨਪਰਮਜੋਤਿਪਰਮੇਸਰਪ੍ਰੀਤਮ
ਪ੍ਰਾਨਹਮਾਰੇ॥ਮੋਹਨਮੋਹਿਲੀਆਮਨੁਮੇਰਾਸਮਝਸਿਸਬਦੁਬੀਚਾਰੇ॥੧॥ਮਨਮੁਖਹੀਨਹੋਛੀਮਤਿਝੂ
ਠੀਮਨਿਤਨਿਪੀਰਸਰੀਰੇ॥ਜਬਕੀਰਾਮਰੰਗੀਲੈਰਾਤੀਰਾਮਜਪਤਮਨਧੀਰੇ॥੨॥ਹਉਮੈਛੋਡਿਭਈ
ਬੈਰਾਗਨਿਤਬਸਾਚੀਸੁਰਤਿਸਮਾਨੀ॥ਅਕੁਲਨਿਰੰਜਨਸਿਉਮਨੁਮਾਨਿਆਬਿਸਰੀਲਾਜਲੁਕ •੧੧
ਨੀ॥੩॥ਭੂਰਭਵਿਖਨਾਹੀਤੁਮਜੈਸੇਮੇਰੇਪ੍ਰੀਤਮਪ੍ਰਾਨਅਧਾਰਾ॥ਹਰਿਕੈਨਾਮਿਰਤੀਸੋਹਾਗਨਿਨਾਨਕ
ਰਾਮਭਤਾਰਾ॥੪॥੧॥ ਸਾਰੰਗਮਹਲਾ੧ ॥ਹਰਿਬਿਨੁਕਿਉਰਹੀਐਦੁਖੁਬਿਆਪੈ॥ਜਿਹ
ਵਾਸਾਦੁਨਫੀਕੀਰਸਬਿਨੁਬਿਨੁਪ੍ਰਭਕਾਲੁਸੰਤਾਪੈ॥੧॥ਰਹਾਉ॥ਜਬਲਗੁਦਰਸੁਨਪਰਸੈਪ੍ਰੀਤਮ

ਦਰਸ਼ਨ ਕਰੋ ਜੀ ਇਸ ਬੀੜ ਅੰਦਰ ਰਾਗ ਸਾਰੰਗ ਤੋਂ ਪਹਿਲਾਂ ਦਰਜ ਹੋਏ ਸੰਪੂਰਨ ਮੰਗਲ ਦੇ।



ਈ॥੩॥੧॥੭॥ ਰਾਗੁਸਾਰੰਗਬਾਣੀਸੂਰਦਾਸਜੀਕੀ॥ ੧ੴਸਤਿਗੁਰਪ੍ਰਸਾਦਿ॥ ॥
॥ਛਾਡਿਮਨਹਰਿਬਿਮੁਖਨਕੋਸੰਗੁ॥ਕਹਾਭਇਓਪੈਖਾਨਪੀਆਏਬਿਖੁਨਹੀਤਜਤਭੁਇਅੰਗ॥੧॥
ਰਹਾਉ॥ਕਾਗਾਕਹਾਕਪੂਰਚਰਾਏਸੁਆਨਨਵਾਇਐਗੰਗ॥ਖਰਕੋਕਹਾਅਰਗਜਾਲੇਪਨਮਰਕਟ
ਭੂਖਨਅੰਗ॥੧॥ਪਤਿਤਪਖਾਨਬਾਨਨਹੀਬੇਧਿਤੁਰੀਤੇਭਇਓਨਿਖੰਗ॥ਸੂਰਦਾਸਕਾਰੀਕਮਰੀਆਚ
ੜਤਨਭੁਜੋਰੰਗ॥੨॥੧॥ ਸਾਰੰਗਮਹਲਾ੫ ॥ਹਰਿਕੇਸੰਗਬਸੇਹਰਿਲੋਕ॥ਤਨੁਮਨੁਅ
ਰਪਿਸਰਬਸੁਸਭੁਅਰਪਿਓਅਨਦਸਹਜਧੁਨਿਝੋਕ॥੧॥ਰਹਾਉ॥ਦਰਸਨੁਪੇਖਿਭਏਨਿਰਬਿਖਈ
ਪਾਏਹੈਸਗਲੇਥੋਕ॥ਆਨਬਸਤੁਸਿਉਕਾਜੁਨਕਛੂਐਸੁੰਦਰਬਦਨਅਲੋਕ॥੧॥ਸਿਆਮਸੁੰਦ
ਰਤਜਿਆਨਜੁਚਾਹਤਜਿਉਕੁਸਟੀਤਨਿਜੋਕ॥ਸੂਰਦਾਸਮਨੁਪ੍ਰਭਿਹਥਿਲੀਨੋਦੀਨੋਇਹੁਪਰਲੋਕ॥
॥੨॥੨॥ ॥੩॥੩॥੧॥੨॥ਪਜੋੜੁ॥ ॥ ॥ ॥ ॥ ॥ ॥

੨

॥ ੧ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਮਲਾਰਮਹਲਾ੧ ਚਉਪਦੇ॥ ਘਰੁ੧ ॥ਖਾਣਾਪੀਣਾਹਸਣਾਸਉਣਾਵਿ
ਸਰਿਗਇਆਹੈਮਰਣਾ॥ਖਸਮੁਵਿਸਾਰਿਖੁਆਰੀਕੀਨੀਧ੍ਰਿਗੁਜੀਵਣੁਨਹੀਰਹਣਾ॥੧॥ਪ੍ਰਾਣੀਏ
ਕੋਨਾਮੁਧਿਆਵਹੁ॥ਅਪਨੀਪਤਿਸੇਤੀਘਰਿਜਾਵਹੁ॥੧॥ਰਹਾਉ॥ਤੁਧਨੋਸੇਵਹਿਤੁਝੁਕਿਆਦੇ
ਵਹਿਮਾਗਹਿਲੇਵਹਿਰਹਹਿਨਹੀ॥ਤੂੰਦਾਤਾਜੀਆਸਭਨਾਕਾਜੀਆਅੰਦਰਿਜੀਉਤੁਹੀ॥੨॥ਗੁ
ਰਮੁਖਿਧਿਆਵਹਿਸਿਅੰਮ੍ਰਿਤੁਪਾਵਹਿਸੇਈਸੂਚੇਹੋਹੀ॥ਅਹਿਨਿਸਿਨਾਮੁਜਪਹੁਰੇਪ੍ਰਾਣੀਮੈਲੇਹਛੇਹੋ
ਹੀ॥੩॥ਜੇਹੀਰੁਤਿਕਾਇਆਸੁਖੁਤੇਹਾਤੇਹੋਜੇਹੀਦੇਹੀ॥ਨਾਨਕਰੁਤਿਸੁਹਾਵੀਸਾਈਬਿਨੁਨਾਵੈਰੁਤਿ

ਰਾਗ ਮਲਾਰ ਦੇ ਆਰੰਭ ਹੋਣ ਤੋਂ ਪਹਿਲਾਂ ਇਸ ਬੀੜ ਵਿੱਚ ਸੰਪੂਰਨ ਮੰਗਲ ਦਰਜ ਹੈ।



ਸਰਣਾਇ ਰਵਿਦਾਸ ਦਾਸਾ॥੩॥੧॥ ਮਲਾਰ॥ ॥ਹਰਿ ਜਪਤ ਤੇਊ ਜਨਾ ਪਦਮ ਕਵਲਾਸ
ਪਤਿ ਤਾਸ ਸਮ ਤੁਲਿ ਨਹੀ ਆਨ ਕੋਊ॥ ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ
ਸੋਊ॥੧॥ਰਹਾਉ॥ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ
॥ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ॥੧॥ਜਾ ਕੈ ਈਦਿ ਬਕ
ਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥ਜਾ ਕੈ ਬਾਪ ਵੈਸੀ ਕਰੀ ਪੂਤ ਐਸੀ
ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥੨॥ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ
ਬੰਨਾਰਸੀ ਆਸ ਪਾਸਾ॥ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨਦਾਸਾ॥
॥੩॥੨॥ ਮਲਾਰ॥ ॥ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥ਸਾਧਸੰਗਤਿ ਪਾਈ
ਪਰਮ ਗਤੇ॥੧॥ਰਹਾਉ॥ਮੈਲੇ ਕਪਰੇ ਕਹਾ ਲਉ ਧੋਵਉ॥ਆਵੈਗੀ ਨੀਦ ਕਹਾ ਲਗੁ ਸੋਵਉ॥
੧॥ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ॥ਝੂਠੈ ਬਨਜਿ ਉਠਿ ਹੀ ਗਈ ਹਾਟਿਓ॥੨॥ਕਹੁ ਰਵਿਦਾਸ
ਭਇਓ ਜਬ ਲੇਖੋ॥ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥੩॥੩॥ ॥੨॥੩॥੫॥ਜੋੜੁ॥ ॥

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

॥ਰਾਗੁ ਕਾਨੜਾ ਮਹਲਾ ੪ ॥ਚਉਪਦੇ॥ ਘਰੁ ੧ ॥ਮੇਰਾ ਮਨੁ ਸਾਧ ਜਨਾਂ ਮਿਲਿ ਹਰਿ
ਆ॥ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ ਮਿਲਿ ਸੰਗਤਿ ਪਾਰਿ ਉਤਰਿਆ॥੧॥ਰਹਾਉ
॥ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਹਮ ਸਾਧ ਜਨਾਂ ਪਗ ਪਰਿਆ॥ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾ
ਨਿਆ ਮਿਲਿ ਸਾਧੂ ਪਤਿਤ ਉਧਰਿਆ॥੧॥ਮਨੂਆ ਚਲੈ ਚਲੈ ਬਹੁ ਬਹੁ ਬਿਧਿ ਮਿਲਿ ਸਾਧੂ ਵਸਗ

ਕਰੋ ਦਰਸ਼ਨ ਸੰਪੂਰਨ ਮੰਗਲ ਦੇ ਜੋ ਇਸ ਅੰਦਰ ਰਾਗ ਕਾਨੜਾ ਦੇ ਆਰੰਭ ਤੋਂ ਪਹਿਲਾਂ ਦਰਜ ਕੀਤਾ ਗਿਆ ਹੈ।



ਹਰਿਬੈਰਾਗੁ॥ਸਭਿਪਵਹੁਸਰਨਿਸਤਿਗੁਰੂਕੀਬਿਨਸੈਭੁਖਵੈਰਾਗੁ॥੧੪॥ਸਲੋਕੁਮਃ੪ ॥
॥ਹਉਢੂੰਢੇਦੀਸਜਣਾਸਜਣੁਮੈਡੈਨਾਲਿ॥ਜਨਨਾਨਕਅਲਖੁਨਲਖੀਐਗੁਰਮੁਖਿਦੇਇਦਿਖਾਲਿ॥
੧॥ਮਃ੪ ॥ਨਾਨਕਪ੍ਰੀਤਿਲਾਈਤਿਨਿਸਾਚੈਤਿਸੁਬਿਨੁਰਹਣੁਨਜਾਈ॥ਸਤਿਗੁਰੁਮਿਲੈਤਪੂਰਾ
ਪਾਈਐਹਰਿਰਸਿਰਸਨਰਸਾਈ॥੨॥ ॥ਪਉੜੀ॥ ॥ਕੋਈਗਾਵੈਕੋਸੁਣੈਕੋਉਚਰਿਸੁਨਾਵੈ॥
ਜਨਮਜਨਮਕੀਮਲੁਉਤਰੈਮਨਚਿੰਦਿਆਪਾਵੈ॥ਆਵਣੁਜਾਣਾਮੇਟੀਐਹਰਿਕੇਗੁਣਗਾਵੈ॥ਆ॰
ਪਿਤਰਹਿਸੰਗੀਤਰਾਹਿਸਭਕੁਟੰਬੁਤਰਾਵੈ॥ਜਨੁਨਾਨਕੁਤਿਸੁਬਲਿਹਾਰਣੈਜੋਮੇਰੇਹਰਿਪ੍ਰਭਭਾ
ਵੈ॥੧੫॥੧॥ ॥੬੨॥੬॥੧॥੧॥੭੦॥ਜੋੜੁ॥ ॥ ॥ ॥ ॥
॥ ੧ਓਸਤਿਗੁਰਪ੍ਰਸਾਦਿ॥ ਰਾਗੁਕਾਨੜਾਨਾਮਦੇਵਜੀਕਾ॥ ॥ਐਸੋਰਾਮਰਾਇ
ਅੰਤਰਜਾਮੀ॥ਜੈਸੇਦਰਪਨਮਾਹਿਬਦਨਪਰਵਾਨੀ॥੧॥ਰਹਾਉ॥ਬਸੈਘਟਾਘਟਲੀਪਨਛੀਪੈ॥
ਬੰਧਨਮੁਕਤਾਜਾਤੁਨਦੀਸੈ॥੧॥ਪਾਨੀਮਾਹਿਦੇਖੁਮੁਖੁਜੈਸਾ॥ਨਾਮੇਕੋਸੁਆਮੀਬੀਠਲੁਐਸਾ॥੨॥
॥੧॥ਜੋੜੁ॥ ॥ ॥ ॥ ॥ ॥ ॥ ॥ ॥ ॥
॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਕਲਿਆਨਮਹਲਾ੪ ਘਰੁ੧ ॥ਰਾਮਾਰਮਰਾਮੈਅੰਤੁਨਪਾਇਆ॥ਹਮਬਾਰਿਕ
ਪ੍ਰਤਿਪਾਰੇਤੁਮਰੇਤੂਬਡਪੁਰਖੁਪਿਤਾਮੇਰਾਮਾਇਆ॥੧॥ਰਹਾਉ॥ਹਰਿਕੇਨਾਮਅਸੰਖਅਗਮਹਹਿ
ਅਗਮਅਗਮਹਰਿਰਾਇਆ॥ਗੁਣੀਗਿਆਨੀਸੁਰਤਿਬਹੁਕੀਨੀਇਕੁਤਿਲੁਨਹੀਕੀਮਤਿਪਾਇ
ਆ॥੧॥ਗੋਬਿੰਦਗੁਣਗੋਬਿੰਦਸਦਗਾਵਹਿਗੁਣਗੋਬਿੰਦਅੰਤੁਨਪਾਇਆ॥ਤੂਅਮਿਤਿਅਤੋ

ਰਾਗ ਕਲਿਆਣ ਤੋਂ ਪਹਿਲਾਂ ਇਸ ਬੀੜ ਅੰਦਰ ਸੰਪੂਰਨ ਮੰਗਲ ਦਰਜ ਕੀਤਾ ਹੋਇਆ ਹੈ।


॥ ੧ਓਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ ॥ ੯੩੦
॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਰਾਗੁਬਿਭਾਸਪ੍ਰਭਾਤੀਮਹਲਾ੧ ॥ਚਉਪਦੇ॥ ਘਰੁ੧ ॥ਨਾਇਤੇਰੈਤਰਣਾਨਾਇਪ
ਤਿਪੂਜ॥ਨਾਉਤੇਰਾਗਹਣਾਮਤਿਮਕਸੂਦੁ॥ਨਾਇਤੇਰੈਨਾਉਮੰਨੇਸਭਕੋਇ॥ਵਿਣੁਨਾਵੈਪਤਿਕਬਹੁ
ਨਹੋਇ॥੧॥ਅਵਰਸਿਆਣਪਸਗਲੀਪਾਜੁ॥ਜੈਬਖਸੇਤੈਪੂਰਾਕਾਜੁ॥੧॥ਰਹਾਉ॥ਨਾਉਤੇਰਾਤ
ਾਣੁਨਾਉਦੀਬਾਣੁ॥ਨਾਉਤੇਰਾਲਸਕਰੁਨਾਉਸੁਲਤਾਨੁ॥ਨਾਇਤੇਰੈਮਾਣੁਮਹਤਪਰਵਾਣੁ॥ਤੇਰੀਨ
ਦਰੀਕਰਮਿਪਵੈਨੀਸਾਣੁ॥੨॥ਨਾਇਤੇਰੈਸਹਜੁਨਾਇਸਾਲਾਹ॥ਨਾਉਤੇਰਾਅੰਮ੍ਰਿਤੁਬਿਖੁਉਠਿਜਾਇ॥
ਨਾਇਤੇਰੈਸਭਿਸੁਖਵਸਹਿਮਨਿਆਇ॥ਬਿਨੁਨਾਵੈਬਾਧੀਜਮਪੁਰਿਜਾਇ॥੩॥ਨਾਰੀਬੇਰੀਘਰਦ
ਰਦੇਸ॥ਮਨਕੀਆਖੁਸੀਆਕੀਚਹਿਵੇਸ॥ਜਾਂਸਦੇਤਾਂਢਿਲਨਪਾਇ॥ਨਾਨਕਕੂੜੁਕੂੜੋਹੋਇਜਾਇ॥
੪॥੧॥ ਪ੍ਰਭਾਤੀਮਹਲਾ੧ ॥ਤੇਰਾਨਾਮੁਰਤਨੁਕਰਮੁਚਾਨਣੁਸੁਰਤਿਤਿਥੈਲੋਇ॥ਅੰਧੇਰੁਅੰਧੀ
ਵਾਪਰੈਸਗਲਲੀਜੈਖੋਇ॥੧॥ਇਹੁਸੰਸਾਰੁਸਗਲਬਿਕਾਰੁ॥ਤੇਰਾਨਾਮੁਦਾਰੂਅਵਰੁਨਾਸਤਿਕਰ
ਣਹਾਰੁਅਪਾਰੁ॥੧॥ਰਹਾਉ॥ਪਾਤਾਲਪੁਰੀਆਏਕਭਾਰਹੋਵਹਿਲਾਖਕਰੋੜਿ॥ਤੇਰੇਲਾਲਕੀਮਤਿ
ਤਾਪਵੈਜਾਂਸਿਰੈਹੋਵਹਿਹੋਰਿ॥੨॥ਦੂਖਾਤੇਸੁਖਊਪਜਹਿਸੂਖੀਹੋਵਹਿਦੂਖ॥ਜਿਤੁਮੁਖਿਤੂਸਾਲਾ
ਹੀਅਹਿਤਿਤੁਮੁਖਿਕੈਸੀਭੂਖ॥੩॥ਨਾਨਕਮੂਰਖੁਏਕੁਤੂਅਵਰੁਭਲਾਸੈਸਾਰੁ॥ਜਿਤੁਤਨਿਨਾਮੁਨਊਪ
ਜੈਸੇਤਨਹੋਵਹਿਖੁਆਰ॥੪॥੨॥ ਪ੍ਰਭਾਤੀਮਹਲਾ੧ ॥ਜੈਕਾਰਣਿਬੇਦਬ੍ਰਹਮੈਉਚਰੇਸੰਕਰਿ
ਛੋਡੀਮਾਇਆ॥ਜੈਕਾਰਣਿਸਿਧਭਏਉਦਾਸੀਦੇਵੀਮਰਮੁਨਪਾਇਆ॥੧॥ਬਾਬਾਮਨਿਸਾਚਾਮੁ
ਖਿਸਾਚਾਕਹੀਐਤਰੀਐਸਾਚਾਸੋਈ॥ਦੁਸਮਨੁਦੂਖੁਨਆਵੈਨੇੜੈਹਰਿਮਤਿਪਾਵੈਕੋਈ॥੧॥ਰਹ
ਉ॥ਅਗਨਿਬਿੰਬਪਵਣੈਕੀਬਾਣੀਤੀਨਿਨਾਮਕੇਦਾਸਾ॥ਤੇਤਸਕਰਜੋਨਾਮੁਨਲੇਵਹਿਵਾਸਹਿਕੋਟ
ਪੰਚਾਸਾ॥੨॥ਜੇਕੋਏਕਕਰੈਚੰਗਿਆਈਮਨਿਚਿਤਿਬਹੁਤੁਬਫਾਵੈ॥ਏਤੇਗੁਣਏਤੀਆਚੰਗਿਆ

ਰਾਗ ਪਰਭਾਤੀ ਦੇ ਆਰੰਭ ਤੋਂ ਪਹਿਲਾਂ ਇਸ ਬੀੜ ਅੰਦਰ ਸੰਪੂਰਨ ਮੰਗਲ ਦਰਜ ਹੈ। ਪੁਰਾਤਨ ਬੀੜਾਂ ਵਿੱਚ ਇਸ ਰਾਗ ਦਾ ਨਾਂ ਰਾਗੁ ਬਿਭਾਸ ਪ੍ਰਭਾਤੀ ਲਿਖਿਆ ਹੋਇਆ ਹੈ।



ਕਰੋ ਦਰਸ਼ਨ ਰਾਗ ਜੈਜਾਵੰਤੀ ਦੇ ਆਰੰਭ ਵਿੱਚ ਇਸ ਬੀੜ ਅੰਦਰ ਦਰਜ ਹੋਏ ਸੰਪੂਰਨ ਮੰਗਲ ਦੇ। ਸੋ ਅਸੀਂ ਇਸ ਬੀੜ ਵਿੱਚੋਂ ਪੂਰੇ 31 ਰਾਗਾਂ ਦੇ ਮੰਗਲ ਅਤੇ ਉਨ੍ਹਾਂ ਦੇ ਸਹੀ ਸਥਾਨ ਬਾਰੇ ਸਾਰੇ ਚਿੱਤਰ ਸਾਂਝੇ ਕੀਤੇ ਹਨ। ਸੋ ਮੰਗਲਾਂ ਦੇ ਇਸੇ ਸਰੂਪ ਅਤੇ ਠੀਕ ਥਾਂ ਅਨੁਸਾਰ ਹੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਛਪਾਈ ਹੋਣੀ ਚਾਹੀਦੀ ਹੈ।

## ਸੰਖੇਪ ਮੰਗਲ ਅਤੇ ਸਿਰਲੇਖਾਂ ਦੇ ਸਹੀ ਸਰੂਪ ਅਤੇ ਅਸਥਾਨ ਦੇ ਪਾਠ–ਭੇਦ

ਜਿਵੇਂ ਕਿ ਮੈਂ ਉੱਪਰ ਦਰਸਾਇਆ ਹੈ ਕਿ ਅਨੇਕਾਂ ਹੀ ਪੁਰਾਤਨ ਹੱਥ-ਲਿਖਤ ਬੀੜਾਂ ਵਿੱਚ ਦੋ ਤਰ੍ਹਾਂ ਦੇ ਹੀ ਮੰਗਲ ਆਏ ਹਨ ਇੱਕ ਸੰਪੂਰਨ ਅਤੇ ਇੱਕ ਸੰਖੇਪ। ਗੁਰਬਾਣੀ ਦੀ ਅੰਦਰਲੀ ਤਰਤੀਬ ਵਿੱਚ ਜਿੱਥੇ ਵੀ ਕੋਈ ਨਵੀਂ ਬਾਣੀ, ਨਵੀਂ ਕਾਵਿ-ਬਣਤਰ ਵਾਲ਼ੇ ਸ਼ਬਦ ਜਾਂ ਨਵੇਂ ਘਰ ਦੇ ਸ਼ਬਦ ਆਰੰਭ ਹੁੰਦੇ ਹਨ ਤਾਂ ਸੰਖੇਪ ਮੰਗਲ ਦਿੱਤਾ ਜਾਂਦਾ ਹੈ। ਤਸਵੀਰਾਂ ਵਿੱਚ ਵੇਖਾਂਗੇ ਕਿ ਇਹ ਮੰਗਲ ਵੀ ਆਰੰਭ ਵਿੱਚ ਦਿੱਤਾ ਗਿਆ ਹੈ ਅਤੇ ਫਿਰ ਇੱਕ ਖ਼ਾਸ ਤਰਤੀਬ ਵਿੱਚ ਸਿਰਲੇਖ ਦਿੱਤਾ ਹੋਇਆ ਹੈ। ਆਓ ਇਸ ਸਹੀ ਤਰਤੀਬ ਦੇ ਪੁਰਾਤਨ ਹੱਥ ਲਿਖਤ ਬੀੜਾਂ ਵਿੱਚੋਂ ਤਸਵੀਰਾਂ ਰਾਹੀਂ ਦਰਸ਼ਨ ਕਰੀਏ ਜੀ ਤਾਂਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਠੀਕ ਬੀੜ ਦੀ ਛਪਾਈ ਹੋ ਸਕੇ।





ਇਹ ਹੱਥ-ਲਿਖਤ ਬੀੜ 1695 ਏ.ਡੀ. ਵਿੱਚ ਇੱਕ ਗੁਰਸਿੱਖ ਭਾਈ ਸਾਹਿਬ ਰਾਮਰਾਇ ਜੀ ਵੱਲੋਂ ਲਿਖੀ ਹੋਈ ਹੈ। ਇਸ ਦੇ ਤਤਕਰੇ ਦੇ ਆਰੰਭ ਵਿੱਚ ॥ਜਪੁ॥ ਬਾਣੀ ਤੋਂ ਪਹਿਲਾਂ ਸੰਕੇਤ ਲਿਖਿਆ ਹੋਇਆ ਹੈ ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲ ਭਾਵ ਇਹ ਬੀੜ ਭਾਈ ਗੁਰਦਾਸ ਜੀ ਦੀ ਬੀੜ ਤੋਂ ਕੀਤਾ ਗਿਆ ਸਿੱਧਾ ਉਤਾਰਾ ਹੈ। ਸੋ ਇਸ ਵਿੱਚ ਜਪੁ ਬਾਣੀ ਤੋਂ ਬਾਅਦ ਸੋਦਰੁ ਬਾਣੀ ਦੇ 9 ਸ਼ਬਦ ਹਨ। ਸਿਰਲੇਖ ਵਿੱਚ ਪਹਿਲਾਂ ਸੱਜੇ ਹੱਥ ਸੰਖੇਪ ਮੰਗਲ ਦਿੱਤਾ ਹੈ ਉਪਰੰਤ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਬਾਅਦ ਵਿੱਚ 2-2 ਡੰਡੀਆਂ ਦੇ ਵਿਚਕਾਰ ਸੋਦਰੁ ਬਾਣੀ ਦਾ ਸਿਰਲੇਖ ਦਿੱਤਾ ਹੈ। ਕਮਾਲ ਦੀ ਤਰਤੀਬ ਹੈ ਅਤੇ ਇਹੀ ਅਸਲ ਤਰਤੀਬ ਹੈ ਜਿਸ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਹੋਣੀ ਚਾਹੀਦੀ ਹੈ।



ਇਸੇ ਬੀੜ ਵਿੱਚ ਜਦੋਂ ਸੋਹਿਲਾ ਬਾਣੀ ਦਾ ਆਰੰਭ ਹੋਇਆ ਤਾਂ ਪਹਿਲਾਂ ਸੰਖੇਪ ਮੰਗਲ, ਫਿਰ ਰਾਗ ਦਾ ਨਾਂ ਰਾਗ ਗਉੜੀ ਦੀਪਕੀ, ਫਿਰ ਬਾਣੀਕਾਰ ਦਾ ਨਾਂ ਮਹਲਾ ੧ ਅਤੇ ਫਿਰ 2-2 ਡੰਡੀਆਂ ਵਿੱਚ **॥ਸੋਹਿਲਾ॥** ਬਾਣੀ ਦਾ ਸਿਰਲੇਖ ਦਿੱਤਾ ਹੋਇਆ ਹੈ ਜੋ ਕਿ ਬਿਲਕੁਲ ਸਹੀ ਹੈ।



ਇਸੇ ਹੱਥ-ਲਿਖਤ ਬੀੜ ਵਿੱਚ ਵੇਖੋ ਬਾਰਾਮਾਹਾ ਬਾਣੀ ਦੇ ਸਿਰਲੇਖ ਦੀ ਤਰਤੀਬ। ਪਹਿਲਾਂ ਸੱਜੇ ਹੱਥ ਸੰਖੇਪ ਮੰਗਲ, ਫਿਰ ਰਾਗ ਅਤੇ ਬਾਣੀਕਾਰ ਦਾ ਨਾਂ ਅਤੇ ਫਿਰ ਬਾਰਾਮਾਹਾ ਬਾਣੀ ਦਾ ਸਿਰਲੇਖ ਦਿੱਤਾ ਹੋਇਆ ਹੈ। ਸਿਰਲੇਖਾਂ ਦੀ ਇਸੇ ਤਰਤੀਬ ਅਨੁਸਾਰ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਛਪਵਾਈ ਹੋਣੀ ਚਾਹੀਦੀ ਹੈ।



ਇਸੇ ਬੀੜ ਦੇ ਸੁਖਮਨੀ ਸਾਹਿਬ ਵਾਲ਼ੀ ਬਾਣੀ ਦੇ ਪੰਨੇ ਦੇ ਦਰਸ਼ਨ ਕਰੋ ਜਿਸ ਵਿੱਚ ਬਾ ਕਮਾਲ ਤਰੀਕੇ ਨਾਲ ਇਸ ਬਾਣੀ ਦੇ ਸਿਰਲੇਖ ਦੀ ਤਰਤੀਬ ਦਿੱਤੀ ਗਈ ਹੈ। ਪਹਿਲਾਂ ਸੰਖੇਪ ਮੰਗਲ, ਫਿਰ ਰਾਗ ਦਾ ਨਾਂ। ਫਿਰ ਬਾਣੀਕਾਰ ਦਾ ਨਾਂ ਅਤੇ ਫਿਰ ਸਲੋਕ ਦੇ ਕੇ ਉਸ ਤੋਂ ਬਾਅਦ ਸਲੋਕ ਦਰਜ ਕੀਤਾ ਗਿਆ ਹੈ।





ਇਹ ਹੱਥ ਲਿਖਤ ਸਤਿਕਾਰ ਯੋਗ ਬਾਬਾ ਬਿਧੀ ਚੰਦ ਜੀ ਦੇ ਹਸਤ-ਕਮਲਾਂ ਦੀ ਲਿਖੀ ਹੋਈ ਹੈ ਜੋ ਬਾਬਾ ਸੁਰ ਸਿੰਘ ਜੀ ਤਰੁਨਾਦਲ ਵਾਲ਼ਿਆਂ ਦੇ ਅਸਥਾਨ ਤੇ ਸੁਸ਼ੋਭਿਤ ਹੈ। ਇਸ ਦੇ ਤਤਕਰੇ ਵਿੱਚ ਵੀ ਸੰਕੇਤ ਦਿੱਤਾ ਹੋਇਆ ਹੈ ਕਿ ਇਹ ਭਾਈ ਗੁਰਦਾਸ ਜੀ ਦੀ ਲਿਖੀ ਬੀੜ ਦਾ ਉਤਾਰਾ ਹੈ। ਇਸ ਵਿੱਚ ਵੀ ਸੋਦਰ ਬਾਣੀ ਤੋਂ ਪਹਿਲਾਂ ਸੰਖੇਪ ਮੰਗਲ, ਫਿਰ ਰਾਗ ਦਾ ਨਾਂ ਅਤੇ ਬਾਣੀਕਾਰ ਦਾ ਨਾਂ ਦਿੱਤਾ ਹੈ। ਉਸ ਉਪਰੰਤ ਸੋਦਰੁ ਬਾਣੀ ਦਾ ਸਿਰਲੇਖ ਦਿੱਤਾ ਹੈ।



ਬਾਬਾ ਬਿਧੀ ਚੰਦ ਜੀ ਦੀ ਇਸੇ ਹੱਥ ਲਿਖਤ ਬੀੜ ਵਿੱਚ ਦਰਸ਼ਨ ਕਰੋ ਮਾਝ ਰਾਗ ਵਿੱਚ ਬਾਰਾਮਾਹ ਬਾਣੀ ਦੇ ਸਿਰਲੇਖ ਦੀ ਤਰਤੀਬ ਦੇ। ਪਹਿਲਾਂ ਸੰਖੇਪ ਮੰਗਲ ਫਿਰ ਰਾਗ ਅਤੇ ਬਾਣੀਕਾਰ ਦਾ ਨਾਂ ਦਰਜ ਹੈ। ਉਪਰੰਤ ਬਾਰਾਮਾਹ ਬਾਣੀ ਦਾ ਸਿਰਲੇਖ ਦਿੱਤਾ ਹੈ।



ਸਲੋਕੁ॥

੧ੳ ਸਤਿਗੁਰਪ੍ਰਸਾਦਿ॥

ਰਾਗੁਆਸਾਮਹਲਾ ੧ ਸੋਦਰੁ॥

1752 ਏ.ਡੀ. ਵਿੱਚ ਲਿਖੀ ਗਈ ਇਹ ਹੱਥ-ਲਿਖਤ ਬੀੜ, ਤਖ਼ਤ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਪਈ ਹੈ। ਇਸ ਵਿੱਚ ਵੀ ਪਹਿਲਾਂ ਸੰਖੇਪ ਮੰਗਲ, ਫਿਰ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਉਪਰੰਤ ਬਾਣੀ ਦਾ ਨਾਂ ਸੋਦਰੁ ਦਿੱਤਾ ਹੋਇਆ ਹੈ।



ਇਸੇ ਹੀ ਬੀੜ ਵਿੱਚ ਸੋਹਿਲਾ ਬਾਣੀ ਦੇ ਆਰੰਭ ਤੋਂ ਪਹਿਲਾਂ ਸੰਖੇਪ ਮੰਗਲ, ਫਿਰ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਉਪਰੰਤ ਬਾਣੀ ਦਾ ਨਾਂ ਸੋਹਿਲਾ ਦਰਜ ਕੀਤਾ ਹੋਇਆ ਹੈ, ਜੋ ਕਿ ਬਿਲਕੁਲ ਸਹੀ ਤਰਤੀਬ ਹੈ। ਇਸ ਤਸਵੀਰ ਵਿੱਚ ਇੱਕ ਹੋਰ ਵਿਲੱਖਣ ਗੱਲ ਵੇਖਣ ਵਾਲ਼ੀ ਹੈ ਕਿ ਲਿਖਾਰੀ ਕੋਲ਼ੋਂ ਪਹਿਲਾਂ ਬਾਣੀ ਦਾ ਨਾਂ ਸੋਹਿਲਾ ਗਲਤ ਥਾਂ ਲਿਖਿਆ ਗਿਆ ਸੀ। ਉਸ ਨੇ ਆਪਣੀ ਭੁੱਲ ਨੂੰ ਸੋਧਦਿਆਂ ਸਿਰਲੇਖ ਸੋਹਿਲਾ ਠੀਕ ਥਾਂ ਲਿਖ ਦਿੱਤਾ ਅਤੇ ਗਲਤ ਸਿਰਲੇਖ ਉੱਤੇ ਹੜਤਾਲ ਫੇਰ ਦਿੱਤੀ।



ਕਰੋ ਦਰਸ਼ਨ ਤਖ਼ਤ ਸ੍ਰੀ ਹਰਿਮੰਦਰ, ਪਟਨਾ ਸਾਹਿਬ ਪਈ ਇੱਕ ਹੱਥ-ਲਿਖਤ ਬੀੜ ਦੇ ਜਿਸ ਵਿੱਚ ਸੋਦਰੁ ਬਾਣੀ ਦੇ ਆਰੰਭ ਤੋਂ ਪਹਿਲਾਂ ਸੰਖੇਪ ਮੰਗਲ ਫਿਰ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਫਿਰ ਸੋਦਰੁ ਦਾ ਸਿਰਲੇਖ ਦਿੱਤਾ ਹੋਇਆ ਹੈ।



ਇਸੇ ਹੀ ਬੀੜ ਵਿੱਚ ਸੋਹਿਲਾ ਬਾਣੀ ਦੇ ਆਰੰਭ ਤੋਂ ਪਹਿਲਾਂ ਸੰਖੇਪ ਮੰਗਲ ਦਰਜ ਹੈ। ਉਪਰੰਤ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਬਾਣੀ ਦਾ ਨਾਂ ਸੋਹਿਲਾ ਦਿੱਤਾ ਹੋਇਆ ਹੈ।



ਦਰਸ਼ਨ ਕਰੋ ਇੱਕ ਹੱਥ-ਲਿਖਤ ਸਰੂਪ ਦੇ ਜੋ 1741 ਏ.ਡੀ. ਵਿੱਚ ਲਿਖਿਆ ਗਿਆ ਅਤੇ ਪਿੰਡ ਭਿੰਡਰ ਕਲਾਂ, ਪੰਜਾਬ ਤੋਂ ਪ੍ਰਾਪਤ ਹੋਇਆ ਹੈ। ਇਸ ਵਿੱਚ ਸੰਖੇਪ ਮੰਗਲ ਪੂਰੀ ਤਰ੍ਹਾ ਸੱਜੇ ਹੱਥ ਦਰਜ ਹੈ ਅਤੇ ਫਿਰ ਰਾਗ ਦਾ ਨਾਂ, ਬਾਣੀਕਾਰ ਦਾ ਨਾਂ ਅਤੇ ਉਪਰੰਤ ਬਾਣੀ ਦਾ ਸਿਰਲੇਖ ਸੋਦਰੁ॥ ਲਿਖਿਆ ਹੋਇਆ ਹੈ।



ਇਸੇ ਬੀੜ ਦਾ ਇੱਕ ਹੋਰ ਪੰਨਾ ਵੇਖੋ ਜਿੱਥੇ ਪਹਿਲਾਂ ਸੱਜੇ ਹੱਥ ਮੰਗਲ ਦਰਜ ਕੀਤਾ ਗਿਆ ਹੈ, ਫਿਰ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਫਿਰ 2-2 ਡੰਡੀਆਂ ਵਿੱਚ ॥ਸੋਪੁਰਖੁ॥ ਸਿਰਲੇਖ ਦਿੱਤਾ ਹੋਇਆ ਹੈ।



ਦਰਸ਼ਨ ਕਰੋ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਸੁਸ਼ੋਭਿਤ ਇੱਕ ਹੱਥ-ਲਿਖਤ ਬੀੜ ਜੋ 1776 ਏ.ਡੀ. ਵਿੱਚ ਲਿਖੀ ਗਈ। ਵੇਖੋ ਇਸ ਵਿੱਚ ਸੋਦਰ ਬਾਣੀ ਦੇ ਆਰੰਭ ਵਿੱਚ ਸੱਜੇ ਹੱਥ ਸੰਖੇਪ ਮੰਗਲ ਲਿਖਿਆ ਗਿਆ ਹੈ। ਉਸ ਉਪਰੰਤ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਫਿਰ 2-2 ਡੰਡੀਆਂ ਵਿੱਚ ਸੋਦਰੁ ਬਾਣੀ ਦਾ ਸਿਰਲੇਖ ਦਰਜ ਕੀਤਾ ਗਿਆ ਹੈ।



ਇਸੇ ਤਰ੍ਹਾਂ ਹੀ ਇਸ ਬੀੜ ਵਿੱਚ ਸੋਹਿਲਾ ਬਾਣੀ ਦੇ ਆਰੰਭ ਤੋਂ ਪਹਿਲਾਂ ਸੱਜੇ ਹੱਥ ਸੰਖੇਪ ਮੰਗਲ ਦਰਜ ਹੈ। ਉਪਰੰਤ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਨਾਂ ਅਤੇ ਫਿਰ ਸੋਹਿਲਾ ਬਾਣੀ ਦਾ ਸਿਰਲੇਖ ਲਿਖਿਆ ਹੋਇਆ ਹੈ। ਇਹ ਤਰਤੀਬ ਬਿਲਕੁਲ ਠੀਕ ਹੈ ਅਤੇ ਇਸੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਛਪਵਾਈ ਹੋਣੀ ਚਾਹੀਦੀ ਹੈ।





ਦਰਸ਼ਨ ਕਰੋ ਇੱਕ ਹੋਰ ਪੁਰਾਤਨ ਹੱਥ-ਲਿਖਤ ਬੀੜ ਦੇ ਜੋ ਗੁਰੂ ਰਾਮਦਾਸ ਸਾਹਿਬ ਜੀ ਦੇ ਜਪੁ ਨੀਸ਼ਾਨ ਦੇ ਨਕਲ ਵਾਲ਼ੀ ਹੈ। ਇਸ ਵਿੱਚ ਸੱਜੇ ਹੱਥ ਸੰਖੇਪ ਮੰਗਲ ਦੇ ਕੇ ਫਿਰ ਰਾਗ ਦਾ ਨਾਮ  ਅਤੇ ਬਾਣੀਕਾਰ ਦਾ ਨਾਂ ਦਰਜ ਹੈ। ਉਪਰੰਤ ਸੋਦਰੁ ਬਾਣੀ ਦਾ ਸਿਰਲੇਖ ਦਿੱਤਾ ਹੋਇਆ ਹੈ।




ਇਸੇ ਬੀੜ ਦਾ ਸੋਪੁਰਖੁ ਵਾਲ਼ਾ ਪੰਨਾ ਵੇਖੋ। ਸੰਖੇਪ ਮੰਗਲ ਦਰਜ ਕਰਕੇ ਫਿਰ ਰਾਗ ਦਾ ਨਾਂ, ਬਾਣੀਕਾਰ ਦਾ ਨਾਂ ਅਤੇ ਉਪਰੰਤ 2-2 ਡੰਡੀਆਂ ਦੇ ਵਿਚਕਾਰ ਸੋਪੁਰਖੁ ਸਿਰਲੇਖ ਦਿੱਤਾ ਹੋਇਆ ਹੈ।



ਇਸੇ ਬੀੜ ਦਾ ਸੋਹਿਲਾ ਬਾਣੀ ਵਾਲ਼ਾ ਪੰਨਾ। ਵੇਖੋ ਸੰਖੇਪ ਮੰਗਲ ਦਰਜ ਕਰਕੇ ਫਿਰ ਰਾਗ ਦਾ ਨਾਂ, ਬਾਣੀਕਾਰ ਦਾ ਨਾਂ ਅਤੇ ਉਪਰੰਤ 2-2 ਡੰਡੀਆਂ ਦੇ ਵਿਚਕਾਰ ਸੋਹਿਲਾ ਬਾਣੀ ਦਾ ਸਿਰਲੇਖ ਦਿੱਤਾ ਹੋਇਆ ਹੈ।



੪

੧ਓਸਤਿਗੁਰਪ੍ਰਸਾਦਿ॥ ਰਾਗੁਆਸਾਮਹਲਾ੧ ਸੋਦਰੁ॥ ਸੋਦਰੁਤੇਰਾਕੇਹਾਸੋਘਰੁਕੇਹਾਜਿਤੁ
ਬਹਿਸਰਬਸਮਾਲੇ॥ਵਾਜੇਤੇਰੇਨਾਦਅਨੇਕਅਸੰਖਾਕੇਤੇਤੇਰੇਵਾਵਣਹਾਰੇ॥ਕੇਤੇਤੇਰੇਰਾਗਪਰੀਸਿਉਕਹੀਅ
ਹਿਕੇਤੇਤੇਰੇਗਾਵਣਹਾਰੇ॥ਗਾਵਨਿਤੁਧਨੋਪਵਣੁਪਾਣੀਬੈਸੰਤਰੁਗਾਵੈਰਾਜਾਧਰਮੁਦੁਆਰੇ॥ਗਾਵਨਿਤੁਧਨੋਚਿ
ਤੁਗੁਪਤੁਲਿਖਿਜਾਣਨਿਲਿਖਿਲਿਖਿਧਰਮੁਬੀਚਾਰੇ॥ਗਾਵਨਿਤੁਧਨੋਈਸਰੁਬ੍ਰਹਮਾਦੇਵੀਸੋਹਨਿਤੇਰੇਸਦ
ਸਵਾਰੇ॥ਗਾਵਨਿਤੁਧਨੋਇੰਦ੍ਰਇੰਦ੍ਰਾਸਣਿਬੈਠੇਦੇਵਤਿਆਦਰਿਨਾਲੇ॥ਗਾਵਨਿਤੁਧਨੋਸਿਧਸਮਾਧੀਅੰਦਰਿ
੩.੨.੩. ਭਾਰ-ਚਿੰਨ੍ਹ (ਹ) ਦੇ ਸਰੂਪ ਦੀ ਵਿਭਿੰਨਤਾ ਤੋਂ ਇਲਾਵਾ ਪਾਵਨ ਸਰੂਪਾਂ ਅਤੇ ਸ਼ਬਦਾਰਥ ਸੈਂਚੀਆਂ ਵਿਚ ਭਾਰ ਚਿੰਨ੍ਹ ਦੀ ਵਰਤੋਂ ਬਾਰੇ ਵੀ ਪਰਸਪਰ ਭੇਦ ਹਨ ਜਿਨ੍ਹਾਂ ਦਾ ਵੇਰਵਾ ਅੰਤਿਕਾ 'ਅ-ੲ-ਸ' ਵਿਚ ਦਿਤਾ ਜਾ ਰਿਹਾ ਹੈ।

1

੩.੨.੪. ਕੁਝ ਸ਼ਬਦਾਂ (ਲਫ਼ਜ਼ਾਂ) ਵਿਚਲੇ ਕਿਸੇ ਅਖਰ ਥਲੇ ਪੈਰ- ਚਿੰਨ੍ਹ (\) ਦੀ ਛਪਾਈ ਕੀਤੀ ਮਿਲਦੀ ਹੈ। ਜਿਨ੍ਹਾਂ ਅਖਰਾਂ ਦੇ ਥਲੇ ਇਹ ਚਿੰਨ੍ਹ ਲਗਾ ਹੋਇਆ ਹੈ ਉਹਨਾਂ ਵਿਚੋਂ ਬਹੁਤੇ ਮੁਕਤਾ-ਰੂਪ ਨਹੀਂ, ਸਗੋਂ ਉਹਨਾਂ ਨੂੰ ਕੋਈ ਨ ਕੋਈ 'ਲਗ' ਲਗੀ ਹੋਈ ਹੈ। ਇਸ ਲਈ ਇਸ ਪੈਰ-ਚਿੰਨ੍ਹ ਦੇ 'ਹਲੰਤ' ਹੋਣ ਦੀ ਸੰਭਾਵਨਾ ਨਹੀਂ ਜਾਪਦੀ। ਅਜਿਹੇ ਕੁਝ ਸ਼ਬਦਾਂ (ਲਫ਼ਜ਼ਾਂ) ਦੀ ਸੂਚੀ ਅੰਤਿਕਾ-ਹ ਵਜੋਂ ਨਾਲ ਨਥੀ ਹੈ।

ਉਪਰ ਸੰਕੇਤ ਕੀਤੇ ਗਏ ਪੈਰ-ਚਿੰਨ੍ਹ ਦੀ ਸੰਗਯਾ ਕੀ ਹੈ, ਇਸਦਾ ਸ਼ੁਧ ਸਰੂਪ ਕੀ ਹੈ, ਅਤੇ ਇਹ ਕਿਹੜੀ ਧੁਨੀ ਦਾ ਸੂਚਕ ਹੈ, ਇਸ ਬਾਰੇ ਗੁਰਬਾਣੀ ਦੀ ਸੂਝ-ਬੂਝ ਰਖਣ ਵਾਲੇ ਭਾਸ਼ਾ-ਵਿਗਿਆਨ ਦੇ ਮਾਹਰ ਕੁਝ ਗੁਰਮਤੀ ਵਿਦਵਾਨ ਸਜਣਾਂ ਦੀ ਮੀਟਿੰਗ ਬੁਲਾਅ ਕੇ ਪੰਥ-ਪਧਰ 'ਤੇ ਵਿਚਾਰ ਅਤੇ ਨਿਰਣਾ ਕੀਤੇ ਜਾਣ ਦੀ ਲੋੜ ਹੈ।

੩.੩. **ਛਪਾਈ ਵਿਚ ਕੁਝ ਅਖਰਾਂ/ਲਗਾ ਮਾਤ੍ਰਾਂ ਦੀ ਟੁਟ-ਭਜ**

ਛਪਾਈ ਵਿਚ ਲੋੜੀਂਦੀ ਸਾਵਧਾਨੀ ਨਾ ਵਰਤੇ ਜਾਣ ਦੇ ਫਲ-ਸਰੂਪ ਲੜੀਦਾਰ ਸਰੂਪ ਵਿਚ ਬਹੁਤ ਸਾਰੇ ਅਖਰਾਂ/ਲਗਾਂ-ਮਾਤ੍ਰਾਂ ਦੀ ਟੁਟ-ਭਜ ਦ੍ਰਿਸ਼ਟੀ ਗੋਚਰ ਹੋਈ ਹੈ। ਅਜਿਹੀਆਂ ਛਾਪੇ ਦੀਆਂ ਉਕਾਈਆਂ ਦੀ ਸੂਚੀ ਅੰਤਿਕਾ 'ਕ' ਵਜੋਂ ਨਾਲ ਨਥੀ ਹੈ। ਸਟਾਕ ਵਿਚ ਜਿੰਨੇ ਸਰੂਪ ਹਨ ਉਹਨਾਂ ਵਿਚਲੇ ਟੁਟ-ਭਜ ਵਾਲੇ ਅਖਰਾਂ ਦੀ ਸੁਧਾਈ ਕਰ ਕੇ ਹੀ ਇਹ ਸਰੂਪ ਗੁਰਸਿਖ ਸ਼ਰਧਾਲੂਆਂ ਨੂੰ ਦਿਤੇ ਜਾਣ।

੩.੪. **ਨਾਸਕੀ-ਚਿਨ੍ਹਾਂ ਦੀ ਛਪਾਈ ਵਿਚ ਅਣਗਹਿਲੀ**

੩.੪.੧. ਮੇਲਾਨ ਸਮੇਂ ਵੇਖਿਆ ਗਿਆ ਹੈ ਕਿ ਕੁਝ ਸ਼ਬਦਾਂ ਵਿਚ ਨਾਸਕੀ-ਚਿੰਨ੍ਹ ਬਿੰਦੀ (˙) ਦੀ ਛਪਾਈ ਠੀਕ ਥਾਂ ਦੀ ਬਜਾਏ ਆਸੇ ਪਾਸੇ ਹੋਈ ਪਈ ਹੈ ਬੇਅੰਤ ਉਦਾਹਰਣਾਂ ਵਿਚੋਂ ਟੂਕ-ਮਾਤ੍ਰ ਕੁਝ ਉਦਾਹਰਣਾਂ ਦੀ ਸੂਚੀ ਅੰਤਿਕਾ 'ਖ' ਵਜੋਂ ਨਾਲ ਨਥੀ ਹੈ।

੩.੪.੨. ਏਸੇ ਤਰ੍ਹਾਂ ਛਾਪੇ ਦੀ ਅਣਗਹਿਲੀ ਕਾਰਨ ਕੁਝ ਸ਼ਬਦਾਂ ਦੇ ਮੂਲਕ-ਅੰਗੀ ਨਾਸਕੀ-ਚਿੰਨ੍ਹ ਛਪਣੋ ਰਹਿ ਗਏ ਹੋਣ ਦੀ ਸੰਭਾਵਨਾ ਜਾਪਦੀ ਹੈ। ਬੇਅੰਤ ਉਦਾਹਰਣਾਂ ਵਿਚੋਂ ਟੂਕ-ਮਾਤ੍ਰ ਕੁਝ ਉਦਾਹਰਣਾਂ ਦੀ ਸੂਚੀ ਅੰਤਿਕਾ 'ਗ' ਵਜੋਂ ਨਾਲ ਨਥੀ ਹੈ।

ਉਪ੍ਰੋਕਤ ਕਿਸਮ ਦੇ ਸ਼ਬਦਾਂ ਵਿਚਲੇ ਨਾਸਕੀ ਚਿੰਨ੍ਹਾਂ ਦੀ ਸਹੀ ਸਥਿਤੀ ਬਾਰੇ ਮੂਲ-ਅਧਾਰ ਅਥਵਾ ਪੁਰਾਤਨ ਪਰਮਾਣੀਕ ਲਿਖਤੀ ਬੀੜ (') ਤੋਂ ਅਗਵਾਈ ਲਏ ਜਾਣ ਦੀ ਲੋੜ ਜਾਪਦੀ ਹੈ।

੩.੪.੩ ਪਾਵਨ ਸਰੂਪ (ਲੜੀਦਾਰ ਅਤੇ ਪਦ-ਛੇਦ) ਵਿਚ ਪਰਸਪਰ ਨਾਸਕੀ-ਚਿੰਨ੍ਹਾਂ ਦੀ ਵਰਤੋਂ ਵਿਚ ਵੀ ਇਕਸਾਰਤਾ ਨਹੀਂ। ਏਸੇ ਤਰ੍ਹਾਂ ਪਾਵਨ ਸਰੂਪ ਦੇ ਸ਼ਬਦਾਰਥ ਸੈਂਚੀਆਂ ਨਾਲ ਵੀ ਇਸ ਪਖੋਂ ਕਈ ਫਰਕ ਹਨ। ਇਹਨਾਂ ਫਰਕਾਂ ਦੀ ਇਕ ਵਖਰੀ ਸੂਚੀ ਵੀ ਅੰਤਿਕਾ 'ਘ' ਵਜੋਂ ਨਾਲ ਨਥੀ ਹੈ।

੩.੫ **ਬਿਸ੍ਰਾਮ-ਚਿੰਨ੍ਹਾਂ ਦੇ ਫਰਕ**

ਪਾਵਨ ਸਰੂਪਾਂ (ਲੜੀਦਾਰ ਅਤੇ ਪਦ-ਛੇਦ) ਵਿਚਲੀਆਂ ਕੁਝ ਤੁਕਾਂ ਵਿਚ ਬਿਸ੍ਰਾਮ-ਚਿੰਨ੍ਹਾਂ ਦੀ ਵਰਤੋਂ ਦੇ ਪਰਸਪਰ ਕਈ ਫਰਕ ਹਨ। ਏਸੇ ਤਰ੍ਹਾਂ ਪਾਵਨ ਸਰੂਪ ਦੇ ਸ਼ਬਦਾਰਥ ਸੈਂਚੀਆਂ ਨਾਲ ਵੀ ਬਿਸ੍ਰਾਮ-ਚਿਨ੍ਹਾਂ ਦੀ ਵਰਤੋਂ ਦੇ ਕਈ ਫਰਕ ਹਨ। ਇਹਨਾਂ ਫਰਕਾਂ ਦੀਆਂ ਸੂਚੀਆਂ ਅੰਤਿਕਾ 'ਙ' 'ਚ' 'ਛ' ਵਜੋਂ ਨਾਲ ਨਥੀ ਹਨ।

੩.੬. **ਪਾਵਨ ਸਰੂਪਾਂ ਦੀਆਂ ਵਖ ਵਖ ਐਡੀਸ਼ਨਾਂ ਵਿਚ ਪਾਠ-ਭੇਦ**

ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਪਾਵਨ ਸਰੂਪਾਂ ਦੀਆਂ ਬੀਤੇ ਸਮੇਂ ਵਿਚ ਕਈ ਐਡੀਸ਼ਨਾਂ ਛਾਪੀਆਂ ਗਈਆਂ। ਹਰ ਨਵੀਂ ਐਡੀਸ਼ਨ ਦੀ ਛਪਾਈ ਸਮੇਂ ਪ੍ਰਕਾਸ਼ਨਾਂ ਦੇ ਸੰਨ-ਸੰਮਤ ਬਾਰੇ ਸੂਚਨਾ ਬੀੜ ਦੇ ਸਰਵਰਕ ਉਤੇ ਦਿਤੀ

ਜਾਣੀ ਚਾਹੀਦੀ ਸੀ ਪਰ ਪਿਛਲੀਆਂ ਸਾਰੀਆਂ ਐਡੀਸ਼ਨਾਂ ਦੀ ਛਪਾਈ ਸਮੇਂ ਅਜਿਹਾ ਨਹੀਂ ਕੀਤਾ ਜਾਂਦਾ ਰਿਹਾ। ਅਜਿਹੀ ਸੂਚਨਾ ਕੇਵਲ ਪ੍ਰਚਲਤ ਐਡੀਸ਼ਨ ਵਾਲੇ ਸਰੂਪ ਵਿਚ (ਲੜੀਦਾਰ ਸਰੂਪ ਦਾ ਸੰਨ ੧੯੯੧, ਨਿਖੜਵੇਂ ਪਦਾਂ ਵਾਲੇ ਸਰੂਪ ਦਾ ਸੰਨ ੧੯੯੪) ਦਿਤੀ ਗਈ ਮਿਲਦੀ ਹੈ।

ਵਖ ਵਖ ਸਮੇਂ ਪ੍ਰਕਾਸ਼ਤ ਹੋਈਆਂ ਵਖ ਵਖ ਐਡੀਸ਼ਨਾਂ ਵਾਲੀਆਂ ਬੀੜਾਂ ਵਿਚੋਂ ਕੇਵਲ ਇਕ ਐਡੀਸ਼ਨ ਦਾ ਪਰਚਲਤ ਐਡੀਸ਼ਨ ਨਾਲ ਕੁਝ ਕੁ ਪੰਨਿਆਂ ਦੇ ਪਰਸਪਰ ਮੇਲਾਨ ਕੀਤੇ ਜਾਣ ਤੇ ਇਹ ਵੇਖਿਆ ਗਿਆ ਹੈ ਕਿ ਇਹਨਾਂ ਵਿਚ ਅਖਰਾਂ, ਲਗਾਂ-ਮਾਤ੍ਰਾਂ, ਸਿਰਲੇਖਾਂ, ਅੰਕਾਂ ਆਦਿ ਦੇ ਪਰਸਪਰ ਸੈਂਕੜੇ ਭੇਦ ਮਿਲਦੇ ਹਨ ਜਿਨ੍ਹਾਂ ਵਿਚੋਂ ਕੇਵਲ ਟੂਕ-ਮਾਤ੍ਰ ਫਰਕਾਂ ਦੀਆਂ ਕੁਝ ਕੁ ਉਦਾਹਰਣਾਂ ਦੀ ਸੂਚੀ ਅੰਤਿਕਾ 'ਜ' 'ਝ' 'ਞ' 'ਟ' ਵਜੋਂ ਨਾਲ ਨੱਥੀ ਹੈ।

<u>ਪਾਵਨ ਸਰੂਪ ਦੀ ਛਪਾਈ ਵਿਚ ਬਾਰ ਬਾਰ ਅਤੇ ਗੁਪਤੇ-ਗੁਪਤੀ ਪ੍ਰੈਸ-ਅਮਲੇ ਦੀ ਪਧਰ ਤੇ ਕੀਤੀਆਂ ਜਾ ਰਹੀਆਂ ਪਾਠ-ਸੁਧਾਈਆਂ ਦਾ ਸਿਖ ਸੰਗਤਾਂ ਉਤੇ ਅਣਸੁਖਾਵਾਂ ਪ੍ਰਭਾਵ ਪੈਂਦਾ ਹੈ। ਇਸ ਸਮੱਸਿਆ ਦਾ ਪੰਥ-ਪ੍ਰਵਾਣਿਤ ਸਥਾਈ ਹਲ ਹੋਣਾ ਚਾਹੀਦਾ ਹੈ।</u>

### ੩.੭. <u>ਛਾਪੇ ਦੀਆਂ ਉਕਾਈਆਂ ਅਜੇ ਵੀ ਮੌਜੂਦ</u>

ਸਮੇਂ ਸਮੇਂ ਅੰਦਰ-ਖਾਤੇ ਕੀਤੀਆਂ ਗਈਆਂ ਪਾਠ-ਸੁਧਾਈਆਂ ਦੇ ਬਾਵਜੂਦ ਛਾਪੇ ਦੀ ਅਣਗਹਿਲੀ ਕਾਰਨ ਕੁਝ ਸ਼ਬਦਾਂ ਉਤੇ ਅਜੇ ਵੀ ਸਿਰਲੇਖ ਛਪਣੋਂ ਰਹੇ ਹੋਏ ਹਨ ਅਤੇ ਕਈ ਲਫਜ਼ਾਂ ਦੇ ਲਗ-ਮਾਤ੍ਰੀ ਸਰੂਪਾਂ ਵਿਚ ਵੀ ਛਾਪੇ ਦੀਆਂ ਉਕਾਈਆਂ ਦੀ ਸੰਭਾਵਨਾ ਲਗਦੀ ਹੈ। ਛਾਪੇ ਦੀਆਂ ਅਜਿਹੀਆਂ ਸੈਂਕੜੇ ਉਕਾਈਆਂ ਵਿਚੋਂ ਟੂਕ-ਮਾਤ੍ਰ ਕੁਝ ਉਦਾਹਰਣਾਂ ਦੀ ਸੂਚੀ ਅੰਤਿਕਾ 'ਠ' 'ਡ' 'ਢ' 'ਣ' ਵਜੋਂ ਨਾਲ ਨਥੀ ਹੈ।

### ੩.੮. <u>ਬੀੜਾਂ ਦੀ ਸੁਧ ਲਿਖਾਈ/ਛਪਾਈ ਵਿਚ ਕੌਮੀ ਅਣਗਹਿਲੀ</u>

ਆਰੰਭ ਕਾਲ ਵਿਚ ਪਾਵਨ ਬੀੜ ਦੇ ਹਥ-ਲਿਖਤੀ ਉਤਾਰੇ ਸੁ-ਸਿਖਿਅਤ ਅਤੇ ਅਣ-ਸਿਖਿਅਤ, ਦੋਹਾਂ ਕਿਸਮਾਂ ਦੇ ਲਿਖਾਰੀਆਂ ਦੁਆਰਾ ਹੁੰਦੇ ਰਹੇ। ਇਤਿਹਾਸ ਵਿਚੋਂ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਅਜਿਹੇ ਹਥ-ਲਿਖਤੀ ਉਤਾਰਿਆਂ ਦੀ ਸੁਧਤਾਈ ਨੂੰ ਯਕੀਨੀ ਬਣਾਉਣ ਲਈ ਕੌਮ ਵਲੋਂ ਸੰਸਥਕ ਪਧਰ 'ਤੇ ਕੋਈ ਯਤਨ ਕੀਤੇ ਗਏ ਹੋਣ। ਫਿਰ ਜਦੋਂ ਛਾਪਾ-ਖਾਨਾ ਹੋਂਦ ਵਿਚ ਆਇਆ ਤਾਂ ਪਾਵਨ ਬੀੜਾਂ ਦੀ ਛਪਾਈ ਦਾ ਕੰਮ ਵਪਾਰੀ ਪ੍ਰਕਾਸ਼ਕਾਂ ਵਲੋਂ ਹੀ ਹਥਿਆਇਆ ਗਿਆ। ਇਕ ਸਮਾਂ ਅਜਿਹਾ ਵੀ ਸੀ ਜਦੋਂ ਪਾਵਨ ਬੀੜਾਂ ਦੀ ਛਪਾਈ ਦਰਜਨ ਕੁ ਦੇ ਕਰੀਬ ਵਪਾਰੀ ਪ੍ਰਕਾਸ਼ਕਾਂ ਵਲੋਂ ਕਰਵਾਈ ਜਾ ਰਹੀ ਸੀ। ਸ਼ੁਰੂ ਸ਼ੁਰੂ ਵਿਚ ਕਈ ਸਿਆਣੇ ਪ੍ਰਕਾਸ਼ਕ ਭੈ-ਭਾਵਨੀ ਵਜੋਂ ਪਾਵਨ ਬੀੜ ਦੀ ਛਪਾਈ ਵਿਚ ਹੋ ਗਈਆਂ ਛਾਪੇ ਦੀਆਂ ਗਲਤੀਆਂ ਦਾ ਸੋਧ-ਪਤਰ ਵੀ ਛਾਪਦੇ ਰਹੇ (ਵੇਖੋ ਅੰਤਿਕਾ 'ਤ')। ਪਰ ਫਿਰ ਇਹ ਪਿਰਤ ਵੀ ਸਮਾਪਤ ਹੋ ਗਈ। ਇਸ ਸਮੇਂ ਵੀ ਵਪਾਰੀ ਪ੍ਰਕਾਸ਼ਕਾਂ ਵਲੋਂ ਗੁਰਬਾਣੀ ਦੀ ਕੀਤੀ ਜਾ ਰਹੀ ਛਪਾਈ ਦੀ ਸੁਧਤਾਈ ਨੂੰ ਯਕੀਨੀ ਬਣਾਉਣ ਲਈ ਸੰਸਥਕ-ਪਧਰ 'ਤੇ ਜਾਂ ਕੌਮੀ ਪਧਰ ਤੇ ਕਿਸੇ ਯਤਨ ਕੀਤੇ ਜਾਣ ਦਾ ਕੋਈ ਸੰਕੇਤ ਨਹੀਂ ਮਿਲਦਾ।

ਇਸ ਕੌਮੀ ਅਣਗਹਿਲੀ ਦੇ ਫਲ-ਸਰੂਪ ਲਿਖਤ ਅਥਵਾ ਛਾਪੇ ਦੀਆਂ ਗਲਤੀਆਂ ਵਿਚ ਨਿਰੰਤਰ ਵਾਧਾ ਹੁੰਦਾ ਗਿਆ। ਇਸ ਅਧੋਗਤੀ ਦੇ ਪੇਸ਼-ਨਜ਼ਰ ਸੁਭਵਾਨ ਸਿਖ ਵਿਦਵਾਨ ਡਾ: ਸਾ: ਭਾਈ ਜੋਧ ਸਿੰਘ ਜੀ ਨੂੰ ੧੯੩੨ ਵਿਚ 'ਗੁਰਮਤਿ ਨਿਰਣਯ' ਦੀ ਉਥਾਨਕਾ ਵਿਚ ਸਮੁੱਚੀ ਕੌਮ ਨੂੰ ਇਸ ਸਬੰਧੀ ਹੇਠ ਲਿਖੇ ਸ਼ਬਦਾਂ ਵਿਚ ਚਿਤਾਵਨੀ ਦੇਣ ਤੇ ਮਜਬੂਰ ਹੋਣਾ ਪਿਆ:-

> "............ਵਾਹ ਲਗਦੀ ਗੁਰਬਾਣੀ ਨੂੰ ਸੁਧ ਛਾਪਣ ਦਾ ਜਤਨ ਕੀਤਾ ਗਿਆ ਹੈ ਅਤੇ ਇਸ ਵਿਚ ਬਹੁਤ ਸਾਰੀ ਸਹਾਇਤਾ ਮੈਨੂੰ ਆਪਣੇ ਨੌਜਵਾਨ ਮਿਤ੍ਰ ਭਾਈ ਸਾਹਿਬ ਸਿੰਘ ਜੀ ਲੈਕਚਰਾਰ ਪੰਜਾਬੀ ਅਤੇ ਧਰਮ ਵਿਦਿਆ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਜੀ ਪਾਸੋਂ ਪ੍ਰਾਪਤ ਹੋਈ ਹੈ। ਪਰ ਇਸ ਸੋਧ

ਵਿਚ ਇਕ ਖਤਰਾ ਜੋ ਮੈਨੂੰ ਪ੍ਰਤੀਤ ਹੋਇਆ ਹੈ, ਉਸ ਵਲ ਪੰਥ ਦੇ ਮੁਖੀ ਜਥਿਆਂ ਦਾ ਖਿਆਲ ਦਿਵਾਏ ਬਿਨਾਂ ਮੈਂ ਰਹਿ ਨਹੀਂ ਸਕਦਾ।

ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਵਿਚ ਲਗ, ਕੰਨੇ ਆਦਿ ਦੀਆਂ ਬਹੁਤ ਅਸ਼ੁਧੀਆਂ ਆ ਗਈਆਂ ਹਨ। ਜੇ ਕਿਸੇ ਜੁੰਮੇਵਾਰ ਜਥੇ ਨੇ ਇਹ ਬੀੜਾਂ ਪ੍ਰਕਾਸ਼ਤ ਕਰਨ ਦਾ ਕੰਮ ਆਪਣੇ ਜੁੰਮੇ ਨ ਲਿਆ ਤਾਂ ਥੋੜੇ ਚਿਰ ਮਗਰੋਂ ਸੁਧ ਪਾਠ ਸਹੀ ਕਰਨਾ ਅਤਿ ਕਠਿਨ ਹੋ ਜਾਵੇਗਾ। ਮੈਂ ਬਾਣੀ ਦਾ ਪਾਠ ਜੋ ਸੁਧ ਤੋਂ ਸੁਧ ਬੀੜ ਪ੍ਰਾਪਤ ਹੋ ਸਕਦੀ ਹੈ ਉਸ ਤੋਂ ਲੀਤਾ ਹੈ ਪਰੰਤੂ ਹੋ ਸਕਦਾ ਹੈ ਕਿ ਤਾਂ ਵੀ ਕੋਈ ਉਕਾਈ ਰਹਿ ਗਈ ਹੋਵੇ।

-ਉਥਾਨਕਾ ਗੁਰਮਤਿ ਨਿਰਣਯ ਪੰਨਾ 'ਸ'

ਜਦੋਂ ਛਾਪੇ ਦੀਆਂ ਗਲਤੀਆਂ ਬਾਰੇ ਸੰਗਤਾਂ ਵਲੋਂ ਵਾ-ਵੇਲਾ ਉਠਿਆ ਤਾਂ ਸ੍ਰੋ: ਗੁ: ਪ੍ਰ: ਕਮੇਟੀ ਵਲੋਂ ਪਾਵਨ ਸਰੂਪਾਂ ਦੀ ਛਪਾਈ ਦਾ ਕੰਮ ਅਰੰਭ ਕੀਤਾ ਗਿਆ। ਕਾਫੀ ਸੁਧਾਰ ਹੋਇਆ, ਪਰ ਕੰਮ ਅਜੇ ਵੀ ਪੂਰਨ ਤਸੱਲੀ-ਬਖਸ਼ ਨਹੀਂ।

## ੩.੯. ਗਲਤ-ਫਹਿਮੀ ਦਾ ਸਮਾਧਾਨ

ਬੀੜਾਂ ਦੀ ਛਪਾਈ ਸੰਬੰਧੀ ਵਾਸਤਵਿਕ ਸਮੱਸਿਆ ਤੋਂ ਬੇ-ਖਬਰ ਕੁਝ ਵੀਰ ਗਲਤ-ਫਹਿਮੀ ਦਾ ਸ਼ਿਕਾਰ ਹੋ ਕੇ ਬੀੜਾਂ ਵਿਚਲੀਆਂ ਛਾਪੇ ਦੀਆਂ ਗਲਤੀਆਂ ਦੀ ਚਰਚਾ ਕਰਨ ਵਾਲੇ ਵਿਅਕਤੀਆਂ ਉਤੇ ਕੁਫਰ ਦਾ ਦੋਸ਼ ਥਾਪਣ ਤਕ ਜਾਂਦੇ ਹਨ। ਜੇ ਅਜਿਹੇ ਵੀਰ ਆਪਣੀ ਹਠ-ਧਰਮੀ ਛਡ ਕੇ ਧੀਰਜ-ਤਹੰਮਲ ਨਾਲ ਵਿਚਾਰ-ਖੇਤਰ ਵਿਚ ਆਉਣ ਦੀ ਖੇਚਲ ਕਰਨ ਤਾਂ ਉਹਨਾਂ ਨੂੰ ਬੀੜਾਂ ਦੀ ਛਪਾਈ ਵਿਚ ਛਾਪੇ ਦੀਆਂ ਗਲਤੀਆਂ ਦੀ ਹੋਂਦ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ।

ਸਵਾਲਾਂ ਦਾ ਸਵਾਲ ਇਹ ਹੈ ਕਿ ਕੀ ਇਸ ਅਸਲੀਅਤ ਨੂੰ 'ਹਊ-ਪਰੇ' ਹੀ ਕਰਦੇ ਜਾਈਏ ਜਾਂ ਪੰਥਕ ਪਧਰ 'ਤੇ ਇਸ ਦੇ ਸਥਾਈ ਹਲ ਲੱਭਣ ਲਈ ਯਤਨਸ਼ੀਲ ਹੋਇਆ ਜਾਵੇ।

ਹੋਰ, ਧਰਮਾਂ ਵਾਲਿਆਂ ਨੇ ਤਾਂ ਆਪੋ ਅਪਣੇ ਧਰਮ-ਗ੍ਰੰਥਾਂ ਵਿਚੋਂ ਛਾਪੇ ਦੀਆਂ ਉਕਾਈਆਂ ਦੂਰ ਕਰ ਕੇ ਉਹਨਾਂ ਦਾ ਪ੍ਰਮਾਣਿਕ ਰੂਪ ਪ੍ਰਗਟ ਕਰ ਲਿਆ ਹੋਇਆ ਹੈ। ਅਸੀਂ ਅਵੇਸਲੇ ਹੋਏ ਬੈਠੇ ਹਾਂ, ਆਖਰ-ਕਿਉਂ? ਬਾਕੀਆਂ ਦੇ ਤਾਂ ਕੇਵਲ 'ਧਰਮ-ਗ੍ਰੰਥ' ਹਨ, ਸਾਡਾ 'ਗੁਰੂ ਗ੍ਰੰਥ' ਹੈ। ਸਾਡੀ ਜ਼ਿਮੇਦਾਰੀ ਕਿਤੇ ਵਧ ਹੈ।

**ਸਪਸ਼ਟ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਅਭੁਲ ਗੁਰੂ ਕਰਤਾਰੁ' ਦਾ ਅਭੁਲ ਸਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਕਿਸਮ ਦੀ ਕੋਈ ਉਕਾਈ ਸਮਝਣੀ ਕੁਫਰ ਹੈ। ਗਲਤੀਆਂ ਕੇਵਲ ਛਪਾਈ ਦੀਆਂ ਹਨ ਅਤੇ ਸਾਨੂੰ ਹੀ ਤੁਰਤ ਦੂਰ ਕਰਨੀਆਂ ਬਣਦੀਆਂ ਹਨ। ਦੇਰੀ ਕਰਨ ਨਾਲ ਇਹ ਸਮੱਸਿਆ ਹੋਰ ਉਲਝਣ ਦੀ ਸੰਭਾਵਨਾ ਹੈ। ਖਬਰਦਾਰ ਹੋਈਏ। ਸਾਵਧਾਨ ਹੋਈਏ।**

ਸੋ, ਅਜਿਹੀਆਂ ਲਿਖਤ/ਛਾਪੇ ਦੀਆਂ ਗਲਤੀਆਂ ਦੀ ਸੁਧਾਈ ਬਾਰੇ ਛਾਪੇ ਦੀ ਪ੍ਰਚਲਤ ਬੀੜ ਦਾ ਮੂਲ-ਅਧਾਰ ਅਥਵਾ ਪਰਮਾਣੀਕ ਹਥ-ਲਿਖਤ ਬੀੜ (†) ਨਾਲ ਸਮੁੱਚਾ ਮੇਲਾਨ ਕਰ ਕੇ, ਪੰਥਕ ਪਧਰ ਤੇ ਚਾਰਾ-ਜੋਈ ਕੀਤੇ ਜਾਣ ਦੀ ਲੋੜ ਜਾਪਦੀ ਹੈ। ਪ੍ਰੈਸ-ਅਮਲੇ ਦੇ ਪਧਰ ਤੇ ਅੰਦਰ-ਖਾਤੇ ਨਿਰੰਤਰ ਕੀਤੀਆਂ ਜਾ ਰਹੀਆ ਪਾਠ-ਸੁਧਾਈਆਂ ਦੀ ਪਿਰਤ ਇਤਰਾਜ਼-ਯੋਗ ਵੀ ਹੈ ਅਤੇ ਹਾਨੀ-ਕਾਰਕ ਵੀ ਹੈ।

## ੩.੧੦ ਜੁੜਤ-ਪਦਾਂ ਦੇ ਨਿਖੜਵੇਂ ਸ਼ਬਦ-ਜੋੜਾਂ ਦੀ ਛਪਾਈ

ਪੁਰਾਤਨ ਲਿਖਤੀ ਬੀੜਾਂ ਵਿਚ ਗੁਰਬਾਣੀ ਦੀ ਲਿਖਾਈ ਲੜੀਦਾਰ ਰੂਪ ਵਿਚ ਕੀਤੀ ਮਿਲਦੀ ਹੈ। ਇਸ ਅਧਾਰ 'ਤੇ ਸ੍ਰੋ: ਗੁ: ਪ੍ਰ: ਕਮੇਟੀ ਵਲੋਂ ਵੀ ਅਰੰਭ ਵਿਚ ਪਾਵਨ ਬੀੜ ਦੀ ਛਪਾਈ ਲੜੀਦਾਰ ਰੂਪ ਵਿਚ ਹੀ ਕੀਤੀ ਗਈ ਸੀ। ਬਅਦ ਵਿਚ ਵਪਾਰੀ ਪ੍ਰਕਾਸ਼ਕਾਂ ਦੀ ਰੀਸੇ ਸ੍ਰੋ: ਗੁ: ਪ੍ਰ: ਕਮੇਟੀ ਵਲੋਂ ਵੀ ਪਾਵਨ ਸਰੂਪ ਦੀ ਛਪਾਈ ਨਿਖੜਵੇਂ ਪਦਾਂ ਦੇ ਰੂਪ ਵਿਚ ਕਰਵਾਈ ਗਈ। ਨਿਖੜਵੇਂ ਪਦਾਂ ਦੇ ਰੂਪ ਵਿਚ ਪਾਵਨ ਸਰੂਪ ਦੀ

ਨਿਖੜਵੇਂ ਸ਼ਬਦ-ਜੋੜ ਅਜਿਹੇ ਹਨ ਜਿਨ੍ਹਾਂ ਦੀ ਨਿਖੇੜ-ਵਿਧੀ ਬਾਰੇ ਵਿਦਵਾਨਾਂ ਦੇ ਪਰਸਪਰ ਮਤ-ਭੇਦ ਹਨ।

ਇਸ ਕਮੇਟੀ ਦਾ ਸੁਝਾਅ ਹੈ ਕਿ ਗੁਰਬਾਣੀ ਵਿਚ ਆਏ ਸਮੱਗਰ ਜੁੜਤ-ਪਦਾਂ (ਜੋ ਤਕਰੀਬਨ ਪੰਜ ਕੁ ਸੋ ਹਨ) ਦੇ ਨਿਖੜਵੇਂ ਸ਼ਬਦ-ਜੋੜਾਂ ਬਾਰੇ ਪੰਥਕ ਪਧਰ 'ਤੇ ਨਿਰਣਾ ਕਰ ਕੇ ਪੰਥ-ਪ੍ਰਵਾਣਿਤ ਨਿਖੜਵੇਂ ਸ਼ਬਦ-ਜੋੜਾਂ ਦੀ ਛਪਾਈ ਪਾਵਨ ਬੀੜ ਵਿਚ ਅਤੇ ਸ਼ਬਦਾਰਥ ਦੀਆਂ ਸੈਂਚੀਆਂ ਵਿਚ ਇਕਸਾਰ ਕਰਵਾਈ ਜਾਣੀ ਚਾਹੀਦੀ ਹੈ।

੪. <u>ਸ਼ਬਦਾਰਥ ਸੈਂਚੀਆਂ</u>

੪.੧. ਸ਼ਬਦਾਰਥ ਦੇ ਪਹਿਲੇ ਭਾਗ ਦੀ ਭੂਮਿਕਾ ਵਿਚ ਵਰਣਤ ਹੇਠ ਲਿਖੇ ਤਥ ਵਿਸ਼ੇਸ਼ ਧਿਆਨ ਖਿਚਦੇ ਹਨ:-

"ਪਾਠ ਦੀ ਸੁਧਾਈ ਉਸ ਬੀੜ ਨਾਲ ਮੇਲ ਕੇ ਕੀਤੀ ਗਈ ਹੈ ਜਿਹੜੀ ਸ: ਸ: ਚਰਨ ਸਿੰਘ ਜੀ ਸ੍ਰੀ ਕਰਤਾਰਪੁਰ ਵਾਲੀ ਬੀੜ ਤੋਂ ਕਰ ਕੇ ਲਿਆਏ ਸਨ। ਅਸੀਂ ਉਨ੍ਹਾਂ ਦੇ ਭ੍ਰਾਤਾ ਸਰਦਾਰ ਪ੍ਰੀਤਮ ਸਿੰਘ ਦੇ ਅਤੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਸ ਸੋਧੀ ਹੋਈ ਬੀੜ ਦੇ ਦਰਸ਼ਨ ਕਰਾਏ।"

ਦੂਜੀ ਐਡੀਸ਼ਨ ਵਿਚ ਇਹ ਗੱਲਾਂ ਹੋਰ ਵਧਾਈਆਂ ਗਈਆਂ ਹਨ:-

੧ ........................

੨. ........................

੩. <u>ਪਾਠ ਦੀ ਵਧੇਰੇ ਸੁਧਾਈ ਕਰਕੇ ਨਾਵੇਂ ਮਹਲੇ ਦੀ ਬਾਣੀ ਦੀ।</u>

੪. ......................."

ਉਪ੍ਰੋਕਤ ਤੱਥਾਂ ਨੂੰ ਮੁੱਖ ਰੱਖਦਿਆਂ ਹੋਇਆਂ ਪਾਵਨ ਬੀੜਾਂ ਨਾਲ ਮੇਲਾਨ ਕਰਨ ਲਈ ਸ਼ਬਦਾਰਥ ਦੀ ਦੂਜੀ ਐਡੀਸ਼ਨ ਅਤੇ ਅੰਤਿਮ ਐਡੀਸ਼ਨ ਦੋਵੇਂ ਸੰਮਿਲਤ ਕੀਤੀਆਂ ਗਈਆਂ। (ਦੂਜੀ ਐਡੀਸ਼ਨ ਦੀਆਂ ਕੇਵਲ ਪਹਿਲੀਆਂ ਦੋ ਸੈਂਚੀਆਂ ਹੀ ਉਪਲਬਧ ਹੋ ਸਕੀਆਂ ਇਸ ਲਈ ਤੀਜੀ ਅਤੇ ਚੌਥੀ; ਇਹ ਦੋਵੇਂ ਸੈਂਚੀਆਂ, ਤੀਜੀ ਐਡੀਸ਼ਨ ਦੀਆਂ ਸੰਮਿਲਤ ਕੀਤੀਆਂ ਗਈਆਂ।)

ਜਿਥੋਂ ਤਕ ਉਪਰ ਸੰਕੇਤ ਕੀਤੀ ਭੂਮਿਕਾ ਦੇ ਨੰ: ੩ ਉਤੇ ਪਾਠ-ਸੁਧਾਈਆਂ ਦਾ ਸੰਬੰਧ ਹੈ, <u>ਸ਼ਬਦਾਰਥ ਦੀ ਛਪਾਈ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਬੰਧ ਹੇਠ ਆਉਣ ਮਗਰੋਂ, ਇਹਨਾਂ ਬਾਰੇ ਪੰਥਕ-ਪਧਰ 'ਤੇ ਗੰਭੀਰ ਵਿਚਾਰ ਵਟਾਂਦਰਾ ਕੀਤੇ ਬਗੈਰ ਇਹਨਾਂ ਉਤੇ ਲਕੀਰ ਫੇਰ ਦਿਤੀ ਗਈ ਹੈ। ਕਾਰਨ ਗੁਰੂ ਜਾਣੇ! ਇਹ ਬੜਾ ਗੰਭੀਰ ਮਾਮਲਾ ਹੈ।</u>

੪.੨. <u>ਕਰਤਾਰਪੁਰੀ ਬੀੜ ਦੇ ਪਾਠਾਂ ਦੀ ਜਾਣ ਬੁਝ ਕੇ ਅਣਦੇਖੀ</u>

ਸ਼ਬਦਾਰਥੀ ਵਿਦਵਾਨਾਂ ਦੀ ਉਪਰੋਕਤ ਲਿਖਤ ਤੋਂ ਵਿਦਿਤ ਹੁੰਦਾ ਹੈ ਕਿ ਉਹਨਾਂ ਨੇ ਸ਼ਬਦਾਰਥ ਸੈਂਚੀਆਂ ਵਿਚਲੀ ਮੂਲ-ਬਾਣੀ ਦੀ ਪਾਠ-ਸੁਧਾਈ ਉਸ ਪਾਵਨ ਬੀੜ ਨਾਲ ਕੀਤੀ ਜੋ ਸ੍ਰੀ ਕਰਤਾਰਪੁਰੀ ਬੀੜ ਨਾਲ ਸੋਧੀ ਹੋਈ ਸੀ ਪਰ ਸ਼ਬਦਾਰਥ ਸੈਂਚੀਆਂ ਦੇ ਅਧਿਐਨ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸ਼ਬਦਾਰਥ ਵਿਚਲੀ ਮੂਲ-ਬਾਣੀ ਵਿਚ ਕਰਤਾਰਪੁਰੀ ਬੀੜ ਦੇ ਕਈ ਪਾਠਾਂ ਦੀ ਸ਼ਬਦਾਰਥੀ ਵਿਦਵਾਨਾਂ ਵਲੋਂ ਜਾਣ ਬੁਝ ਕੇ ਅਣਦੇਖੀ ਕੀਤੀ ਹੋਈ ਹੈ। ਇਸ ਪਰਸਪਰ ਵਿਰੋਧੀ ਵਤੀਰੇ ਦਾ ਕਾਰਨ ਕਿਧਰੇ ਸਪਸ਼ਟ ਕੀਤਾ ਹੋਇਆ ਨਹੀਂ। ਅਜਿਹੀਆਂ ਕੁਝ ਉਦਾਹਰਣਾਂ ਦੀ ਸੂਚੀ ਅੰਤਿਕਾ 'ਥ' ਵਜੋਂ ਨਾਲ ਨੱਥੀ ਹੈ।

੪.੩. <u>ਸ਼ਬਦਾਰਥ ਸੈਂਚੀਆਂ ਦੇ ਪਾਵਨ ਬੀੜ ਨਾਲ ਪਾਠ-ਭੇਦ</u>

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿਚ ਅੰਕਿਤ ਬਾਣੀ ਦਾ ਸ਼ਬਦਾਰਥ ਦੀਆਂ ਦੋਹਾਂ ਐਡੀਸ਼ਨਾਂ (ਦੂਜੀ/ਤੀਜੀ ਅਤੇ ਸਤਵੀਂ) ਵਿਚ ਅੰਕਿਤ ਬਾਣੀ ਨਾਲ ਪਰਸਪਰ ਮੇਲਾਨ ਕਰਨ 'ਤੇ ਜੋ ਪਾਠ-ਭੇਦ ਦ੍ਰਿਸ਼ਟੀ ਗੋਚਰ ਹੋਏ, ਉਹਨਾਂ ਦੀਆਂ ਸੂਚੀਆਂ ਅੰਤਿਕਾ 'ਦ' 'ਧ' ਵਜੋਂ ਨਾਲ ਨੱਥੀ ਹਨ।

੪.੪. **ਸ਼ਬਦਾਰਥ-ਸੈਂਚੀਆਂ ਦੀਆਂ ਵਖ ਵਖ ਐਡੀਸ਼ਨਾਂ ਵਿਚ ਪਰਸਪਰ ਪਾਠ-ਭੇਦ**

ਸ਼ਬਦਾਰਥ-ਸੈਂਚੀਆਂ ਦੀਆਂ ਵਖ ਵਖ ਐਡੀਸ਼ਨਾਂ ਵਿਚ ਅੰਕਿਤ ਮੂਲ-ਬਾਣੀ ਦੇ ਪਰਸਪਰ ਬੇਅੰਤ ਪਾਠ-ਭੇਦ ਹਨ। ਕੁਝ ਪਾਠ-ਭੇਦ ਛਪਾਈ ਦੀਆਂ ਗਲਤੀਆਂ ਕਾਰਨ ਹਨ ਪਰ ਕਈ ਪਾਠ-ਭੇਦ ਕੀਤੀਆਂ ਗਈਆਂ ਪਾਠ-ਸੁਧਾਈਆਂ ਕਾਰਨ ਹਨ। ਸ਼ਬਦਾਰਥ ਦੀ ਦੂਜੀ/ਤੀਜੀ ਐਡੀਸ਼ਨ ਵਿਚ ਮੰਗਲਾਂ ਸਿਰਲੇਖਾਂ ਦੀ ਤਰਤੀਬ ਵਰਤਮਾਨ ਐਡੀਸ਼ਨ ਵਿਚਲੀ ਤਰਤੀਬ ਤੋਂ ਅੱਡਰੀ ਹੈ। ਵਰਤਮਾਨ ਐਡੀਸ਼ਨ ਵਾਲੀ ਤਰਤੀਬ ਪੰਥਕ ਫੈਸਲੇ ਅਨੁਸਾਰ ਹੈ। ਸ਼ਬਦਾਰਥ ਦੀ ਛਪਾਈ ਵਿਚ ਲਾਪਰਵਾਹੀ ਕਾਰਨ ਬੇਅੰਤ ਅਸ਼ੁਧੀਆਂ ਵੇਖਣ ਵਿਚ ਆਉਂਦੀਆਂ ਹਨ।

੪.੫. **ਮਹਲਾ ੯ ਦੀ ਬਾਣੀ ਦੀ ਛਪਾਈ ਵਿਚ ਪਾਠ-ਭੇਦ**

ਜਿਵੇਂ ਕਿ ਸ਼ਬਦਾਰਥ ਦੀ ਭੂਮਿਕਾ ਵਿਚਲੇ ਉਲੇਖ ਤੋਂ ਵਿਦਤ ਹੁੰਦਾ ਹੈ, ਸ਼ਬਦਾਰਥ ਦੀ ਦੂਜੀ ਐਡੀਸ਼ਨ ਵਿਚ ਸ਼ਬਦਾਰਥੀ ਵਿਦਵਾਨ-ਮੰਡਲੀ ਵਲੋਂ ਮਹਲਾ ੯ ਦੀ ਬਾਣੀ ਵਿਚਲੀਆ ਛਾਪੇ ਦੀਆਂ ਗਲਤੀਆਂ ਦੀ ਵਿਸ਼ੇਸ਼ ਤੌਰ ਤੇ ਪਾਠ-ਸੁਧਾਈ ਕੀਤੀ ਗਈ ਸੀ। ਸ਼ਬਦਾਰਥ ਦੀਆਂ ਮਗਰਲੀਆਂ (ਬਾਅਦ ਵਿਚ ਛਪਣ ਵਾਲੀਆਂ) ਐਡੀਸ਼ਨਾਂ ਵਿਚ ਮਹਲਾ ੯ ਦੀ ਮੂਲ-ਬਾਣੀ ਦੀ ਛਪਾਈ ਦੂਜੀ ਐਡੀਸ਼ਨ ਅਨੁਸਾਰ ਕੀਤੀ ਨਹੀਂ ਮਿਲਦੀ। ਵਖ ਵਖ ਐਡੀਸ਼ਨਾਂ ਵਿਚ ਕਾਫੀ ਰੋਲ-ਘਚੋਲਾ ਪਾਇਆ ਮਿਲਦਾ ਹੈ।

ਸ਼ਬਦਾਰਥ ਦੀ ਦੂਜੀ/ਤੀਜੀ ਐਡੀਸ਼ਨ ਵਿਚ ਅੰਕਿਤ ਮਹਲਾ ੯ ਦੀ ਬਾਣੀ ਦੇ ਸ਼ਬਦ-ਸਰੂਪਾਂ ਅਤੇ ਸ਼ਬਦਾਰਥ ਦੀ ਅੰਤਲੀ ਐਡੀਸ਼ਨ ਵਿਚ ਅੰਕਿਤ ਮੂਲ-ਬਾਣੀ ਦੇ ਸ਼ਬਦ-ਸਰੂਪਾਂ ਦੇ ਪਰਸਪਰ ਵੱਡੀ ਗਿਣਤੀ ਵਿਚ ਲਗ-ਮਾਤ੍ਰੀ ਭੇਦ ਹਨ। ਇਹਨਾਂ ਪਾਠ-ਭੇਦਾਂ ਦੀ ਸੂਚੀ ਅੰਤਿਕਾ 'ਨ' ਵਜੋਂ ਨਾਲ ਨਥੀ ਹੈ।

ਗੁਰਬਾਣੀ ਦੀ ਸੂਝ-ਬੂਝ ਵਾਲੇ ਗੁਰਮਤੀ ਵਿਦਵਾਨਾਂ ਦੀ ਕਮੇਟੀ ਦੁਆਰਾ ਇਹਨਾਂ ਲਗ-ਮਾਤ੍ਰੀ ਪਾਠ-ਭੇਦਾਂ ਦੀ ਪੜਚੋਲ ਕਰਵਾ ਕੇ ਪੰਥਕ ਪੱਧਰ ਉਤੇ ਨਿਰਣਾ ਲਏ ਜਾਣ ਦੀ ਲੋੜ ਹੈ।

੪.੬. **ਗੁਰਬਾਣੀ ਦੀ ਛਪਾਈ ਵਿਚ ਸ਼ਬਦਾਂ ਦੀ ਸੈਟਿੰਗ**

ਸ਼ਬਦਾਰਥ ਦੀ ਦੂਜੀ ਐਡੀਸ਼ਨ ਵਿਚ ਮੂਲ-ਬਾਣੀ ਦੀ ਛਪਾਈ ਗੁਰਪੁਰਵਾਸੀ ਪ੍ਰਿੰ: ਤੇਜਾ ਸਿੰਘ ਜੀ ਨੇ ਆਪਣੀ ਦੇਖ-ਰੇਖ ਵਿਚ ਕਰਵਾਈ ਸੀ। ਇਸ ਐਡੀਸ਼ਨ ਦੀ ਛਪਾਈ ਵਿਚ ਸ਼ਬਦਾਂ ਦੀ ਸੈਟਿੰਗ ਅਰਥ-ਭਾਵ ਦੇ ਪਖੋਂ ਬੜੀ ਮਹੱਤਵ-ਪੂਰਨ ਹੈ। ਕੁਝ ਸ਼ਬਦਾਂ ਨੂੰ ਇਕੱਠਿਆਂ ਰੱਖਿਆ ਗਿਆ ਸੀ, ਕੁਝ ਵਿਚ ਵਾਲ-ਵਿਥ ਰੱਖੀ ਗਈ ਸੀ ਅਤੇ ਕੁਝ ਨੂੰ ਬਿਲਕੁਲ ਵਖਰਾ ਛਾਪਿਆ ਗਿਆ ਸੀ। ਸ਼ਬਦਾਰਥ ਦੀਆਂ ਮਗਰਲੀਆਂ ਐਡੀਸ਼ਨਾਂ ਦੀ ਛਪਾਈ ਵਿਚ ਸ਼ਬਦਾਂ ਦੀ ਸੈਟਿੰਗ ਬਾਰੇ ਲਾ-ਪ੍ਰਵਾਹੀ ਵਰਤੀ ਗਈ ਹੈ।

ਕਮੇਟੀ ਦਾ ਸੁਝਾਅ ਹੈ ਕਿ ਪ੍ਰਿੰਟਿੰਗ ਦੀ ਟੈਕਨੀਕ ਅਤੇ ਗੁਰਬਾਣੀ ਦੇ ਅਰਥ-ਪਰਮਾਰਥ ਦੀ ਸੂਝ-ਬੂਝ ਰਖਣ ਵਾਲੇ ਸਜਣਾਂ ਦੀ ਦੇਖ-ਰੇਖ ਵਿਚ ਅਤੇ ਸ਼ਬਦਾਰਥ ਦੀ ਦੂਜੀ ਐਡੀਸ਼ਨ ਵਿਚਲੀ ਸ਼ਬਦ-ਸੈਟਿੰਗ ਦੀ ਅਗਵਾਈ ਵਿਚ ਸ਼ਬਦਾਰਥ ਦੀ ਅਗੇ ਨੂੰ ਛਪਣ ਵਾਲੀ ਐਡੀਸ਼ਨ ਦੀ ਛਪਾਈ ਕਰਵਾਈ ਜਾਵੇ। ਇਹ ਸ਼ਬਦ-ਸੈਟਿੰਗ ਸ਼ਬਦਾਰਥ ਸੈਂਚੀਆਂ ਅਤੇ ਨਿਖੜਵੇਂ ਪਦਾਂ ਵਾਲੇ ਪਾਵਨ ਸਰੂਪ, ਦੋਹਾਂ ਵਿਚ ਇਕਸਾਰ ਹੋਵੇ।

ਲੜੀਦਾਰ ਸਰੂਪ, ਨਿਖੜਵੇਂ ਪਦਾਂ ਵਾਲੇ ਸਰੂਪ ਅਤੇ ਸ਼ਬਦਾਰਥ ਸੈਂਚੀਆਂ ਵਿਚ ਹਰੇਕ ਪੰਨੇ ਉਤੇ ਗੁਰਬਾਣੀ ਦੀ ਛਪਾਈ ਵਿਚ ਹਰ ਪੱਖੋਂ ਇਕਸਾਰਤਾ ਯਕੀਨੀ ਬਣਾਏ ਜਾਣ ਦੀ ਲੋੜ ਹੈ।

੪.੭. **ਸ਼ਬਦਾਰਥ ਦੀਆਂ ਅਰਥ-ਟਿਪਣੀਆਂ ਦੇ ਰੀਵੀਊ ਦੀ ਲੋੜ**

ਸ਼ਬਦਾਰਥੀ ਵਿਦਵਾਨਾਂ ਵਲੋਂ ਲੜੀਦਾਰ ਬੀੜ ਵਿਚਲੇ ਜੁੜਤ-ਪਦਾਂ ਦੇ ਕੁਝ ਨਿਖੜਵੇਂ ਸ਼ਬਦ-ਜੋੜ ਨਿਰਧਾਰਤ ਕਰ ਕੇ ਸ਼ਬਦਾਰਥ ਦੀ ਦੂਜੀ ਅਤੇ ਤੀਜੀ ਐਡੀਸ਼ਨ ਵਿਚ ਛਾਪੇ ਗਏ ਸਨ ਅਤੇ ਇਸ ਦੇ ਅਧਾਰ 'ਤੇ ਹੀ ਉਹਨਾਂ ਦੇ ਪਦ-ਅਰਥ ਸਾਹਮਣੇ ਪੰਨੇ ਦੀਆਂ ਅਰਥ-ਟਿਪਣੀਆਂ ਵਿਚ ਦਿਤੇ ਗਏ ਸਨ। ਸ਼ਬਦਾਰਥ ਦੀਆਂ ਮਗਰਲੀਆਂ ਐਡੀਸ਼ਨਾਂ ਦੀ ਛਪਾਈ ਸਮੇਂ ਕੁਝ ਸ਼ਬਦਾਂ ਦੇ ਸ਼ਬਦ-ਜੋੜ ਬਦਲੇ ਗਏ ਹਨ, ਪਰ ਸਾਹਮਣੇ ਪੰਨੇ 'ਤੇ ਅਰਥ-ਟਿਪਣੀਆਂ ਪੁਰਾਣੀਆਂ ਹੀ ਛਪ ਰਹੀਆਂ ਹਨ, ਜਿਸ ਕਾਰਨ ਪਾਠਕਾਂ ਨੂੰ

ਟਪਲਾ ਲਗਦਾ ਹੈ। ਸਪਸ਼ਟਤਾ ਲਈ ਟੂਕ-ਮਾਤ੍ਰ ਉਦਾਹਰਣਾਂ ਥਲੇ ਦਿਤੀਆਂ ਜਾ ਰਹੀਆਂ ਹਨ:-

| ਪੰਨਾ | ਅੰਕ/ਪਦਾ | ਦੂਜੀ ਛਾਪ ਵਿਚਲਾ ਪਾਠ | ਸਤਵੀਂ ਛਾਪ ਵਿਚਲਾ ਪਾਠ | ਹਵਾਲਾ |
|---|---|---|---|---|
| ੨੪ | ੪॥੨੨॥ ਰਹਾਉ/੧ | ਜਾਣਸਹਿ | ਜਾਣ ਸਹਿ | ੨. ਮਤ ਜਾਣਸੋਂ...... |
| ੧੪੮ | ਪਉੜੀ ੨੩ ਸਲੋਕ ੧/੨ | ਕਿ ਸੁਕ | ਕਿਸੁਕ | ੨੮. ਖੁਸ਼ਕ, ਤਿਹਾਏ। |
| ੨੫੬ | ਪਉੜੀ ੩੧ ਤੁਕ ੨ | ਸੋਭਾਦੂ | ਸੋਭਾ ਦੂ | ੨੬. ਸੋਭਾ ਵਾਲਾ |
| ੩੨੯ | ੩॥੩੩॥ ਰਹਾਉ/੧ | ਕੀਨ | ਕੀ ਨ | ਕਿਵੇਂ? |
| ੪੧੬ | ੮॥੯॥ ੨ | ਦਰਸਨ | ਦਰਸ ਨ | ਦਰਸਨ। |
| ੪੩੩ | ੩੫॥੧॥ ੧੯/੩ | ਤਰਨਾ | ਤਰ ਨਾ | ੧੯. ਨਾ ਅਸੀਂ ਤਰਨਾ ਜਾਣਦੇ ਹਾਂ......... |

ਇਸ ਪਖੋਂ ਸ਼ਬਦਾਰਥ ਸੈਂਚੀਆਂ ਦਾ ਸਮੁਚੇ ਤੌਰ ਤੇ ਰੀਵੀਊ ਕੀਤਾ ਜਾਣਾ ਬਣਦਾ ਹੈ।

### ੪.੮. ਵਖ ਵਖ ਬੀੜਾਂ ਵਿਚਲੇ ਪਾਠ-ਭੇਦਾਂ ਬਾਰੇ ਟਿਪਣੀਆਂ

ਸ਼ਬਦਾਰਥ ਦੀਆਂ ਅਰਥ-ਟਿਪਣੀਆਂ ਵਾਲੇ ਪੰਨਿਆਂ 'ਤੇ ਬੀੜਾਂ ਦੇ ਪਾਠ-ਭੇਦਾਂ ਬਾਰੇ ਹੇਠ ਲਿਖੇ ਨੋਟ ਦਿਤੇ ਮਿਲਦੇ ਹਨ:ਜਿਵੇਂ:

| ਟਿਪਣੀ ਦਾ ਵੇਰਵਾ | ਪੰਨਾ ਨੰਬਰ ਦਾ ਹਵਾਲਾ |
|---|---|
| 'ਕਈ ਬੀੜਾਂ ਵਿਚ ਪਾਠ---------ਹੈ।' | ਪੰਨਾ ੫੮, ੬੨, ੧੧੫, ੧੬੬, ੨੧੩, ੩੩੪, ੪੮੯, ੫੮੫, ੫੯੮, ੬੩੬, ੭੧੦, ੮੦੭, ੩੯, ੭੪, ੮੩, ੯੫੦, ੭੦, ੧੦੦੦, ੩, ੧੪, ੧੧੦੩, ੬੨,੬੪, ੬੬,੬੯, ੮੯, ੯੪, ੯੫, ੧੨੫੫, ੮੨, ੯੪, ੧੩੧੯, ੨੧, ੨੩, ੫੧, ੫੨, ੮੧ ੧੪੧੭ |
| 'ਕਰਤਾਰਪੁਰੀ ਬੀੜ ਵਿਚ ਪਾਠ-ਹੈ।' | ਪੰਨਾ ੫੩੭, ੭੭੮, ੮੨, ੯੫੪, ੫੫, ੬੮, ੧੦੭੯ ੮,੨੫, ੫੨, ੧੧੩੯, ੯੫, ੧੨੧੫, ੩੬, ੫੧, ੫੩, ੬੩, ੬੪, ੭੩, ੭੮, ੯੬, ੧੩੦੨, ੫, ੨੯, ੩੧, ੪੯, ੫੩, ੫੭, ੫੯, ੭੫, ੭੬,੮੨, ੧੪੧੪, ੧੬ |

ਇਹ ਨੋਟ ਜਨ-ਸਾਧਾਰਨ ਦੇ ਮਨ ਵਿਚ ਦੁਬਿਧਾ ਪੈਦਾ ਕਰਨ ਦਾ ਕਾਰਨ ਬਣਦੇ ਹਨ। ਅਜਿਹੇ ਨੋਟ ਦੇਣ ਵੇਲੇ ਸ਼ਬਦਾਰਥੀ ਵਿਦਵਾਨਾਂ ਦਾ ਅਸਲੀ ਮਨਸ਼ਾ ਕੀ ਸੀ, ਇਸ ਬਾਰੇ ਕੁਝ ਆਖ ਸਕਣਾ ਸੰਭਵ ਨਹੀਂ। ਇਹਨਾਂ ਬਾਰੇ ਪੰਥਕ ਪਧਰ 'ਤੇ ਵਿਚਾਰ ਕੀਤਾ ਜਾਣਾ ਜਰੂਰੀ ਹੈ ਅਤੇ ਜੇ ਸ਼ਬਦਾਰਥ ਵਿਚ ਛਪ ਰਹੇ ਪਾਠ ਹੀ ਸ਼ੁਧ ਹਨ ਤਾਂ ਫਿਰ ਇਹਨਾਂ ਨੋਟਾਂ (ਟਿਪਣੀਆਂ) ਨੂੰ ਛਪਾਈ ਵਿਚ ਲਿਆਉਣ ਦੀ ਕੀ ਲੋੜ ਹੈ?

੫. **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦਾ ਪੰਥ-ਪ੍ਰਵਾਣਿਤ ਉਚਾਰਣ-ਬੋਧ ਅਤੇ ਅਰਥ-ਬੋਧ**

ਗੁਰਬਾਣੀ ਦਾ ਸੁਧ ਉਚਾਰਣ ਇਕ ਮਹੱਤਵਪੂਰਨ ਵਿਸ਼ਾ ਹੈ। ਇਸ ਵਿਸ਼ੇ ਦੀ ਮਹੱਤਤਾ ਨੂੰ ਮੁਖ ਰਖਦਿਆਂ ਬੀਤੇ ਸਮੇਂ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਵਖ ਵਖ ਥਾਈਂ ਪਾਠ-ਬੋਧ ਸਮਾਗਮ ਕਰਵਾਏ ਗਏ। ਇਸ ਤੋਂ ਇਲਾਵਾ ਵਖ ਵਖ ਜਥੇਬੰਦੀਆਂ ਵਲੋਂ ਆਪਣੇ ਤੌਰ ਤੇ ਸਮੇਂ ਸਮੇਂ ਪਾਠ-ਬੋਧ ਸਮਾਗਮ ਨਿਰੰਤਰ ਕੀਤੇ ਜਾ ਰਹੇ ਹਨ। ਇਹਨਾਂ ਪਾਠ-ਬੋਧ ਸਮਾਗਮਾਂ ਵਿਚ ਵੇਖਿਆ ਗਿਆ ਹੈ ਕਿ ਗੁਰਬਾਣੀ ਦੇ ਉਚਾਰਣ ਵਿਚ ਇਕਸਾਰਤਾ ਨਹੀਂ। ਕੁਝ ਵਿਦਵਾਨ ਸ਼ਬਦਾਂ ਦੇ ਅੰਤਲੇ ਅਖਰਾਂ ਨੂੰ ਲਗੇ ਹ੍ਰਸ੍ਵ ਸੁਰਾਂ ਸਿਹਾਰੀ ( ਿ ) ਅਤੇ ਔਂਕੜ (ੁ) ਨੂੰ ਉਚਾਰਣ ਦਾ ਭਾਗ ਬਨਾਉਣ ਦੇ ਹਕ ਵਿਚ ਹਨ ਅਤੇ ਕਈ ਇਹਨਾਂ ਦਾ ਸੰਬੰਧ ਕੇਵਲ ਅਰਥਾਂ ਨਾਲ ਦਸ ਕੇ ਇਹਨਾਂ ਨੂੰ ਉਚਾਰਣ ਵਿਚ ਛਡੇ ਜਾਣ ਦੀ ਵਕਾਲਤ ਕਰਦੇ ਹਨ। ਇਸ ਤੋਂ ਇਲਾਵਾ ਕੁਝ ਵਿਦਵਾਨ ਸ਼ਬਦਾਂ ਦੇ ਅੰਤਲੇ ਸੁਰਾਂ ਦਾ ਗੁਰਬਾਣੀ ਵਿਆਕਰਣ ਦੇ ਅਧਾਰ 'ਤੇ ਨਾਸਕੀ ਉਚਾਰਣ ਕਰਨ ਦਾ ਪਖ ਪੂਰਦੇ ਹਨ ਪਰ ਕਈ ਇਸ ਦਾ ਵਿਰੋਧ ਕਰਦੇ ਹਨ ਭਾਵੇਂ ਇਤਿਹਾਸ ਅਤੇ ਰਵਾਇਤ ਇਸ ਦੀ ਹਾਮੀ ਭਰਦੇ ਹਨ। ਉਚਾਰਣ ਦੇ ਹੋਰ ਵੀ ਕਈ ਵਾਦ-ਗ੍ਰਸਤ ਪੱਖ ਹਨ; ਜਿਵੇਂ:-

(੧) ਕਈ ਸ਼ਬਦਾਂ (ਮਸਕਤਿ, ਮੁਸਲਾ ਆਦਿ) ਦਾ ਅਰਥ ਉਹਨਾਂ ਵਿਚਲੇ ਕਿਸੇ ਅਖਰ ਦੀ ਧੁਨੀ ਦੇ ਦ੍ਰੁੱਤ (ਅਧਕ ਸਹਿਤ) ਉਚਾਰਣ ਕੀਤੇ ਜਾਣ ਨਾਲ ਹੀ ਨਿਖਰਦਾ ਹੈ ਪਰ ਕਈ ਸਜਣ ਅਜਿਹੇ ਉਚਾਰਣ ਦਾ ਵਿਰੋਧ ਕਰਦੇ ਹਨ।

(੨) ਕਾਨ (ਕ੍ਰਿਸ਼ਨ), ਨਾਨਾ (ਨਿਕਾ), ਕੰਨ (ਕੰਧਾ) ਆਦਿ ਸ਼ਬਦਾਂ ਦੇ ਅੰਤਲੇ 'ਨ' ਦਾ ਉਚਾਰਣ ਭਾਰ ਸਹਿਤ ਕੀਤੇ ਜਾਣ ਨਾਲ ਇਹਨਾਂ ਦਾ ਅਰਥ ਸਪਸ਼ਟ ਹੁੰਦਾ ਹੈ ਪਰ ਕਈ ਸਜਣ ਅਜਿਹੇ ਉਚਾਰਣ ਦਾ ਵਿਰੋਧ ਕਰਦੇ ਹਨ।

(੩) ਕਈ ਸ਼ਬਦਾਂ ਦੇ ਅੰਤ ਵਿਚ ਕੁਝ ਸੂਚਨਾਵਾਂ ਅੰਕਿਤ ਹਨ; ਜਿਵੇਂ:-

"ਮਹਲੇ ਪਹਿਲੇ ਸਤਾਰਹ ਅਸਟਪਦੀਆ॥ (ਪੰਨਾ੬੪)"
"ਸਤ ਚਉਪਦੇ ਮਹਲੇ ਚਉਥੇ ਕੇ॥ (ਪੰਨਾ ੯੬)"
"ਇਹੁ ਸਲੋਕੁ ਆਦਿ ਅੰਤਿ ਪੜਣਾ॥ (ਪੰਨਾ ੨੬੨)"

ਕਈ ਵਿਦਵਾਨ ਪਾਠ ਕਰਦੇ ਸਮੇਂ ਇਹਨਾਂ ਸੂਚਨਾਵਾਂ ਨੂੰ ਉਚਾਰਣ ਦਾ ਭਾਗ ਬਨਾਉਣ ਦੇ ਮੁਦਈ ਹਨ ਜਦ ਕਿ ਕਈ ਇਹਨਾਂ ਨੂੰ ਛਡ ਦੇਣ ਦੇ ਹਕ ਵਿਚ ਹਨ।

(੪) 'ਮਹਲਾ' ਦਾ ਉਚਾਰਣ ਕਈ ਵੀਰ 'ਮਹੱਲਾ' ਵਾਂਗ ਕਰਦੇ ਹਨ ਅਤੇ ਕਈ 'ਮਹਿਲਾ' ਵਾਂਗ।

(੫) ਸ਼ਬਦਾਂ ਦੇ ਵਿਚਕਾਰਲੇ ਅਤੇ ਅੰਤਲੇ ਮੁਕਤਾ ਰੂਪ 'ਹ' ਦਾ ਉਚਾਰਣ 'ਹਿ' ਵਾਂਗ ਪ੍ਰਚਲਤ ਹੈ ਜੋ ਇਸ ਦੇ ਲਿਖਤੀ ਸਰੂਪ ਦਾ ਅਨੁਸਰਨ ਨਹੀਂ ਕਰਦਾ।

(੬) ਕੁਝ ਸਿਰਲੇਖਾਂ ਵਿਚ 'ਮਹਲੇ' ਅਥਵਾ 'ਘਰ' ਬਾਰੇ ਸੂਚਨਾ ਅੰਕਾਂ ਤੋਂ ਇਲਾਵਾ ਸ਼ਬਦਾਂ ਵਿਚ ਵੀ ਦਿਤੀ ਹੋਈ ਹੈ; ਜਿਵੇਂ:-

"ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥ (ਪੰਨਾ ੧੪)"
"ਗੂਜਰੀ ਮਹਲਾ ੩ ਤੀਜਾ॥ (ਪੰਨਾ ੪੯੨)"
"ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ॥ (ਪੰਨਾ ੫੨੪)"
"ਸਵਈਏ ਮਹਲੇ ਪਹਿਲੇ ਕੇ ੧॥ (ਪੰਨਾ ੧੩੮੯)"

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਕਾਂ ਦੁਆਰਾ ਦਰਸਾਏ ਮਹਲੇ/ਘਰ ਦੀ ਸੂਚਨਾ ਦੇ ਉਚਾਰਣ ਦੀ ਸੇਧ ਸ਼ਬਦਾਂ ਦੁਆਰਾ ਅੰਕਿਤ ਸੂਚਨਾ ਰਾਹੀਂ ਦਿਤੀ ਹੋਈ ਹੈ, ਇਸ ਲਈ ਦੋਹਾਂ ਸੂਚਨਾਵਾਂ ਵਿਚੋਂ ਕੇਵਲ ਇਕ ਨੂੰ ਉਚਾਰਣ ਦਾ ਭਾਗ ਬਨਾਉਣਾ ਚਾਹੀਦਾ ਹੈ ਪਰ ਕਈ ਸਜਣ ਦੋਹਾਂ ਦੇ ਉਚਾਰਣ ਦਾ ਪਖ ਪੂਰਦੇ ਹਨ।

(੭) ਰਾਗ ਰਾਮਕਲੀ ਦੀ ਪਹਿਲੀ ਵਾਰ ਵਿਚ ਪਹਿਲੀ ਪਉੜੀ ਦੇ ਮਗਰੋਂ ਰਹਾਉ ਦੀ ਤੁਕ "ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ" ਹੈ। ਕਈ ਵਿਦਵਾਨ ਇਸ ਰਹਾਉ ਵਾਲੀ ਪੰਗਤੀ ਨੂੰ ਵਾਰ ਦੀ ਹਰ ਪਉੜੀ ਦੇ ਅੰਤ ਵਿਚ ਉਚਾਰਣ ਕੀਤੇ ਜਾਣ ਦਾ ਸਮਰਥਨ ਕਰਦੇ ਹਨ ਪਰ ਕਈ ਅਜਿਹਾ ਕੀਤੇ ਜਾਣ ਦਾ ਵਿਰੋਧ ਕਰਦੇ ਹਨ।

(੮) ਸ਼ਬਦਾਂ ਦੇ ਵਿਚਕਾਰ ਜਾਂ ਅੰਤ ਵਿਚ ਆਏ 'ਯ' ਅਤੇ ਪੈਰ-ਚਿੰਨ੍ਹ 'ਵ' ਦੇ ਉਚਾਰਣ ਬਾਰੇ ਵੀ ਵਿਚਾਰਾਂ ਦਾ ਵਖਰੇਵਾਂ ਹੈ।

ਸੋ, ਉਚਾਰਣ ਦੇ ਉਪ੍ਰੋਕਤ ਅਤੇ ਹੋਰ ਸਮੂਹ ਪਖਾਂ ਬਾਰੇ ਪੰਥਕ ਪਧਰ 'ਤੇ ਨਿਰਣੇ ਲਏ ਜਾਣ ਦੀ ਲੋੜ ਹੈ।

## ੬. ਅਰਥ-ਬੋਧ

ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਗਰ ਬਾਣੀ ਦਾ ਸਟੀਕ ਫਰੀਦਕੋਟੀ ਟੀਕੇ ਦੇ ਰੂਪ ਵਿਚ ਸਾਹਮਣੇ ਆਇਆ। ਇਹ ਟੀਕਾ ਗਿਆਨੀ ਬਦਨ ਸਿੰਘ ਜੀ ਦੀ ਅਗਵਾਈ ਵਿਚ ਉਸ ਵੇਲੇ ਦੀ ਸਨਾਤਨ ਵਿਦਵਾਨ-ਮੰਡਲੀ ਵਲੋਂ ਤਿਆਰ ਕੀਤਾ ਗਿਆ ਸੀ। ਇਸ ਤੋਂ ਮਗਰੋਂ ਹੁਣ ਤਕ ਵਿਅਕਤੀਗਤ ਤੌਰ ਤੇ ਕੀਤੇ ਕਈ ਟੀਕੇ ਹੋਂਦ ਵਿਚ ਆਏ ਹਨ। ਇਹਨਾਂ ਸਾਰਿਆਂ ਦੇ ਤੁਲਨਾਤਮਿਕ ਅਧਿਐਨ ਕਰਨ 'ਤੇ ਬਹੁਤੀ ਥਾਈਂ ਅਰਥ-ਭੇਦ ਨਜ਼ਰੀ ਪੈਂਦੇ ਹਨ। ਸੰਪ੍ਰਦਾਈ ਟੀਕਿਆਂ ਵਿਚ ਇਕ ਇਕ ਤੁਕ ਦੇ ਇਕ ਤੋਂ ਵਧੇਰੇ ਅਰਥ ਕੀਤੇ ਮਿਲਦੇ ਹਨ। ਭਾਈ ਵੀਰ ਸਿੰਘ ਜੀ ਪੰਜ-ਗ੍ਰੰਥੀ ਸਟੀਕ ਦੇ ਮੁਖ-ਬੰਧ ਵਿਚ ਲਿਖਦੇ ਹਨ:-

> "ਇਸ 'ਧੁਰ ਕੀ ਬਾਣੀ' ਵਿਚ ਜੋ ਕੁਝ ਸਤਿਗੁਰਾਂ ਨੇ ਲਿਖਿਆ ਹੈ ਉਸ ਦਾ ਅਰਥ ਇਕੋ ਹੀ ਹੋ ਸਕਦਾ ਹੈ। ਜੋ ਪਰਿਪਾਟੀ ਕਈ ਕਈ ਅਰਥ ਖਿਚ ਕੇ ਕਰਨ ਦੀ ਨਵੀਨ ਚਲੀ ਹੈ, ਠੀਕ ਨਹੀਂ ਹੈ।"

ਸਿੱਖ ਧਰਮ ਦੇ ਅਲੋਚਕ ਅਤੇ ਵਿਰੋਧੀ ਲੋਕ ਕਚੀ ਕਚ-ਘਰੜ ਗਿਆਨੀਆਂ ਵਲੋਂ ਕੀਤੇ ਟੀਕਿਆਂ ਵਿਚੋਂ ਮਿਲਦੇ ਗਲਤ ਅਰਥਾਂ ਨੂੰ ਹਥ-ਠੋਕਾ ਬਣਾ ਕੇ ਸਿੱਖ ਧਰਮ ਵਿਰੁਧ ਭੰਡੀ-ਪ੍ਰਚਾਰ ਕਰਦੇ ਅਤੇ ਭੋਲੇ ਭਾਲੇ ਸਾਧਾਰਨ ਸਿੱਖਾਂ ਨੂੰ ਭੁਚਲਾਉਂਦੇ ਰਹਿੰਦੇ ਹਨ। ਸੋ, ਸਿੱਖ ਸੰਗਤਾਂ, ਪੰਥ ਦੀ ਪ੍ਰਤੀਨਿਧ ਸੰਸਥਾ ਸ੍ਰੋ: ਗੁ: ਪ੍ਰ: ਕਮੇਟੀ ਤੋਂ ਇਕ ਮੁਸਤਨਿਦ (ਪ੍ਰਮਾਣੀਕ) ਟੀਕੇ ਦੀ ਆਸ ਲਾਈ ਬੈਠੀਆਂ ਹਨ, ਜਿਸ ਤੋਂ ਇੰਟਰਨੈਟ ਰਾਹੀਂ ਸਾਰਾ ਸਿਖ-ਜਗਤ ਲਾਭ ਲੈ ਸਕੇ ਅਤੇ ਇਸ ਦੀ ਪ੍ਰਮਾਣੀਕਤਾ ਉਤੇ ਗੌਰਵ ਕਰ ਸਕੇ।

ਸ੍ਰੋ: ਗੁ: ਪ੍ਰ: ਕਮੇਟੀ ਨੂੰ ਹੋਰ ਸਮਾਂ ਗਵਾਉਣ ਤੋਂ ਪਹਿਲਾਂ ਗੁਰਮਤੀ ਸਿਖ ਵਿਦਵਾਨਾਂ ਦੀ ਮੰਡਲੀ ਦੁਆਰਾ ਅਜਿਹੇ ਮੁਸਤਨਿਦ (ਪ੍ਰਮਾਣੀਕ) ਟੀਕੇ ਦੀ ਤਿਆਰੀ ਦਾ ਪ੍ਰਬੰਧ ਕਰਨਾ ਬਣਦਾ ਹੈ।

## ੭. ਫੁਟਕਲ

ਇਸ ਵਿਚ ਕੋਈ ਸੰਦੇਹ ਨਹੀਂ ਕਿ ਬਜ਼ਾਰੀ ਪ੍ਰਾਈਵੇਟ ਪ੍ਰਕਾਸ਼ਕਾਂ ਦੇ ਮੁਕਾਬਲੇ 'ਤੇ ਸ੍ਰੋ: ਗੁ: ਪ੍ਰ: ਕਮੇਟੀ ਵਲੋਂ ਪਾਵਨ ਸਰੂਪ ਅਤੇ ਸੈਂਚੀਆਂ ਦੀ ਕੀਤੀ ਗਈ ਛਪਾਈ ਕਈ ਗੁਣਾ ਸ਼ੁੱਧ ਅਤੇ ਸਪਸ਼ਟ ਹੈ ਪਰ ਇਸ ਦੇ ਬਾਵਜੂਦ ਇਹ ਛਪਾਈ ਅਸ਼ੁਧੀਆਂ ਤੋਂ ਮੁਕਤ ਨਹੀਂ ਕਹੀ ਜਾ ਸਕਦੀ।

ਪਾਵਨ ਸਰੂਪ ਅਤੇ ਸੈਂਚੀਆਂ ਦੇ ਰੂਪ ਵਿਚ ਗੁਰਬਾਣੀ ਦੀ ਕੀਤੀ ਜਾ ਰਹੀ ਛਪਾਈ ਵਿਚ ਉਸ ਪੱਧਰ ਦੀ ਸਾਵਧਾਨੀ ਨਹੀਂ ਵਰਤੀ ਜਾ ਰਹੀ ਜਿੰਨੀ ਕੁ ਸਾਵਧਾਨੀ ਲੋੜੀਂਦੀ ਹੈ ਅਤੇ ਜਿੰਨੀ ਸਾਵਧਾਨੀ ਦੀ ਪੰਥ ਦੀ ਪ੍ਰਤੀਨਿਧ ਸੰਸਥਾ ਤੋਂ ਸਿਖ-ਜਗਤ ਆਸ ਰਖਦਾ ਹੈ।

ਪਾਵਨ ਸਰੂਪ ਦੀ ਛਪਾਈ ਵਿਚ ਛਾਪੇ ਦੀਆਂ ਗਲਤੀਆਂ ਦੀ ਹੋਂਦ ਜਿਥੇ ਇਕ ਪਾਸੇ ਇਸ ਪ੍ਰਤੀਨਿਧ ਸੰਸਥਾ ਦੀ ਸਾਖ ਨੂੰ ਧੁੰਧਲਾ ਕਰਦੀ ਹੈ ਉਥੇ ਇਹ ਸਿੱਖ-ਸੰਗਤਾਂ ਦੇ ਰੋਹ ਦਾ ਕਾਰਨ ਬਣਦੀ ਹੈ।

ਸੋ, ਸਾਰਾ ਤਾਣ ਲਾ ਕੇ ਇਹ ਯਕੀਨੀ ਬਨਾਉਣ ਦੀ ਲੋੜ ਹੈ ਕਿ ਪਾਵਨ ਸਰੂਪ ਅਤੇ ਸ਼ਬਦਾਰਥ-ਸੈਂਚੀਆਂ ਦੀ ਛਪਾਈ ਵਿਚ ਕਿਸੇ ਕਿਸਮ ਦੀ ਕੋਈ ਗਲਤੀ ਨਾ ਰਹੇ ਅਤੇ ਸੁਧ ਛਪਾਈ ਉਤੇ ਹਰੇਕ ਸਿਖ ਗੌਰਵ ਕਰ ਸਕੇ।

ਹਥ ਲਿਖਤ ਤਕਨੀਕ ਮਗਰੋਂ ਛਾਪੇ ਦੀ ਤਕਨੀਕ ਹੋਂਦ ਵਿਚ ਆਈ ਅਤੇ ਹੁਣ ਕੰਪਿਊਟਰ ਦੀ ਤਕਨੀਕ ਪ੍ਰਚਲਤ ਹੈ।

ਜੇਕਰ ਡਾਟਾ (**data**) ਕੰਪਿਊਟਰ ਵਿਚ ਵੀ ਛਾਪੇ ਦੀਆਂ ਗਲਤੀਆਂ ਵਾਲਾ ਸ਼ਾਮਲ ਹੋ ਗਿਆ ਤਾਂ ਇਹ ਅਸ਼ੁਧੀਆਂ ਅਗੇ ਤੋਂ ਅਗੇ ਚਲਦੀਆਂ ਜਾਣਗੀਆਂ ਜਿਸ ਨਾਲ ਵੱਡੀ ਹਾਨੀ ਹੋਣ ਦੀ ਸੰਭਾਵਨਾ ਹੈ।

ਗੁਰੂ-ਪੰਥ ਦੇ ਦਾਸ,

੧. ਜੋਗਿੰਦਰ ਸਿੰਘ "ਵੇਦਾਂਤੀ"
੨. ਜੋਗਿੰਦਰ ਸਿੰਘ 'ਤਲਵਾੜਾ'
੩. ਹਰਿਭੰਸ ਸਿੰਘ
੪. ਵਿਕਰਮ ਸਿੰਘ
੫. ਅਵਤਾਰ ਸਿੰਘ ਬਧਨੀ ਕਲਾਂ
੬. ਪ੍ਰਕਾਸ਼ ਸਿੰਘ

ਉਪ੍ਰੋਕਤ ਰਿਪੋਰਟ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਭੇਜਿਆ ਜਾਂਦਾ ਹੈ:-

੧. ਜਥੇਦਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ,
੨. ਪ੍ਰਧਾਨ ਸਾਹਿਬ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ

ਬੇਨਤੀ ਹੈ ਕਿ ਉਪ੍ਰੋਕਤ ਰਿਪੋਰਟ ਦੇ ਸਾਰੇ ਮੁਦਿਆਂ ਉਤੇ ਧਾਰਮਿਕ ਸਲਾਹਕਾਰ ਕਮੇਟੀ ਦੀ ਮੀਟਿੰਗ ਵਿਚ ਘੋਖਵੀਂ ਵਿਚਾਰ ਕਰ ਕੇ ਨਿਰਣੇ ਲਏ ਜਾਣ। ਉਚਿਤ ਹੋਵੇਗਾ ਕਿ ਰਿਪੋਰਟ ਵਿਚ ਅੰਕਿਤ ਮਸਲਿਆਂ ਦੀ ਸਪਸ਼ਟਤਾਈ ਕਰਨ ਲਈ ਮੀਟਿੰਗ ਵਿਚ ਸਾਡੀ ਕਮੇਟੀ ਦੇ ਮੈਂਬਰਾਂ ਨੂੰ ਵੀ ਸੱਦ ਲਿਆ ਜਾਵੇ।

ਜੋਗਿੰਦਰ ਸਿੰਘ ਵੇਦਾਂਤੀ
(ਕਨਵੀਨਰ)

ਸੂਚਨਾ ਹਿਤ ਉਤਾਰਾ:-

੧. ਜਥੇਦਾਰ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ।
੨. ਜਥੇਦਾਰ ਸਾਹਿਬ, ਤਖਤ ਸ੍ਰੀ ਦਮਦਮਾ ਸਹਿਬ, ਤਲਵੰਡੀ ਸਾਬੋ।

# ਅੰਤਿਕਾ

# 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ ਸੈਂਚੀਆਂ ਅਤੇ ਪੁਰਾਤਨ ਹੱਥ-ਲਿਖਤ ਪਾਵਨ ਬੀੜਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ' ਪੁਸਤਕ ਦਾ ਗਿਆਨੀ ਕਿਰਪਾਲ ਸਿੰਘ ਜੀ ਵੱਲੋਂ ਲਿਖਿਆ ਮੁਖਬੰਧ

## ਇਹ ਪੁਸਤਕ ਲਿਖਣ ਦੀ ਲੋੜ ਕਿਉਂ ਪਈ?

੧੯੪੭ ਈ: ਦੇ ਪਾਕਿਸਤਾਨੀ ਘੱਲੂਘਾਰੇ ਸਮੇਂ ਕਾਫੀ ਗਿਣਤੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬੀੜਾਂ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਇਕੱਠੀਆਂ ਹੋ ਗਈਆਂ ਸਨ। ਕੁਝ ਖੋਜੀ ਸੱਜਣਾਂ ਦੇ ਪਾਠ ਕਰਨ ਤੋਂ ਪੁਰਾਤਨ ਹੱਥ-ਲਿਖਤ ਬੀੜਾਂ ਅਤੇ ਨਵੀਨ ਛਪ ਰਹੀਆਂ ਸੈਂਚੀਆਂ ਵਿੱਚ ਕੁਝ ਪਾਠ-ਭੇਦ ਉਘੜ ਕੇ ਉਨ੍ਹਾਂ ਦੇ ਸਾਹਮਣੇ ਆਏ। ਉਨ੍ਹਾਂ ਪਾਠ-ਭੇਦਾਂ ਬਾਰੇ ਵਿਦਵਾਨਾਂ ਵਿੱਚ ਸ਼ੰਕੇ ਉਤਪੰਨ ਹੋਣੇ ਕੁਦਰਤੀ ਸਨ। ਜਦ ਵਿਦਵਾਨਾਂ ਵੱਲੋਂ ਇਹ ਸ਼ੰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੋਟਿਸ ਵਿਚ ਲਿਆਂਦੇ ਗਏ ਤਾਂ ਕਮੇਟੀ ਨੇ ਆਪਣੇ ਰੀਸਰਚ ਸਕਾਲਰ ਸ੍ਰ: ਰਣਧੀਰ ਸਿੰਘ ਜੀ ਅਤੇ ਦੋ ਹੋਰ ਖੋਜੀ ਸੱਜਣਾਂ ਗਿਆਨੀ ਕੁੰਦਨ ਸਿੰਘ ਜੀ ਅਤੇ ਭਾਈ ਗਿਆਨ ਸਿੰਘ ਜੀ 'ਸੁਤੰਤਰ' ਨਿਹੰਗ ਸਿੰਘ ਤੇ ਨਿਰਭਰ ਇਕ ਸਬ-ਕਮੇਟੀ ਬਣਾ ਕੇ ਉਸ ਦੇ ਜਿੰਮੇ ਛਪ ਰਹੀਆਂ ਸੈਂਚੀਆਂ ਅਤੇ ਪੁਰਾਤਨ ਹੱਥ-ਲਿਖਤ ਬੀੜਾਂ ਦੇ ਪਾਠ ਮੇਲ ਕੇ ਪਾਠ-ਭੇਦਾਂ ਦੀ ਸੂਚੀ ਤਿਆਰ ਕਰਨ ਦਾ ਮਹੱਤਵ-ਪੂਰਨ ਕੰਮ ਲਾਇਆ।

ਇਨ੍ਹਾਂ ਤਿੰਨਾਂ ਵਿਦਵਾਨ ਸੱਜਣਾਂ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਉਸ ਵੇਲੇ ਸੁਰੱਖਿਅਤ ਲਗ ਪਗ ਪੰਜ ਸੌ ਪੁਰਾਤਨ ਹੱਥ-ਲਿਖਤ ਨੁਸਖਿਆਂ ਵਿਚੋਂ ਸੁੱਚੇ ਤੇ ਟਕਸਾਲੀ ਲਿਖਾਰੀਆਂ ਦੀਆਂ ਲਿਖੀਆਂ ਹੋਈਆਂ ਸੰਮਤਾਂ ਵਾਲੀਆਂ ਸ਼ੁੱਧ ਤੇ ਪ੍ਰਮਾਣਿਕ ਸੱਠ-ਸੱਤਰ ਬੀੜਾਂ ਦੇ ਵੱਖ ਕਰ ਲਈਆਂ। ਫਿਰ ਉਨ੍ਹਾਂ ਦੀ ਕਾਲ-ਕ੍ਰਮ ਅਨੁਸਾਰ ਸੂਚੀ ਤਿਆਰ ਕੀਤੀ। ਇਨ੍ਹਾਂ ਬੀੜਾਂ ਤੇ ਸੈਂਚੀਆਂ ਦੇ ਪਾਠਾਂ ਨੂੰ ਆਪਸ ਵਿੱਚ ਮੇਲਣ ਸਮੇਂ ਜੋ ਜੋ ਫਰਕ ਉਨ੍ਹਾਂ ਨੂੰ ਮਹਿਸੂਸ ਹੋਏ, ਉਨ੍ਹਾਂ ਪਾਠ-ਭੇਦਾਂ ਦੀ ਇਕ ਸੂਚੀ ਤਿਆਰ ਕਰ ਲਈ ਗਈ ਜੋ ਇਸ ਸਮੇਂ ਇਸ ਪੁਸਤਕ ਦੇ ਰੂਪ ਵਿਚ ਪਾਠਕਾਂ ਦੇ ਕਰ-ਕਮਲਾਂ ਵਿਚ ਸਸ਼ੋਭਤ ਹੈ।

## ਪਾਠ-ਭੇਦ ਉਤਪੰਨ ਹੋਣ ਦੇ ਕਾਰਨ

ਅਰੰਭ ਕਾਲ ਵਿਚ ਗੁਰਬਾਣੀ ਦੇ ਲਿਖਾਰੀ ਬੜੇ ਸੂਝਵਾਨ ਤੇ ਸ਼ਰਧਾਵਾਨ ਹੁੰਦੇ ਸਨ। ਉਨ੍ਹਾਂ ਨੂੰ ਗੁਰਬਾਣੀ ਦੀ ਲਿਖਾਈ ਦੇ ਅੰਦਰਲੇ ਨੇਮਾਂ ਅਤੇ ਸ਼ਬਦ-ਜੋੜਾਂ ਆਦਿ ਦਾ ਪੂਰਾ ਪੂਰਾ ਗਿਆਨ ਹੁੰਦਾ ਸੀ, ਜਿਸ ਕਰ ਕੇ ਉਸ ਸਮੇਂ ਪਾਠ-ਭੇਦਾਂ ਦੇ ਉਤਪੰਨ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ। ਸਹਿਵਨ ਹੋਈਆਂ ਅਸ਼ੁੱਧੀਆਂ ਨੂੰ ਦੋਬਾਰਾ ਸੋਧ ਕੇ ਸ਼ੁੱਧ ਕਰ ਦਿੱਤਾ ਜਾਂਦਾ ਸੀ। ਸ਼ੁੱਧ ਕਰਨ ਦਾ ਢੰਗ ਇਹ ਸੀ ਕਿ ਲਿਖਤ ਵਿਚ ਆਏ ਵਾਧੂ ਅੱਖਰਾਂ ਜਾਂ ਲਗਾਂ ਨੂੰ ਹੜਤਾਲਿਆ ਜਾਂਦਾ ਸੀ, ਅਤੇ ਅਸ਼ੁੱਧ ਪਾਠ ਉਪਰ ਹੜਤਾਲ ਫੇਰ ਕੇ ਉਸ ਦੀ ਥਾਂ ਸ਼ੁੱਧ ਪਾਠ ਲਿਖ ਦਿੱਤਾ ਜਾਂਦਾ ਸੀ। ਕਿਸੇ ਸ਼ਬਦ ਵਿਚ ਲਿਖਣ ਸਮੇਂ ਲਿਖਾਰੀ ਪਾਸੋਂ ਕੋਈ ਲਗ ਅੱਖਰ ਜਾਂ ਤੁਕ ਰਹਿ ਜਾਂਦੀ ਸੀ, ਤਾਂ ਉਸ ਦੀ ਥਾਂ ਉਪਰ ਜਿਥੇ ਕਿ ਉਹ ਲਗ ਅੱਖਰ ਜਾਂ ਤੁਕ ਲਿਖਣੀ ਹੁੰਦੀ ਸੀ ਚਰਖੜੀ (+) ਦਾ ਚਿੰਨ੍ਹ ਦੇ ਕੇ ਤੁਕ ਦੇ ਉਪਰ ਜਾਂ ਹੇਠਾਂ ਜਾਂ ਕਈ ਥਾਈਂ ਹਾਸ਼ੀਏ ਦੇ ਬਾਰੋਵਾਰ ਉਹ ਰਹੀ ਗਈ 'ਲਗ' ਅੱਖਰ ਜਾਂ ਤੁਕ ਲਿਖ ਦਿੱਤੀ ਜਾਂਦੀ ਸੀ। ਅਜਿਹੀਆਂ ਲਿਖ ਕੇ ਦੋਬਾਰਾ ਸੋਧੀਆਂ ਹੋਈਆਂ ਬੀੜਾਂ ਦੇ ਹੁਣ ਵੀ ਦਰਸ਼ਨ ਕੀਤੇ ਜਾ ਸਕਦੇ ਹਨ।

ਘੱਲੂਘਾਰਿਆਂ ਸਮੇਂ ਬਹੁਤ ਸਾਰੇ ਪਰਮਾਣਿਕ ਨੁਸਖੇ ਅਤਿ ਬਿਖ ਹੋਣ ਜਾਂ ਸੇਵਾ ਸੰਭਾਲ ਤੋਂ ਬਿਨਾਂ ਜਾਂ ਹੋਰ ਅਨੇਕ ਕਾਰਨਾਂ ਕਰਕੇ ਸਾਡੇ ਪਾਸੋਂ ਅਲੋਪ ਹੋ ਗਏ। ਉਨ੍ਹਾਂ ਸ਼ੁੱਧ ਤੇ ਪ੍ਰਮਾਣਿਕ ਬੀੜਾਂ ਤੋਂ ਕੀਤੇ ਜਾਣ ਵਾਲੇ ਉਤਾਰਿਆਂ ਵਿਚ ਲਿਖਾਰੀਆਂ ਤੋਂ ਲਿਖਣ ਸਮੇਂ ਭੁਲੇ-ਸਿਖ ਕੁਝ ਪਾਠ-ਭੇਦ ਆ ਗਏ, ਜਿਨ੍ਹਾਂ ਦਾ ਆਉਣਾ ਕੋਈ ਅਸੰਭਵ ਗੱਲ ਨਹੀਂ ਸੀ। ਉਨ੍ਹਾਂ ਉਤਾਰਿਆਂ ਤੋਂ ਅੱਗੇ ਕੀਤੇ ਗਏ ਹੋਰ ਉਤਾਰਿਆਂ ਵਿੱਚ ਪਹਿਲੇ ਉਤਾਰਿਆਂ ਦੇ ਪਾਠ-ਭੇਦਾਂ ਨੂੰ ਆਉਣ ਤੋਂ ਤਾਂ ਕੋਈ ਰੋਕ ਹੀ ਨਹੀਂ ਸੀ ਸਕਦਾ, ਪਰ ਕੁਝ ਪਾਠ-ਭੇਦ ਨਵੇਂ ਲਿਖਾਰੀਆਂ ਪਾਸੋਂ ਨਵੇਂ ਉਤਾਰਿਆਂ ਵਿਚ ਹੋਰ ਆ ਸ਼ਾਮਲ ਹੁੰਦੇ ਗਏ, ਜਿਸ ਕਰਕੇ ਪਾਠ-ਭੇਦਾਂ ਵਿਚ ਹੋਰ ਵਾਧਾ ਹੁੰਦਾ ਚਲਾ ਗਿਆ।

ਪਹਿਲੇ ਲਿਖਾਰੀ ਗੁਰਬਾਣੀ ਦੇ ਗੁਟਕੇ, ਪੋਥੀਆਂ ਜਾਂ ਬੀੜਾਂ ਦੇ ਉਤਾਰੇ ਪ੍ਰੇਮ-ਭਾਵ ਤੇ ਸਿੱਖੀ ਸ਼ਰਧਾ ਵਿੱਚ ਭਿੱਜ ਕੇ ਕੀਤਾ ਕਰਦੇ ਸਨ ਤੇ ਪ੍ਰੇਮੀ ਸੰਗਤਾਂ ਨੂੰ ਬਿਨਾਂ ਦਵੈਸ਼ਨਾਵਾਂ ਲਏ ਸੇਵਾ-ਭਾਵ ਨਾਲ ਮੁਫਤ ਹੀ ਭੇਟਾ ਕੀਤਾ ਕਰਦੇ ਸਨ, ਪਰ ਸਿੱਖ ਮਿਸਲਾਂ ਤੇ ਸਿੱਖ ਰਾਜ ਸਮੇਂ ਬੀੜਾਂ ਦੇ ਉਤਾਰਿਆਂ ਦੀ ਮੰਗ ਵਧ ਜਾਣ ਦੇ ਕਾਰਨ ਨਵੇਂ ਲਿਖਾਰੀਆਂ ਨੇ ਇਸ ਸੇਵਾ ਨੂੰ ਆਪਣੀ ਰੋਜ਼ੀ ਦਾ ਸਾਧਨ ਹੀ ਬਣਾ ਲਿਆ, ਜਿਸ ਕਰਕੇ ਉਤਾਰਿਆਂ ਨੂੰ ਛੇਤੀ ਸੰਪੂਰਨ ਕਰਨ ਦੀ ਰੁਚੀ ਨੇ ਲਿਖਾਰੀਆਂ ਅੰਦਰ ਸ਼ੁੱਧ ਗੁਰਬਾਣੀ ਲਿਖਣ ਤੇ ਅਸ਼ੁੱਧੀਆਂ ਦੀ ਦੋਬਾਰਾ ਸੋਧ ਕਰਨ ਦੀ ਰੀਤ ਬਿਲਕੁਲ ਹੀ ਖਤਮ ਕਰ ਦਿੱਤੀ। ਇਹੋ ਕਾਰਨ ਸੀ ਕਿ ਪਾਠ-ਭੇਦਾਂ ਦੀ ਗਿਣਤੀ ਵਧਦੀ ਗਈ। ਇਸ ਸਮੇਂ ਲਿਖਾਈ ਦੀ ਸ਼ੁੱਧਤਾ ਨਾਲੋਂ ਸੁੰਦਰਤਾ ਵਲ ਵਧੇਰੇ ਧਿਆਨ ਦਿੱਤਾ ਗਿਆ ਅਤੇ ਅਜੇਹੀ ਰੁਚੀ ਦੇ ਅਧੀਨ ਕੁਝ ਬੀੜਾਂ ਨਕਾਸ਼ਾਂ ਪਾਸੋਂ ਲਿਖਵਾਈਆਂ ਗਈਆਂ।

ਜਦ ਛਾਪਾ ਪੱਥਰ ਆਇਆ ਤਾਂ ਲਿਖਾਰੀਆਂ ਦੀਆਂ ਲਿਖਣ ਸਮੇਂ ਦੀਆਂ ਗਲਤੀਆਂ ਨੂੰ ਘਟ ਕਰਨ ਲਈ ਪੰਥਕ ਤੌਰ ਤੇ ਕੀਤੇ ਗਏ ਕਿਸੇ ਯਤਨ ਦੀ ਸੂਹ ਨਹੀਂ ਮਿਲਦੀ।

ਕਈ ਟਾਈਪ ਵਿਚ ਬੀੜਾਂ ਛਾਪਣ ਸਮੇਂ ਅੱਖਰ ਜੋੜਨ ਵਾਲੇ (ਕੰਪੋਜ਼ੀਟਰਾਂ) ਤੇ ਸੁਧਾਈ ਕਰਨ ਵਾਲਿਆਂ (ਪਰੂਫ਼ ਰੀਡਰਾਂ) ਦੇ ਯਤਨ ਕਰਨ ਦੇ ਬਾਵਜੂਦ ਪਾਠ-ਭੇਦਾਂ ਦੀ ਗਿਣਤੀ ਘਟਣ ਦੀ ਬਜਾਇ ਹੋਰ ਵਧਦੀ ਗਈ, ਕਿਉਂਕਿ ਜਿਤਨੀ ਸਾਵਧਾਨੀ ਦੀ ਲੋੜ ਸੀ ਓਨੀ ਨਾ ਵਰਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦੇ ਬਾਕੀ ਧਰਮ ਗ੍ਰੰਥਾਂ ਤੋਂ ਵਿਲੱਖਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ 'ਬਾਪੂ' ਹਨ, ਅਤੇ ਹਜ਼ੂਰ ਦੀ ਗੁਰਤਾ ਜੁਗੋ-ਜੁਗ ਅਟੱਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਤੀ ਉਕਾਈਆਂ ਜੋ ਲਿਖਾਰੀਆਂ ਜਾਂ ਛਾਪੇ ਵਾਲਿਆਂ ਦੀ ਅਣਗਹਿਲੀ ਕਾਰਨ ਆ ਗਈਆਂ ਹਨ ਦੀ ਪਰਖ-ਪੜਤਾਲ ਕੀਤੀ ਜਾਣੀ ਅਤਿ ਜ਼ਰੂਰੀ ਭਾਸਦੀ ਹੈ। ਗੁਰੂ ਕਰਤਾਰ ਤਾਂ ਅਭੁੱਲ ਹੈ, ਪਰ ਲਿਖਾਰੀਆਂ ਕੋਲੋਂ ਵੱਡੇ ਤੋਂ ਵੱਡੇ ਅਕਾਰ ਦੇ ਗ੍ਰੰਥ ਦਾ ਉਤਾਰਾ ਕਰਨ ਵਿੱਚ ਉਕਾਈਆਂ ਜ਼ਰੂਰ ਰਹੀਆਂ ਹਨ ਤੇ ਸੁਧ-ਸੁਧਾਈ ਅਜਿਹੀਆਂ ਉਕਾਈਆਂ ਦੀ ਹੀ ਲੋੜੀਂਦੀ ਹੈ। ਭਾਵੇਂ ਬਹੁਤ ਸਾਰੀਆਂ ਪੁਰਾਤਨ ਹੱਥ-ਲਿਖਤ ਬੀੜਾਂ ਸਾਡੀ ਅਣਗਹਿਲੀ ਜਾਂ ਕਿਸੇ ਹੋਰ ਕਾਰਨ ਕਰਕੇ ਅਲੋਪ ਹੋ ਗਈਆਂ ਹਨ, ਪਰ ਅਜੇ ਵੀ ਭਾਰੀ ਗਿਣਤੀ ਵਿੱਚ ਹੱਥ-ਲਿਖਤ ਬੀੜਾਂ ਵੱਖ ਵੱਖ ਇਤਿਹਾਸਕ ਗੁਰਦੁਆਰਿਆਂ, ਡੇਰਿਆਂ ਜਾਂ ਵਿਅਕਤੀਆਂ ਪਾਸ ਮੌਜੂਦ ਹਨ। ਜੇ ਕੁਝ ਦੇਰ ਹੋਰ ਪਾਠ-ਭੇਦਾਂ ਅਤੇ ਲਿਖਤੀ ਉਕਾਈਆਂ ਦੀ ਪਰਖ-ਪੜਤਾਲ ਕਰਨ ਵਿਚ ਅਣਗਹਿਲੀ ਜਾਂ ਬੇਮੁਖੀ ਵਰਤੀ ਗਈ ਤਾਂ ਸਮਾਂ ਪਾ ਕੇ ਇਹਨਾਂ ਬੀੜਾਂ ਵਿਚੋਂ ਵੀ ਕੁਝ ਬੀੜਾਂ ਉਪਲਬਧ ਹੋਣੀਆਂ ਅਸੰਭਵ ਹੋ ਜਾਣਗੀਆਂ।

ਹਰ ਇੱਕ ਗੁਰਸਿੱਖ ਗੁਰਬਾਣੀ ਨੂੰ ਸ਼ੁੱਧ ਰੂਪ ਵਿਚ ਛਪਿਆ ਵੇਖਣਾ ਚਾਹੁੰਦਾ ਹੈ ਤਾਂਕਿ ਉਹ ਸ਼ੁੱਧ ਪਾਠ ਕਰ ਸਕੇ। ਇਸ ਮੰਤਵ ਦੀ ਪੂਰਤੀ ਲਈ ਗੁਰਬਾਣੀ ਦਾ ਸ਼ੁੱਧ ਰੂਪ ਛਾਪਣਾ ਅਤਿ ਜਰੂਰੀ ਮਸਲਾ ਬਣ ਗਿਆ ਹੈ। ਇਸ ਲਈ ਹੁਣ ਗੁਰਬਾਣੀ ਦੇ ਬਸੀਠੇ ਤੇ ਖੋਜੀ ਸਿੱਖ ਵਿਦਵਾਨਾਂ ਨੂੰ ਇਸ ਪਾਠ-ਭੇਦਾਂ ਦੀ ਸੂਚੀ ਤੇ ਵਿਚਾਰ ਕਰਨੀ ਜਰੂਰੀ ਹੋ ਗਈ ਹੈ। ਇਸ ਪੁਸਤਕ ਦੇ ਲੇਖਕਾਂ ਨੇ ਜੋ ਪ੍ਰਚਲਤ ਸੈਂਚੀਆਂ ਵਿਚ ਛਪ ਰਹੇ ਪਾਠਾਂ ਨੂੰ ਅਸ਼ੁੱਧ ਤੇ ਪ੍ਰਾਚੀਨ ਹੱਥ ਲਿਖਤ ਬੀੜਾਂ ਦੇ ਪਾਠਾਂ ਨੂੰ ਸ਼ੁੱਧ ਲਿਖਿਆ ਹੈ, ਮੈਂ ਨਿਜੀ ਤੌਰ ਤੇ ਇਸ ਰਾਇ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਖੋਜ ਜਾਂ ਵਿਚਾਰ ਕਰਨ ਤੇ ਕੁਝ ਅਜਿਹੇ ਪਾਠ ਵੀ ਹੋ ਸਕਦੇ ਹਨ ਕਿ ਜਿਨ੍ਹਾਂ ਨੂੰ ਸ਼ੁੱਧ ਲਿਖਿਆ ਹੋਇਆ ਹੈ, ਉਹ ਅਸ਼ੁੱਧ ਸਾਬਤ ਹੋ ਜਾਣ ਅਤੇ ਜਿਨ੍ਹਾਂ ਪਾਠਾਂ ਨੂੰ ਅਸ਼ੁੱਧ ਲਿਖਿਆ ਹੋਇਆ ਹੈ ਉਹ ਸ਼ੁੱਧ ਸਹੀ ਹੋ ਜਾਣ। ਪਾਠਾਂ ਦੇ ਸ਼ੁੱਧ ਜਾਂ ਅਸ਼ੁੱਧ ਹੋਣ ਬਾਰੇ ਨਿਰਣਾ ਕਰਨਾ ਕਿਸੇ ਇਕ ਵਿਅਕਤੀ ਦੇ ਅਧਿਕਾਰ-ਖੇਤਰ ਵਿਚ ਨਹੀਂ ਆਉਂਦਾ, ਸਗੋਂ ਇਹ ਨਿਰਣਾ ਕਰਨਾ ਤਾਂ ਗੁਰਬਾਣੀ ਦੇ ਰਸੀਏ, ਖੋਜੀ ਤੇ ਸਿੱਖ ਵਿਦਵਾਨ ਸੱਜਣਾਂ ਦੀ ਸਮੁੱਚੀ ਖਪਰ ਤੇ ਹੀ ਕੀਤਾ ਜਾਣਾ

ਉਚਿਤ ਹੈ। ਇਥੇ ਇਹ ਗੱਲ ਵਰਣਨ ਕਰਨੀ ਯੋਗ ਹੈ ਕਿ ਪ੍ਰਾਈਵੇਟ ਪ੍ਰਕਾਸ਼ਕ ਸ਼ਬਦੀ ਲਗਾਂ ਮਾਤਰਾਂ ਵਿੱਚ ਅਦਲਾ ਬਦਲੀ ਆਪਣੀ ਮਨ ਮਰਜ਼ੀ ਅਨੁਸਾਰ ਕਰ ਰਹੇ ਹਨ।

ਗੁਰੂ ਮਹਾਰਾਜ ਜੀ ਦੀਆਂ ਪਾਵਨ ਬੀੜਾਂ ਦੀ ਛਪਾਈ ਵਿਚ ਪ੍ਰਾਈਵੇਟ ਪ੍ਰਕਾਸ਼ਕਾਂ ਦੀ ਆਪੋ ਧਾਪੀ ਪੰਥ ਦੇ ਸਮੁੱਚੇ ਹਿਤਾਂ ਲਈ ਹਾਨੀਕਾਰਕ ਹੈ। ਇਸ ਲਈ ਵੀ ਪੰਥ ਨੂੰ ਇਸ ਪਾਸੇ ਵੱਲ ਧਿਆਨ ਦੇਣ ਦੀ ਵਧੇਰੇ ਲੋੜ ਹੈ।

ਵਿਦਵਾਨ ਤੇ ਖੋਜੀ ਸੱਜਣਾਂ ਦੀ ਸੇਵਾ ਵਿਚ ਪ੍ਰਾਰਥਨਾ ਹੈ ਕਿ ਉਹ ਇਸ ਮਸਲੇ ਦੀ ਡੂੰਘਾਈ ਵਿੱਚ ਜਾ ਕੇ ਇਸ ਸੂਚੀ ਵਿਚ ਆਏ ਪਾਠ-ਭੇਦਾਂ ਬਾਰੇ ਵਿਚਾਰ ਕਰਨ, ਗੁਰਬਾਣੀ ਦੇ ਅੰਦਰਲੇ ਨੇਮਾਂ ਤੇ ਗੁਰਮਤਿ ਅਨੁਸਾਰ ਅਰਥ ਭਾਵਾਂ ਨੂੰ ਮੁੱਖ ਰੱਖ ਕੇ ਨਿਰਣਾ-ਜਨਕ ਵਿਚਾਰ ਦੇਣ ਕਿ ਇਨ੍ਹਾਂ ਪਾਠ-ਭੇਦਾਂ ਵਿੱਚੋਂ ਕਿਹੜਾ ਪਾਠ ਸ਼ੁੱਧ ਹੈ। ਸਿਰਫ ਇਸੇ ਹੀ ਮਨੋਰਥ ਨੂੰ ਮੁੱਖ ਰੱਖ ਕੇ ਇਹ ਪੁਸਤਕ ਵਿਦਵਾਨਾਂ ਦੇ ਸਨਮੁਖ ਪੇਸ਼ ਕੀਤੀ ਜਾ ਰਹੀ ਹੈ।

ਇਹ ਪੁਸਤਕ ਇਸ ਵਿਸ਼ੇ ਤੇ ਪਹਿਲੀ ਖੋਜ ਪੁਸਤਕ ਹੈ ਜੋ ਭਵਿੱਖ ਵਿਚ ਆਉਣ ਵਾਲੇ ਖੋਜੀਆਂ ਦਾ ਮਾਰਗ ਦਰਸ਼ਨ ਕਰਦੀ ਰਹੇਗੀ।

ਮੈਂ ਆਸ ਕਰਦਾ ਹਾਂ ਕਿ ਇਸ ਪੁਸਤਕ ਦੇ ਖੋਜੀ ਲੇਖਕਾਂ ਦੀ ਮਿਹਨਤ, ਘਾਲਣਾ, ਲਗਨ ਤੇ ਖੋਜ ਨੂੰ ਬਹੁ-ਮੁੱਲੀ ਸਮਝ ਕੇ ਗੁਰਬਾਣੀ ਦੇ ਜਗਿਆਸੂ ਤੇ ਖੋਜੀ ਵਿਦਵਾਨ ਇਸ ਪੁਸਤਕ ਦੀ ਯੋਗ ਕਦਰ ਕਰਕੇ ਲਾਭ ਪ੍ਰਾਪਤ ਕਰਨਗੇ ਅਤੇ ਲੇਖਕਾਂ ਨੂੰ ਉਹਨਾਂ ਦੇ ਕੀਤੇ ਕੰਮ ਦੀ ਦਾਦ ਦੇਣਗੇ।

ਗੁਰਮਤਿ ਪ੍ਰੇਮੀਆਂ ਦਾ ਦਾਸ

**ਕਿਰਪਾਲ ਸਿੰਘ**

ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ,

ਗਲੀ ਸ਼ਹੀਦ ਬੁੰਗਾ, ਨੇੜੇ ਕੌਲਸਰ, ਸ੍ਰੀ ਅੰਮ੍ਰਿਤਸਰ।

ਮਿਤੀ ੯-੧੦-੭੬

# ਆਦਿ–ਮੰਗਲ ਦਾ ਸੰਪੂਰਨ ਸਰੂਪ ਤੇ ਸਹੀ ਤਰਤੀਬਕ ਸਥਾਨ

ਗੁਰਮਤਿ ਦੀ ਵਿਚਾਰਧਾਰਕ ਅਟੱਲਤਾ ਦੇ 'ਪਰਬਤੁ ਮੇਰਾਣ' ਅਤੇ ਰੂਹਾਨੀਅਤ ਪੱਖੋਂ 'ਜਗ ਮਹਿ ਚਾਨਣ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢਲੇ ਸਰੂਪ 'ਪੋਥੀ ਸਾਹਿਬ' ਦੀਆਂ 99% ਹੱਥ-ਲਿਖਤ ਪ੍ਰਾਚੀਨ ਬੀੜਾਂ ਦੇ ਅਰੰਭ ਵਿੱਚ **"ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ॥"** ਤੱਕ ਦਾ ਅਨਛੇਦਤ ਅਤੇ ਸਿਰਲੇਖ ਸੁਤੰਤਰ ਵਾਰਤਕ-ਰੂਪ ਸ੍ਰੀ ਮੁਖਵਾਕ ਸ਼ੋਭਨੀਕ ਹੈ। ਇਸ ਨੂੰ ਸਾਹਿਤਕ ਭਾਸ਼ਾ ਵਿੱਚ 'ਆਦਿ-ਮੰਗਲ' ਜਾਂ 'ਆਦਿ-ਮੰਗਲਾਚਰਨ' ਅਤੇ ਸਿੱਖ ਰਹਿਤ ਮਰਯਾਦਾ 'ਤੇ ਅਧਾਰਤ ਪੰਥਕ ਭਾਸ਼ਾ ਵਿੱਚ 'ਮੂਲਮੰਤਰ' (ਮੁਢਲਾ ਗੁਰਉਪਦੇਸ਼) ਵੀ ਲਿਖਿਆ ਤੇ ਸੱਦਿਆ ਜਾਂਦਾ ਹੈ। ਮਨੌਤ ਹੈ ਕਿ ਗੁਰੂ ਨਾਨਕ ਸਾਹਿਬ ਰਚਿਤ ਇਹ ਪਾਵਨ ਮਹਾਂਵਾਕ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ 'ਪੋਥੀ' ਦੀ ਸੰਪਾਦਨਾ ਮੌਕੇ ਆਪਣੇ ਮੁਬਾਰਕ ਹਸਤ-ਕਮਲਾਂ ਦੁਆਰਾ ਖ਼ੁਦ ਲਿਖਿਆ। ਇਸ ਉਪਰੰਤ ਭਾਈ ਗੁਰਦਾਸ ਜੀ ਨੇ 'ਜਪੁ' ਸਿਰਲੇਖ ਦੇ ਕੇ 'ਧੁਰ ਕੀ ਬਾਣੀ' ਦੀ ਬਾਕੀ ਲਿਖਤ ਅਰੰਭ ਕੀਤੀ। ਸ੍ਰੀ ਕਰਤਾਰਪੁਰੀ ਬੀੜ ਸਮੇਤ ਬਹੁਤੇ ਹੱਥ-ਲਿਖਤ ਖਰੜਿਆਂ ਦੇ ਤਤਕਰੇ ਵਿਚ "ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕਿਆਂ ਦਸਤਖਤਾ ਕਾ ਨਕਲ" ਦੀ ਪ੍ਰਤੀਕ ਵੀ ਲਿਖੀ ਮਿਲਦੀ ਹੈ। ਇਸ ਦਾ ਭਾਵਾਰਥ ਹੈ ਕਿ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਹੱਥੀਂ ਲਿਖੇ 'ਜਪੁ-ਜੀ ਦੀ ਨਕਲ ਕੀਤੀ। ਇਹੀ ਕਾਰਣ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ 2008 ਤੋਂ ਪਹਿਲਾਂ ਦੀਆਂ ਬਜ਼ਾਰ ਵਿੱਚ ਛਪੀਆਂ ਅਨ-ਛੇਦ ਤੇ ਪਦ-ਛੇਦ ਪਾਵਨ ਬੀੜਾਂ ਦੇ ਮੁੱਢ ਵਿੱਚ ਦੂਹਰੀਆਂ ਡੰਡੀਆਂ ਅੰਦਰਲੇ 'ਜਪੁ' ਸਿਰਲੇਖ ਤੋਂ ਪਹਿਲਾਂ ਉਪਰੋਕਤ ਮੰਗਲਮਈ ਮਹਾਂਵਾਕ ਅੰਕਿਤ ਹੈ। ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਪਦ-ਛੇਦ ਬੀੜ ਵਿਖੇ ਉਪਰੋਕਤ ਮਹਾਂਵਾਕ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥" ਦੇ ਰੂਪ ਵਿੱਚ ਪਦ-ਛੇਦ ਕੀਤਾ ਗਿਆ ਹੈ; ਕਿਉਂਕਿ ਛਾਪੇ ਦੀ ਮੌਜੂਦਾ ਪਦ-ਛੇਦ ਬੀੜ ਵਿਖੇ ਅਤਿ ਸਖਿੰਪਤ-ਮੰਗਲ "ੴ ਸਤਿ ਗੁਰਪ੍ਰਸਾਦਿ ॥" ਹੈ, ਜਿਸ ਨੂੰ "ੴ ਸਤਿਗੁਰ ਪ੍ਰਸਾਦਿ ॥" ਦੇ ਅਸ਼ੁਧ ਰੂਪ ਵਿੱਚ ਛਾਪਿਆ ਜਾ ਰਿਹਾ ਹੈ।

ਕੁਝ ਸੰਪਰਦਾਈ ਸਿੱਖ ਡੇਰੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰਲੀਆਂ ਗਵਾਹੀਆਂ 'ਤੇ ਅਧਾਰਿਤ ਬਜਿਦ ਹਨ ਕਿ ਉਪਰੋਕਤ ਮੂਲਮੰਤ੍ਰ "ਨਾਨਕ ਹੋਸੀ ਭੀ ਸਚੁ ॥" ਤਕ ਹੈ। ਦਮਦਮੀ ਟਕਸਾਲ ਦੇ ਨਾਂ ਹੇਠ ਡੇਰਾ ਚੌਂਕ ਮਹਿਤਾ ਵੱਲੋਂ ਤਾਂ ਪ੍ਰਕਾਸ਼ਤ ਪਾਵਨ ਬੀੜਾਂ, ਪੋਥੀਆਂ ਤੇ ਗੁਟਕਿਆਂ ਵਿੱਚੋਂ "॥ ਜਪੁ ॥" ਸਿਰਲੇਖ ਦੀਆਂ ਹੱਦ (ਫੁੱਲ ਸਟਾਪ) ਰੂਪ ਪਹਿਲੀਆਂ ਡੰਡੀਆਂ ਹਟਾ ਕੇ "ਜਪੁ॥" ਸਿਰਲੇਖ ਨੂੰ ਆਪਣੇ ਥਾਪੇ ਮੂਲਮੰਤ੍ਰ ਦਾ ਭਾਗ ਬਨਾਉਣ ਦਾ ਸ਼ਰੇਆਮ ਅਸਫਲ ਤੇ ਅਵਗਿਆ ਭਰਪੂਰ ਯਤਨ ਕੀਤਾ ਗਿਆ ਹੈ। ਉਹ ਭੁੱਲ ਜਾਂਦੇ ਹਨ ਕਿ "ੴ" ਤੋਂ "ਨਾਨਕ ਹੋਸੀ ਭੀ ਸਚੁ ॥" ਤਕ ਦੀ ਸਾਰੀ ਲਿਖਤ ਪੋਥੀ ਸਾਹਿਬ ਦੇ ਸੰਪਾਦਨਾ ਕਾਲ ਤੋਂ ਤਿੰਨ ਭਾਗਾਂ ਵਿਚ ਵੰਡ ਕੇ ਲਿਖੀ ਤੇ ਛਾਪੀ ਜਾ ਰਹੀ ਹੈ। "ੴ" ਤੋਂ "ਗੁਰਪ੍ਰਸਾਦਿ ॥" ਤੱਕ ਦਾ ਪਹਿਲਾ ਭਾਗ ਵਾਰਤਕ ਹੈ। ਦੂਜਾ ਭਾਗ ਦੂਹਰੀਆਂ ਡੰਡੀਆਂ ਅੰਦਰ "॥ ਜਪੁ ॥" ਸਿਰਲੇਖ ਹੈ। ਪਾਵਨ ਬੀੜ ਦੇ ਤਤਕਰੇ ਵਿੱਚ

ਵੀ 'ਜਪੁ' ਸਿਰਲੇਖ ਮੰਨਿਆ ਗਿਆ ਹੈ। ਇਹ ਵੀ ਵਾਰਤਕ ਰੂਪ ਹੈ। ਤੀਜਾ ਭਾਗ "ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਕਾਵਿ-ਰੂਪ ਸਲੋਕ ਹੈ। ਇਸ ਦੀ ਅਕੱਟ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਰਾਗ ਗਉੜੀ ਅੰਦਰਲੀ 'ਸੁਖਮਨੀ' ਨਾਮਕ ਬਾਣੀ ਦੀ 17ਵੀਂ ਅਸਟਪਦੀ ਦਾ ਮੁਢਲਾ ਸਲੋਕ ਹੈ। ਸਾਰੇ ਵਿਦਵਾਨ ਮੰਨਦੇ ਹਨ ਕਿ ਕਾਵਿ ਤੇ ਵਾਰਤਕ ਰੂਪ ਰਚਨਾਵਾਂ ਨੂੰ ਕਦੇ ਵੀ ਆਪਸ ਵਿੱਚ ਮਿਲਾਇਆ ਨਹੀਂ ਜਾ ਸਕਦਾ। ਇਥੇ ਵੱਡਾ ਸੁਆਲ ਇਹ ਵੀ ਖੜਾ ਹੋ ਜਾਂਦਾ ਹੈ ਕਿ ਜੇ 'ਜਪ' ਸਿਰਲੇਖ ਨੂੰ ਸੰਪਰਦਾਈ ਮੂਲਮੰਤ੍ਰ ਦਾ ਭਾਗ ਮੰਨ ਲਿਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁਢਲੀ ਬਾਣੀ ਨੂੰ 'ਜਪੁ-ਜੀ ਸਾਹਿਬ' ਕਿਵੇਂ ਆਖਿਆ ਜਾ ਸਕਦਾ ਹੈ? ਛਾਪੇ ਦੀ ਪਾਵਨ ਬੀੜ ਵਿੱਚ "ੴ ਤੋਂ ਗੁਰਪ੍ਰਸਾਦਿ" ਤੱਕ ਦਾ ਮਹਾਂਵਾਕ ਜਦੋਂ ਵੀ ਆਦਿ-ਮੰਗਲਾਚਰਨ ਵਜੋਂ ਵਰਤਿਆ ਗਿਆ ਹੈ, ਉਸ ਦਾ ਅੰਤਲਾ ਲਫ਼ਜ਼ 'ਗੁਰਪ੍ਰਸਾਦਿ' ਹੈ। ਸਪਸ਼ਟ ਹੈ ਕਿ 'ੴ ਤੋਂ ਗੁਰਪ੍ਰਸਾਦਿ' ਤੱਕ ਦਾ ਮਹਾਂਵਾਕ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਿ-ਮੰਗਲ ਹੈ, ਜਿਸ ਨੂੰ ਪੰਥਕ ਭਾਸ਼ਾ ਵਿਚ ਮੂਲਮੰਤ੍ਰ ਵੀ ਲਿਖਿਆ ਜਾਂਦਾ ਹੈ।

### ਸ਼੍ਰੋਮਣੀ ਕਮੇਟੀ ਅਤੇ ਪ੍ਰਚਲਿਤ ਬੀੜਾਂ ਵਿੱਚ ਮੰਗਲਾਂ ਦੀ ਸਥਿਤੀ

ਸ਼੍ਰੋਮਣੀ ਕਮੇਟੀ ਅਤੇ ਬਜ਼ਾਰ ਦੇ ਛਾਪੇ ਦੀ ਪ੍ਰਚਲਿਤ ਬੀੜ ਦੇ ਦਰਸ਼ਨ ਕਰਦਿਆਂ ਅਸੀਂ ਵੇਖਦੇ ਹਾਂ ਕਿ ਮੰਗਲਾਂ ਦੀ ਰੂਪਕ ਤੇ ਸਥਾਨਿਕ ਤਰਤੀਬ ਵਿੱਚ ਇਕਸਾਰਤਾ ਨਹੀਂ ਹੈ। ਜਿਵੇਂ ਸ਼੍ਰੋਮਣੀ ਕਮੇਟੀ ਵਾਲੀ ਛਾਪੇ ਦੀ ਮੌਜੂਦਾ ਪਾਵਨ ਬੀੜ ਵਿੱਚ 31 ਰਾਗਾਂ ਚੋਂ 26 ਰਾਗਾਂ ਦੇ ਆਰੰਭ ਵਿੱਚ 'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥' ਤੱਕ ਦਾ ਸੰਪੂਰਨ ਮੰਗਲ ਹੈ। ਸਿਰੀਰਾਗੁ, ਜੈਤਸਰੀ, ਬੈਰਾੜੀ, ਤੁਖਾਰੀ ਤੇ ਕੇਦਾਰਾ ਰਾਗ ਦੇ ਆਰੰਭ ਵਿੱਚ ਸੰਖੇਪ ਮੰਗਲ 'ੴ ਸਤਿਗੁਰ ਪ੍ਰਸਾਦਿ' ਹੈ। ਭਾਵ, 31 ਰਾਗਾਂ ਚੋਂ 5 ਰਾਗਾਂ ਦੇ ਮੁੱਢ ਵਿੱਚ ਸੰਖੇਪ ਮੰਗਲ ਹੈ। ਭਾਵ, ੩੧ ਰਾਗਾਂ ਚੋਂ ੫ ਰਾਗਾਂ ਦੇ ਮੁੱਢ ਵਿੱਚ ਸੰਖੇਪ ਮੰਗਲ ਹੈ। ਆਸਾ ਕੀ ਵਾਰ ਅਤੇ ਉਸ ਦੀ ਭਗਤਬਾਣੀ, ਸਹਸਕ੍ਰਿਤੀ ਸਲੋਕ ਮ: ੧ ਤੇ ਮ: ੫, ਸਵੱਈਏ ਮ: ੫ ਤੇ ਸਲੋਕ ਵਾਰਾਂ ਤੇ ਵਧੀਕ ਦੇ ਆਦਿ ਮੰਗਲ ਸੰਪੂਰਣ ਹਨ।

ਇਨ੍ਹਾਂ ਤੋਂ ਇਲਾਵਾ ਬਾਕੀ ਬਾਣੀਆਂ ਦੇ ਮੰਗਲ ਸੰਖੇਪ ਹਨ ਤੇ ਉਹ ਵੀ ਤਿੰਨ ਪ੍ਰਕਾਰ ਦੇ:

1. **ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥** - 9 ਵਾਰ
2. **ੴ ਸਤਿ ਨਾਮੁ ਗੁਰ ਪ੍ਰਸਾਦਿ॥** - 2 ਵਾਰ
3. **ੴ ਸਤਿਗੁਰ ਪ੍ਰਸਾਦਿ॥** - 522 ਵਾਰ

**ਨੋਟ:** ਸ਼੍ਰੋਮਣੀ ਕਮੇਟੀ ਦੀ ਸੰਨ ੧੯੫੨ ਵਾਲੀ ਛਾਪੇ ਦੀ ਬੀੜ ਅਤੇ ਸ਼ਬਦਾਰਥ ਦੀਆਂ ਪੋਥੀਆਂ ਵਿੱਚ ਸਹਸਕ੍ਰਿਤੀ ਦੇ ਆਰੰਭਕ ਸਲੋਕਾਂ ਅੰਦਰਲੇ 'ਮਹਲਾ ੧' ਅਤੇ 'ਮਹਲਾ ੨' ਦੇ ਸਲੋਕਾਂ ਨੂੰ ਨਿਖੇੜਣ ਲਈ ਸ੍ਰੀ ਕਰਤਾਰਪੁਰੀ ਬੀੜ ਮੁਤਾਬਿਕ ਅਤਿ ਸੰਖੇਪ ਮੰਗਲ 'ੴ' ਦਰਜ ਸੀ, ਜੋ ਹੁਣ ਸ਼੍ਰੋਮਣੀ ਕਮੇਟੀ ਤੇ ਟਕਸਾਲ ਭਿੰਡਰਾਂ ਦੀਆਂ ਪ੍ਰਕਾਸ਼ਤ ਬੀੜਾਂ ਤੇ ਪੋਥੀਆਂ ਵਿਚੋਂ ਅਲੋਪ ਹੈ। ਪਰ ਜਦੋਂ ਅਸੀਂ ੧੭ਵੀਂ ਤੇ ੧੮ਵੀਂ ਸਦੀ ਦੀਆਂ ਹੱਥ-ਲਿਖਤ ਬੀੜਾਂ ਦੇ ਬਰੀਕੀ ਨਾਲ ਦਰਸ਼ਨ ਕਰਦੇ ਹਾਂ ਤਾਂ ਭਾਈ ਬੰਨੋ ਸ਼ਾਖ ਦੀਆਂ ਬੀੜਾਂ ਨੂੰ ਛੱਡ ਕੇ ਭਾਈ ਗੁਰਦਾਸ ਤੇ ਦਮਦਮੀ ਸ਼ਾਖ ਦੀਆਂ ਵਧੇਰੇ ਬੀੜਾਂ ਵਿੱਚ ਮੰਗਲਾਂ ਦੀ ਸਥਾਨਿਕ ਤੇ ਰੂਪਕ ਇਕਸਾਰਤਾ ਦਿੱਸਦੀ ਹੈ। ੩੧ ਮੁੱਖ ਰਾਗਾਂ ਦੇ ਅਰੰਭਕ ਮੰਗਲ ਸਾਰੇ ਸੰਪੂਰਨ ਹਨ ਅਤੇ ਉਪਰਾਗਾਂ, ਰਾਗਾਂ ਦੇ ਘਰਾਂ, ਵੱਖ ਵੱਖ ਬਾਣੀਕਾਰਾਂ ਦੀਆਂ ਬਾਣੀਆਂ ਦੇ ਜੋ ਵਿਸ਼ੇਸ਼ ਸੰਗ੍ਰਹਿ ਹਨ, ਉਨ੍ਹਾਂ ਅੱਗੇ ਕੇਵਲ 'ੴ ਸਤਿਗੁਰਪ੍ਰਸਾਦਿ' ਦਾ ਸੰਖੇਪ ਮੰਗਲ ਹੈ।

ਪਰ, ਛਾਪੇ ਦੀ ਪ੍ਰਚਲਿਤ ਬੀੜ ਵਿੱਚ ਜੋ ਮੰਗਲ ਹਨ, ਉਨ੍ਹਾਂ ਵਿੱਚੋਂ ਵੀ ਕਈ ਥਾਈਂ ਮੰਗਲਾਚਰਣ ਰਾਗਾਂ ਦੀ ਅਰੰਭਤਾ ਤੇ ਸ਼ਬਦੀ ਸਿਰਲੇਖਾਂ ਤੋਂ ਪਹਿਲਾਂ ਹਨ ਅਤੇ ਕਈ ਥਾਈਂ ਪਿੱਛੋਂ। ਕਿਤੇ ਮੰਗਲ ਸਿਰਲੇਖਾਂ ਦੇ ਬਰਾਬਰ ਹਨ ਅਤੇ ਕਿਤੇ ਸੱਜੇ ਪਾਸੇ ਉੱਪਰ। ਭਾਵੇਂ ਕਿ ਇਸ ਢੰਗ ਨਾਲ ਪਾਵਨ ਬੀੜ ਦੀਆਂ ਇਲਾਹੀ ਰਚਨਾਵਾਂ ਦੇ ਬਾਣੀਕਾਰਾਂ, ਬਾਣੀਆਂ ਦੇ ਨਾਵਾਂ ਤੇ ਕਾਵਿਕ ਛੰਦਾਂ ਪ੍ਰਤੀ ਕਈ ਪ੍ਰਕਾਰ ਦੇ ਭੁਲੇਖੇ ਪੈਦਾ ਹੁੰਦੇ ਹਨ। ਖ਼ਾਸ ਕਰਕੇ ਭਗਤਬਾਣੀ ਦੇ ਸਿਰਲੇਖਾਂ ਅਤੇ ਸੁਖਮਨੀ ਸਾਹਿਬ ਵਾਂਗ ਕੁਝ ਹੋਰ ਵਿਸ਼ੇਸ਼

ਲੰਮੀਆਂ ਬਾਣੀਆਂ ਦੇ ਨਾਵਾਂ ਤੋਂ ਪਿੱਛੋਂ ਆਏ ਸੰਖੇਪ ਮੰਗਲਾਂ ਕਾਰਣ। ਉਦਾਹਰਣ ਵੱਜੋਂ ਕੁਝ ਹੇਠ ਲਿਖੇ ਸਿਰਲੇਖ ਵਾਚੇ ਜਾ ਸਕਦੇ ਹਨ:

> ੧. ੴ ਸਤਿਗੁਰ ਪ੍ਰਸਾਦਿ॥
> ਰਾਗੁ ਸਿਰੀਰਾਗ ਮਹਲਾ ਪਹਿਲਾ ੧ ਘਰੁ ੧॥
> ਮੋਤੀ ਤ ਮੰਦਰ ਊਸਰਹਿ...॥ {ਪੰ. ੧੪}
> (੧) ੴ ਸਤਿਗੁਰ ਪ੍ਰਸਾਦਿ॥
> ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ॥ ਆਖਿ ਆਖਿ ਮਨੁ ਵਾਵਣਾ...॥ {ਪੰ. ੫੩}
> ੨. ੴ ਸਤਿਗੁਰ ਪ੍ਰਸਾਦਿ॥
> ਸਿਰੀਰਾਗੁ ਕਬੀਰ ਜੀਉ ਕਾ॥ ਏਕੁ ਸੁਆਨੁ ਕੈ ਘਰਿ ਗਾਵਣਾ
> ਜਨਨੀ ਜਾਨਤ ਸੁਤੁ ਬਡਾ ਹੋਤੁ ਹੈ...॥ {ਪੰ. ੯੧}
>
> ੩. ਰਾਗ ਮਾਝ ਚਉਪਦੇ ਘਰੁ ੧ ਮਹਲਾ ੪ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
> ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥ {ਪੰ. ੯੪}
>
> ੪. ਗਉੜੀ ਸੁਖਮਨੀ ਮਃ ੫॥ ਸਲੋਕੁ॥ ੴ ਸਤਿਗੁਰ ਪ੍ਰਸਾਦਿ॥
> ਆਦਿ ਗੁਰਏ ਨਮਹ॥...{ਪੰ. ੨੬੨}
>
> ੫. ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ॥ ੴ ਸਤਿਨਾਮੁ ਕਰਤਾ ਪੁਰਖ ਗੁਰਪ੍ਰਸਾਦਿ॥ ਬਾਵਨ ਅਛਰ ਲੋਕ ਤ੍ਰੈ...॥ {ਪੰ. ੩੪੦}

ਪਰ, ਪ੍ਰਾਚੀਨ ਹੱਥ-ਲਿਖਤੀ ਬੀੜਾਂ ਵਿੱਚ ਐਸਾ ਨਹੀਂ। ਰਾਗਾਂ ਅਤੇ ਵੱਖ ਵੱਖ ਸ਼ਬਦੀ ਸੰਗ੍ਰਹਿਆਂ ਦੇ ਮੰਗਲ ਸਭ ਥਾਈਂ ਪਤਰੇ ਅਥਵਾ ਪੰਨੇ ਦੇ ਅੱਧ ਤੋਂ ਸੱਜੇ ਪਾਸੇ ਤੇ ਸ਼ਬਦੀ ਸਿਰਲੇਖਾਂ ਤੋਂ ਉੱਚੇਰੇ ਹਨ। ਭਾਵ, ਸਿਰਲੇਖਾਂ ਤੋਂ ਪਹਿਲਾਂ ਲਿਖੇ ਗਏ ਹਨ। ਹਾਂ! ਭਾਈ ਬੰਨੋ ਤੇ ਸ੍ਰੀ ਕਰਤਾਰਪੁਰੀ ਬੀੜ ਦੇ ਮੰਗਲ ਵੀ ਹਨ ਤਾਂ ਭਾਵੇਂ ਕਈ ਥਾਈਂ ਸਿਰਲੇਖਾਂ ਦੇ ਬਰਾਬਰ, ਪਰ ਹੈਨ ਉਹ ਵੀ ਵਰਕੇ ਦੇ ਸੱਜੇ ਅੱਧ ਵਿੱਚ ਅਤੇ ਕਈ ਥਾਈਂ ਸੱਜੇ ਉੱਪਰ ਵੀ। ਇਸ ਪ੍ਰਕਾਰ ਉਪਰੋਕਤ ਦੋਹਾਂ ਤਰਤੀਬਾਂ ਵਿੱਚ ਮੰਗਲਾਂ ਨੂੰ ਕਿਸੇ ਵੀ ਹਾਲਤ ਵਿੱਚ ਵਰਕੇ ਦੇ ਖੱਬੇ ਅੱਧ ਵਾਲੇ ਪਾਸੇ ਵਧਣ ਨਹੀਂ ਦਿੱਤਾ ਗਿਆ। ਇਸ ਤੋਂ ਸਿੱਧ ਹੈ ਕਿ ਪ੍ਰਾਚੀਨ ਬੀੜਾਂ ਵਿੱਚ ਸਭ ਥਾਈਂ ਮੰਗਲਾਂ ਨੂੰ ਪਹਿਲ ਦਿੰਦਿਆਂ ਸਿਰਲੇਖਾਂ ਦੇ ਆਦਿ ਵਿੱਚ ਰੱਖਿਆ ਗਿਆ ਹੈ। ਕਿਸੇ ਨੂੰ ਸੱਜੇ ਪਾਸੇ ਬਿਠਾਉਣਾ ਜਾਂ ਰੱਖਣਾ, ਸਭਿਅਕ ਪੱਖੋਂ ਵੀ ਉਸ ਨੂੰ ਪਹਿਲ ’ਤੇ ਅਧਾਰਿਤ ਸਤਿਕਾਰ ਦੇਣਾ ਤੇ ਵਡੱਪਣ ਨੂੰ ਪ੍ਰਵਾਨ ਕਰਨ ਤੁੱਲ ਹੁੰਦਾ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ਤਤਕਾਲੀ ਪ੍ਰਿੰਸੀਪਲ ਸਾਹਿਬ ਸਿੰਘ ਜੀ ‘ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ’ ਦੀ ਦਸਵੀਂ ਪੋਥੀ ਦੇ ਅੰਤਲੇ ਭਾਗ ਵਿੱਚ ‘ਮੂਲਮੰਤ੍ਰ ਦੀ ਸਹੀ ਥਾਂ ਦਾ ਨਿਰਨਾ’ ਸਿਰਲੇਖ ਹੇਠ ਲਿਖਦੇ ਹਨ:

“ਜਦੋਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ‘ਬੀੜ’ ਦੀ ਛਪਾਈ ਦਾ ਕੰਮ ਆਪਣੇ ਹੱਥਾਂ ਵਿੱਚ ਲਿਆ, ਤਾਂ ਪ੍ਰਬੰਧਕਾਂ ਨੇ ਛਪਾਈ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਸੁਧਾਈ ਕੀਤੀ। ਜਿਹੜੇ ਸੱਜਣ ਸੁਧਾਈ ਦੇ ਕੰਮ ਉਤੇ ਲਾਏ ਗਏ, ਉਨ੍ਹਾਂ ਨੂੰ ਉਸ ‘ਬੀੜ’ ਦਾ ਲਿਖਣ-ਢੰਗ ਵੇਖ ਕੇ ਇਹ ਨਵਾਂ ਖ਼ਿਆਲ ਸੁੱਝਿਆ ਕਿ ਉਸ ਬੀੜ ਵਿੱਚ ਮੂਲਮੰਤ੍ਰ ਹਰ ਥਾਂ ਬੀੜ ਦੇ ਪੱਤਰੇ ਉੱਤੇ ਸੱਜੇ ਪਾਸੇ ਦੇ ਅਖ਼ੀਰ ’ਤੇ ਹੀ ਲਿਖਿਆ ਹੋਇਆ ਹੈ। ਛੋਟਾ ਮੂਲਮੰਤ੍ਰ ‘ੴ ਸਤਿਗੁਰ ਪ੍ਰਸਾਦਿ’ ਤਾਂ ਸੱਜੇ ਪਾਸੇ ਇਕੋ ਹੀ ਪਾਲ ਵਿੱਚ ਮੁੱਕ ਜਾਂਦਾ ਹੈ; ਪਰ ਜਿੱਥੇ ਕਿਤੇ ਸਾਰਾ ਮੂਲਮੰਤ੍ਰ ਲਿਖਿਆ ਹੋਇਆ ਹੈ, ਉਹ ਉਸੇ ਸਤ੍ਰ ਵਿੱਚ ਖ਼ਤਮ ਨਹੀਂ ਹੋ ਸਕਿਆ ਕਿਉਂਕਿ ਇਹ ਹਰ ਥਾਂ ਲਿਖਣਾ ਸ਼ੁਰੂ ਹੀ ਹੁੰਦਾ ਹੈ ਪੱਤਰੇ ਦੇ ਅੱਧ ਤੋਂ

ਪਿੱਛੋਂ ਸੱਜੇ ਪਾਸੇ ਵਲ। ਮੂਲਮੰਤ੍ਰ ਦੇ ਬਾਕੀ ਬਚੇ ਹਿੱਸੇ ਨੂੰ ਦੂਜੀ ਜਾਂ ਤੀਜੀ ਸਤਰ ਵਿੱਚ ਲਿਖਿਆ ਗਿਆ ਹੈ; ਪਰ ਉਹ ਵੀ ਸੱਜੇ ਪਾਸੇ ਹੀ ਉਪਰਲੀ ਸਤਰ ਦੇ ਹੇਠਵਾਰ। ਮੂਲਮੰਤ੍ਰ ਨੂੰ ਕਿਤੇ ਭੀ ਖੱਬੇ ਪਾਸੇ ਵਲ ਨਹੀਂ ਆਉਣ ਦਿੱਤਾ ਗਿਆ।

ਉਹਨਾਂ ਸੱਜਣਾਂ ਨੇ ਕਮੇਟੀ ਦੇ ਪ੍ਰਬੰਧਕਾਂ ਦਾ ਧਿਆਨ ਇਸ ਪਾਸੇ ਦਿਵਾਇਆ। ਪ੍ਰਬੰਧਕਾਂ ਨੇ ਪੰਥ ਦੇ ਕੁਝ ਮੁਖੀ ਵਿਦਵਾਨ ਸੱਜਣਾਂ ਦਾ ਇਕੱਠ ਕਰਕੇ ਨਿਰਨਾ ਕਰਾਇਆ। ਮੂਲਮੰਤ੍ਰ ਦੀ ਲਿਖਾਈ ਬਾਰੇ (ਹੇਠ ਲਿਖੀਆਂ) ਚਾਰ ਜ਼ਰੂਰੀ ਗੱਲਾਂ ਸਾਹਮਣੇ ਆ ਗਈਆਂ।

੧. ਹਰੇਕ ਥਾਂ ਮੂਲਮੰਤ੍ਰ ਪੱਤ੍ਰੇ ਦੇ ਸੱਜੇ ਪਾਸੇ ਹੀ ਹੈ। ਸਾਬਤ ਮੂਲਮੰਤ੍ਰ ਦਾ ਪਹਿਲੀ ਸਤਰ ਤੋਂ ਬਚਿਆ ਹਿੱਸਾ ਲਿਖਣ ਵੇਲੇ ਭੀ ਪੱਤਰੇ ਦਾ ਸੱਜਾ ਪਾਸਾ ਹੀ ਵਰਤਿਆ ਹੈ। ਕਿਤੇ ਭੀ ਮੂਲਮੰਤ੍ਰ ਨੂੰ ਖੱਬੇ ਪਾਸੇ ਨਹੀਂ ਆਉਣ ਦਿੱਤਾ ਗਿਆ।

੨. ਕਈ ਥਾਈਂ ਇਹ ਮੂਲਮੰਤ੍ਰ ਸ਼ਬਦ-ਸੰਗ੍ਰਹਿ ਨਾਲੋਂ ਉਚੇਰਾ ਹੈ।

੩. 'ਰਾਗ' ਅਤੇ 'ਮਹਲੇ' ਵਾਲਾ ਸਿਰਲੇਖ ਸਦਾ ਹੀ ਪੱਤਰੇ ਦੇ ਖੱਬੇ ਪਾਸੇ ਲਿਖਿਆ ਗਿਆ ਹੈ। ਜੇ ਕਿਤੇ ਸਿਰਲੇਖ ਲੰਮਾ ਹੋ ਗਿਆ ਹੈ, ਤਾਂ ਇਸ ਨੂੰ ਪੱਤਰੇ ਦੇ ਅੱਧ ਤੋਂ ਸੱਜੇ ਪਾਸੇ ਵਲ ਨਹੀਂ ਜਾਣ ਦਿੱਤਾ ਗਿਆ। ਸਿਰਲੇਖ ਦਾ ਬਾਕੀ ਬਚਿਆ ਹਿੱਸਾ ਮੁੜ ਖੱਬੇ ਪਾਸੇ ਹੀ ਪਹਿਲੇ ਹਿੱਸੇ ਦੇ ਹੇਠ ਲਿਖ ਦਿੱਤਾ ਹੈ।

੪. ਸਿਰਲੇਖ ਅਤੇ ਮੂਲਮੰਤ੍ਰ–ਇਨ੍ਹਾਂ ਦੋਹਾਂ ਦੇ ਵਿਚਕਾਰ ਪੱਤਰੇ ਉੱਤੇ ਕਾਫ਼ੀ ਥਾਂ ਖ਼ਾਲੀ ਕੋਰਾ ਰੱਖਿਆ ਗਿਆ ਹੈ।

**ਵਿਦਵਾਨਾਂ ਦਾ ਫੈਸਲਾ:**

ਇਕੱਠੇ ਹੋਏ ਵਿਦਵਾਨ ਸੱਜਣ ਇਸ ਨਤੀਜੇ ਉੱਤੇ ਅੱਪੜੇ ਕਿ ਪੱਤਰੇ ਉੱਤੇ ਹਰ ਥਾਂ ਮੂਲਮੰਤ੍ਰ ਨੂੰ ਸੱਜੇ ਪਾਸੇ ਰੱਖ ਕੇ ਆਦਰ-ਸਤਕਾਰ ਦਿੱਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਕਰਨ ਵੇਲੇ ਸਿੱਖ ਸ੍ਰੀ ਹਰਿਮੰਦਰ ਸਾਹਿਬ ਨੂੰ ਸੱਜੇ ਹੱਥ ਹੀ ਰੱਖਦਾ ਹੈ। ਸੋ ਸ੍ਰੀ ਕਰਤਾਰਪੁਰ ਵਾਲੀ 'ਬੀੜ' ਵਿੱਚ ਮੂਲਮੰਤ੍ਰ ਨੂੰ ਸਦਾ 'ਪਹਿਲ' ਦਿੱਤੀ ਹੋਈ ਹੈ। ਪੜ੍ਹਨ ਵੇਲੇ ਪਹਿਲਾਂ ਮੂਲਮੰਤ੍ਰ ਹੀ ਪੜ੍ਹਨਾ ਹੈ। ਪੁਰਾਣੇ ਸਮੇਂ ਲਿਖਣ-ਢੰਗ ਹੀ ਇਹੀ ਸੀ ਕਿ ਆਰੰਭਕ ਮੰਗਲਾਚਰਨ ਨੂੰ ਸੱਜੇ ਪਾਸੇ ਪਹਿਲ ਦਿੱਤੀ ਜਾਏ।

ਅਗਾਂਹ ਸਦਾ ਲਈ ਪਾਠਕਾਂ ਨੂੰ ਟਪਲੇ ਤੋਂ ਬਚਾਣ ਲਈ ਉਹਨਾ ਵਿਦਵਾਨਾਂ ਨੇ ਇਹ ਫੈਸਲਾ ਕੀਤਾ ਕਿ 'ਬੀੜਾਂ' ਛਾਪਣ ਵੇਲੇ ਮੂਲਮੰਤ੍ਰ ਨੂੰ 'ਪਹਿਲਾਂ' ਛਾਪਿਆ ਜਾਏ। ਪੰਜਾਬੀ ਦੀ ਲਿਖਾਈ ਖੱਬੇ ਪਾਸੇ ਤੋਂ ਸੱਜੇ ਵਲ ਜਾਂਦੀ ਹੈ। ਸੋ, ਇਸ ਫੈਸਲੇ ਅਨੁਸਾਰ ਮੂਲਮੰਤ੍ਰ ਪੱਤਰੇ ਦੇ ਸੱਜੇ ਪਾਸੇ ਛਾਪੇ ਜਾਣ ਦੇ ਥਾਂ ਖੱਬੇ ਪਾਸੇ ਤੋਂ ਸ਼ੁਰੂ ਕੀਤਾ ਗਿਆ। ਸਿਰਫ ਇਸੇ ਤਰੀਕੇ ਨਾਲ ਹੀ ਮੂਲਮੰਤ੍ਰ ਨੂੰ ਪਹਿਲ ਮਿਲ ਸਕਦੀ ਸੀ।"

ਨਿਹੰਗ ਸਿੰਘ ਬੁੱਢਾ ਦਲ ਪਟਿਆਲਾ ਦੇ ਸਤਿਕਾਰਯੋਗ ਜਥੇਦਾਰ ਬਿਰੱਕਤ ਪੂਰਨ ਸਿੰਘ ਜੀ ਨੇ ਮਿਤੀ ੬/੬/੫੬ ਦੇ ਦਿਨ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਆਪਣੀ ਜ਼ੋਰਦਾਰ ਰਾਇ ਇਉਂ ਪ੍ਰਗਟ ਕੀਤੀ:

**ਸਾਨੂੰ ਪਤਾ ਲੱਗਾ ਹੈ ਕਿ ਚੀਫ਼ ਖ਼ਾਲਸਾ ਦੀਵਾਨ ਅਤੇ ਦੁਕਾਨਦਾਰ ਸੱਜਣ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਛਾਪੀ ਬੀੜ ਵਿੱਚ ਅਦਲਾ ਬਦਲੀ ਚਾਹੁੰਦੇ ਹਨ। ਇਸ ਸਬੰਧ ਵਿੱਚ ਮੇਰੀ ਅਤੇ ਬੁੱਢਾ ਦਲ ਚਲਦਾ ਵਹੀਰ ਨਿਹੰਗ ਸਿੰਘਾਂ ਦੀ ਖ਼ਾਸ ਤੌਰ ਤੇ ਇਹ ਰਾਇ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਮੰਗਲਾਚਰਣਾਂ ਵਿੱਚ ਤਬਦੀਲੀ ਨਹੀਂ ਕਰਨੀ ਚਾਹੀਦੀ ਅਤੇ ਉਸ ਫੈਸਲੇ ਤੇ ਕਾਇਮ ਰਹਿਣਾ ਚਾਹੀਦਾ ਹੈ ਜੋ ੩੦ ਮਈ ੧੯੫੪ ਨੂੰ ਕਰਤਾਰਪੁਰ ਸਾਹਿਬ ਹੋਇਆ ਸੀ। ਫਿਲਹਾਲ ਝਗੜੇ ਨੂੰ ਨਿਪਟਾਉਣ ਦੀ ਖ਼ਾਤਰ ਮੈਂ ੨੪–੪–੫੫ ਦੇ ਮਤੇ ਦੀ ਵੀ ਪ੍ਰੋੜਤਾ ਕਰਦਾ ਹਾਂ ਪਰ ਜੇ ਸ਼੍ਰੋਮਣੀ ਕਮੇਟੀ ਮੰਗਲਾ– ਚਰਣ ਬਦਲਣ ਦੇ ਹੱਕ ਵਿਚ ਵੀ ਹੋ ਜਾਵੇ ਤਾਂ ਭੀ ਸਾਡੀ ਰਾਇ ਸਪਸ਼ਟ ਇਹੀ ਰਹੇਗੀ ਕਿ "ੴ ਸਤਿਗੁਰ ਪ੍ਰਸਾਦਿ" ਪਹਿਲੇ ਹੋਣਾ ਚਾਹੀਦਾ ਹੈ। ਕਿਉਂਕਿ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਵੀ "ੴ ਵਾਹਿਗੁਰੂ ਜੀ ਕੀ ਫਤਹਿ" "ਵਾਰ ਸ੍ਰੀ ਭਗਉਤੀ ਜੀ ਕੀ, ਪਾਤਸ਼ਾਹੀ ਦਸਵੀਂ" ਜਾਂ "ੴ ਸਤਿਗੁਰ ਪ੍ਰਸਾਦਿ" ਪਹਿਲਾਂ ਹੀ ਲਿਖਿਆ ਹੈ।**

**ਪੁਰਾਤਨ ਸਮੇਂ ਵਿਚ ਵੀ ਗੁਰਦੁਆਰਾ ਸਾਹਿਬਾਨ ਅਤੇ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ ਓਹੀ ਹਸਤ ਲਿਖਿਤ ਬੀੜਾਂ ਪ੍ਰਕਾਸ਼ਤ ਹੁੰਦੀਆਂ ਸਨ, ਜਿਨ੍ਹਾਂ ਦੇ ਮੰਗਲਾ ਚਰਣ ਪਹਿਲੋਂ ਸਨ। ਛਾਪੇ ਦੀਆਂ ਬੀੜਾਂ ਦਾ ਉਪਰੋਕਤ ਅਸਥਾਨਾਂ ਤੇ ਇਸ ਲਈ ਪ੍ਰਕਾਸ਼ ਨਹੀਂ ਕੀਤਾ ਜਾਂਦਾ ਸੀ ਕਿ ਉਹਨਾ ਦੇ ਮੰਗਲਾ ਚਰਣ ਗ਼ਲਤ ਸਨ, ਭਾਵ ਅਗੇ ਪਿਛੇ ਸਨ।**

**ਆਪ ਦਾ ਹਿਤੂ–**

**ਮਿਤੀ ੬/੬/੫੬ (ਸਹੀ) ਜਥੇਦਾਰ ਬਿਰੱਕਤ ਪੂਰਨ ਸਿੰਘ, ਨਿਹੰਗ ਸਿੰਘ ਬੁੱਢਾ ਦਲ, ਪਟਿਆਲਾ।**

**{ਵੇਖੋ! ਹਥਲੀ ਪੁਸਤਕ ਦੀ ਅੰਤਿਕਾ ਨੰ. ੧, ਸ਼੍ਰੋਮਣੀ ਕਮੇਟੀ ਦੁਆਰਾ ਛਾਪੀ ਸੰਨ ੧੯੫੨ ਵਾਲੀ ਪਾਵਨ ਬੀੜ ਦੀ ਛਪਾਈ ਬਾਰੇ 'ਜ਼ਰੂਰੀ ਵਾਕਫ਼ੀਅਤ' ਨਾਂ ਦਾ ਕਿਤਾਬਚਾ– ਪੰ. ੨੨}**

'ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਸਿਸਟੈਂਟ ਪ੍ਰੋਫੈਸਰ ਡਾ. ਗੁਰਮੇਲ ਸਿੰਘ ਦੇ ਲਿਖੇ 'ਗੁਰਬਾਣੀ ਉਚਾਰਨ' ਨਾਂ ਦੇ ਪਰਚੇ ਮੁਤਾਬਿਕ ਵੀ "ਮੰਗਲਾਚਰਨ (ਮੂਲ ਮੰਤ੍ਰ) ਨੂੰ ਪੜ੍ਹਨ ਦਾ ਵਿਧਾਨ ਸਿਰਲੇਖਾਂ ਤੋਂ ਪਹਿਲਾਂ ਦਾ ਹੈ। ਮੰਗਲਾਚਰਨ, ਸਿਰਲੇਖ ਤੋਂ ਉਪਰ ਤੇ ਸੱਜੇ ਕਰਕੇ ਹੈ, ਸੋ ਇਸ ਦਾ ਉਚਾਰਨ ਵੀ ਪਹਿਲਾਂ ਹੀ ਹੈ।" ਮੰਗਲਾਂ ਦੀ ਹੋਰ ਵਿਸਥਾਰਤ ਤੇ ਸਥਾਨਿਕ ਸਪਸ਼ਟਤਾ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਦਸਵੀਂ ਪੋਥੀ ਦੇ ਪੰਨਾ ੭੧੧ ਤੋਂ 'ਮੂਲਮੰਤ੍ਰ ਦੀ ਸਹੀ ਥਾਂ ਦਾ ਨਿਰਨਾ' ਅਤੇ 'ਸੰਪਾਦਕ ਨਿਰਣੈ ਸ੍ਰੀ ਗੁਰੂ ਗ੍ਰੰਥ ਸਾਹਿਬ', 'ਸੰਪਾਦਨ-ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ' ਆਦਿਕ ਪੁਸਤਕਾਂ ਨੂੰ ਧੀਰਜ ਸਹਿਤ ਵਾਚਣਾ ਹੋਰ ਵੀ ਲਾਹੇਵੰਦਾ ਹੋ ਸਕਦਾ ਹੈ।

ਜਥੇਦਾਰ ਵੇਦਾਂਤੀ ਜੀ ਦੇ ਅਤਿ ਨਿਕਟਵਰਤੀ ਸਾਥੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਖੋਜੀ ਪ੍ਰੋਫੈਸਰ ਡਾ. ਅਮਰ ਸਿੰਘ ਦੀ ਰਚਿਤ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਦੀ ਅੰਤਿਕਾ ਨੰ. ੮ ਵਿਖੇ ਮੰਗਲਚਰਨ ਦੇ ਵੱਖ-ਵੱਖ ਸਥਾਨਾਂ ਵਾਲੀਆਂ ਬੀੜਾਂ ਦੀ ਵਿਵਰਨਾਤਮਿਕ ਸੂਚੀ ਇਸ ਪ੍ਰਕਾਰ ਹੈ:

- **ਮੰਗਲਾਚਰਨ ਦਾ ਸਥਾਨ ਬਾਣੀ ਸਿਰਲੇਖ ਤੋਂ ਪਹਿਲੀ ਪੰਕਤੀ ਵਿੱਚ ਸੱਜੇ ਪਾਸੇ:** ੯, ੧੧, ੧੩, ੧੫, ੧੮, ੪੭, ੫੧, ੫੩, ੮੦, ੮੯, ੯੮, ੧੦੭, ੧੦੮ (ਕੁੱਲ ੧੩)
- **ਮੰਗਲਾਚਰਨ ਦਾ ਸਥਾਨ ਪਤਰੇ ਦੇ ਸੱਜੇ ਪਾਸੇ ਹੈ:** ੭, ੧੨, ੧੭, ੨੦, ੨੭, ੩੦, ੩੨, ੪੫, ੫੬, ੫੭, ੬੭, ੭੯, ੮੨, ੮੭, ੯੯, ੧੦੦, ੧੦੨, ੧੦੪, ੧੦੬, ੧੧੫ (ਕੁੱਲ ੨੦)
- **ਮੰਗਲਾਚਰਨ ਦਾ ਸਥਾਨ ਬਾਣੀ ਸਿਰਲੇਖ ਤੋਂ ਪਹਿਲਾਂ ਹੈ:** ੫, ੮, ੨੨, ੨੬, ੨੭, ੩੧, ੩੩, ੩੪, ੩੫, ੩੬, ੫੪, ੬੨, ੬੬, ੬੮ (ਕੁੱਲ ੧੪)

ਜਥੇਦਾਰ ਵੇਦਾਂਤੀ ਜੀ ਮੁਤਾਬਿਕ ਬੁੰਗਾ ਗਿਆਨੀਆਂ, ਸ੍ਰੀ ਅੰਮ੍ਰਿਤਸਰ ਤੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਪਹੁੰਚੀ ਬੀੜ, ਜਿਹੜੀ ਹੁਣ ਡਾ. ਅਨੁਰਾਗ ਸਿੰਘ ਲੁਧਿਆਣਾ ਦੇ ਘਰ ਦੱਸੀ ਜਾਂਦੀ ਹੈ। ਉਸ ਦੇ ਸਾਰੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਓਵੇਂ ਹੀ ਲਿਖੇ ਹਨ, ਜਿਵੇਂ ਸ਼੍ਰੋਮਣੀ ਕਮੇਟੀ ਨੇ ਸੰਨ ੧੯੫੨ ਵਿਚ ਛਾਪੇ ਸਨ। ਇਹ ਇੱਕ ਵਖਰਾ ਵਿਸ਼ਾ ਹੈ ਕਿ ਉਸ ਬੀੜ ਵਿੱਚ '੧ੴ' ਦੇ ਪ੍ਰਚਲਿਤ ਰੂਪ ਦੀ ਥਾਂ ਇਉ '੧ਓ' ਦਰਸ਼ਨ ਹੁੰਦੇ ਹਨ। ਇਸ ਬੀੜ ਦੀ ਡਿਜੀਟਲ ਕਾਪੀ ਮੇਰੀ ਲਾਇਬ੍ਰੇਰੀ ਵਿੱਚ ਮੌਜੂਦ ਹੈ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਚੋਂ ਵੇਦਾਂਤੀ ਜੀ ਦੇ ਸੰਗ੍ਰਹਿ ਦਾ ਭਾਗ ਬਣੀ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ ਲਿਖਤੀ ਬੀੜਾਂ ਦੇ ਦਰਸ਼ਨ' ਦੀ ਵਿਵਰਾਨਤਮਕ ਸੂਚੀ ਵਿੱਚ ਵੀ ਉਹ ਬੀੜ ੫੦ ਨੰ 'ਤੇ ਦਰਜ ਹੈ ਅਤੇ ਉਸ ਦੇ ਖਾਲੀ ਪਤਰਿਆਂ ਦਾ ੪੧ ਨੰ. ਚਿੱਤਰ ਵੀ ਪੁਸਤਕ ਦੇ ਪੰਨਾ ੨੭੨ ਮੁਤਾਬਿਕ ਉਸ ਦਾ ਭਾਗ ਹੈ, ਜਿਸ ਉੱਤੇ '੧ੴ' ਤੇ '卐' (ਸਵਾਸਤਿਕ) ਦੇ ਗੇਰੂ ਰੰਗੇ (ਭਗਵੇਂ) ਨਿਸ਼ਾਨ ਲਗਾਏ ਹੋਏ ਹਨ।

ਅਸਲ ਵਿੱਚ ਕੁਝ ਇਹੋ ਕਾਰਣ ਸਨ, ਜਿਨ੍ਹਾਂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਸੰਨ ੧੯੫੨ ਤੋਂ ੧੯੬੩ ਤੱਕ ਪਾਵਨ ਬੀੜਾਂ ਤੇ ਸ਼ਬਦਾਰਥ ਪੋਥੀਆਂ ਦੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਛਾਪਣ ਦਾ ਉਪਕਾਰ ਕਰਦੀ ਰਹੀ। ਸ਼੍ਰੋਮਣੀ ਕਮੇਟੀ ਵੱਲੋਂ ਬੀੜ ਦੀ ਛਪਾਈ ਹੋਣ ਕਰਕੇ ਸਥਾਨਕ ਦੁਕਾਨਦਾਰ ਪ੍ਰਕਾਸ਼ਕਾਂ ਦੀ ਵਿਕਰੀ ਘਟ ਗਈ। ਉਨ੍ਹਾਂ ਦੀ ਚੁੱਕਣਾ ਅਤੇ ਮੁੱਠੀ ਗਰਮ ਕਰਨ ਵਾਲੀ ਸੁਆਰਥੀ ਸੋਚ ਅਧੀਨ ਕੁਝ ਸੰਪਰਦਾਈ ਡੇਰੇਦਾਰਾਂ ਅਤੇ 'ਚੀਫ਼ ਖ਼ਾਲਸਾ ਦੀਵਾਨ' ਦੇ ਆਗੂਆਂ ਵੱਲੋਂ ਅਜਿਹੀ ਜ਼ੋਰਦਾਰ ਵਿਰੋਧੀ ਸੁਰ ਅਲਾਪਣੀ ਸ਼ੁਰੂ ਕੀਤੀ ਕਿ "ਸ਼੍ਰੋਮਣੀ ਕਮੇਟੀ ਨੇ ਪਾਵਨ ਬੀੜ ਦੇ ਮੰਗਲ ਬਦਲ ਦਿੱਤੇ ਹਨ। ਗੁਰਬਾਣੀ ਬਦਲ ਦਿੱਤੀ ਹੈ। ਇਹ ਘੋਰ ਅਪਰਾਧ ਹੈ।" ਜਦ ਕਿ ਅਜਿਹਾ ਕੁਝ ਵੀ ਨਹੀਂ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਸੰਨ ੧੯੫੯ ਵਿੱਚ ਪ੍ਰਕਾਸ਼ਤ 'ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ–ਬਾਰੇ- ਜ਼ਰੂਰੀ ਵਾਕਫ਼ੀਅਤ' ਨਾਂ ਦੇ ਕਿਤਾਚਬੇ ਦੁਆਰਾ ਪੰਥਕ ਵਿਦਵਾਨਾਂ ਦੀਆਂ ਸਮੇਂ ਸਮੇਂ ਹੋਈਆਂ ਇਕੱਤ੍ਰਤਾਵਾਂ ਤੇ ਵਿਚਾਰਾਂ ਸਮੇਤ ਉਪਰੋਕਤ ਕਿਸਮ ਦੀ ਸਾਰੀ ਕਾਰਵਾਈ ਤੋਂ ਸਹਜੇ ਹੀ ਜਾਣੂੰ ਹੋਇਆ ਜਾ ਸਕਦਾ ਹੈ। ਇਸ ਵਿੱਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਦੀਆਂ ਚੋਣਵੀਆਂ ਹੱਥ ਲਿਖਤ ਬੀੜਾਂ ਤੋਂ ਇਲਾਵਾ ਸ੍ਰੀ ਕਰਤਾਰਪੁਰੀ ਅਤੇ ਭਾਈ ਬਿਧੀਚੰਦ ਜੀ ਵਾਲੀ ਸੁਰਸਿੰਘੀ ਬੀੜ ਸਮੇਤ ੫੧ ਬੀੜਾਂ ਦੇ ਵੇਰਵੇ ਨਾਲ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਮੰਗਲਾਂ ਦਾ ਸਹੀ ਸਥਾਨ ਸ਼ਬਦ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਹੈ। {ਵਾਚੋ! ਪਾਠਾਂਤਰ ਸੁਧਾਈ ਤੇ ਸ਼ੁੱਧ ਛਪਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਪੁਸਤਕ ਦੀ ਅੰਤਿਕਾ: ਨੰ. ੧, ਪੰ. ੭ ਤੋਂ ੨੧}

ਜਨਵਰੀ ੧੪ ਸੰਨ ੧੯੫੭ ਨੂੰ ਪੰਜਾਬ ਦੀਆਂ ਸਮਕਾਲੀ ਅਖ਼ਬਾਰਾਂ ਤੇ ਮਾਸਕ ਪੱਤਰਾਂ ਦੇ ਸਾਰੇ ਸੰਪਾਦਕਾਂ ਨੇ ਇੱਕ ਸਾਂਝੇ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੁਆਰਾ ਪਾਵਨ ਬੀੜ ਦੀ ਛਪਾਈ ਕਰਵਾਉਣ ਦੀ ਜ਼ੋਰਦਾਰ ਸ਼ਲਾਘਾ ਕੀਤੀ ਅਤੇ ਸਿੱਖ ਸ਼ਰਧਾਲੂਆਂ ਨੂੰ ਗੁੰਮਰਾਹ ਕਰਨ ਵਾਲੇ ਸਵਾਰਥੀ ਪ੍ਰਾਪੇਗੰਡੇ ਦੀ ਨਿਖੇਧੀ ਕਰਦਿਆਂ ਸਿੱਖ ਜਗਤ ਨੂੰ ਸੁਚੇਤ ਵੀ ਕੀਤਾ। ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਚ ਸ੍ਰ. ਸਾਧੂ ਸਿੰਘ 'ਹਮਦਰਦ', ਸ਼ਾਦੀ ਸਿੰਘ, ਈਸ਼ਰ ਸਿੰਘ 'ਮਝੈਲ' ਅਤੇ ਸ੍ਰ. ਅਵਤਾਰ ਸਿੰਘ ਅਜ਼ਾਦ ਵਰਗੇ ਦਰਜਨ ਤੋਂ ਵਧੇਰੇ ਸੁਘੜ ਸੰਪਾਦਕ, ਸਾਹਿਤਕਾਰ ਤੇ ਪੰਥ-ਦਰਦੀ ਵਿਦਵਾਨ ਸ਼ਾਮਲ ਸਨ, ਜਿਨ੍ਹਾਂ ਦੀ ਘਾਟ ਪੰਥ ਨੂੰ ਸਦਾ ਹੀ ਰੜਕਦੀ ਰਹਿੰਦੀ ਹੈ। {ਵੇਖੋ! ਉਪਰੋਕਤ ਪੁਸਤਕ ਪੰ. ੧੧੨ ਉੱਤੇ ਚਿੱਤਰ ਨੰ. ੩/੧}

ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਸ਼ਬਦਾਂ ਵਿੱਚ "ਪੰਥਕ ਬਦਨਸੀਬੀ ਹੀ ਮੰਨੀ ਜਾ ਸਕਦੀ ਹੈ ਕਿ (ਸੰਤ ਬਾਬਾ) ਫਤਹਿ ਸਿੰਘ ਤੇ ਚੰਨਣ ਸਿੰਘ ਦੀ ਪ੍ਰਧਾਨਗੀ ਮੌਕੇ ਸੰਨ ੧੯੬੪ ਵਿੱਚ ਸੰਪਰਦਾਈ ਸੋਚ ਅਤੇ ਰਾਜਨੀਤਕ ਵੋਟ-ਦ੍ਰਿਸ਼ਟੀ ਅਧੀਨ ਸ਼੍ਰੋਮਣੀ ਕਮੇਟੀ ਨੇ ਪਾਵਨ ਬੀੜ ਦੀ ਸ਼ੁਧ ਛਪਾਈ ਸਬੰਧੀ ਆਪਣਾ ਉਪਰੋਕਤ ਕਿਸਮ ਦਾ ਸਹੀ ਫੈਸਲਾ ਬਦਲ ਲਿਆ। ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਸਲਾਹ ਨਾਲ ਉਨ੍ਹਾਂ ਦੇ ਪ੍ਰਮੁੱਖ ਵਿਦਿਆਰਥੀ ਗਿਆਨੀ ਕਰਤਾਰ ਸਿੰਘ (ਜੋ ਉਨ੍ਹਾਂ ਤੋਂ ਪਿੱਛੋਂ ਡੇਰਾ ਚੌਕ ਮਹਿਤਾ ਦੇ ਮੁਖੀ ਬਣੇ) ਨੂੰ ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ ਸ੍ਰੀ ਅੰਮ੍ਰਿਤਸਰ ਵਿਖੇ ਪਾਵਨ ਬੀੜ ਦੀ ਪਰੂਫ਼-ਰੀਡਿੰਗ ਲਈ ਨਿਯੁਕਤ ਕੀਤਾ, ਜਿਨ੍ਹਾਂ ਆਪਣੇ ਉਸਤਾਦ ਦੀਆਂ ਹਦਾਇਤਾਂ ਅਨੁਸਾਰ ਛਪੇ ਦੀ ਬੀੜ ਵਿੱਚ ਮੰਗਲਾਂ ਦੀ ਬੇਤਰਤੀਬੀ ਤੋਂ ਇਲਾਵਾ ਸ਼ਬਦ ਜੋੜਾਂ ਵਿੱਚ ਵੀ ਵਾਧੇ-ਘਾਟੇ ਕੀਤੇ। ਇਸ ਲਈ ਹੁਣ ਇਹ ਬੀੜ ਨਾ ਕਰਤਾਰਪੁਰੀ ਨਾਲ ਮੇਲ ਖਾਂਦੀ ਹੈ ਅਤੇ ਨਾ ਹੀ ਦਮਦਮੀ ਬੀੜ ਨਾਲ।"

ਸ਼੍ਰੋਮਣੀ ਕਮੇਟੀ ਦੀ ਪ੍ਰੈਸ ਵਿੱਚ ਪਰੂਫ਼ ਰੀਡਰ ਰਹੇ ਸ੍ਰ. ਹਰਬੰਸ ਸਿੰਘ (ਸ਼ਹੀਦ ਊਧਮ ਸਿੰਘ ਨਗਰ) ਸ੍ਰੀ ਅੰਮ੍ਰਿਤਸਰ ਵਾਲੇ ਨੇ ਮੁਲਾਜ਼ਮ ਦੇ ਰੂਪ ਵਿੱਚ ਜਥੇਦਾਰ ਟੌਹੜਾ ਜੀ ਨੂੰ ਅਤੇ ਸੇਵਾ-ਮੁਕਤ ਹੋਣ ਉਪਰੰਤ ਸ੍ਰ. ਇਕਬਾਲ ਸਿੰਘ 'ਖ਼ਾਲਸਾ' ਆਦਮਪੁਰ (ਜਲੰਧਰ) ਵਾਲਿਆਂ ਨੂੰ ਦੱਸਿਆ ਕਿ ਗਿਆਨੀ ਕਰਤਾਰ ਸਿੰਘ ਜੀ ਦੀ ਅਗਵਾਈ ਵਿੱਚ ਮੰਗਲ ਅਤੇ ਕਈ ਸ਼ਬਦਾਂ ਦੇ ਲਗਮਾਤ੍ਰੀ ਜੋੜ ਬਦਲਣ ਦਾ ਲਿਖਤੀ ਕਾਰਜ ਉਨ੍ਹਾਂ ਨੇ ਹੱਥੀਂ ਕੀਤਾ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ੧੯੭੪-੭੬ ਦੇ ਸ਼ੈਸ਼ਨ ਵਿੱਚ ਸਾਡੀ ਕਲਾਸ ਦੇ ਸਾਰੇ ਵਿਦਿਆਰਥੀਆਂ ਪਾਸ ਸੰਥਾ ਲਈ ਸ਼ਬਦਾਰਥ ਦੀਆਂ ਓਹੀ ਪੋਥੀਆਂ (੪ ਭਾਗ) ਸਨ, ਜਿਨ੍ਹਾਂ ਦੇ ਸਾਰੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਸਨ। ਸਹਸਕ੍ਰਿਤੀ ਸਲੋਕ ਮਹਲਾ ੧ ਦੇ ਦੂਜੇ ਸਲੋਕ ਤੋਂ ਪਹਿਲਾਂ '੧ਓੰ' ਦਾ ਮੰਗਲ ਸੀ, ਕਿਉਂਕਿ ਅਗਲੇ ਤਿੰਨ ਸਲੋਕ ਮਹਲਾ ੨ ਦੇ ਹਨ, ਜੋ ਰਾਗੁ 'ਮਾਝ' ਤੇ 'ਆਸਾ' ਦੀ ਵਾਰ ਵਿੱਚ ਮਃ ੨ ਦੇ ਸਿਰਲੇਖ ਹੇਠ ਦਰਜ ਹੋਏ ਮਿਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਦੇ ਪ੍ਰਮੁੱਖ ਖੋਜੀ ਮੈਂਬਰ ਤਲਵਾੜਾ ਜੀ ਅਤੇ ਜਥੇਦਾਰ ਵੇਦਾਂਤੀ ਜੀ ਸਾਰੇ ਮੰਗਲਾਂ ਨੂੰ ਪਤਰੇ ਦੇ ਸੱਜੇ ਪਾਸੇ ਸਿਰਲੇਖਾਂ ਤੋਂ ਉੱਪਰ ਲਿਖਣ ਦੀ ਹੀ ਵਕਾਲਤ ਕਰਦੇ ਸਨ, ਕਿਉਂਕਿ ਗੁਰੂ-ਕਾਲ ਦੀਆਂ ਪ੍ਰਮਾਣਿਤ ਬੀੜਾਂ ਤੋਂ ਇਲਾਵਾ ੧੭ਵੀਂ ਤੇ ੧੮ਵੀਂ ਸਦੀ ਦੀਆਂ ਬਹੁਗਿਣਤੀ ਹੱਥ ਲਿਖਤ ਬੀੜਾਂ ਵਿੱਚ ਇਹੀ ਢੰਗ ਅਪਨਾਇਆ ਗਿਆ ਹੈ। ਉਹ ਸੋਚਦੇ ਸਨ ਕਿ ਇਹੀ ਇੱਕ ਅਜਿਹਾ ਮੂਲਿਕ ਢੰਗ ਹੈ, ਜਿਸ ਨਾਲ ਮੰਗਲ ਆਪਣੇ ਸਹੀ ਸਥਾਨ ’ਤੇ ਸ਼ੋਭਨੀਕ ਵੀ ਰਹਿੰਦੇ ਹਨ ਅਤੇ ਮੰਗਲ ਬਦਲਣ ਵਾਲੇ ਕਥਿਤ ਤੇ ਢੁਚਰੀ ਦੋਸ਼ ਤੋਂ ਵੀ ਬਚਿਆ ਜਾ ਸਕਦਾ ਹੈ। ਇਸ ਟੀਮ ਮੁਤਾਬਿਕ ਮੰਗਲ ਹੈਨ ਵੀ ਕੇਵਲ ਦੋ ਕਿਸਮ ਦੇ, ਬਾਕੀ ਸਭ ਲਿਖਾਰੀਆਂ ਦੀਆਂ ਉਕਾਈਆਂ ਤੇ ਮਨਮਰਜ਼ੀਆਂ ਹਨ। ੩੧ ਰਾਗਾਂ ਦੇ ਆਰੰਭ ਵਿੱਚ ਸੰਪੂਰਨ ਅਤੇ ਉਪਰਾਗਾਂ, ਘਰਾਂ ਅਤੇ ਵੱਖ ਵੱਖ ਬਾਣੀਕਾਰਾਂ ਦੇ ਸ਼ਬਦ ਸੰਗ੍ਰਹਿਆਂ ਅੱਗੇ ਕੇਵਲ ‘ੴ ਸਤਿਗੁਰਪ੍ਰਸਾਦਿ’ ਦਾ ਸੰਖੇਪ ਮੰਗਲ। ਸਾਡੇ ਪਾਸ ਕਈ ਅਜਿਹੀਆਂ ਪ੍ਰਮਾਣੀਕ ਬੀੜਾਂ ਮਜੂਦ ਹਨ, ਜੋ ਉਪਰੋਕਤ ਹਕੀਕਤ ਦੀ ਗਵਾਹੀ ਭਰਦੀਆਂ ਹਨ।

‘ਪਾਠ-ਭੇਦਾਂ ਦੀ ਸੂਚੀ’ ਦੇ ਪੰਨਾ ੧੭ ਉੱਤੇ ਜਿੱਥੇ ਬੀੜ ਨੰ. ੪/੩, ੫, ੮/੮, ੨੧/੩੪, ੨੯/੭੯, ੩੨/੬੨੮੧, ੩੫/੧੧੬, ੩੯/੧੮੨ ਅਤੇ ਬੀੜ ਨੰ. ੪੮ ਦੇ ਹਵਾਲੇ ਨਾਲ ਸਿਰੀਰਾਗੁ ਦੀ ਆਰੰਭਤਾ ਵਜੋਂ ਛਾਪੇ ਦੀ ਬੀੜ ਵਾਲੇ ‘ੴ ਸਤਿਗੁਰ ਪ੍ਰਸਾਦਿ॥’ ਸੰਖੇਪ ਮੰਗਲ ਦੀ ਥਾਂ ‘ੴ ਤੋਂ ਗੁਰਪ੍ਰਸਾਦਿ’ ਤਕ ਦਾ ਸੰਪੂਰਨ ਮੰਗਲਾਚਰਨ ਲਿਖ ਕੇ ਛਾਪੇ ਦੇ ਸ਼ਬਦ ਸੰਗ੍ਰਹਿ ਦੇ ਸਿਰਲੇਖ ‘ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧’ ਦੀ ਥਾਂ ਸਹੀ ਸਿਰਲੇਖ ‘ਰਾਗੁ ਸਿਰੀਰਾਗੁ ਮਹਲਾ ੧ ਚਉਪਦੇ ਘਰੁ ੧’ ਲਿਖਿਆ ਹੈ, ਕਿਉਂਕਿ ਉਸ ਸੰਗ੍ਰਹਿ ਦੇ ਸਾਰੇ ਸ਼ਬਦ ਚਉਪਦੇ ਹਨ। ਉਥੇ, ਇੱਕ ਵਿਸ਼ੇਸ਼ ਨੋਟ ਵੀ ਇਉਂ ਅੰਕਤਿ ਕੀਤਾ ਹੈ:

- **ਨੋਟ:** ਪੁਰਾਤਨ ਲਿਖਤੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸੰਚਿਆਂ ਵਿੱਚ ਸਾਰੇ ਇਕੱਤੀਹਾਂ ਰਾਗਾਂ ਦੇ ਆਰੰਭ ਵਿੱਚ ‘ਮੰਗਲ’ ਵਜੋਂ ‘ਪੂਰਨ ਮੂਲਮੰਤ੍ਰ’ ਲਿਖੇ ਹੋਏ ਹਨ। ਅਤੇ ਅੰਦਰਲੇ ਛੋਟੇ ਸਿਰਲੇਖਾਂ ਨਾਲ ਸੰਖੇਪ (੧ੴ ਸਤਿ...ਗੁਰ ਪ੍ਰਸਾਦਿ।) ਮੂਲਮੰਤ੍ਰ “ਕਟਹ ਕੁੰਟਲ ਨਜਾਯ” ਅਨੁਸਾਰ ਲਿਖਣ ਦਾ ਰਿਵਾਜ ਸੀ।
- (੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥) ਦੇ ੯ ਵਾਰ ਆਏ ਅਤੇ (੧ੴ ਸਤਿ ਨਾਮੁ ਗੁਰ ਪ੍ਰਸਾਦਿ॥) ਦੇ ਦੋ ਵਾਰ ਆਏ ਮੰਗਲਾਂ ਦੀ ਥਾਂ ਵੀ ਦਰਜਨਾਂ ਬੀੜਾਂ ਦੇ ਹਵਾਲੇ ਨਾਲ ਜਾਣਕਾਰੀ ਲਿਖੀ ਹੈ ਕਿ ਰਾਗਾਂ ਦੇ ਸਿਰਲੇਖਾਂ ਨੂੰ ਛੱਡ ਕੇ ਇਤਿਆਦਿਕ ਸਭ ਥਾਈਂ ‘੧ੴ ਸਤਿਗੁਰਪ੍ਰਸਾਦਿ॥’ ਦਾ ਸੰਖੇਪ ਮੰਗਲ ਹੀ ਸਹੀ ਸਿੱਧ ਹੁੰਦਾ ਹੈ। ਜਿਵੇਂ ਛਾਪੇ ਦੀ ਪਾਵਨ ਬੀੜ ਦੇ ਪੰਨਾ ੨੨੦ ਤੇ ੨੩੫ ’ਤੇ ਮਹਲਾ ੧ ਤੇ ਮਹਲਾ ੫ ਦੀਆਂ ਅਸਟਪਦੀਆਂ ਵਿੱਚ ਲਿਖੇ ‘੧ੴ ਸਤਿ ਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥’ ਮੰਗਲ ਬਾਰੇ ਬੀੜ ਨੰ. ੧, ੪/੩, ੫, ੭, ੨੧/੩੪, ੨੪/੩੬, ੩੧/੯੯, ੩੨/੬੨੮੧, ੩੬/੧੧੭, ੩੮/ ੧੭੩, ੪੧/੨੫੦ ਅਤੇ ੫੫ ਨੰ. ਬੀੜਾਂ ਦੇ ਹਵਾਲੇ ਨਾਲ ‘੧ੴ ਸਤਿਗੁਰਪ੍ਰਸਾਦਿ॥’ ਦੇ ਸੰਖੇਪ ਮੰਗਲ ਨੂੰ ਸਹੀ ਸਿੱਧ ਕੀਤਾ ਹੈ। ਇਸੇ ਤਰਾਂ ਪਾਵਨ ਬੀੜ ਦੇ ਪੰਨਾ ੮੧ ਅਤੇ ਪੰ. ੫੪੪ ’ਤੇ ੨ ਵਾਰ ਅੰਕਿਤ ‘੧ੴ ਸਤਿ ਨਾਮੁ ਗੁਰਪ੍ਰਸਾਦਿ॥’ ਦੇ ਮੰਗਲ ਬਾਰੇ ਬੀੜ ਨੰ. ੫, ੪/੩, ੭, ੨੧/੩੪, ੩੨/੬੨੮੧, ੩੬/੧੧੭, ੩੮/੧੭੩, ੪੦/੨੩੬, ੪੧/੨੫੦, ੪੬, ੪੭, ੪੮, ੫੩/੧ ਅਤੇ ਬੀੜ ਨੰ. ੫੪ ਦੇ ਹਵਾਲੇ ਨਾਲ ਦੱਸਿਆ ਹੈ ਕਿ ਉਪਰੋਕਤ ਦੋਈਂ ਥਾਈਂ ਵੀ ਮੰਗਲ ਦਾ ਸੰਖੇਪ ਰੂਪ ‘੧ੴ ਸਤਿਗੁਰਪ੍ਰਸਾਦਿ॥’ ਹੈ।
- ‘ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ’ (ਪੰ. ੨੭੪) ਪੁਸਤਕ ਦੀ ਅੰਤਿਕਾ ਨੰ. ੧੦ ਮੁਤਾਬਿਕ ਯੂਨੀਵਰਸਿਟੀ ਦੇ ਉਪਰੋਕਤ ਕੇਂਦਰ ਦੀ ਲਾਇਬ੍ਰੇਰੀ ਵਿਖੇ ਹੇਠ ਲਿਖੀਆਂ ੬੫ ਪੁਰਾਤਨ ਬੀੜਾਂ ਮਜੂਦ ਹਨ, ਜਿਨ੍ਹਾਂ ਵਿੱਚ ਰਾਗ ‘ਸਿਰੀਰਾਗੁ’ ਦੇ ਅਰੰਭ ਵਿੱਚ ਸੰਖੇਪ ਮੰਗਲਾਚਰਨ ‘੧ੴ ਸਤਿਗੁਰਪ੍ਰਸਾਦਿ॥’ (ਪੰ. ੧੪) ਦੀ ਥਾਂ ‘੧ੴ ਤੋਂ ਗੁਰਪ੍ਰਸਾਦਿ॥’ ਤਕ ਦਾ ਸੰਪੂਰਨ ਮੰਗਲ ਹੈ। ਦਰਸ਼ਨ ਕਰੋ! ਬੀੜ ਨੰ. ੧, ੨, ੫, ੭, ੮, ੧੩, ੧੯, ੨੨, ੨੪, ੨੫, ੨੬, ੩੧, ੩੩, ੩੪, ੩੫, ੩੬, ੩੯, ੪੨, ੪੩, ੪੪, ੪੫, ੪੮, ੫੦, ੫੧, ੫੨, ੫੩ ਆਦਿਕ।
- ਅੰਤਿਕਾ ਨੰ. ੧੩ (ਪੰ. ੨੭੫) – ਉਨ੍ਹਾਂ ਪੁਰਾਤਨ ਬੀੜਾਂ ਦੀ ਸੂਚੀ, ਜਿਨ੍ਹਾਂ ਵਿੱਚ ਛਾਪੇ ਦੀ ਪਾਵਨ ਬੀੜ ਵਿਖੇ ਰਾਗੁ ਸਿਰੀਰਾਗੁ ਮਹਲਾ ੪ ਵਣਜਾਰਾ (ਪੰ. ੮੧) ਅਤੇ ਰਾਗੁ ਬਿਹਾਗੜਾ ਮਹਲਾ ੫॥ ਛੰਤ ਘਰੁ ੨ (ਪੰ. ੫੪੪) ਦੇ ਸਿਰਲੇਖਾਂ ਪਿਛੋਂ ਛਪੇ ਮੰਗਲਾਚਰਨ ‘੧ੴ ਸਤਿ ਨਾਮੁ ਗੁਰਪ੍ਰਸਾਦਿ॥’ ਦੀ ਥਾਂ ਅਰੰਭ ਵਿੱਚ ਮੰਗਲ ਕੇਵਲ ‘੧ੴ ਸਤਿਗੁਰਪ੍ਰਸਾਦਿ॥’ ਹੈ। ਅਜਿਹੀਆਂ ਹੱਥ ਲਿਖਤਾਂ ਦੀ ਕੁਲ ਗਿਣਤੀ ੮੭ ਹੈ। ਜਿਵੇਂ ਬੀੜ ਨੰ. ੨, ੩, ੫, ੬, ੭, ੮, ੧੦, ੧੧, ੧੨, ੧੩, ੧੫, ੧੬, ੧੭, ੧੯, ੨੦, ੨੧, ੨੨, ੨੪, ੨੫, ੨੬, ੨੭, ੩੧, ੩੨, ੩੩, ੩੪, ੩੫, ੩੬, ੩੯, ੪੦, ੪੧, ੪੨, ੪੩, ੪੪, ੪੫, ੪੯, ੫੦, ੫੧, ੫੨,

੫੩, ੫੪, ੫੫, ੫੬, ੫੭, ੫੮, ੫੯, ੬੦, ੬੨, ੬੪, ੬੬, ੬੭, ੭੧, ੭੩, ੭੪, ੭੫, ੭੬, ੭੭, ੭੮, ੮੦, ੮੧, ੮੨, ੮੩, ੮੪, ੮੬, ੮੭, ੮੯, ੯੦, ੯੧, ੯੮, ੯੯, ੧੦੦, ੧੦੧, ੧੦੨, ੧੦੪, ੧੦੮, ੧੧੦, ੧੧੫, ੧੧, ੧੧੭, ੧੧੯, ੧੨੦, ੧੨੨, ੧੨੫, ੧੨੮, ੧੩੦, ੧੩੫, ੧੪੦ ਤੇ ੧੪੫।

- ਅੰਤਿਕਾ ਨੰ. ੧੪ (ਪੰ. ੨੭੫) – ਉਨ੍ਹਾਂ ਬੀੜਾਂ ਦੀ ਸੂਚੀ, ਜਿਨ੍ਹਾਂ ਵਿੱਚ ਰਾਗੁ ਗਉੜੀ ਛੰਤ ਮਹਲਾ ੧ (ਪੰ. ੨੪੨), ਮਹਲਾ ੩ (ਪੰ. ੨੪੩), ਭਗਤਾਂ ਕੀ ਬਾਣੀ (ਪੰ. ੩੨੩), ਬਾਵਨ ਅਖਰੀ ਕਬੀਰ ਜੀ (ਪੰ. ੩੪੦) ਅਤੇ ਭਗਤ ਰਵਿਦਾਸ ਜੀ ਦੀ ਬਾਣੀ (ਪੰ. ੩੪੫) ਦੇ ਆਰੰਭ ਵਿੱਚ ਮੰਗਲਾਚਰਨ '੧ੴ ਸਤਿ ਨਾਮੁ ਕਰਤਾ ਪੁਰਖ ਗੁਰਪ੍ਰਸਾਦਿ॥' ਦੀ ਥਾਂ ਵੀ ਕੇਵਲ '੧ੴ ਸਤਿਗੁਰਪ੍ਰਸਾਦਿ॥' ਦਾ ਸੰਖੇਪ ਮੰਗਲ ਹੈ। ਅਜਿਹੀਆਂ ਪਾਵਨ ਬੀੜਾਂ ਦੀ ਕੁਲ ਗਿਣਤੀ ੬੭ ਹੈ। ਜਿਵੇਂ ਬੀੜ ਨੰ. ੫, ੭, ੮, ੯, ੧੧, ੧੩, ੧੪, ੧੮, ੨੦, ੨੨, ੨੩, ੨੫, ੨੬, ੨੭, ੩੦, ੩੧, ੩੨, ੩੪, ੩੫, ੩੯, ੪੨, ੪੩, ੪੪, ੪੫, ੪੬, ੪੭, ੫੧, ੫੩, ੫੪, ੫੫, ੫੬, ੫੭, ੫੮, ੫੯, ੬੦, ੬੩, ੬੪, ੬੬, ੬੭, ੬੮, ੭੦, ੭੩, ੭੪, ੭੯, ੮੦, ੮੧, ੮੨, ੮੩, ੮੬, ੮੭, ੯੧, ੯੯, ੧੦੦, ੧੦੨, ੧੦੪, ੧੦੬, ੧੦੮, ੧੧੦, ੧੧੫, ੧੧੯, ੧੨੫, ੧੨੮, ੧੩੫, ੧੩੯, ੧੪੦, ੧੪੮ ਤੇ ੧੫੦।
- ਅੰਤਿਕਾ ਨੰ. ੪੦ (ਉਹੀ ਪੁਸਤਕ, ਪੰ. ੨੭੮)- ਸਲੋਕ ਸਹਸਕ੍ਰਿਤੀ ਮਹਲਾ ੧ ਦੇ ਦੂਜੇ ਸਲੋਕ 'ਨਹਿਫਲੰ ਤਸਜ ਜਨਮਸਜ ਜਾਵਦ ਬ੍ਰਹਮ ਨ ਬਿੰਦਤੇ॥' ਤੋਂ ਪਹਿਲਾਂ ਮੰਗਲਾਚਰਨ ਕੇਵਲ '੧ੴ' ਜਾਂ '੧ੴ ਸਤਿਗੁਰਪ੍ਰਸਾਦਿ॥' ਵਾਲੀਆਂ ਬੀੜਾਂ ਦੀ ਸੂਚੀ: ੨, ੪, ੧੨, ੧੫, ੧੭, ੧੮, ੧੯, ੨੨, ੩੩, ੪੦, ੪੨, ੪੩, ੪੫, ੫੩, ੫੬, ੧੦੧, ੧੦੪, ੧੦੭, ੧੦੮, ੧੨੦ (ਕੁੱਲ-੨੦)

ਇਹੀ ਕਾਰਣ ਹੈ ਕਿ ਜਥੇਦਾਰ ਵੇਦਾਂਤੀ ਜੀ ਦੁਆਰਾ ਪਾਵਨ ਬੀੜ ਦੇ ਸੋਧੇ ਹੋਏ ਖਰੜੇ ਵਿਖੇ ਵੀ ਇਸੇ ਮੰਗਲ ਸ਼ੈਲੀ ਨੂੰ ਹੀ ਮਹੱਤਵ ਦਿੱਤਾ ਗਿਆ ਹੈ। ਭਾਵ, 'ਸਿੱਖ ਬੁੱਕ ਕਲੱਬ ਅਮਰੀਕਾ' ਵਾਲੀ ਪਾਵਨ ਬੀੜ ਦੇ ਖਰੜੇ ਵਿਖੇ ੩੧ ਰਾਗਾਂ ਦੇ ਮੰਗਲ ਸੰਪੂਰਨ ਹਨ ਅਤੇ ਬਾਕੀ ਦੇ ਅੰਦਰਲੇ ਸਾਰੇ ਮੰਗਲ ੧ੴ ਸਤਿਗੁਰਪ੍ਰਸਾਦਿ॥ ਸੰਖੇਪ ਰੂਪ ਵਿੱਚ ਹਨ।

ਗੁਰੂ ਪੰਥ ਦਾ ਅਨਿਨ ਸੇਵਕ,
ਜਗਤਾਰ ਸਿੰਘ ਜਾਚਕ,
ਸਾਬਕਾ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

# ਮੂਲ ਮੰਤਰ ਦਾ ਪ੍ਰਮਾਣਿਕ ਸਰੂਪ

## (ਕੀ ਮੰਗਲਾਚਰਣ – ਜਪੁ – ਸਲੋਕ ਮੂਲ ਮੰਤਰ ਹੈ?)

ਡਾ. ਵਿਕਰਮ ਸਿੰਘ

ਗੁਰਬਾਣੀ ਦੇ ਆਦਿ ਮੰਗਲਾਚਰਣ ਨੂੰ ਮੂਲ ਮੰਤਰ ਕਹਿ ਕੇ ਸਤਿਕਾਰਿਆ ਜਾਂਦਾ ਹੈ। ਮੂਲ ਮੰਤਰ ਦੇ ਪ੍ਰਮਾਣਿਕ ਸਰੂਪ ਬਾਰੇ ਵੱਖ-ਵੱਖ ਪੰਥਕ ਧਿਰਾਂ/ਜਥੇਬੰਦੀਆਂ ਵਿਚ ਮਤਭੇਦ ਹਨ। ਇਸ ਵਿਵਾਦ ਸਬੰਧੀ ਡਾ. ਵਿਕਰਮ ਸਿੰਘ ਦਾ ਖੋਜ-ਭਰਪੂਰ ਇਹ ਲੇਖ ਇਕ ਅਹਿਮ ਦਸਤਾਵੇਜ਼ ਹੈ। ਇਹ ਲੇਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਿਤਾਬਚੇ ਦੇ ਰੂਪ ਵਿਚ ਪ੍ਰਕਾਸ਼ਿਤ ਹੈ। ਅਸੀਂ ਇਹ ਲੇਖ ਕਮੇਟੀ ਦੇ ਧੰਨਵਾਦ ਸਹਿਤ ਇਸ ਪੁਸਤਕ ਵਿਚ ਅੰਤਿਕਾ ਵਜੋਂ ਸ਼ਾਮਲ ਕਰਨ ਦੀ ਪ੍ਰਸੰਨਤਾ ਹਾਸਲ ਕਰ ਰਹੇ ਹਾਂ ਤਾਂ ਜੋ ਪਾਠਕ ਅਸਲੀਅਤ ਤੋਂ ਜਾਣੂ ਹੋ ਸਕਣ।

**– ਪ੍ਰਕਾਸ਼ਕ**

**ਪ੍ਰਸਤਾਵਨਾ**

ਸਿੱਖ ਜਗਤ ਵਿਚ ਬਹੁਤ ਸਮੇਂ ਤੋਂ ਮੂਲ ਮੰਤਰ ਦੇ ਪ੍ਰਮਾਣਿਕ ਸਰੂਪ ਸਬੰਧੀ ਮਤਭੇਦ ਚੱਲ ਰਿਹਾ ਹੈ। ਇਸ ਵਿਵਾਦ ਦਾ ਮੁੱਖ ਵਿਸ਼ਾ ਇਹ ਹੈ: ਮੂਲ ਮੰਤਰ ੧ੴ ਤੋਂ ਸ਼ੁਰੂ ਹੋ ਕੇ ਕਿਥੇ ਮੁੱਕਦਾ ਹੈ? ਸਿੱਖ ਪੰਥ ਬਹੁ-ਗਿਣਤੀ ਵਿਚ ਇਹ ਸਵੀਕਾਰ ਕਰਦਾ ਹੈ ਕਿ ਮੂਲ ਮੰਤਰ '੧ੴ' ਤੋਂ ਸ਼ੁਰੂ ਹੋ ਕੇ 'ਗੁਰ ਪ੍ਰਸਾਦਿ' ਤਕ ਹੈ ਅਤੇ ਉਸਦਾ ਸਰੂਪ ਇਹ ਹੈ:

**੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਕੁਝ ਗੁਰਸਿੱਖ ਇਹ ਵਿਸ਼ਵਾਸ ਪ੍ਰਗਟ ਕਰਦੇ ਹਨ ਕਿ ਮੂਲ ਮੰਤਰ '੧ੴ' ਤੋਂ ਸ਼ੁਰੂ ਹੋ ਕੇ 'ਗੁਰ ਪ੍ਰਸਾਦਿ' ਤੋਂ ਵੀ ਅੱਗੇ ਜਾ ਕੇ 'ਨਾਨਕ ਹੋਸੀ ਭੀ ਸਚੁ' 'ਤੇ ਸਮਾਪਤ ਹੁੰਦਾ ਹੈ ਅਤੇ ਉਸਦਾ ਸਰੂਪ ਇਹ ਹੈ:

**੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**
**॥ ਜਪੁ ॥**
**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਇਸ ਲੇਖ ਦਾ ਮੁੱਖ ਵਿਸ਼ਾ ਇਹ ਜਾਨਣ ਲਈ ਹੈ ਕਿ ਇਹ ਸਰੂਪ ਕਦੋਂ ਸ਼ੁਰੂ ਹੋਏ ਅਤੇ ਇਹਨਾਂ ਦੋਹਾਂ ਵਿਚੋਂ ਕਿਹੜਾ ਪ੍ਰਮਾਣਿਕ ਸਰੂਪ ਹੈ, ਜੋ ਸਿੱਖ ਇਤਿਹਾਸ ਤੇ ਰਵਾਇਤ ਅਨੁਸਾਰ ਮੂਲ ਮੰਤਰ ਹੈ।

### 1. 'ਮੂਲ ਮੰਤਰ' ਦਾ ਅਰਥ

'ਮੂਲ ਮੰਤਰ' ਇਕ ਸਮਾਸੀ ਸ਼ਬਦ ਹੈ, ਜੋ ਦੋ ਸ਼ਬਦਾਂ 'ਮੂਲ' ਤੇ 'ਮੰਤਰ' ਦੇ ਸੁਮੇਲ ਨਾਲ ਬਣਿਆ ਹੋਇਆ ਹੈ। ਸ਼ਬਦ 'ਮੰਤਰ' ਨੂੰ ਅਲੱਗ ਅਲੱਗ ਪ੍ਰਸੰਗਾਂ ਵਿਚ ਵਰਤ ਕੇ ਇਸ ਦੇ ਕਈ ਅਰਥ ਕੀਤੇ ਮਿਲਦੇ ਹਨ। ਵਿਉਤਪਤੀ ਦੀ ਦ੍ਰਿਸ਼ਟੀ ਤੋਂ ਇਸ ਸ਼ਬਦ ਦਾ ਅਰਥ ਇਹ ਬਣਦਾ ਹੈ : ਜੋ ਮਨਨ ਕਰੀਏ ਉਹ ਮੰਤਰ ਹੈ। ਮੰਤਰ ਅਸਲੀਅਤ ਵਿਚ ਹਮੇਸ਼ਾ ਵਿਚਾਰ ਜਾਂ ਸ਼ਬਦ ਸਰੂਪ ਹੀ ਹੁੰਦਾ ਹੈ। ਜਿਸ ਮਨੋਰਥ ਲਈ ਜਾਂ ਜਿਸ ਇਸ਼ਟ ਸਬੰਧੀ ਕੋਈ ਮੰਤਰ ਹੋਵੇ, ਉਸਦਾ ਚਿਤਰਣ ਜਾਂ ਲੱਛਣ ਉਸ ਮੰਤਰ ਵਿਚ ਸਾਰ ਰੂਪ ਵਿਚ ਅੰਕਿਤ ਕੀਤਾ ਹੁੰਦਾ ਹੈ। ਆਮ ਕਰਕੇ ਮੰਤਰ ਦਾ ਮਨਨ ਜਾਂ ਜਾਪ, ਇਸ ਵਿਚ ਸੁਰਤਿ ਜੋੜ ਕੇ ਕੀਤਾ ਜਾਂਦਾ ਹੈ। ਮੂਲ ਮੰਤਰ ਵਿਚ 'ਮੰਤਰ' ਦੇ ਨਾਲ ਸ਼ਬਦ 'ਮੂਲ' ਅਗੇਤਰ ਲੱਗਾ ਹੋਇਆ ਹੈ। ਇਹ 'ਮੰਤਰ' ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ। 'ਮੂਲ' ਦਾ ਅਰਥ ਆਮ ਕਰਕੇ ਜੜ੍ਹ, ਮੁੱਢ, ਅਸਲੀਅਤ ਆਦਿ ਕੀਤਾ ਜਾਂਦਾ ਹੈ। 'ਮੰਤਰ' ਨਾਲ ਅਗੇਤਰ 'ਮੂਲ' ਲੱਗ ਜਾਣ ਨਾਲ ਇਹ ਮੂਲ ਮੰਤਰ ਬਣ ਕੇ ਸਾਰੇ ਮੰਤਰਾਂ ਅਤੇ ਸਭ ਕੁਝ ਦਾ ਮੁੱਢ ਜਾਂ ਮੂਲ ਬਣ ਜਾਂਦਾ ਹੈ। ਇਸ ਤੋਂ ਇਕ ਅਜਿਹੇ ਮੰਤਰ ਵੱਲ ਸੰਕੇਤ ਹੁੰਦਾ ਹੈ, ਜਿਸ ਦਾ ਸਬੰਧ ਸਭ ਦੇ 'ਮੁੱਢ' ਜਾਂ ਮੂਲ ਨਾਲ ਹੋਵੇ। ਸ਼ਬਦ 'ਮੂਲ' ਦਾ ਇਕ ਹੋਰ ਪੱਖ ਵੀ ਉਘੜਦਾ ਹੈ। ਗੁਰਬਾਣੀ ਵਿਚ 'ਮੂਲ' ਤੇ 'ਡਾਲੀ' ਨੂੰ ਵਖਰਾ ਕੇ ਟਾਕਰਾ ਕੀਤਾ ਗਿਆ ਹੈ :

**ਵਿਣੁ ਮੂਲਿ ਲਗੇ ਓਨੀ ਸੁਖੁ ਪਾਇਆ ॥**
**ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥** *(ਮਾਰੂ ਮ: ੩, ਪੰਨਾ 1051)*

**ਮੂਲਿ ਲਾਗੇ ਸੇ ਜਨ ਪਰਵਾਣੁ ॥...**
**ਡਾਲੀ ਲਾਗੈ ਨਿਹਫਲੁ ਜਾਇ ॥** *(ਆਸਾ ਮ: ੩, ਪੰਨਾ 362)*

**ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਭਾਈ ॥** *(ਆਸਾ ਮ: ੧, ਪੰਨਾ 420)*

ਇਥੇ 'ਡਾਲੀ' ਤੋਂ ਭਾਵ ਜਗਤ, ਜਗਤ ਦੇ ਪਦਾਰਥ, ਦੇਵੀ-ਦੇਵਤੇ ਤੇ ਜੀਵ-ਜੰਤੂ ਹਨ। 'ਮੂਲ' ਸਭ ਦੇ ਮੁੱਢ ਕਰਤਾਰ ਨੂੰ ਕਿਹਾ ਗਿਆ ਹੈ। ਸੋ ਮੂਲ ਮੰਤਰ ਤੋਂ ਭਾਵ ਮੁੱਢਲਾ ਮੰਤਰ ਹੈ, ਜਿਸ ਦਾ ਸਿੱਧਾ ਸਬੰਧ ਕਰਤਾਰ ਨਾਲ ਹੈ, ਜੋ ਗੁਰਮਤਿ ਅਨੁਸਾਰ ਸਭ ਦਾ ਮੁੱਢ ਜਾਂ ਮੂਲ ਹੈ। ਇਹ ਇਕ ਅਜਿਹਾ ਪਰਮ ਵਿਚਾਰ-ਰੂਪ ਹੈ, ਜੋ ਸੁਰਤੀ ਨੂੰ ਸਾਰੇ ਬ੍ਰਹਿਮੰਡ ਦੇ ਮੂਲ ਬ੍ਰਹਮ ਨਾਲ ਜੋੜਦਾ ਤੇ ਸੱਚ ਦਾ ਗਿਆਨ ਪ੍ਰਾਪਤ ਕਰਵਾਉਂਦਾ ਹੈ। ਇਹ ਗੁਰ-ਸ਼ਬਦ ਮਨੁੱਖ ਦੀ ਸੰਸਾਰਕ ਮਨੋਬਿਰਤੀ ਨੂੰ ਪਰਮ-ਸਰ ਮੁਖੀ ਬਣਾ ਦਿੰਦਾ ਹੈ। ਇਹੋ ਹੀ ਗੁਰਮਤਿ ਦਾ ਬੀਜ ਤੇ ਮੂਲ ਹੈ। ਇਸੇ ਵਿੱਚੋਂ ਹੀ ਗੁਰਮਤਿ ਦੀ ਸਾਰੀ ਵਿਚਾਰਧਾਰਾ ਪ੍ਰਫੁੱਲਤ ਹੋਈ ਹੈ।

### 1.2 ਮੂਲ ਮੰਤਰ ਦੀ ਪਛਾਣ ਤੇ ਨਾਂ

ਗੁਰੂ ਨਾਨਕ ਦੇਵ ਜੀ ਨੇ ਆਪ ਜਿਸ ਨੂੰ ਮੂਲ ਮੰਤਰ ਕਿਹਾ ਹੈ, ਉਹ ਹਰੀ ਦਾ ਨਾਮ ਹੈ, ਜੋ ਸਾਰੇ ਰਸਾਂ ਦਾ ਘਰ ਹੈ। ਇਹ ਨਾਮ ਮਨੁੱਖ ਨੂੰ ਪੂਰਨ ਕਰਤਾਰ ਨਾਲ ਮਿਲਾ ਕੇ ਉਸਦਾ ਤਨ ਮਨ ਹਰਿਆ ਕਰਦਾ ਹੈ। ਗੁਰਮਤਿ ਦਾ ਮਾਰਗ ਨਾਮ ਮਾਰਗ ਹੈ। ਪੂਰਨ ਪਰਮਾਤਮਾ ਦਾ ਪੂਰਨ ਨਾਮ ਹੀ ਇੱਕੋ ਇਕ ਮੰਤਰ ਹੈ :

**ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥** *(ਮਾਰੂ ਮ: ੧, ਪੰਨਾ 1040)*

ਹਰੀ ਦਾ ਨਾਮ ਕੋਈ ਇਕ ਵਿਸ਼ੇਸ਼ ਨਹੀਂ ਹੈ। ਗੁਰਮਤਿ ਵਿਚ ਉਸਦਾ ਨਾਮ ਦੱਸਣ ਲਈ ਅਨੇਕਾਂ ਸ਼ਬਦ ਹਨ। ਕੀ ਉਹਨਾਂ ਸਾਰੇ ਸ਼ਬਦਾਂ ਨੂੰ ਜਾਂ ਉਹਨਾਂ ਵਿੱਚੋਂ ਕੁਝ ਇਕ ਸ਼ਬਦਾਂ ਨੂੰ ਮੂਲ ਮੰਤਰ ਦਾ ਨਾਂ ਦਿੱਤਾ ਜਾ ਸਕਦਾ ਹੈ? ਗੁਰਮਤਿ ਦਾ ਮੂਲ ਮੰਤਰ ਕਿਹੜਾ ਹੈ? ਇਸ ਪ੍ਰਸ਼ਨ ਦਾ ਉੱਤਰ ਭਾਈ ਗੁਰਦਾਸ ਜੀ ਦੀ ਰਚਨਾ ਵਿੱਚੋਂ ਸੰਕੇਤਿਤ ਹੁੰਦਾ ਹੈ। ਉਹਨਾਂ ਨੇ ਕੁਝ ਸ਼ਬਦ "ਸਤਿ ਨਾਮੁ ਕਰਤਾ ਪੁਰਖ..." ਦੇ ਕੇ ਮੂਲ ਮੰਤਰ ਵੱਲ ਨਿਸ਼ਚਿਤ ਇਸ਼ਾਰਾ ਕਰ ਦਿੱਤਾ ਅਤੇ ਦੱਸਿਆ ਹੈ ਕਿ ਇਸ ਦੇ ਸਿਮਰਨ ਨਾਲ ਮਨੁੱਖ ਪ੍ਰਵਾਣ ਹੋ ਜਾਂਦਾ ਹੈ:

**ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ ॥**
**ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ ॥** *(ਵਾਰ 6, ਪਉੜੀ 19)*

ਇਸ ਤੋਂ ਸਾਨੂੰ ਉਸ ਵਾਰਤਕ ਰਚਨਾ ਦੀ ਟੋਹ ਮਿਲਦੀ ਹੈ, ਜਿਸ ਦੇ 'ਸਤਿ ਨਾਮੁ ਕਰਤਾ ਪੁਰਖੁ...' ਅੰਗ ਹਨ ਅਤੇ ਜਿਸ ਵਿਚ ਗੁਰਮਤਿ ਦੇ ਬੁਨਿਆਦੀ ਨੇਮ ਤੇ ਸਭ ਦੇ ਮੂਲ ਵਾਹਿਗੁਰੂ ਦੀ ਹਸਤੀ ਦਾ ਸਰੂਪ ਦਿੱਤਾ ਹੋਇਆ ਹੈ:

**੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਇਸ ਵਿਚ ਵਾਹਿਗੁਰੂ ਦੀ ਹਸਤੀ ਦੇ ਸਰੂਪ ਦਾ ਵਰਣਨ ਜਿਹਨਾਂ ਨਾਵਾਂ ਰਾਹੀਂ ਕੀਤਾ ਗਿਆ ਹੈ, ਉਹਨਾਂ ਨੂੰ ਜਪਣ ਤੇ ਧਿਆਉਣ ਲਈ ਗੁਰਬਾਣੀ ਦੇ ਇਕ ਸ਼ਬਦ ਵਿਚ ਵੀ ਆਦੇਸ਼ ਕੀਤਾ ਹੋਇਆ ਹੈ। ਇਹ ਸ਼ਬਦ ਵੀ '੧ੴ...ਗੁਰ ਪ੍ਰਸਾਦਿ' ਦੇ ਮੂਲ ਮੰਤਰ ਹੋਣ ਦੀ ਸਾਖੀ ਭਰਦਾ ਹੈ। ਮੂਲ ਮੰਤਰ ਨੂੰ ਪ੍ਰਗਟਾਉਣ ਵਾਲਾ ਇਹ ਸ਼ਬਦ ਗੁਰੂ ਰਾਮਦਾਸ ਜੀ ਦਾ ਉਚਾਰਣ ਕੀਤਾ ਹੋਇਆ ਹੈ:

**ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥**
**ਨਿਰਵੈਰੁ ਅਕਾਲ ਮੂਰਤਿ ॥ ਅਜੂਨੀ ਸੰਭਉ ॥**
**ਮੇਰੇ ਮਨ ਅਨਦਿਨੋੁ ਧਿਆਇ ਨਿਰੰਕਾਰੁ ਨਿਰਾਹਾਰੀ ॥੧॥ ਰਹਾਉ ॥** *(ਸਾਰਗ ਮ: 4, ਪੰਨਾ 1201)*

'੧ੴ...ਗੁਰ ਪ੍ਰਸਾਦਿ' ਸੰਪੂਰਨ ਮੰਗਲਾਚਰਣ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਰਾਗਾਂ ਤੇ ਬਾਣੀਆਂ ਦੇ ਮੁੱਢ ਜਾਂ ਮੂਲ ਵਿਚ ਲਿਖੇ ਜਾਣ ਕਰਕੇ ਇਸ ਨੂੰ ਸਾਰੀ ਬਾਣੀ ਦਾ ਮੂਲ ਮੰਨਿਆ ਗਿਆ ਹੈ। ਜੇਕਰ ਅਰਥ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਵੀ ਇਹੋ ਹੀ ਇੱਕੋ ਇਕ ਸੂਰਵਾਕ ਹੈ, ਜੋ ਸਾਰੀ ਗੁਰਮਤਿ ਵਿਚਾਰਧਾਰਾ ਦਾ ਮੂਲ ਹੈ। ਪੁਰਾਤਨ ਸਾਖੀਆਂ ਵਿੱਚੋਂ ਇਹ ਪ੍ਰਮਾਣ ਵੀ ਮਿਲਦੇ ਹਨ ਕਿ ਸੁਮੇਰ ਪਰਬਤ ਉੱਤੇ ਸਿੱਧਾਂ ਨੇ ਜਦੋਂ ਮੂਲ ਮੰਤਰ ਸਬੰਧੀ ਜਾਨਣ ਲਈ ਪ੍ਰਸ਼ਨ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਨੇ '੧ੴ...ਗੁਰ ਪ੍ਰਸਾਦਿ' ਸ਼ਬਦ ਕਹਿ ਕੇ ਇਸ ਦਾ ਨਾਂ ਮੂਲ ਮੰਤਰ ਦੱਸਿਆ। ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੱਸੀ ਕਹੀ ਜਾਂਦੀ ਹੈ, ਜਦੋਂ ਉਨ੍ਹਾਂ ਪਾਸ ਕਰਤਾਰਪੁਰ ਵਿਖੇ ਇਕ ਬੈਰਾਗੀ ਸਾਧੂਆਂ ਦੀ ਮੰਡਲੀ ਆ ਕੇ ਠਹਿਰੀ ਸੀ ਅਤੇ ਉਸ ਮੰਡਲੀ ਦੇ ਮਹੰਤ ਨੇ ਕੁਝ ਪ੍ਰਸ਼ਨ ਪੁੱਛੇ ਸਨ, ਜਿਹਨਾਂ ਵਿੱਚੋਂ ਇਕ ਪ੍ਰਸ਼ਨ ਮੂਲ ਮੰਤਰ ਬਾਰੇ ਸੀ।

ਭਾਈ ਕਾਨ੍ਹ ਸਿੰਘ ਨਾਭਾ ਵੀ ਮਹਾਨ ਕੋਸ਼ ਵਿਚ ਲਿਖਦੇ ਹਨ ਕਿ:

**ਸਿੱਖ ਮਤ ਅਨੁਸਾਰ '੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਮੂਲ ਮੰਤ੍ਰ ਹੈ।**

### 1.3 ਅਵਤਰਣ ਤੇ ਉਪਦੇਸ਼

ਮੂਲ ਮੰਤਰ ਰੂਪੀ ਗੁਰਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੁਝ ਪ੍ਰਾਚੀਨ ਜਨਮਸਾਖੀਆਂ ਤੇ ਇਤਿਹਾਸਕ ਗਵਾਹੀਆਂ ਅਨੁਸਾਰ ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਦੇ ਕਿਨਾਰੇ ਸੰਤ ਘਾਟ ਦੇ ਸਥਾਨ, ਸੰਨ 1500 ਈ: ਦੇ ਲਗਭਗ ਅਵਤਰਣ ਹੋਇਆ। "ਚੜਿਆ ਸੋਧਣਿ ਧਰਤਿ ਲੁਕਾਈ" ਦੇ ਮਹਾਨ ਪਰਉਪਕਾਰੀ ਪ੍ਰੋਗਰਾਮ ਦੀ ਤਿਆਰੀ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ਤਿੰਨ ਦਿਨ ਅਕਾਲ ਪੁਰਖ ਵਿਚ ਲਿਵਲੀਨ ਹੋਏ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਸੱਚਖੰਡ ਵਿੱਚੋਂ ਵਡਿਆਈ ਮਿਲੀ, ਨਉ-ਨਿਧੀਆਂ, ਨਾਮ ਤੇ ਨਿਮਰਤਾ ਪ੍ਰਾਪਤ ਹੋਈ:

**ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥**
**ਚੜਿਆ ਸੋਧਣਿ ਧਰਤਿ ਲੁਕਾਈ॥** *(ਵਾਰ 1, ਪਉੜੀ 24)*

ਸਿੱਖੀ ਰਵਾਇਤ ਅਨੁਸਾਰ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਕਾਲ ਪੁਰਖ, ਪਾਰਬ੍ਰਹਮ ਪਰਮੇਸ਼ਰ ਨੇ ਗੁਰੂ ਰੂਪ ਹੋ ਕੇ ਮੂਲ ਮੰਤਰ ਰੂਪੀ ਨਾਮ ਦੀ ਬਖ਼ਸ਼ਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀਤੀ। ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ਰ ਵੱਲੋਂ ਬਖ਼ਸ਼ਿਆ ਅੰਮ੍ਰਿਤ ਨਾਮ ਦਾ ਪਿਆਲਾ ਪੀਤਾ:

**ਸਾਹਿਬੁ ਮਿਹਰਵਾਨੁ ਹੋਇਆ, ਨਿਰੰਜਨ ਨਿਰੰਕਾਰ ਕੀ ਆਗਿਆ ਹੋਈ, 'ਮੈਂ ਤੇਰੇ ਨਾਲ ਹਾਂ। ਤੈਨੂੰ ਮੈਂ ਨਿਹਾਲ ਕੀਤਾ। ਤੂੰ ਜਾਇ ਕੇ ਨਾਮੁ ਜਪਾਇ ਅਤੇ ਸੰਸਾਰ ਤੇ ਨਿਰਲੇਪੁ ਰਹੁ। ਨਾਮੁ ਦਾਨੁ ਇਸਨਾਨੁ ਸੇਵਾ ਸਿਮਰਨੁ ਵਿਚਿ ਰਹੁ। ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਤਾਈ ਏਹੋ ਨਾਉ ਦੀਆ ਹੈ। ਤੂੰ ਏਹਾ ਕੀਰਤਿ ਕਰੁ।'**

*(ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਸੰਪਾ: ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 35)*

ਭਾਈ ਸੰਤੋਖ ਸਿੰਘ ਜੀ ਵੀ ਇਹ ਮੰਨਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਮੂਲ ਮੰਤਰ ਦੀ ਪ੍ਰਾਪਤੀ ਪਾਰਬ੍ਰਹਮ ਤੋਂ ਹੋਈ। ਵਾਹਿਗੁਰੂ ਨੇ ਗੁਰੂ ਹੋ ਕੇ ਗੁਰੂ ਨਾਨਕ ਦੇਵ ਜੀ ਨੂੰ ਮੰਤਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਜੋ ਮੰਤਰ ਪਾਰਬ੍ਰਹਮ ਤੋਂ ਲੈ ਕੇ ਆਪ ਧਾਰਨ ਕੀਤਾ ਉਸਦਾ ਸਰੂਪ '੧ੴ ਤੋਂ ਗੁਰ ਪ੍ਰਸਾਦਿ' ਤਕ ਹੈ:

**ਪਾਰਬ੍ਰਹਮ ਬਿਗਾਸੇ ਸੁਨਤਿ ਮੰਤ੍ਰ ਦੀਨ ਗੁਰੂ ਹੋਇ।**
**ਸ੍ਰੀ ਨਾਨਕ ਧਾਰਨ ਕਰਗੇ, ਬਰਨ ਸੁਨਾਵੈਂ ਸੋਇ॥**

**ਅਥ ਮੰਤਰ:**

**੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

*('ਸ੍ਰੀ ਗੁਰ ਨਾਨਕ ਪ੍ਰਕਾਸ਼', ਪੂਰਬਾਰਧ, ਅਧਿਆਇ 29)*

ਗਿਆਨੀ ਗਿਆਨ ਸਿੰਘ ਇਸ ਪ੍ਰਸੰਗ ਨੂੰ ਪੰਥ ਪ੍ਰਕਾਸ਼ ਵਿਚ ਲਿਖਦੇ ਹੋਏ ਇਹ ਸਪੱਸ਼ਟ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਵੱਲੋਂ ਮੰਤਰ ਦੀ ਬਖ਼ਸ਼ਿਸ਼ ਹੋਈ। ਸੰਸਾਰ ਵਿਚ ਨਾਮ-ਭਗਤੀ ਦੇ ਉਪਦੇਸ਼ ਕਰਨ ਦਾ ਹੁਕਮ ਹੋਇਆ:

**ਜਿਸ ਨੂਰ ਤੈ ਇਹੁ ਹੁਕਮ ਹੋਯੋ ਗੁਰੂ ਕੋ ਸੰਬਾਦਿ ਕੈ।**
**ਤੁਮ ਜਾਇ ਜਗ ਮੈ ਵਿਚਰ ਕੀਜੈ ਭਗਤਿ ਹਰਿ ਪਰਿਚਾਰਿ ਹੈ।**
**ਗੁਰੂ ਕਰੀ ਬਿਨਤੀ ਮਿਲੈ ਮੰਤ੍ਰ ਆਪ ਤੇ ਮੁਹਿ ਸਾਰ ਹੋ।**
**ਜਗਤੇਸ ਤਬ ਗੁਰੂ ਮੰਤਰ ਦੈ ਉਪਦੇਸ਼ ਵੇਸ ਵਿਧਾਇ ਕੈ।**

**ਦੇ ਸਤਿਗੁਰੂ ਪਦ ਸਰਬ ਸ਼ਕਤੀ ਪੰਥਿ ਥਾਪੌਂ ਲਾਇ ਕੈ।**
**ਲੈ ਖੁਸੀ ਆਗਯਾ ਉਸੀ ਤੈ ਗੁਰੁ ਲੌਟ ਪੌਣੇ ਆਏ ਹੈ।**
**ਤਹਿ ਨਿਕਸ ਬੇਈਂ ਤੇ ਬਿਰੇ ਜਹਿ ਸੰਤ ਘਾਟ ਸਦਾਇ ਹੈ।**

*('ਪੰਥ ਪ੍ਰਕਾਸ਼', ਭਾਸ਼ਾ ਵਿਭਾਗ, ਪਟਿਆਲਾ, ਪੰਨਾ 36)*

ਗਿਆਨੀ ਗਿਆਨ ਸਿੰਘ ਜੀ ਇਸ ਗੱਲ ਨੂੰ ਪੂਰੀ ਤਰ੍ਹਾਂ ਨਿਖਾਰ ਦਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਜਗਤ ਦੇ ਕਲਿਆਣ ਲਈ ਜੋ ਮੰਤਰ ਪ੍ਰਾਪਤ ਕੀਤਾ ਸੀ, ਉਹ '੧ਓ... ਗੁਰ ਪ੍ਰਸਾਦਿ' ਸੀ ਅਤੇ ਇਹੋ ਹੀ ਗੁਰੂ ਨਾਨਕ ਦੇਵ ਜੀ ਆਪਣੀ ਰਚੀ ਹੋਈ ਬਾਣੀ ਦੇ ਆਦਿ ਵਿਚ ਮੰਗਲਾਚਰਣ ਦੇ ਰੂਪ ਵਿਚ ਲਿਖਦੇ ਸਨ। ਇਥੇ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਜਿਸ ਗੁਰਵਾਕ ਨੂੰ ਸੰਪੂਰਨ ਮੰਗਲਾਚਰਣ ਕਿਹਾ ਜਾਂਦਾ ਹੈ, ਉਹੋ ਹੀ ਗੁਰਮਤਿ ਦਾ ਮੂਲ ਮੰਤਰ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

**ਜਿਉਂ ਹੋਇ ਹੁਕਮ ਅਕਾਲ ਤਿਉਂ ਫਿਰ ਆਦਿ ਮਤ ਬਿਸਤਾਰੀਏ।**
**ਉਪਦੇਸ਼ ਮੰਤ੍ਰ ਤਹੀਂ ਤੈ ਲੈ, ਜੀਵ ਗਨ ਭਵ ਤਾਰੀਏ। ੫੬।**
**ਵਹਿ ਨਾਮੁ ਮੁਹਿ ਉਪਦੇਸ਼ੀਐ, ਜੋ ਜਪਹਿ ਮੈਂ ਅਬਿ ਜਗਤ ਮੈਂ।**
**ਉਪਦੇਸ਼ ਕਰਿ ਕੈ ਜਨਨਿ ਕੌਂ, ਪੁਨਿ ਲਾਇ ਰਾਵਰਿ ਭਗਤਿ ਮੈਂ। ੫੭।**
**ਜਾਹੁ ਅਬੈ ਕਲਿ ਜੀਵ ਉਧਾਰਨ ਕਾਰਨ, ਬਾਨਿ ਉਚਾਰਨ ਕੱਜੈ।**
**ਮੰਗਲ ਬਾਨ, ਅਮੰਗਲ ਹਾਨਕ, ਆਦਿ ਵਿਖੈ ਜਹਿ ਮੰਗਲ ਵੁੱਜੈ।**
**ਏਕ ਓਂਕਾਰ ਅਉ ਸਤਿ ਨਾਮੁ, ਵਹੈ ਕਰਤਾ ਇਕ ਪੁਰਖੁ ਮੰਨੱਜੈ।**
**ਸੋ ਨਿਰਭਉ ਨਿਰਵੈਰ ਅਕਾਲ ਮੂਰਤਿ ਆਦਿ ਅਜੂਨਿ ਲਖੱਜੈ ॥ ੫੯ ॥**
**ਦੋਹਰਾ ॥ ਸੈਭੰ ਗੁਰ ਪ੍ਰਸਾਦਿ ਯਹਿ ਇਸ਼ਟ ਮੰਤ੍ਰ ਲਖ ਲੇਹੁ।**
**ਜੇਤਕ ਬਾਨੀ ਰਚੌ ਤੁਮ ਆਦਿ ਸਬੀ ਕੇ ਦੇਹੁ ॥ ੬੦ ॥**

**੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

*('ਸ੍ਰੀ ਗੁਰ ਪੰਥ ਪ੍ਰਕਾਸ਼', ਸੰਪਾ: ਗਿਆਨੀ ਕਿਰਪਾਲ ਸਿੰਘ, ਪੂਰਬਾਰਧ, ਬਿਸਰਾਮ 5)*

ਸੋ ਗਿਆਨੀ ਗਿਆਨ ਸਿੰਘ ਜੀ ਦੀ ਰਚਨਾ ਪੰਥ ਪ੍ਰਕਾਸ਼ ਤੋਂ ਮੂਲ ਮੰਤਰ ਬਾਰੇ ਇਹ ਗੱਲਾਂ ਸਪੱਸ਼ਟ ਹੁੰਦੀਆਂ ਹਨ:

(ੳ) ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ '੧ਓ ਤੋਂ ਗੁਰ ਪ੍ਰਸਾਦਿ' ਤਕ ਮੰਤਰ ਬਖ਼ਸ਼ਿਸ਼ ਕੀਤਾ।

(ਅ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਬਾਣੀ ਉਚਾਰਣ ਕੀਤੀ, ਉਸ ਦੇ ਸ਼ੁਰੂ ਵਿਚ ਉਹਨਾਂ ਨੇ '੧ਓ ਤੋਂ ਗੁਰ ਪ੍ਰਸਾਦਿ' ਮੰਗਲ ਲਿਖਿਆ... 'ਆਦਿ ਵਿਖੈ ਜਹਿ ਮੰਗਲ ਵੁੱਜੈ।' 'ਜੇਤਕ ਬਾਨੀ ਰਚੌ ਤੁਮ ਆਦਿ ਸਬੀ ਕੇ ਦੇਹੁ।'

(ੲ) ਸ੍ਰੀ ਗੁਰੂ ਨਾਨਕ ਦੇਵ ਜੀ ਨੇ '੧ਓ...ਗੁਰ ਪ੍ਰਸਾਦਿ' ਨੂੰ ਉਪਦੇਸ਼ ਮੰਤਰ ਬਣਾ ਕੇ ਇਸ ਦਾ ਪ੍ਰਚਾਰ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਉੱਪਰ ਲਿਖੇ ਕੌਤਕ ਦਾ ਪਤਾ ਆਪਣੀ ਬਾਣੀ ਵਿਚ ਵੀ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਉਹਨਾਂ ਨੇ ਆਪ ਵਾਹਿਗੁਰੂ ਦੇ ਸਰੂਪ ਵਿਚ ਪ੍ਰਾਪਤ ਹੋ ਕੇ ਅੰਮ੍ਰਿਤ ਨਾਮ ਤੇ ਕੀਰਤਨ ਦੀ ਦਾਤ ਜਗਤ ਨੂੰ ਦੇਣ ਲਈ... ਹੁਕਮ ਪ੍ਰਾਪਤ ਕੀਤਾ ਅਤੇ ਇਸ ਨੂੰ ਅੱਗੇ ਪ੍ਰਚਾਰ ਕਰਨ ਲੱਗ ਪਏ। ਗੁਰੂ ਨਾਨਕ ਦੇਵ ਜੀ ਲਿਖਦੇ ਹਨ:

**ਹਉ ਢਾਢੀ ਵੇਕਾਰੁ ਕਾਰੈ ਲਾਇਆ ॥**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥**

**ਢਾਢੀ ਸਚੈ ਮਹਿਲਿ ਖਸਮਿ ਬੁਲਾਇਆ ॥**
**ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥**
**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥**
**ਢਾਢੀ ਕਰੇ ਪਸਾਉ ਸਬਦੁ ਵਜਾਇਆ ॥**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ਸੁਧੁ** *(ਮਾਝ ਕੀ ਵਾਰ, ਸਲੋਕ ਮ: ੧, ਪੰਨਾ 150)*

ਪੁਰਾਤਨ ਜਨਮਸਾਖੀ ਲਗਭਗ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵਿਚ ਲਿਖਤੀ ਰੂਪ ਵਿਚ ਆ ਗਈ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਉਹਨਾਂ ਸਾਖੀਆਂ ਤੇ ਰਵਾਇਤਾਂ ਦਾ ਉਲੇਖ ਹੈ, ਜੋ ਸੀਨਾ-ਬ-ਸੀਨਾ ਚੱਲਦੀਆਂ ਹੋਈਆਂ ਉਸ ਸਮੇਂ ਪ੍ਰਚਲਿਤ ਸਨ। ਪੁਰਾਤਨ ਜਨਮਸਾਖੀ (ਸੰਪਾ: ਭਾਈ ਵੀਰ ਸਿੰਘ) ਵਿਚ '੧ੳ ਤੋਂ ਗੁਰ ਪ੍ਰਸਾਦਿ' ਤਕ ਦੇ ਗੁਰਵਾਕ ਵਾਸਤੇ ਸਲੋਕ ਸ਼ਬਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਇਸ ਪੁਰਾਤਨ ਜਨਮਸਾਖੀ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਦੀਆਂ ਸੰਸਾਰਕ ਸੁਰਤੀਆਂ ਨੂੰ ਉੱਚਾ ਚੁੱਕ ਕੇ ਪਰਮ ਸਤਾ ਵੱਲ ਲੈ ਜਾਣ ਲਈ ਇਸੇ ਗੁਰਵਾਕ '੧ੳ...ਗੁਰ ਪ੍ਰਸਾਦਿ' ਨਾਲ ਸੁਰਤਿ ਜੋੜਨ ਦਾ ਉਪਦੇਸ਼ ਕਰਦੇ ਸਨ। ਇਸ ਦੇ ਪੜ੍ਹਨ ਤੇ ਸਿਮਰਨ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੈਦੋ ਤੇ ਸੀਹੋ ਗੁਰਸਿੱਖਾਂ ਪ੍ਰਤਿ ਕੀਤਾ। ਸਿੱਖ ਇਤਿਹਾਸ ਅਨੁਸਾਰ ਇਹਨਾਂ ਦੋਹਾਂ ਗੁਰਸਿੱਖਾਂ ਨੇ ਕੁਝ ਸਮਾਂ ਗੁਰੂ ਨਾਨਕ ਦੇਵ ਜੀ ਨਾਲ ਰਹਿ ਕੇ ਗੁਰਬਾਣੀ ਲਿਖਣ ਦਾ ਕੰਮ ਵੀ ਕੀਤਾ। ਇਸ ਸਾਖੀ ਤੋਂ ਮੂਲ ਮੰਤਰ ਦਾ '੧ੳ ਤੋਂ ਗੁਰ ਪ੍ਰਸਾਦਿ' ਤਕ ਹੋਣਾ, ਗੁਰੂ ਨਾਨਕ ਦੇਵ ਜੀ ਵੱਲੋਂ ਇਸ ਦਾ ਆਪਣੇ ਸਿੱਖਾਂ ਨੂੰ ਸਿਮਰਨ ਕਰਨ ਲਈ ਦੇਣਾ ਅਤੇ ਇਸ ਦੀ ਮਹੱਤਤਾ ਬਾਰੇ ਦੱਸਣਾ ਸਪੱਸ਼ਟ ਰੂਪ ਵਿਚ ਪਤਾ ਲੱਗਦਾ ਹੈ। ਸੰਬੰਧਿਤ ਸਾਖੀ ਦੇ ਕੁਝ ਅੰਸ਼ ਇਸ ਤਰ੍ਹਾਂ ਹਨ:

**ਤਬ ਸਿੰਘਲਾਦੀਪ ਕੀ ਸੁਰਤਿ ਹੋਈ। ਜਾਇ ਸਮੁੰਦੁ ਅਸਗਾਹ ਵਿਚਿ ਖੜੇ ਹੋਇ। ਤਬ ਬਾਬੈ ਆਖਿਆ, 'ਏਹਾ ਅਸਗਾਹ ਸਮੁੰਦੁ ਕਿਉ ਕਰਿ ਤਰੀਐ, ਲੈਖੀਐ।' ਤਦਹੁ ਸਿਖਾਂ ਬੇਨਤੀ ਕੀਤੀ, ਸੈਦੋ ਅਤੇ ਸੀਹੋ ਆਖਿਆ, 'ਜੀ ਤੇਰੇ ਹੁਕਮਿ ਨਾਲਿ ਪਹਾੜ ਤਰਨਿ।' ਤਬ ਗੁਰੂ ਬੋਲਿਆ, ਆਖਿਓਸੁ, 'ਏਹੁ ਪੜਦੇ ਆਵਹੁ':**

**੧ੳ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

**ਤਬ ਬਾਬਾ ਬੋਲਿਆ, ਆਖਿਓਸੁ, 'ਜਿਸ ਸਿਖ ਦੇ ਮੁਹਿ ਏਹੁ ਸਲੋਕ ਹੋਵੇਗਾ ਅਤੇ ਉਹੁ ਪੜਦਾ ਜਾਵੇਗਾ ਅਤੇ ਉਸਦੈ ਪਿਛੈ ਜਿਤਨੀ ਸੁਣੈਗੀ ਤਿਤਨੀ ਭਵਜਲੁ ਪਾਰਿ ਲੰਘੇਗੀ।'**

*('ਪੁਰਾਤਨ ਜਨਮਸਾਖੀ', ਸਾਖੀ ਨੰ: 47)*

### 1.4 ਮੂਲ ਮੰਤਰ ਤੇ ਨਾਨਕ ਪਦ

ਇਹ ਗੱਲ ਵੀ ਆਮ ਤੇ ਸਰਵ-ਪ੍ਰਵਾਨਿਤ ਹੈ ਕਿ ਮੰਤਰ ਵਿਚ ਹਮੇਸ਼ਾ ਹੀ ਇਸ਼ਟ ਦੇ ਨਾਮ ਜਾਂ ਉਸ ਦੇ ਗੁਣਾਂ ਨੂੰ ਹੀ ਗੁੰਦਿਆ ਹੋਇਆ ਹੁੰਦਾ ਹੈ। ਮੰਤਰ ਵਿਚ ਮੰਤਰ ਦੇ ਕਰਤਾ ਦਾ ਨਾਂ ਜਾਂ ਰਚਾਇਤਾ ਦੀ ਮੁਹਰ-ਛਾਪ ਹੋਣੀ ਜ਼ਰੂਰੀ ਨਹੀਂ ਹੈ। ਇਸ ਨਿਯਮ ਦੀ ਪਾਲਣਾ ਸਾਨੂੰ ਹੋਰ ਮਤਾਂ ਦੇ ਮੰਤਰਾਂ ਵਿਚ ਕੀਤੀ ਹੋਈ ਮਿਲਦੀ ਹੈ। ਮੂਲ ਮੰਤਰ '੧ੳ...ਗੁਰ ਪ੍ਰਸਾਦਿ' ਵਿਚ ਵੀ ਇਸ ਦੇ ਉਚਾਰਣ ਕਰਤਾ ਜਾਂ ਰਚਾਇਤਾ ਦਾ ਕੋਈ ਨਾਮ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਜਿੰਨੇ ਵੀ ਸ਼ਬਦ ਹਨ, ਉਹਨਾਂ ਵਿਚ ਆਮ ਕਰਕੇ ਉਸ ਸ਼ਬਦ ਦੇ ਉਚਾਰਣ ਵਾਲੇ ਦਾ ਨਾਂ ਜਾਂ 'ਨਾਨਕ' ਪਦ ਦਿੱਤਾ ਹੋਇਆ ਹੈ। ਪਰ ਕਈ ਇਕ ਅਜਿਹੇ ਸ਼ਬਦ ਵੀ ਹਨ, ਜਿਨ੍ਹਾਂ ਦੇ ਅੰਤ ਵਿਚ ਉਚਾਰਣ ਕਰਤੇ ਦਾ ਨਾਂ ਜਾਂ 'ਨਾਨਕ' ਪਦ ਲਿਖਿਆ ਹੋਇਆ ਨਹੀਂ ਮਿਲਦਾ। ਉਦਾਹਰਣ ਲਈ ਜਪੁ ਬਾਣੀ ਹੀ ਲੈ ਲਵੋ, ਜਿਸ ਵਿਚ 12 ਪਉੜੀਆਂ ਅਜਿਹੀਆਂ ਹਨ, ਜਿਹਨਾਂ ਵਿਚ 'ਨਾਨਕ' ਦੀ ਵਰਤੋਂ ਨਹੀਂ ਕੀਤੀ ਹੋਈ।

ਗੁਰਬਾਣੀ ਵਿਚ ਜਿਥੇ ਜਿਥੇ ਵੀ ਮੰਗਲਾਚਰਣ ਲਿਖਿਆ ਗਿਆ ਹੈ, ਉਥੇ ਕਿਤੇ ਵੀ 'ਨਾਨਕ' ਪਦ ਨਹੀਂ ਹੈ। ਇਸ ਨਿਯਮ ਦੀ ਪਾਲਣਾ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਹੋਈ ਮਿਲਦੀ ਹੈ।

ਮੂਲ ਮੰਤਰ ਵਿਚ 'ਨਾਨਕ' ਪਦ ਨਹੀਂ ਹੈ, ਪਰ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਸਵੀਕਾਰਿਆ ਜਾਂਦਾ ਹੈ। ਗੁਰਮਤਿ ਵਿਚ ਇਸ ਨੂੰ ਸ਼੍ਰੋਮਣੀ ਸਥਾਨ ਮਿਲਿਆ ਹੋਇਆ ਹੈ। ਸਰਵ-ਉੱਚ ਪਰਮ ਹਸਤੀ ਦੇ ਸਰੂਪ ਦਾ ਦਰਸ਼ਨ ਇਸ ਵਿੱਚੋਂ ਹੋਣ ਕਰਕੇ ਇਸ ਨੂੰ ਉਥੋਂ ਹੀ ਅਵਤਰਣ ਹੋਇਆ ਮੰਨਿਆ ਜਾਂਦਾ ਹੈ। ਇਸ ਵਿਚ ਪਰਮ ਹਸਤੀ ਦੇ ਗੁਣ ਵਾਚਕ ਨਾਮ ਤੇ ਉਸਦੀ ਕ੍ਰਿਪਾ ਦੀ ਪ੍ਰਧਾਨਤਾ ਹੈ, ਇਸ ਤੋਂ ਸਿਵਾਏ ਹੋਰ ਕੋਈ ਨਹੀਂ, ਇਥੋਂ ਤਕ ਕਿ 'ਨਾਨਕ' ਨਾਮ ਵੀ ਨਹੀਂ ਹੈ। ਇਸ ਕਰਕੇ ਜਦੋਂ ਵੀ ਕੋਈ ਇਸ ਨਾਲ ਆਪਣੀ ਸੁਰਤੀ ਜੋੜਦਾ ਹੈ ਤਾਂ ਸੁਰਤੀ ਜੋੜਨ ਵਾਲੇ ਅਤੇ ਪਰਮ ਹਸਤੀ ਦੇ ਵਿਚਕਾਰ ਦੂਸਰਾ ਕੋਈ ਹੋਰ ਨਹੀਂ ਰਹਿ ਜਾਂਦਾ। ਇਸ ਵਿਚ ਸੁਰਤੀ ਲੱਗਣ ਨਾਲ ਮਨੁੱਖੀ ਚੇਤਨਾ ਨਿਰੋਲ ਪਾਰਬ੍ਰਹਮ ਵਿਚ ਜਾਗਤ ਰਹਿੰਦੀ ਹੈ।

### 1.5 ਗੁਰੂ ਸਾਹਿਬ ਦੇ ਦਸਤਖ਼ਤ ਨੀਸਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ ਹੱਥ ਲਿਖਤ ਸਰੂਪਾਂ ਵਿਚ ਸਾਨੂੰ ਗੁਰੂ ਸਾਹਿਬਾਂ ਦੇ ਦਸਤਖ਼ਤ ਨੀਸਾਣ ਮਿਲਦੇ ਹਨ। ਇਹ ਦਸਤਖ਼ਤ ਨੀਸਾਣ ਉਹਨਾਂ ਨੇ ਬਹੁਤ ਥਾਵਾਂ 'ਤੇ '੧ੴ...ਗੁਰ ਪ੍ਰਸਾਦਿ' ਲਿਖ ਕੇ ਕੀਤੇ ਹਨ। ਪੰਜਵੇਂ, ਛੇਵੇਂ, ਸੱਤਵੇਂ, ਨੌਵੇਂ ਤੇ ਦਸਵੇਂ ਗੁਰੂ ਪਾਤਸ਼ਾਹਾਂ ਦੇ ਮੂਲ ਮੰਤਰ ਲਿਖੇ ਹੋਏ ਇਹ ਨੀਸਾਣ ਸਾਡੇ ਪਾਸ ਅਜੇ ਵੀ ਸੁਰੱਖਿਅਤ ਰੂਪ ਵਿਚ ਮਿਲਦੇ ਹਨ। ਕਰਤਾਰਪੁਰੀ ਸ੍ਰੀ ਆਦਿ ਗ੍ਰੰਥ ਸਾਹਿਬ ਜਿਸ ਨੂੰ ਪੰਜਵੇਂ ਪਾਤਸ਼ਾਹ ਵੱਲੋਂ ਤਿਆਰ ਕਰਵਾਇਆ ਤੇ ਭਾਈ ਗੁਰਦਾਸ ਜੀ ਵੱਲੋਂ ਲਿਖਿਆ ਮੰਨਿਆ ਜਾਂਦਾ ਹੈ, ਉਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਆਪਣਾ ਦਸਤਖ਼ਤ ਨੀਸਾਣ ਦਿੱਤਾ ਹੈ, ਉਹ ਇਹੋ ਮੂਲ ਮੰਤਰ ('੧ੴ ਤੋਂ ਗੁਰ ਪ੍ਰਸਾਦਿ' ਤਕ) ਹੈ। ਇਸ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਛੇਵੇਂ ਪਾਤਸ਼ਾਹ ਦੇ ਦਸਤਖ਼ਤ ਨੀਸਾਣ ਵੀ ਇਸੇ ਮੂਲ ਮੰਤਰ ਦੇ ਰੂਪ ਵਿਚ ਹਨ। ਕਰਤਾਰਪੁਰੀ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਹੋਰ ਜਿਥੇ ਵੀ ਇਹ ਮੂਲ ਮੰਤਰ ਲਿਖਿਆ ਗਿਆ ਹੈ, ਉਹ ਇਸ ਤਰ੍ਹਾਂ ਸੁਤੰਤਰ ਰੂਪ ਵਿਚ ਨਹੀਂ ਹੈ, ਬਾਣੀ ਵਾਲੇ ਭਾਗ ਵਿਚ ਸਭ ਥਾਵਾਂ 'ਤੇ ਮੰਗਲਾਚਰਣ ਦੇ ਰੂਪ ਵਿਚ ਹੈ। ਇਸ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਤਤਕਰੇ ਦੇ ਮੁੱਖ ਵਿਚ ਵੀ ਇਹ ਮੂਲ ਮੰਤਰ ਮੰਗਲਾਚਰਣ ਦੇ ਰੂਪ ਵਿਚ ਲਿਖਿਆ ਗਿਆ ਹੈ। ਬਾਕੀ ਗੁਰੂ ਸਾਹਿਬਾਂ ਦੇ ਦਸਤਖ਼ਤ ਨੀਸਾਣ ਵੀ ਸਾਨੂੰ ਇਸੇ ਮੂਲ ਮੰਤਰ '੧ੴ...ਗੁਰ ਪ੍ਰਸਾਦਿ' ਰੂਪ ਵਿਚ ਅਲੱਗ ਅਲੱਗ ਪੁਰਾਤਨ ਹੱਥ ਲਿਖਤ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਕਈ ਵਾਰ ਲਿਖੇ ਹੋਏ ਮਿਲਦੇ ਹਨ।

ਇਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਨੂੰ ਨੀਸਾਣ ਤੇ ਹੁਕਮਨਾਮੇ (ਸੰਪਾ: ਸ਼ਮਸ਼ੇਰ ਸਿੰਘ ਅਸ਼ੋਕ) ਵਿੱਚੋਂ ਮਿਲਦੀ ਹੈ :

(1) **ਸ੍ਰੀ ਗੁਰੂ ਹਰਿਰਾਇ ਜੀ ਦੇ ਨੀਸਾਣ '੧ੴ...ਗੁਰ ਪ੍ਰਸਾਦਿ' ਰੂਪ ਵਿਚ :**

(ੳ) ਧਰਮਸ਼ਾਲ ਭਾਈ ਪੈਂਦਾ ਸਾਹਿਬ, ਰਾਵਲਪਿੰਡੀ ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਅ) ਦੇਹਰਾਦੂਨ ਵਾਲੇ ਸੰਮਤ 1716 ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(2) **ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨੀਸਾਣ '੧ੴ...ਗੁਰ ਪ੍ਰਸਾਦਿ' ਰੂਪ ਵਿਚ ਸਾਨੂੰ ਕਈ ਪੁਰਾਤਨ ਹੱਥ ਲਿਖਤ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਮਿਲਦੇ ਹਨ :**

(ੳ) ਗੁਰਦੁਆਰਾ ਮੈਣੀ ਸੰਗਤ ਪਟਨਾ ਸਾਹਿਬ ਵਿਚ ਸੰਮਤ 1714 ਦੇ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਵਿਚ।

(ਅ) ਗੁਰਦੁਆਰਾ ਬੰਮ ਸਾਹਿਬ ਪਟਨਾ ਦੇ ਸੰਮਤ 1781 ਦੇ ਪੁਰਾਤਨ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ।

(ੲ) ਸ੍ਰੀ ਗੁਰੂ ਨਾਨਕ ਆਸ਼੍ਰਮ ਅਰਹੌਰਾ ਦੇ ਸੰਮਤ 1799 ਦੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ।

(ਸ) ਭਾਈ ਬੰਨੋਆਣੀਆਂ ਪਾਸ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਦੇ ਇਕ ਪੁਰਾਤਨ ਸਰੂਪ ਵਿਚ।

(ਹ) ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਸੰਮਤ 1728 ਦੀ ਹੱਥ ਲਿਖਤ ਪੋਥੀ ਨੰ: 1657 ਵਿਚ।

(ਕ) ਉੱਤਰ ਪ੍ਰਦੇਸ਼ ਦੇ ਛੋਟਾ ਮਿਰਜ਼ਾਪੁਰ ਦੇ ਸੰਮਤ 1739 ਦੇ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿਚ।

(3) **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੀਸਾਣ '੧ਓ...ਗੁਰ ਪ੍ਰਸਾਦਿ' ਰੂਪ ਵਿਚ ਲਿਖੇ ਹੋਏ ਉਸ ਸਮੇਂ ਦੇ ਅਨੇਕਾਂ ਪੁਰਾਤਨ ਹੱਥ ਲਿਖਤ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਮਿਲਦੇ ਹਨ :**

(ੳ) ਧਰਮਸ਼ਾਲਾ ਭਾਈ ਪੈਂਦਾ ਸਾਹਿਬ ਰਾਵਲਪਿੰਡੀ ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਅ) ਛੋਟਾ ਮਿਰਜ਼ਾਪੁਰ ਦੇ ਸੰਮਤ 1739 ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ੲ) ਗੁਰਦੁਆਰਾ ਮੈਣੀ ਸੰਗਤ ਪਟਨਾ ਸਾਹਿਬ ਦੇ ਇਕ ਹੱਥ ਲਿਖਤ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਸ) ਚੱਕ ਫ਼ਤਹਿ ਸਿੰਘ (ਪੰਜਾਬ) ਦੀ ਪੋਥੀ ਵਿਚ।

ਇਹਨਾਂ ਸਾਰੇ ਦਸਤਖ਼ਤ ਨੀਸਾਣਾਂ ਵਿਚ ਭਾਵੇਂ ਕਈ ਥਾਵਾਂ ਉੱਤੇ ਸ਼ਬਦਾਂ ਤੇ ਲਗਾਂ-ਮਾਤਰਾਂ ਦੇ ਫਰਕ ਹਨ, ਪਰ ਫਿਰ ਵੀ ਇਹ ਸਾਰੇ ਮੂਲ ਰੂਪ ਵਿਚ **'੧ਓ ਤੋਂ ਗੁਰ ਪ੍ਰਸਾਦਿ'** ਦੀ ਪ੍ਰਧਾਨਤਾ ਪ੍ਰਗਟ ਕਰਦੇ ਹਨ। ਇਥੇ ਇਕ ਗੱਲ ਵੱਲ ਵਿਸ਼ੇਸ਼ ਧਿਆਨ ਜਾਂਦਾ ਹੈ ਕਿ ਗੁਰੂ ਸਾਹਿਬਾਂ ਦੇ ਦਸਤਖ਼ਤ ਨੀਸਾਣ ਮੂਲ ਮੰਤਰ ਤੋਂ ਇਲਾਵਾ ਮੰਗਲਾਚਰਣ ਦੇ ਹੋਰ ਰੂਪਾਂ ਵਿਚ ਤਾਂ ਮਿਲਦੇ ਹਨ, ਪਰ '੧ਓ... ॥ ਜਪੁ ॥...ਨਾਨਕ ਹੋਸੀ ਭੀ ਸਚੁ' ਦੇ ਰੂਪ ਵਿਚ ਲਿਖੇ ਹੋਏ ਕਿਸੇ ਵੀ ਪੁਰਾਤਨ ਲਿਖਤ ਵਿੱਚੋਂ ਨਹੀਂ ਮਿਲਦੇ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ '੧ਓ... ॥ ਜਪੁ ॥...ਨਾਨਕ ਹੋਸੀ ਭੀ ਸਚੁ' ਗੁਰੂ ਸਾਹਿਬਾਂ ਦੇ ਸਮੇਂ ਪ੍ਰਚਲਿਤ ਤੇ ਪ੍ਰਵਾਨਿਤ ਨਾ ਹੋਣ ਕਰਕੇ ਪ੍ਰਮਾਣਿਕ ਰੂਪ ਨਹੀਂ ਹੈ।

### 1.6 ਭਾਈ ਗੁਰਦਾਸ ਅਨੁਸਾਰ ਮੂਲ ਮੰਤਰ

ਭਾਈ ਗੁਰਦਾਸ ਜੀ ਅਨੁਸਾਰ ਮੂਲ ਮੰਤਰ ਸਤਿਗੁਰੂ ਦਾ ਉਹ ਸ਼ਬਦ ਹੈ, ਜਿਸ ਨਾਲ ਸੁਰਤਿ ਜੋੜ ਕੇ ਗੁਰਸਿੱਖ ਲਿਵਲੀਨ ਰਹਿੰਦੇ ਹਨ। ਗੁਰਸਿੱਖਾਂ ਦਾ ਦ੍ਰਿੜ੍ਹ ਨਿਸਚਾ ਕੇਵਲ ਮੂਲ ਮੰਤਰ ਵਿਚ ਹੀ ਹੈ, ਇਸ ਤੋਂ ਸਿਵਾਇ ਉਹ ਹੋਰ ਕਿਸੇ ਵੀ ਤੰਤਰ-ਮੰਤਰ-ਜੰਤਰ ਆਦਿ ਨੂੰ ਨਹੀਂ ਮੰਨਦੇ। ਉਹ ਆਪਣੀ ਰਚਨਾ ਕਬਿੱਤ ਸਵੱਯੇ ਵਿਚ ਗੁਰਸਿੱਖਾਂ ਦੀ ਇਸ ਪਵਿੱਤਰ ਭਾਵਨਾ ਨੂੰ ਪ੍ਰਕਾਸ਼ਮਾਨ ਕਰਦੇ ਹਨ:

**ਸਤਿਗੁਰ ਸ਼ਬਦੁ ਸੁਰਤਿ ਲਿਵ ਮੂਲ ਮੰਤ੍ਰ,**
**ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤਿ ਹੈ।** *(ਕਬਿੱਤ ਸਵੱਯੇ, 183/3)*

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦੋ ਪਉੜੀਆਂ, ਵਾਰ 3, ਪਉੜੀ 15 ਅਤੇ ਵਾਰ 39, ਪਉੜੀ ਪਹਿਲੀ, ਅਜਿਹੀਆਂ ਹਨ, ਜਿਹਨਾਂ ਦੀ ਸਾਂਝ ਮੂਲ ਮੰਤਰ ਨਾਲ ਬਣਦੀ ਹੈ। ਵਾਰ 3, ਪਉੜੀ 15 ਤੋਂ ਇਹ ਸੇਧ ਮਿਲਦੀ ਹੈ ਕਿ ਮੂਲ ਮੰਤਰ ਦਾ ਸਰੂਪ '੧ਓ...ਗੁਰ ਪ੍ਰਸਾਦਿ' ਹੈ, ਪਰ ਵਾਰ 39 ਦੀ ਪਹਿਲੀ ਪਉੜੀ ਤੋਂ ਇਹ ਸ਼ੱਕ ਪੈਣ ਲੱਗ ਜਾਂਦਾ ਹੈ ਕਿ ਮੂਲ ਮੰਤਰ '੧ਓ...ਗੁਰ ਪ੍ਰਸਾਦਿ' ਤੋਂ ਵੀ ਅੱਗੇ '..ਹੋਸੀ ਭੀ ਸਚੁ' ਤਕ ਚਲਿਆ ਜਾਂਦਾ ਹੈ। ਮੂਲ ਮੰਤਰ ਦੀ ਪ੍ਰਮਾਣਿਕਤਾ ਬਾਰੇ ਉਲਝਣ ਨੂੰ ਇਹਨਾਂ ਦੋਹਾਂ ਪਉੜੀਆਂ ਦੇ ਆਧਾਰ ਉੱਤੇ ਹੀ ਸੁਲਝਾਇਆ ਜਾ ਸਕਦਾ ਹੈ। ਹੁਣ ਅਸੀਂ ਪਉੜੀਆਂ ਦਾ ਅਧਿਐਨ ਮੂਲ ਮੰਤਰ ਦੇ ਪ੍ਰਮਾਣਿਕ ਸਰੂਪ ਜਾਨਣ ਦੇ ਦ੍ਰਿਸ਼ਟੀਕੋਣ ਤੋਂ ਕਰਦੇ ਹਾਂ।

ਭਾਈ ਗੁਰਦਾਸ ਜੀ ਦੀ ਤੀਸਰੀ ਵਾਰ ਦੀ ਪਉੜੀ 15 ਅਨੁਸਾਰ ਜੋ ਮਨੁੱਖ '੧ਓ...ਗੁਰ ਪ੍ਰਸਾਦਿ' ਰੂਪੀ ਨਾਮ ਨੂੰ ਸੰਭਾਲ ਲੈਂਦਾ ਹੈ, ਉਹ ਮਨੁੱਖ ਪਰਮੇਸ਼ਰ ਦੀ ਨਦਰਿ ਨਾਲ ਨਿਹਾਲ ਹੋ ਜਾਂਦਾ ਹੈ ਅਤੇ ਨਾਮ-ਰਸ ਦੇ ਪ੍ਰੇਮ-ਪਿਆਲੇ ਨੂੰ ਮਾਣਦਾ ਹੈ। ਇਹ ਗੁਹਜ ਭੇਦ ਭਾਈ ਗੁਰਦਾਸ ਜੀ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

**ਏਕਾ ਏਕੰਕਾਰੁ ਲਿਖਿ ਦੇਖਾਲਿਆ॥**
**ਊੜਾ ਓਅੰਕਾਰੁ ਪਾਸਿ ਬਹਾਲਿਆ॥**
**ਸਤਿ ਨਾਮੁ ਕਰਤਾਰੁ ਨਿਰਭਉ ਤਉਲਿਆ॥**
**ਨਿਰਵੈਰਹੁ ਜੈਕਾਰੁ ਅਜੋਨਿ ਅਕਾਲਿਆ॥**
**ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ॥**
**ਪੰਜ ਅਖਰ ਉਪਕਾਰ ਨਾਮੁ ਸਮਾਲਿਆ॥**
**ਪਰਮੇਸ਼ਰੁ ਸੁਖ ਸਾਰੁ ਨਦਰਿ ਨਿਹਾਲਿਆ॥**
**ਨਉ ਅੰਗਿ ਸੁੰਨ ਸਮਾਧਿ ਸੰਗਿ ਨਿਹਾਲਿਆ॥**
**ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ॥** *(ਵਾਰ 3, ਪਉੜੀ 15)*

ਇਸ ਉਪਰ ਦਿੱਤੀ ਪਉੜੀ ਵਿਚ ਪਰਮਾਤਮਾ ਦਾ ਸਰੂਪ ਬਿਆਨ ਕਰਨ ਲਈ ਜਿਸ ਗੁਰ-ਸ਼ਬਦ ਨੂੰ ਭਾਈ ਗੁਰਦਾਸ ਜੀ ਨੇ ਆਧਾਰ ਬਣਾਇਆ ਹੈ, ਉਹ '੧ੴ...ਗੁਰ ਪ੍ਰਸਾਦਿ' ਹੈ, ਜਿਸ ਨੂੰ ਮੂਲ ਮੰਤਰ ਜਾਂ ਸੰਪੂਰਨ ਮੰਗਲਾਚਰਣ ਦਾ ਨਾਮ ਦਿੱਤਾ ਜਾਂਦਾ ਹੈ।

ਭਾਈ ਗੁਰਦਾਸ ਜੀ ਦੀ ਵਾਰ 39 ਦੀ ਪਹਿਲੀ ਪਉੜੀ ਵਿਚ ਮੁੱਖ ਵਿਸ਼ਾ ਪਰਮੇਸ਼ਰ ਦਾ ਸਰੂਪ ਬਿਆਨ ਕਰਨ ਦਾ ਹੈ। ਉਹਨਾਂ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਨੇ ਸੰਸਾਰ ਲਈ ਸਚੁ ਨਾਉ ਦਾ ਸਚੁ ਦਰਸਨ (ਮਤਿ) ਪ੍ਰਗਟ ਕੀਤਾ। ਜਿਸ ਪਰਮੇਸ਼ਰ ਦੇ ਸਚੁ ਨਾਉ ਦਾ ਸੰਕੇਤ ਭਾਈ ਗੁਰਦਾਸ ਜੀ ਇਸ ਪਉੜੀ ਵਿਚ ਕਰਦੇ ਹਨ, ਉਸ ਦਾ ਸਰੂਪ ਉਹ '੧ੴ ਤੋਂ ਗੁਰ ਪ੍ਰਸਾਦਿ' ਤਕ ਅਤੇ ਫਿਰ 'ਆਦਿ ਸਚੁ...ਹੋਸੀ ਭੀ ਸਚੁ' ਤਕ ਦਾ ਭਾਵ ਰੂਪ ਵਿਚ ਬਿਆਨ ਕਰਦੇ ਹਨ। ਇਥੇ ਇਕ ਗੱਲ ਵਿਸ਼ੇਸ਼ ਰੂਪ ਵਿਚ ਨੋਟ ਕਰਨ ਵਾਲੀ ਹੈ ਕਿ ਭਾਈ ਗੁਰਦਾਸ ਜੀ ਇਸ ਪਉੜੀ ਦੀ ਚੌਥੀ ਤੁਕ ਵਿਚ '...ਗੁਰ ਪ੍ਰਸਾਦਿ' ਤੋਂ ਪਿੱਛੋਂ ਅਤੇ 'ਆਦਿ ਸਚੁ...' ਤੋਂ ਪਹਿਲਾਂ 'ਸੁ' ਸ਼ਬਦ ਦੀ ਵਰਤੋਂ ਕਰਦੇ ਹਨ ਅਤੇ ਇਥੇ ਇਸ 'ਸੁ' ਦਾ ਅਰਥ 'ਉਹ' ਹੈ, ਜੋ ਪਰਮੇਸ਼ਰ ਵਾਸਤੇ ਵਰਤਿਆ ਗਿਆ ਹੈ, ਜਿਸ ਦੇ ਸਰੂਪ ਦਾ ਕਥਨ ਹੋ ਰਿਹਾ ਹੈ:

**ਏਕੰਕਾਰੁ ਇਕਾਂਗ ਲਿਖਿ ਉੜਾ ਓਂਕਾਰੁ ਲਿਖਾਇਆ॥**
**ਸਤਿਨਾਮੁ ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰੁ ਸਦਾਇਆ॥**
**ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ ਭਾਇਆ॥**
**ਗੁਰ ਪਰਸਾਦਿ ਸੁ ਆਦਿ ਸਚੁ ਜੁਗਾਦਿ ਜੁਗਾਂਤਰਿ ਹੋਂਦਾ ਆਇਆ॥**
**ਹੈ ਭੀ ਹੋਸੀ ਸਚੁ ਨਾਉ ਸਚੁ ਦਰਸਣੁ ਸਤਿਗੁਰੂ ਦਿਖਾਇਆ॥**
**ਸ਼ਬਦੁ ਸੁਰਤਿ ਲਿਵਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ॥**
**ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ॥**
**ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥੧॥** *(ਵਾਰ 39, ਪਉੜੀ 1)*

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਪਹਿਲਾਂ ਪਰਮੇਸ਼ਰ ਦਾ ਸਰੂਪ '੧ੴ...ਗੁਰ ਪ੍ਰਸਾਦਿ' ਨਾਲ ਬਿਆਨ ਕੀਤਾ, ਫਿਰ ਉਸ ਪਰਮੇਸ਼ਰ ਵਾਸਤੇ 'ਸੁ' ਸ਼ਬਦ ਵਰਤ ਕੇ ਉਸਦੀ ਹੋਰ ਵਿਆਖਿਆ 'ਆਦਿ ਸਚੁ...ਹੋਸੀ ਭੀ ਸਚੁ' ਨਾਲ ਕਰ ਦਿੱਤੀ। ਭਾਈ ਗੁਰਦਾਸ ਜੀ ਨੇ ਦੋ ਗੁਰ-ਸ਼ਬਦ (1) '੧ੴ...ਗੁਰ ਪ੍ਰਸਾਦਿ', (2) 'ਆਦਿ ਸਚੁ...ਹੋਸੀ ਭੀ ਸਚੁ', ਲੈ ਕੇ ਪਰਮੇਸ਼ਰ ਦਾ ਸਰੂਪ ਬਿਆਨਿਆ ਹੈ।

ਸਿੱਖ ਜਗਤ ਵਿਚ ਕਈ ਗੁਰਸਿੱਖ ਅਜਿਹੇ ਵੀ ਹਨ, ਜੋ ਮੂਲ ਮੰਤਰ ਦਾ ਸਰੂਪ '੧ੴ ਤੋਂ ਗੁਰ ਪ੍ਰਸਾਦਿ' ਤਕ ਨਹੀਂ ਮੰਨਦੇ। ਉਹ ਇਸ ਦਾ ਸਰੂਪ '੧ੴ ਤੋਂ ਹੋਸੀ ਭੀ ਸਚੁ' ਤਕ ਹੋਣਾ ਵਿਸ਼ਵਾਸ ਕਰਦੇ ਹਨ। ਅਜਿਹੇ ਗੁਰਸਿੱਖ ਆਪਣੇ ਵਿਸ਼ਵਾਸ ਦੀ ਪ੍ਰੋੜ੍ਹਤਾ

ਲਈ ਭਾਈ ਗੁਰਦਾਸ ਜੀ ਦੀ ਇਸ ਪਉੜੀ (39:1) ਨੂੰ ਆਧਾਰ ਬਣਾਉਂਦੇ ਹਨ। ਉਹ ਮੂਲ ਮੰਤਰ ਦਾ ਸਰੂਪ ਇਸ ਤਰ੍ਹਾਂ ਦਾ ਬਣਾਉਣ ਦਾ ਯਤਨ ਕਰਦੇ ਹਨ:

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**
**॥ ਜਪੁ ॥**
**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਭਾਈ ਗੁਰਦਾਸ ਜੀ ਨੇ ਪਉੜੀ (39:1) ਵਿਚ 'ੴ...ਗੁਰ ਪ੍ਰਸਾਦਿ' ਅਤੇ 'ਆਦਿ ਸਚੁ...ਹੋਸੀ ਭੀ ਸਚੁ' ਦੇ ਵਿਚਕਾਰ 'ਜਪੁ' ਸ਼ਬਦ ਨਹੀਂ ਲਿਖਿਆ। ਉਹਨਾਂ ਨੇ ਇਥੇ 'ਜਪੁ' ਦੀ ਥਾਂ 'ਸੁ' ਸ਼ਬਦ ਲਿਖਿਆ ਹੈ। ਇਥੇ ਇਹੋ ਹੀ ਇਕ ਵੱਡਾ ਫਰਕ ਹੈ, ਜਿਸ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਦਾ ਕਾਰਨ ਹੈ। ਇਸ ਇੱਕੋ ਨੁਕਤੇ ਨੂੰ ਸਪੱਸ਼ਟ ਕਰਨ ਨਾਲ ਮੂਲ ਮੰਤਰ ਦੇ ਪ੍ਰਮਾਣਿਕ ਸਰੂਪ ਦੀ ਸਾਰੀ ਸਮੱਸਿਆ ਸੁਲਝ ਜਾਵੇਗੀ। 'ਜਪੁ' ਬਾਣੀ ਦਾ ਸਿਰਲੇਖ ਹੈ, ਇਹ ਪਰਮੇਸ਼ਰ ਦਾ ਵਿਸ਼ੇਸ਼ਣੀ ਨਾਮ ਨਹੀਂ ਹੈ। ਇਸ 'ਜਪੁ' ਸ਼ਬਦ ਦੀ ਵਰਤੋਂ ਨਾ ਕਰਨਾ ਅਤੇ 'ਸੁ' ਸ਼ਬਦ ਲਿਖਣਾ ਪੂਰਨ ਰੂਪ ਵਿਚ ਸਹੀ ਹੈ।

ਭਾਈ ਗੁਰਦਾਸ ਜੀ ਦੀ ਵਾਰ 39 ਦੀ ਪਹਿਲੀ ਪਉੜੀ ਉੱਪਰ ਕਲਪਿਤ ਕੀਤੇ ਗਏ ਮੂਲ ਮੰਤਰ 'ੴ... ॥ ਜਪੁ ॥...ਹੋਸੀ ਭੀ ਸਚੁ ॥੧॥' ਦੀ ਪ੍ਰੋੜ੍ਹਤਾ ਨਹੀਂ ਕਰਦੀ। ਇਸ ਦੀ ਪ੍ਰੋੜ੍ਹਤਾ ਤਾਂ ਹੁੰਦੀ ਸੀ, ਜੇਕਰ ਭਾਈ ਗੁਰਦਾਸ ਜੀ 39:1 ਪਉੜੀ ਵਿਚ 'ਸੁ' ਦੀ ਥਾਂ 'ਜਪੁ' ਦੀ ਵਰਤੋਂ ਕਰਦੇ। ਸੋ 'ੴ... ॥ ਜਪੁ ॥...ਨਾਨਕ ਹੋਸੀ ਭੀ ਸਚੁ' ਦਾ ਜੋ ਸਰੂਪ ਹੈ, ਉਹ ਪਉੜੀ 39:1 ਨਾਲ ਨਹੀਂ ਮਿਲਦਾ। ਇਹ ਮੂਲ ਮੰਤਰ ਵੀ ਨਹੀਂ ਬਣਦਾ। ਭਾਈ ਗੁਰਦਾਸ ਜੀ ਦੀ ਪਹਿਲੀ ਰਚਨਾ, ਵਾਰ 3 ਦੀ ਪਉੜੀ 15 ਦੇ ਆਧਾਰ 'ਤੇ ਵੀ ਮੂਲ ਮੰਤਰ ਦਾ ਸਰੂਪ 'ੴ...ਗੁਰ ਪ੍ਰਸਾਦਿ' ਹੀ ਮੰਨਣਯੋਗ ਹੈ।

### 2. ਮੰਗਲਾਚਰਣ – ਜਪੁ – ਸਲੋਕ

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**
**॥ ਜਪੁ ॥**
**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਇਸ ਉਪਰ ਲਿਖਿਆ ਹੋਇਆ ਗੁਰ-ਸ਼ਬਦ ਜਪੁ ਬਾਣੀ ਦਾ ਮੁੱਢਲਾ ਭਾਗ ਹੈ। ਕਈ ਗੁਰਸਿੱਖ ਇਸ ਸ਼ਬਦ ਨੂੰ ਵੀ ਮੂਲ ਮੰਤਰ ਨਾਮ ਦੇਣਾ ਪਸੰਦ ਕਰਦੇ ਹਨ, ਪਰ ਮੂਲ ਮੰਤਰ ਨਾਮ ਪਹਿਲਾਂ ਹੀ ਗੁਰਮਤਿ ਵਿਚਾਰਧਾਰਾ ਅਨੁਸਾਰ 'ੴ...ਗੁਰ ਪ੍ਰਸਾਦਿ' ਨੂੰ ਦਿੱਤਾ ਹੋਇਆ ਮਿਲਦਾ ਹੈ। ਇਸ ਲਈ ਦੋਹਾਂ ਨੂੰ ਅਲੱਗ ਅਲੱਗ ਸੰਕੇਤ ਕਰਨ ਲਈ ਇਕ ਨਵਾਂ ਨਾਮ ਰੱਖਣਾ ਪਵੇਗਾ। ਉਪਰ ਲਿਖੇ 'ੴ... ॥ ਜਪੁ ॥...ਹੋਸੀ ਭੀ ਸਚੁ ॥੧॥' ਸ਼ਬਦ ਨੂੰ ਦੱਸਣ ਤੇ ਬੁਲਾਉਣ ਲਈ ਇਸ ਦਾ ਨਾਮ ਮੰਗਲਾਚਰਣ – ਜਪੁ – ਸਲੋਕ ਰੱਖ ਲੈਣ ਨਾਲ ਮਨੋਰਥ ਪੂਰਾ ਹੋ ਸਕਦਾ ਹੈ, ਕਿਉਂਕਿ ਇਹ ਨਾਮ ਇਸ ਦੀ ਬਣਤਰ ਨੂੰ ਪੂਰੀ ਤਰ੍ਹਾਂ ਚਿੱਤਰ ਕੇ ਪ੍ਰਗਟ ਕਰਦਾ ਹੈ। ਇਸ ਸ਼ਬਦ ਦਾ ਇਹ ਨਾਮ ਇਸ ਕਰਕੇ ਦਿੱਤਾ ਗਿਆ ਹੈ, ਕਿਉਂਕਿ ਇਸ ਵਿਚ ਤਿੰਨ ਅਲੱਗ ਅਲੱਗ ਵਿਸ਼ੇ ਜਾਂ ਮਦਾਂ – (1) ਮੂਲ ਮੰਤਰ, ਮੰਗਲਾਚਰਣ; (2) ਜਪੁ, ਬਾਣੀ ਦਾ ਨਾਮ; (3) ਸਲੋਕ, ਆਦਿ ਸਚੁ...ਹੋਸੀ ਭੀ ਸਚੁ ॥੧॥ ਸੰਮਿਲਤ ਹਨ।

ਇਸ ਦਾ ਭਾਈ ਗੁਰਦਾਸ ਜੀ ਦੀ ਵਾਰ 39:1 ਨਾਲ ਸਬੰਧ ਨਹੀਂ ਹੈ ਅਤੇ ਇਹ ਇਕ ਸਮੁੱਚੀ ਇਕਾਈ ਵੀ ਨਹੀਂ ਬਣਾਉਂਦਾ। ਹੁਣ ਅਸੀਂ ਇਸ ਮੰਗਲਾਚਰਣ – ਜਪੁ – ਸਲੋਕ ਦੇ ਵੱਖ-ਵੱਖ ਪੱਖਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਦੇ ਹਾਂ।

## 2.1 ਮੰਗਲਾਚਰਣ ਰੂਪ ਵਿਚ ਮੂਲ ਮੰਤਰ

'ੴ ਤੋਂ ਲੈ ਕੇ ਗੁਰ ਪ੍ਰਸਾਦਿ' ਤਕ ਦਾ ਜੋ ਗੁਰਵਾਕ ਇਥੇ ਲਿਖਿਆ ਹੋਇਆ ਹੈ, ਉਹ ਜਪੁ ਬਾਣੀ ਦੇ ਸ਼ੁਰੂ ਵਿਚ ਮੰਗਲਾਚਰਣ ਦੇ ਰੂਪ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੰਗਲਾਚਰਣ ਦੇ ਕਈ ਹੋਰ ਸੰਖੇਪ ਰੂਪ ਵੀ ਮਿਲਦੇ ਹਨ। ਇਹ ਸੰਪੂਰਨ ਮੰਗਲਾਚਰਣ ਮੂਲ ਮੰਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦਾ ਕਿਸੇ ਇਕ ਵਿਸ਼ੇਸ਼ ਬਾਣੀ ਜਾਂ ਸ਼ਬਦ ਨਾਲ ਸੰਬੰਧ ਨਹੀਂ ਹੈ। ਇਹ ਆਪਣੇ ਆਪ ਵਿਚ ਸੁਤੰਤਰ ਹੋਂਦ ਰੱਖਦਾ ਹੈ, ਪਰ ਇਸ ਨੂੰ ਮੰਗਲਾਚਰਣ ਦੇ ਰੂਪ ਵਿਚ ਗੁਰਬਾਣੀ ਦੇ ਮੁੱਢ ਵਿਚ ਲਿਖ ਦਿੱਤਾ ਜਾਂਦਾ ਹੈ, ਕਿਉਂਕਿ ਇਸ ਵਿਚ ਦਿੱਤੇ ਹੋਏ ਪ੍ਰਧਾਨ ਵਿਸ਼ੇ ਦੀ ਹੀ ਗੁਰਬਾਣੀ ਦੇ ਸ਼ਬਦਾਂ ਵਿਚ ਵਿਆਖਿਆ ਕੀਤੀ ਹੋਈ ਹੁੰਦੀ ਹੈ। ਮੌਜੂਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਮੂਲ ਮੰਤਰ ਮੰਗਲਾਚਰਣ (ੴ ਤੋਂ ਗੁਰ ਪ੍ਰਸਾਦਿ ਤਕ) ਦੇ ਰੂਪ ਵਿਚ ਕੇਵਲ 33 ਵਾਰ ਆਇਆ ਹੈ :

| **ਵੇਰਵਾ** | **ਗਿਣਤੀ** |
|---|---|
| ਰਾਗਾਂ ਦੇ ਸ਼ੁਰੂ ਵਿਚ | 26 |
| ਰਾਗ ਆਸਾ ਵਾਰ ਮਹਲਾ ੧ | 1 |
| ਰਾਗ ਆਸਾ, ਬਾਣੀ ਭਗਤ ਕਬੀਰ ਜੀ | 1 |
| ਸਹਸਕ੍ਰਿਤੀ ਸਲੋਕ ਮ: ੧ | 1 |
| ਸਹਸਕ੍ਰਿਤੀ ਸਲੋਕ ਮ: ੫ | 1 |
| ਸਵਯੇ ਮ: ੫ | 1 |
| ਸਲੋਕ ਵਾਰਾਂ ਤੇ ਵਧੀਕ | 1 |
| ਜਪੁ ਬਾਣੀ ਤੋਂ ਪਹਿਲਾਂ | 1 |
| **ਮੂਲ ਮੰਤਰ ਮੰਗਲਾਚਰਣ ਦਾ ਜੋੜ** | 33 |

ਇਸ ਤਰ੍ਹਾਂ ਮੰਗਲਾਚਰਣ ਰੂਪ ਵਿਚ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਭਾਗ ਵਿਚ 33 ਸਥਾਨਾਂ ਉੱਤੇ ਲਿਖਿਆ ਮਿਲਦਾ ਹੈ, ਪਰ ਕਰਤਾਰਪੁਰ ਵਾਲੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ 'ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ' ਦੇ ਸ਼ੁਰੂ ਵਿਚ ਵੀ ਮੂਲ ਮੰਤਰ ਲਿਖਿਆ ਹੋਇਆ ਹੈ। ਮੂਲ ਮੰਤਰ ਦਾ ਮੰਗਲਾਚਰਣ ਦੇ ਰੂਪ ਵਿਚ ਇਸ ਤਰ੍ਹਾਂ ਵੱਖ-ਵੱਖ ਪ੍ਰਸੰਗਾਂ ਵਿਚ ਲਿਖਿਆ ਜਾਣਾ ਇਹ ਸੰਕੇਤ ਕਰਦਾ ਹੈ ਕਿ ਇਹ ਇਕ ਪੂਰਨ ਰਚਨਾ ਹੈ ਅਤੇ ਇਸਦੀ ਆਪਣੀ ਸੁਤੰਤਰ ਹੋਂਦ ਹੈ। ਇਸ ਨੂੰ ਸਭ ਤੋਂ ਪਹਿਲਾ ਸਥਾਨ ਦਿੱਤਾ ਜਾਂਦਾ ਹੈ ਅਤੇ ਫਿਰ ਹੋਰ ਰਚਨਾ ਜਾਂ ਨਵਾਂ ਵਿਸ਼ਾ ਸ਼ੁਰੂ ਕੀਤਾ ਜਾਂਦਾ ਹੈ।

## 2.2 ॥ ਜਪੁ ॥

ਸ਼ਬਦ 'ਜਪੁ' ਇਥੇ ਬਾਣੀ ਦਾ ਸਿਰਲੇਖ ਹੈ, ਇਸੇ ਕਰਕੇ ਇਸ ਬਾਣੀ ਲਈ 'ਜਪੁ ਜੀ', 'ਜਪੁ ਬਾਣੀ', 'ਜਪੁ ਨੀਸਾਣੁ' ਆਦਿ ਨਾਂਵ ਵਰਤੇ ਜਾਂਦੇ ਹਨ। ਇਸ ਬਾਣੀ ਦਾ ਨਾਮ 'ਜਪੁ' ਹੋਣ ਦਾ ਪਤਾ ਸਾਨੂੰ ਸ੍ਰੀ ਆਦਿ ਗ੍ਰੰਥ ਸਾਹਿਬ (ਪੰਚਮ ਪਾਤਸ਼ਾਹ ਵੱਲੋਂ ਭਾਈ ਗੁਰਦਾਸ ਜੀ ਤੋਂ ਤਿਆਰ ਕਰਵਾਇਆ, ਜੋ ਇਸ ਸਮੇਂ ਕਰਤਾਰਪੁਰ ਵਿਖੇ ਹੈ) ਤੇ ਤਤਕਰੇ ਵਿਚ ਦਿੱਤੀ ਸੂਚਨਾ 'ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲੁ' ਤੋਂ ਵੀ ਲੱਗਦਾ ਹੈ। ਜਿਵੇਂ ਸਿਰਲੇਖਾਂ ਵਾਲੀਆਂ ਅਨੇਕਾਂ ਹੋਰ ਬਾਣੀਆਂ 'ਸੋ ਦਰੁ', 'ਸੋ ਪੁਰਖੁ', 'ਸੋਹਿਲਾ' ਆਦਿ ਹਨ ਅਤੇ ਉਹਨਾਂ ਦੇ ਸਿਰਲੇਖ ਤਤਕਰੇ ਵਿਚ ਦਿੱਤੇ ਹੋਏ ਹਨ, ਉਵੇਂ ਹੀ 'ਜਪੁ' ਬਾਣੀ ਦਾ ਨਾਮ ਹੈ ਅਤੇ ਇਸ ਦਾ ਸਿਰਲੇਖ ਤਤਕਰੇ ਵਿਚ ਦਿੱਤਾ ਗਿਆ ਹੈ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਮਦਮੀ ਸਰੂਪ ਵਿਚ ਇਸ ਬਾਣੀ ਦੀ ਤਤਕਰੇ ਵਿਚ 'ਜਪੁ ਨੀਸਾਣੁ' ਪ੍ਰਤੀਕ ਦਿੱਤੀ ਹੋਈ ਮਿਲਦੀ ਹੈ। ਸੋ 'ਜਪੁ' ਸਿਰਲੇਖ ਹੈ ਜਪੁ ਬਾਣੀ ਦਾ।

ਜਨਮਸਾਖੀਆਂ ਵਿਚ ਵੀ ਇਸ ਬਾਣੀ ਦਾ ਨਾਮ 'ਜਪੁ' ਮਿਲਦਾ ਹੈ। ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ ਮਿਹਰਵਾਨ ਵਿਚ ਵੀ ਇਸ ਦਾ ਇਹੋ ਨਾਮ ਦੱਸਿਆ ਗਿਆ ਹੈ :

**ਇਹ ਜਪੁ ਕਰਤੇ ਪੁਰਖ ਕਾ ਸਚੁ ਨਾਨਕ ਕੀਆ ਬਖਾਨ।**
**ਜਗਤ ਉਧਾਰਨ ਕਾਰਨੋ ਪ੍ਰਭੂ ਹੋਆ ਫਰਮਾਨ।**

ਲਗਭਗ ਸਾਰੀਆਂ ਪ੍ਰਾਚੀਨ ਜਨਮਸਾਖੀਆਂ ਵਿਚ ਜਿਥੇ ਜਿਥੇ ਵੀ 'ਜਪੁ' ਦੀ ਉਥਾਨਕਾ ਦਿੱਤੀ ਹੋਈ ਮਿਲਦੀ ਹੈ, ਉਥੇ ਇਸ ਬਾਣੀ ਦਾ ਨਾਮ 'ਜਪੁ' ਲਿਖਿਆ ਹੈ। ਇਹ ਬਾਣੀ 'ਆਦਿ ਸਚੁ...ਨਾਨਕ ਹੋਸੀ ਭੀ ਸਚੁ' ਲਿਖ ਕੇ ਸ਼ੁਰੂ ਕੀਤੀ ਹੋਈ ਮਿਲਦੀ ਹੈ। ਇਸ ਤੋਂ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਇਹ 'ਜਪੁ' ਬਾਣੀ ਦਾ ਸਿਰਲੇਖ ਹੀ ਹੈ।

ਗੁਰਬਾਣੀ ਵਿਚ 'ਜਪੁ' ਸ਼ਬਦ ਭਾਵੇਂ ਕ੍ਰਿਆ ਰੂਪ ਵਿਚ (ਜਪੋ ਦੇ ਅਰਥ ਵਿਚ) ਵਰਤਿਆ ਗਿਆ ਮਿਲਦਾ ਹੈ, ਪਰ ਇਥੇ ਇਹ ਜਿਸ ਪ੍ਰਸੰਗ ਵਿਚ ਵਰਤਿਆ ਹੋਇਆ ਹੈ, ਉਹ ਬਾਣੀ ਦੇ ਸਿਰਲੇਖ ਦਾ ਨਾਮ 'ਜਪੁ' ਦੱਸਣ ਵਾਸਤੇ ਹੈ। ਇਥੇ 'ਜਪੁ' ਨੂੰ ਦੋਹਾਂ ਪਾਸੇ ਦੋ ਦੋ ਡੰਡੀਆਂ ਲਗਾ ਕੇ '॥ ਜਪੁ ॥' ਲਿਖਿਆ ਹੋਇਆ ਹੈ। ਇਸ '॥ ਜਪੁ ॥' ਦਾ ਉਪਰ ਵਾਲੇ ਜਾਂ ਥੱਲੇ ਵਾਲੇ ਗੁਰਬਾਣੀ ਦੇ ਹਿੱਸੇ ਨਾਲ, ਇਸ ਦੇ 'ਜਪੋ' ਅਰਥ ਕਰਕੇ ਸਬੰਧ ਜੋੜਿਆ ਜਾਣਾ ਉਚਿਤ ਨਹੀਂ ਹੈ। ਇਸ 'ਜਪੁ' ਨੂੰ ਪਰਮਾਤਮਾ ਦੀ ਵਿਸ਼ੇਸ਼ਤਾ ਦੱਸਣ ਲਈ ਨਾਮ ਦੇ ਰੂਪ ਵਿਚ ਵੀ ਨਹੀਂ ਲਿਆ ਜਾ ਸਕਦਾ, ਕਿਉਂਕਿ ਇਥੇ ਇਹ ਕੇਵਲ ਤੇ ਕੇਵਲ ਬਾਣੀ ਦੇ ਸਿਰਲੇਖ ਵਾਸਤੇ ਵਰਤਿਆ ਗਿਆ ਹੈ। ਸਿਰਲੇਖ ਦੇ ਰੂਪ ਵਿਚ ਲਿਖਿਆ ਸ਼ਬਦ '॥ ਜਪੁ ॥' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਵਾਰ ਹੀ ਆਇਆ ਹੈ, ਕਿਉਂਕਿ ਇਸ ਵਿਚ 'ਜਪੁ' ਬਾਣੀ ਇੱਕ ਵਾਰ ਲਿਖੀ ਹੋਈ ਹੈ।

## 2.3 'ਆਦਿ ਸਚੁ...ਹੋਸੀ ਭੀ ਸਚੁ ॥੧॥'

'ਆਦਿ ਸਚੁ...ਹੋਸੀ ਭੀ ਸਚੁ ॥੧॥' ਇਹ ਇਕ ਸਲੋਕ ਹੈ, ਜੋ ਜਪੁ ਬਾਣੀ ਦੇ ਸ਼ੁਰੂ ਵਿਚ ਰੱਖਿਆ ਗਿਆ ਹੈ। ਇਹ ਇਕ ਸੁਤੰਤਰ ਸਲੋਕ ਰੂਪੀ ਗੁਰ-ਸ਼ਬਦ ਹੈ, ਜੋ ਕਾਵਿ ਰੂਪ ਵਿਚ ਹੈ। ਇਹ ਮਾਤ੍ਰਿਕ ਭੇਦ ਸਹਿਤ ਰਾਗ ਗਉੜੀ ਵਿਚ ਸੁਖਮਨੀ ਦੀ 17ਵੀਂ ਅਸ਼ਟਪਦੀ ਦੇ ਆਦਿ ਵਿਚ ਵੀ ਆਉਂਦਾ ਹੈ।

'ਜਪੁ' ਬਾਣੀ ਦੀ ਬਣਤਰ ਵੇਖਿਆਂ ਇਹ ਉਪਰ ਲਿਖਿਆ ਨੁਕਤਾ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ। ਇਸ ਬਾਣੀ ਦੇ ਸ਼ੁਰੂ ਵਿਚ ਮੰਗਲਾਚਰਣ ਹੈ, ਜੋ '੧ਓ ਤੋਂ ਗੁਰ ਪ੍ਰਸਾਦਿ' ਤਕ ਹੈ। ਫਿਰ 'ਜਪੁ' ਹੈ, ਜੋ ਜਪਣ ਲਈ ਰਚੀ ਇਸ ਰਚਨਾ ਦਾ ਨਾਂ ਹੈ। 'ਜਪੁ' ਬਾਣੀ ਵਿਚ ਅਠੱਤੀ ਪਉੜੀਆਂ ਅਤੇ ਦੋ ਸਲੋਕ ਹਨ। ਦੋ ਸਲੋਕਾਂ ਵਿੱਚੋਂ ਇਕ 'ਆਦਿ ਸਚੁ...ਹੋਸੀ ਭੀ ਸਚੁ ॥੧॥' ਪਉੜੀਆਂ ਸ਼ੁਰੂ ਹੋਣ ਤੋਂ ਪਹਿਲਾਂ ਮੁੱਢ ਵਿਚ ਹੈ। ਦੂਸਰਾ ਸਲੋਕ 'ਪਵਣੁ ਗੁਰੂ...ਕੇਤੀ ਛੁਟੀ ਨਾਲਿ ॥੧॥' ਪਉੜੀਆਂ ਪੂਰੀਆਂ ਹੋਣ ਪਿੱਛੋਂ ਅੰਤ ਵਿਚ ਲਿਖਿਆ ਹੈ। ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਦੂਜੀ (ਪੋਥੀ ਹਰਿ ਜੀ) ਵਿਚ 'ਜਪੁ' ਬਾਣੀ ਨੂੰ ਤਰਤੀਬ ਦੇਣ

ਸੰਬੰਧੀ ਵੇਰਵਾ ਵਿਸਥਾਰ ਸਹਿਤ ਮਿਲਦਾ ਹੈ। ਇਸ ਵਿਚ ਸਲੋਕ 'ਆਦਿ ਸਚੁ...ਹੋਸੀ ਭੀ ਸਚੁ ॥੧॥' ਨੂੰ ਜਪੁ ਦੇ ਮੁੱਢ ਵਿਚ ਰੱਖੇ ਜਾਣ ਦੀ ਸੂਚਨਾ ਮਿਲਦੀ ਹੈ :

**ਤਾਂ ਫਿਰਿ ਗੁਰੂ ਬਾਬੇ ਨਾਨਕ ਜੀ ਪਾਸਿ, ਸੇਵਕ ਅੰਗਦ ਬੇਨਤੀ ਕੀਤੀ, 'ਜੀ ਜੀ, ਭਲਾ ਹੋਇ। ਜਿ ਕਿਛੁ ਤੂ ਕਹਹਿ ਸੋਈ ਜਪੁ।' ਤਬ ਗੁਰੂ ਬਾਬਾ ਨਾਨਕ ਪਰਮੇਸ਼ਰ ਪਾਰਬ੍ਰਹਮ ਕੀ ਉਸਤਤਿ, ਸਿਫਤਿ ਸਲਾਹ ਕੀ ਕਾ, ਜਪੁ ਕੀਤਾ, ਸੰਸਾਰ ਪਾਪੀ ਨਿਸਤਾਰਨ ਕੇ ਤਾਈ। ਤਾਂ ਫਿਰਿ ਬਾਬਾ ਨਾਨਕ ਜੀ ਆਗਿਆ ਪਰਮੇਸਰ ਕੀ ਨਾਲਿ ਬੋਲਿਆ ਜੀ:**

**ਆਦਿ ਸਚੁ ਜੁਗਾਦਿ ਸਚੁ ॥**<br>
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

**ਏਹੁ ਸਲੋਕੁ ਮੁਢੁ ਜਪ ਦਾ, ਗੁਰੂ ਬਾਬੇ ਨਾਨਕ ਜੀ ਰਖਿਆ। ਫਿਰ ਅੰਗਦ ਸਿਖ ਕਉ ਆਗਿਆ ਕੀਤੀਅਨੁ, ਜਿ ਪੁਰਖਾ ! ਤੂ ਜਿ ਹੈ, ਸਿ ਹੋਵੈ ਹਾਂ। ਜਿਥੇ ਜਿਥੇ ਮੇਰੇ ਆਖਣ ਦੀਆਂ ਪਉੜੀਆਂ ਸਲੋਕ ਹੋਨਿ, ਸਿ ਤੂ, ਓਹਿ ਸਲੋਕ, ਸ਼ਬਦ ਲੈ ਕੇ ਸੋਦਰੁ ਸਹਿ, ਏਸੇ ਜਪ ਵਿਚਿ ਆਦਿ ਆਦਿ ਬਣਾਇ, ਅਤੈ ਮੈਨੂੰ ਸੁਣਾਇਦਾ ਜਾਹਿ।**

*('ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਸੈਂਚੀ ਦੂਜੀ, ਪੰਨਾ 24950)*

## 2.4 ਮੰਗਲਾਚਰਣ – ਜਪੁ – ਸਲੋਕ ਤੇ ਭਾਈ ਗੁਰਦਾਸ

ਇਹ ਪਹਿਲਾਂ ਲਿਖਿਆ ਜਾ ਚੁੱਕਿਆ ਹੈ ਕਿ ਤਿੰਨ ਮੱਦਾਂ ਜਾਂ ਵਿਸ਼ਿਆਂ ਵਾਲਾ ਮੰਗਲਾਚਰਣ – ਜਪੁ – ਸਲੋਕ ਜਪੁ ਬਾਣੀ ਦਾ ਸ਼ੁਰੂ ਭਾਗ '੧ਓ... ॥ ਜਪੁ ॥...ਹੋਸੀ ਭੀ ਸਚੁ ॥੧॥' ਅਤੇ ਭਾਈ ਗੁਰਦਾਸ ਜੀ ਦੀ ਵਾਰ 39 ਦੀ ਪਹਿਲੀ ਪਉੜੀ ਵਿਚ ਪਰਮੇਸ਼ਰ ਦੇ ਸਰੂਪ ਵਰਣਨ ਵਾਲੇ ਭਾਗ '੧ਓ...ਸੁ..ਹੈ ਭੀ ਹੋਸੀ' ਵਿਚ ਮੁੱਖ ਫਰਕ 'ਜਪੁ'-'ਸੁ' ਦਾ ਹੈ। ਭਾਈ ਗੁਰਦਾਸ ਜੀ ਪਰਮੇਸ਼ਰ ਦਾ ਸਰੂਪ ਵਰਣਨ ਕਰਨ ਲਈ ਪਹਿਲਾਂ '੧ਓ ਤੋਂ ਗੁਰ ਪ੍ਰਸਾਦਿ' ਤਕ ਦੀ ਵਰਤੋਂ ਕਰਦੇ ਹਨ, ਫਿਰ ਉਸੇ ਪਰਮੇਸ਼ਰ ਬਾਰੇ 'ਸੁ' ਸ਼ਬਦ ਵਰਤ ਕੇ ਹੋਰ ਵਿਆਖਿਆ 'ਆਦਿ ਸਚੁ...ਹੈ ਭੀ ਹੋਸੀ' ਨਾਲ ਕਰਦੇ ਹਨ। ਉਹ ਇਸ ਵਰਣਨ ਵਿਚ 'ਜਪੁ' ਸ਼ਬਦ ਦੀ ਵਰਤੋਂ ਨਹੀਂ ਕਰਦੇ। ਭਾਈ ਗੁਰਦਾਸ ਜੀ ਜਦੋਂ ਪਰਮੇਸ਼ਰ ਦਾ ਸਰੂਪ ਬਿਆਨ ਕਰਦੇ ਹਨ ਤਾਂ ਉਹ ਤਿੰਨਾਂ ਮੱਦਾਂ ਵਾਲਾ ਜਪੁ ਜੀ ਦਾ ਸ਼ੁਰੂ ਭਾਗ ਆਪਣੇ ਸਾਹਮਣੇ ਨਹੀਂ ਰੱਖ ਰਹੇ। ਜੇਕਰ ਉਹਨਾਂ ਨੇ ਤਿੰਨਾਂ ਮੱਦਾਂ ਵਾਲੇ ਜਪੁ ਜੀ ਦੇ ਸ਼ੁਰੂ ਭਾਗ ਦੀ ਵਿਆਖਿਆ ਕਰਨੀ ਹੁੰਦੀ ਤਾਂ ਉਹ 'ਸੁ' ਸ਼ਬਦ ਨਾ ਵਰਤਦੇ, ਇਸ ਦੀ ਥਾਂ 'ਜਪੁ' ਸ਼ਬਦ ਨੂੰ ਜ਼ਰੂਰ ਵਿਸਥਾਰਦੇ ਜੋ ਕਿ ਇਸ ਦਾ ਅਨਿੱਖੜਵਾਂ ਅੰਗ ਹੈ। ਸੋ ਭਾਈ ਗੁਰਦਾਸ ਜੀ ਦੀ ਵਾਰ 39 ਦੀ ਪਹਿਲੀ ਪਉੜੀ ਤੋਂ ਇਸ ਤਿੰਨਾਂ ਮੱਦਾਂ ਵਾਲੇ '੧ਓ... ॥ ਜਪੁ॥...ਹੋਸੀ ਭੀ ਸਚੁ ॥੧॥' ਦੀ ਪ੍ਰੋੜ੍ਹਤਾ ਨਹੀਂ ਹੁੰਦੀ। ਭਾਈ ਗੁਰਦਾਸ ਜੀ ਇਸ ਪਉੜੀ ਵਿਚ ਪਰਮੇਸ਼ਰ ਦਾ ਸਰੂਪ '੧ਓ...ਗੁਰ ਪ੍ਰਸਾਦਿ' ਰਾਹੀਂ ਅਤੇ ਫਿਰ 'ਆਦਿ ਸਚੁ...ਹੋਸੀ ਭੀ ਸਚੁ' ਰਾਹੀਂ ਬਿਆਨ ਕਰ ਰਹੇ ਹਨ।

## 2.5 ਮੰਗਲਾਚਰਣ – ਜਪੁ – ਸਲੋਕ ਇਕਾਈ ਨਹੀਂ

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ '੧ਓ...ਗੁਰ ਪ੍ਰਸਾਦਿ' ਦੇ ਨਾਲ 'ਜਪੁ' ਤੇ 'ਆਦਿ ਸਚੁ...ਹੋਸੀ ਭੀ ਸਚੁ ॥੧॥' ਜੋੜ ਕੇ ਇਸ ਨੂੰ ਇਕ ਯੂਨਿਟ ਜਾਂ ਇਕਾਈ ਨਹੀਂ ਬਣਾਇਆ ਜਾ ਸਕਦਾ, ਕਿਉਂਕਿ ਇਹ ਤਿੰਨੇ ਵੱਖ-ਵੱਖ ਮਨੋਰਥਾਂ ਲਈ ਲਿਖੇ ਗਏ ਤਿੰਨ ਸੁਤੰਤਰ ਵਿਸ਼ੇ ਜਾਂ ਮੱਦਾਂ ਹਨ। ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਲਿਖੀ ਹੋਈ 'ਜਪੁ' ਬਾਣੀ ਵੇਖਣ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਜਪੁ ਦੇ ਸ਼ੁਰੂ ਭਾਗ ਦੀਆਂ ਇਹਨਾਂ ਤਿੰਨੇ ਮੱਦਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਕੇ, ਲਿਖਾਈ ਵਿਚ ਖਾਲੀ ਥਾਂ ਛੱਡ ਕੇ, ਲਿਖਵਾਈਆਂ ਸਨ। ਪਹਿਲੇ ਵਰਕੇ ਦੇ ਸ਼ੁਰੂ ਭਾਗ ਵਿਚ ਅੱਧੇ ਸਫੇ ਉੱਤੇ ਕੇਵਲ ਇਹ ਤਿੰਨੇ ਹੀ ਸੁਸ਼ੋਭਿਤ ਹਨ। ਸਭ ਤੋਂ ਪਹਿਲਾਂ ਉਪਰਲੇ ਭਾਗ ਦੇ ਕੇਂਦਰ ਵਿਚ **'੧ਓ...ਗੁਰ ਪ੍ਰਸਾਦਿ'** ਹੈ। ਇਸ ਦੇ ਸੰਪੂਰਨ ਹੋਣ 'ਤੇ

ਦੋ ਡੰਡੀਆਂ ਲੱਗੀਆਂ ਹੋਈਆਂ ਹਨ। ਅੱਗੇ ਥੋੜ੍ਹਾ ਜਿਹਾ ਥਾਂ ਦੇ ਕੇ **'ਜਪੁ'** ਲਿਖਿਆ ਹੋਇਆ ਹੈ ਅਤੇ ਇਸ ਦੇ ਦੋਹੀਂ ਪਾਸੇ ਦੋ ਦੋ ਡੰਡੀਆਂ ਫਿਰ ਲਗਾ ਦਿੱਤੀਆਂ ਹਨ, ਇਹ ਦੱਸਣ ਲਈ ਕਿ 'ਜਪੁ' ਸ਼ਬਦ '੧ੴ...ਗੁਰਪ੍ਰਸਾਦਿ' ਦੇ ਨਾਲ ਜੁੜਿਆ ਹੋਇਆ ਨਹੀਂ ਹੈ, ਸਗੋਂ ਇਹ ਸੁਤੰਤਰ ਹੈ। ਇਸ ਦੇ ਨਾਲ ਜੋ ਥੋੜ੍ਹਾ ਜਿਹਾ ਥਾਂ ਬਚਿਆ, ਉਸ ਵਿਚ ਫਿਰ ਦੋ ਵਾਰ ਦੋ ਦੋ ਡੰਡੀਆਂ ਲਗਾ ਦਿੱਤੀਆਂ। ਇਸ ਤੋਂ ਅੱਗੇ ਦੋ ਲਾਈਨਾਂ ਦੀ ਥਾਂ ਖਾਲੀ ਛੱਡ ਦਿੱਤੀ। ਫਿਰ 'ਆਦਿ ਸਚੁ...ਹੋਸੀ ਭੀ ਸਚੁ ॥੧॥' ਇੱਕੋ ਲਾਈਨ ਵਿਚ ਦੋ ਭਾਗਾਂ ਵਿਚ ਵੰਡ ਕੇ ਲਿਖ ਦਿੱਤਾ। ਇਸ ਤੋਂ ਬਾਅਦ ਦੋ ਲਾਈਨਾਂ ਦੀ ਥਾਂ ਖਾਲੀ ਛੱਡ ਕੇ ਜਪੁ ਬਾਣੀ ਦੀ ਪਹਿਲੀ ਪਉੜੀ 'ਸੋਚੈ ਸੋਚਿ ਨ ਹੋਵਈ...' ਲਿਖਣੀ ਸ਼ੁਰੂ ਕੀਤੀ। 'ਆਦਿ ਸਚੁ...ਹੋਸੀ ਭੀ ਸਚੁ ॥੧॥' ਦੇ ਦੋਹੀਂ ਪਾਸੋਂ ਉਪਰ ਤੇ ਥੱਲੇ ਦੋ ਦੋ ਲਾਈਨਾਂ ਦੀ ਖਾਲੀ ਥਾਂ ਛੱਡਣਾ ਇਸ ਨੂੰ ਵੱਖਰਾ ਤੇ ਨਿਵੇਕਲਾ ਕਰਨ ਲਈ ਸੰਕੇਤ ਜਾਪਦਾ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਕਈ ਪੁਰਾਤਨ ਲਿਖਾਰੀਆਂ ਵੱਲੋਂ ਵੀ 'ਜਪੁ' ਦਾ ਸ਼ੁਰੂ ਵਾਲਾ ਹਿੱਸਾ 'ਮੰਗਲਾਚਰਣ – ਜਪੁ – ਸਲੋਕ' ਲਗਭਗ ਇਸੇ ਢੰਗ ਨਾਲ ਹੀ ਲਿਖਿਆ ਗਿਆ ਮਿਲਦਾ ਹੈ। ਭਾਈ ਗੁਰਦਾਸ ਜੀ ਦੇ ਇਸ ਤਰ੍ਹਾਂ ਲਿਖਣ ਢੰਗ ਤੋਂ ਵੀ ਇਹ ਤਿੰਨੇ ਮੱਦਾਂ ਇਕ ਇਕਾਈ ਨਹੀਂ ਬਣਾਉਂਦੀਆਂ। ਸੋ ਮੰਗਲਾਚਰਣ – ਜਪੁ – ਸਲੋਕ ਦੀਆਂ ਤਿੰਨ ਵੱਖ-ਵੱਖ ਮੱਦਾਂ ਨੂੰ ਸਮਝ ਕੇ ਇਸ ਨੂੰ ਮੂਲ ਮੰਤਰ ਕਹਿਣਾ ਭਾਰੀ ਭੁੱਲ ਹੈ।

ਇਸ ਨੁਕਤੇ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ ਕਿ '੧ੴ... ॥ ਜਪੁ ॥...ਹੋਸੀ ਭੀ ਸਚੁ ॥' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਵਾਰ ਦੁਹਰਾਇਆ ਨਹੀਂ ਗਿਆ। ਜੇਕਰ ਇਹ ਮੂਲ ਮੰਤਰ ਹੁੰਦਾ ਤਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਗੁਰੂ ਸਾਹਿਬਾਂ ਵੱਲੋਂ ਵੀ ਕਈ ਵਾਰ ਲਿਖਿਆ ਜਾਣਾ ਸੀ, ਪਰ ਅਜਿਹਾ ਨਹੀਂ ਹੋਇਆ। ਇਹ ਮੰਗਲਾਚਰਣ – ਜਪੁ – ਸਲੋਕ ਕੇਵਲ ਉਥੇ ਹੀ ਲਿਖਿਆ ਗਿਆ, ਜਿਥੇ ਜਪੁ ਬਾਣੀ ਹੈ, ਕਿਉਂਕਿ ਇਹ ਕੋਈ ਸੁਤੰਤਰ ਰਚਨਾ ਨਹੀਂ ਹੈ, ਇਹ ਜਪੁ ਬਾਣੀ ਦਾ ਸ਼ੁਰੂ ਵਾਲਾ ਹਿੱਸਾ ਹੈ। ਇਸ ਦੇ ਮੂਲ ਮੰਤਰ ਹੋਣ ਦੀ ਜਾਣਕਾਰੀ ਬਾਰੇ ਲਿਖਤੀ ਵੇਰਵਾ ਸਿੱਖ ਸਾਹਿਤ, ਜਨਮਸਾਖੀਆਂ ਤੇ ਇਤਿਹਾਸ ਵਿੱਚੋਂ ਕਿਤੋਂ ਵੀ ਨਹੀਂ ਮਿਲਦਾ। ਕਈ ਪੁਰਾਤਨ ਹੱਥ-ਲਿਖਤਾਂ ਵਿਚ ਜਦੋਂ ਸਾਨੂੰ 'ਜਪੁ' ਬਾਣੀ ਲਿਖੀ ਹੋਈ ਮਿਲਦੀ ਹੈ ਤਾਂ ਉਹ 'ਜਪੁ' ਤੋਂ ਸ਼ੁਰੂ ਹੁੰਦੀ ਹੈ ਅਤੇ 'ਆਦਿ ਸਚੁ...ਹੋਸੀ ਭੀ ਸਚੁ' ਉਸ ਵਿਚ ਸ਼ੁਰੂ ਦਾ ਸਲੋਕ ਹੁੰਦਾ ਹੈ। 'ਜਪੁ' ਦੇ ਉਪਰ '੧ੴ...ਗੁਰਪ੍ਰਸਾਦਿ' ਮੂਲ ਮੰਤਰ ਰੂਪੀ ਮੰਗਲਾਚਰਣ ਬਹੁਤ ਥਾਵਾਂ ਉੱਤੇ ਲਿਖਿਆ ਹੋਇਆ ਨਹੀਂ ਵੀ ਹੁੰਦਾ। ਜੇਕਰ '੧ੴ... ॥ ਜਪੁ ॥...ਹੋਸੀ ਭੀ ਸਚੁ ॥੧॥ ਇਕ ਅਟੁੱਟ ਤੇ ਅਨਿੱਖੜਵੀਂ ਸਾਂਝੀ ਇਕਾਈ ਹੁੰਦਾ ਤਾਂ ਇਹ ਇਸ ਤਰ੍ਹਾਂ ਅਲੱਗ ਅਲੱਗ ਕਰਕੇ ਲਿਖਿਆ ਹੋਇਆ ਨਹੀਂ ਹੋਣਾ ਚਾਹੀਦਾ ਸੀ।

ਮੰਗਲਾਚਰਣ – ਜਪੁ – ਸਲੋਕ ਦੇ ਅੰਤ ਵਿਚ ਅੰਕ ਏਕਾ '॥੧॥' ਲੱਗਿਆ ਹੋਇਆ ਹੈ। ਇਹ ਮੰਗਲਾਚਰਣ – ਜਪੁ – ਸਲੋਕ ਦੀ ਇਕਾਈ ਦੱਸਣ ਵਾਸਤੇ ਨਹੀਂ ਹੈ। ਇਹ ਏਕਾ ਅੰਕ ਸਲੋਕ 'ਆਦਿ ਸਚੁ...ਨਾਨਕ ਹੋਸੀ ਭੀ ਸਚੁ ॥੧॥' ਦਾ ਅੰਕ ਹੈ। ਇਸ ਏਕੇ ਦਾ ਸੰਬੰਧ ਇਥੇ ਕੇਵਲ ਸਲੋਕ ਨਾਲ ਹੀ ਹੈ। ਇਹ ਇਥੇ ਉਸੇ ਤਰ੍ਹਾਂ ਹੈ, ਜਿਵੇਂ 'ਜਪੁ' ਬਾਣੀ ਦੇ ਅੰਤ ਵਿਚ ਸਲੋਕ 'ਪਵਣੁ ਗੁਰੂ...ਕੇਤੀ ਛੁਟੀ ਨਾਲਿ' ਦੇ ਅੰਤ ਵਿਚ '॥੧॥' ਹੈ। ਇਹ ਤਰੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਬਾਣੀਆਂ ਵਿਚ ਵੀ ਵਰਤਿਆ ਗਿਆ ਹੈ, ਜਿਵੇਂ ਕਿ ਗਉੜੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੀ 'ਬਾਵਨ ਅਖਰੀ' ਬਾਣੀ ਦੇ ਸ਼ੁਰੂ ਅਤੇ ਅੰਤ ਵਿਚ ਇਕ ਸਲੋਕ ਦੁਹਰਾਇਆ ਗਿਆ ਹੈ ਅਤੇ ਦੋਹੀਂ ਥਾਈਂ ਇਸ ਦੇ ਪਿੱਛੇ ਅੰਕ 'ਏਕਾ' ਲਗਾਇਆ ਗਿਆ ਹੈ।

ਕਈ ਗੁਰਸਿੱਖ ਇਹ ਧਾਰਨਾ ਬਣਾਉਣ ਦੀ ਵੀ ਕੋਸ਼ਿਸ਼ ਕਰਦੇ ਹਨ ਕਿ ਮੂਲ ਮੰਤਰ ਤਾਂ '੧ੴ ਤੋਂ ਗੁਰ ਪ੍ਰਸਾਦਿ' ਤਕ ਹੀ ਹੈ, ਪਰ '੧ੴ... ॥ ਜਪੁ ॥...ਨਾਨਕ ਹੋਸੀ ਭੀ ਸਚੁ ॥' ਇਕ 'ਮਹਾਂ ਮੰਤਰ' ਹੈ। ਭਾਵ ਇਹ ਕਿ ਮੰਗਲਾਚਰਣ – ਜਪੁ – ਸਲੋਕ ਨੂੰ ਹੁਣ ਨਵਾਂ ਨਾਮ 'ਮਹਾਂ ਮੰਤਰ' ਦਿੱਤਾ ਜਾਣ ਲੱਗ ਪਿਆ ਹੈ। ਇਸ ਨਵੇਂ ਨਾਮ ਪਿੱਛੇ ਮੂਲ ਮੰਤਰ ਦੀ ਤੁਲਨਾ ਵਿਚ ਅਣ-ਬਣੇ 'ਮਹਾਂ ਮੰਤਰ' ਨੂੰ ਵਡਿਆਉਣ ਦੀ ਭਾਵਨਾ ਛੁਪੀ ਹੋਈ ਜਾਪਦੀ ਹੈ। ਜਿਵੇਂ ਅਸੀਂ ਉਪਰ ਵਿਚਾਰ ਕਰ ਚੁੱਕੇ ਹਾਂ ਕਿ ਇਹ 'ਮੰਗਲਾਚਰਣ – ਜਪੁ – ਸਲੋਕ' ਜਪੁ ਬਾਣੀ ਦਾ ਸ਼ੁਰੂ ਵਾਲਾ ਹਿੱਸਾ ਹੈ। ਇਸ ਵਿਚ ਤਿੰਨ ਅਲੱਗ ਅਲੱਗ ਮੱਦਾਂ ਜਾਂ ਵਿਸ਼ੇ ਹਨ, ਜਿਹਨਾਂ ਵਿਚ ਆਪਸੀ ਇਕਸਾਰਤਾ ਨਹੀਂ ਹੈ। ਇਹਨਾਂ ਤਿੰਨਾਂ ਮੱਦਾਂ ਦੇ ਸਮੁੱਚ ਜਾਂ ਇਕੱਠ ਨੂੰ ਮੰਤਰ, ਮੂਲ ਮੰਤਰ, ਮਹਾਂ ਮੰਤਰ ਵਿੱਚੋਂ ਕੋਈ ਵੀ ਨਾਮ ਦਿੱਤਾ ਨਹੀਂ ਜਾ ਸਕਦਾ।

## 2.6 ਜਪੁ ਨੀਸਾਣੁ ਤੇ ਮੰਗਲਾਚਰਣ – ਜਪੁ – ਸਲੋਕ ਲਿਖਣ ਦੀ ਪ੍ਰਥਾ

ਸਾਡੇ ਸਾਹਮਣੇ ਮੁੱਖ ਪ੍ਰਸ਼ਨ ਇਹ ਹੈ ਕਿ 'ਮੰਗਲਾਚਰਣ – ਜਪੁ – ਸਲੋਕ' ਦੇ ਲਿਖਣ ਦੀ ਪ੍ਰਥਾ ਕਿਉਂ ਤੇ ਕਦੋਂ ਸ਼ੁਰੂ ਹੋਈ? ਇਸ ਪ੍ਰਸ਼ਨ ਦਾ ਸਬੰਧ ਜਪੁ ਬਾਣੀ ਨਾਲ ਜੁੜਿਆ ਹੋਇਆ ਹੈ ਅਤੇ ਇਸ ਦਾ ਉੱਤਰ ਵੀ ਇਸੇ ਨਾਲ ਸੰਬੰਧਿਤ ਹੈ। ਗੁਰਮਤਿ ਵਿਚ ਜਪੁ ਨੂੰ ਗੁਰੂ ਦਾ ਨੀਸਾਣੁ ਮੰਨ ਕੇ ਇਸ ਨੂੰ ਸਰਵ-ਪ੍ਰਥਮ ਤੇ ਸਰਵ-ਉੱਚ ਪਦਵੀ, ਸਥਾਨ ਦਿੱਤਾ ਗਿਆ। ਜਪੁ ਨੂੰ ਨੀਸਾਣੁ ਮੰਨਣ ਦੀ ਪ੍ਰੇਰਕ ਵਿਚਾਰਧਾਰਾ ਸੰਬੰਧੀ ਸੰਨ 1701 ਵਿਚ ਪੋਥੀ ਹਰਿ ਜੀ ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨਾਲ ਇਹ ਵਚਨ ਕੀਤੇ :

> **ਪੁਰਖਾ ਬਿਨਾ ਜਪੁ ਜਪੇ ਤੇ, ਮੈ ਪਾਸਿ ਆਵਣਾ ਨਾ ਮਿਲਸੀ। ਦਰਗਹ ਪਰਮੇਸੁਰ ਕੀ ਮਹਿ, ਜਿਸੁ ਪਾਸਿ ਮੇਰਾ ਜਪੁ ਨੀਸਾਣੁ ਹੋਵੇਗਾ, ਸੁ ਮੈ ਪਾਸਿ ਆਵੇਗਾ, ਉਸਿ ਪੜਿਐ ਕਰਿ ਕਰਿ। ਜੁ ਜੀਉ ਪੜੇਗਾ, ਸੁ ਮੁਕਤਾ ਹੋਵੇਗਾ।**
>
> *('ਪੋਥੀ ਹਰਿ ਜੀ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਸੈਂਚੀ ਦੂਜੀ, ਪੰਨਾ 249)*

ਜਪੁ ਬਾਣੀ ਦੀ ਇਸ ਮਹਾਨਤਾ ਕਰਕੇ ਗੁਰਸਿੱਖਾਂ ਨੇ ਸੰਪੂਰਨ ਜਪੁ ਬਾਣੀ ਨੂੰ ਜਾਂ ਸੰਖੇਪ ਰੂਪ ਵਿਚ ਜਪੁ ਦੇ ਸ਼ੁਰੂ ਭਾਗ '੧ਓ... ॥ ਜਪੁ ॥...ਨਾਨਕ ਹੋਸੀ ਭੀ ਸਚੁ ॥੧॥' ਨੂੰ ਗੁਰੂ ਦਾ ਸਤਿਕਾਰਤ ਨੀਸਾਣੁ ਜਾਣ ਕੇ ਲਿਖ ਕੇ ਪਾਸ ਰੱਖਣਾ ਸ਼ੁਰੂ ਕਰ ਦਿੱਤਾ। '੧ਓ... ॥ ਜਪੁ ॥... ਹੋਸੀ ਭੀ ਸਚੁ ॥' ਲਿਖਣ ਦੀ ਰੀਤ ਦੇ ਉਦਾਹਰਣ ਭਾਵੇਂ ਸਾਨੂੰ ਬਹੁਤ ਜ਼ਿਆਦਾ ਨਹੀਂ ਮਿਲਦੇ, ਪਰ ਫਿਰ ਵੀ ਅਠਾਰ੍ਹਵੀਂ ਈਸਵੀ ਸਦੀ ਦੇ ਪਿਛਲੇ ਅੱਧ ਤੋਂ ਕਿਤੇ ਕਿਤੇ ਲਿਖੇ ਹੋਏ ਮਿਲਣੇ ਸ਼ੁਰੂ ਹੋ ਜਾਂਦੇ ਹਨ। ਇਕ ਛੋਟਾ ਜਿਹਾ ਲੋਹੇ ਦਾ ਚੱਕਰ, ਜਿਸ ਦਾ ਸੰਬੰਧ ਬਾਬਾ ਦੀਪ ਸਿੰਘ ਜੀ ਸ਼ਹੀਦ ਨਾਲ ਵਿਸ਼ਵਾਸ ਕੀਤਾ ਜਾਂਦਾ ਹੈ, ਉਸ ਉਪਰ ਬਿਨਾ ਕਿਸੇ ਸਿਰਲੇਖ ਦੇ '੧ਓ... ਹੋਸੀ ਭੀ ਸਚੁ' ਲਿਖਿਆ ਹੋਇਆ ਸੀ। ਹੁਣ ਇਹ ਚੱਕਰ ਸਾਰੇ ਦਾ ਸਾਰਾ ਨੀਲਾ ਤਾਰਾ ਹਮਲੇ ਕਾਰਨ ਪੂਰੀ ਤਰ੍ਹਾਂ ਝੁਲਸਿਆ ਹੋਇਆ ਹੈ। ਇਸ ਉੱਤੇ ਮੂਲ ਮੰਤਰ ਨਾਮ ਦਾ ਕੋਈ ਸੰਕੇਤ ਨਹੀਂ ਹੈ। ਇਸ ਉੱਤੇ ਜੋ ਲਿਖਿਆ ਗਿਆ ਹੈ, ਉਸ ਦੇ ਲਿਖਣ ਦੇ ਮਨੋਰਥ ਬਾਰੇ ਸਿੱਖ ਇਤਿਹਾਸ ਵਿਚ ਕੋਈ ਵੇਰਵਾ ਨਹੀਂ ਮਿਲਦਾ। ਇਸ ਦੇ ਲਿਖਣ ਦਾ ਇੱਕੋ ਇਕ ਕਾਰਨ ਜਪੁ ਨੂੰ ਗੁਰੂ ਦਾ ਨੀਸਾਣੁ ਮੰਨ ਕੇ ਉਹਨਾਂ ਦੀ ਯਾਦ ਨੂੰ ਹਰ ਸਮੇਂ ਪਾਸ ਰੱਖਣਾ ਹੀ ਹੋ ਸਕਦਾ ਹੈ।

ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਪੁਰਾਤਨ ਸਰੂਪਾਂ ਵਿਚ ਜਪੁ ਬਾਣੀ ਦਾ ਤਤਕਰੇ ਵਿਚ ਸਿਰਲੇਖ ਆਮ ਕਰਕੇ 'ਜਪੁ ਗੁਰੂ ਰਾਮਦਾਸ ਜੀਉ ਕੀਆ ਦਸਖਤਾ ਕਾ ਨਕਲੁ...' ਜਾਂ ਕੇਵਲ 'ਜਪੁ' ਲਿਖਿਆ ਜਾਂਦਾ ਸੀ। ਫਿਰ ਉੱਨੀਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ ਜਪੁ ਬਾਣੀ ਦਾ ਸਿਰਲੇਖ 'ਜਪੁ ਨੀਸਾਣੁ' ਲਿਖਣਾ ਸ਼ੁਰੂ ਹੋ ਗਿਆ ਸੀ। 'ਜਪੁ ਨੀਸਾਣੁ' ਸਿਰਲੇਖ ਲਿਖਣ ਦੀ ਇਹ ਪ੍ਰਥਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਰਾਜ ਵਿਚ ਸ਼ੁਰੂ ਹੋਈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦਾ ਪ੍ਰਮੁੱਖ ਤੇ ਸਭ ਤੋਂ ਉੱਚਾ ਨੀਸਾਣੁ ਇਸ ਜਪੁ ਦਾ ਖੁੱਲ੍ਹਾ ਦਿੱਤਾ ਗਿਆ। ਇਸ ਤਰ੍ਹਾਂ 'ਜਪੁ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਤਿਨਿਧ ਬਾਣੀ ਦੇ ਰੂਪ ਵਿਚ ਸਤਿਕਾਰੀ ਗਈ। ਉਸ ਸਮੇਂ ਇਹ ਵਿਸ਼ਵਾਸ ਵੀ ਪ੍ਰਚਲਿਤ ਹੋ ਗਿਆ ਸੀ ਕਿ 'ਜਪੁ' ਸ਼ਬਦ ਕੇਵਲ 'ਜਪੁ' ਬਾਣੀ ਵਾਸਤੇ ਹੀ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਗੁਰਬਾਣੀ ਲਈ ਵਰਤਿਆ ਗਿਆ ਹੈ। 'ਜਪੁ' ਬਾਣੀ ਬਾਰੇ ਇਹ ਵਿਸ਼ਵਾਸ ਉਸ ਸਮੇਂ ਭਾਈ ਸੰਤੋਖ ਸਿੰਘ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਪ੍ਰਗਟ ਕੀਤਾ ਹੈ :

> **ਪ੍ਰਿਥਮੇ 'ਜਪੁ' ਸ਼ਬਦ ਗੁਰ ਰਾਖਯੋ ॥**
> **ਸਬ ਗੁਰ ਬਾਣੀ ਚਿਤੁ ਜਹਿ ਬਾਖਯੋ ॥**

ਮਹਾਰਾਜਾ ਰਣਜੀਤ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ ਕਰਵਾਈ ਤਾਂ ਇਸ ਸੰਬੰਧੀ ਇਕ ਯਾਦਗਾਰੀ ਸੋਨ ਪੱਤਰ ਦਰਬਾਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਉੱਤੇ ਲਗਾਇਆ ਗਿਆ। ਇਸ ਉੱਤੇ ਪਹਿਲਾਂ ਜਪੁ ਨੀਸਾਣੁ ਦਾ '੧ਓ... ॥ ਜਪੁ ॥...ਨਾਨਕ ਹੋਸੀ ਭੀ ਸਚੁ ॥' ਲਿਖਿਆ ਗਿਆ। ਫਿਰ ਇਸ ਕਰਵਾਈ ਗਈ ਸੇਵਾ ਬਾਰੇ ਦੱਸ ਕੇ ਅੰਤ ਵਿਚ ਸੰਮਤ 1887 ਦਿੱਤਾ ਹੋਇਆ ਹੈ। ਇਸ ਇਤਿਹਾਸਕ ਲਿਖਤ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ

ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਬਾਣੀ 'ਜਪੁ' ਨੂੰ ਸਤਿਕਾਰ ਸਹਿਤ ਨੀਸਾਣੁ ਦੇ ਰੂਪ ਵਿਚ ਲਿਖੇ ਜਾਣ ਦਾ ਰਿਵਾਜ ਗੁਰਸਿੱਖਾਂ ਵਿਚ ਪੂਰੀ ਤਰ੍ਹਾਂ ਚੱਲ ਪਿਆ ਸੀ। ਇਹ ਜਪੁ ਦੀ ਮਹਾਨਤਾ ਨੂੰ ਦਰਸਾਉਣ ਲਈ ਅਤੇ ਗੁਰੂ ਦਾ ਨੀਸਾਣੁ ਸਮਝ ਕੇ ਲਿਖਿਆ ਜਾਂਦਾ ਸੀ।

ਮੂਲ ਮੰਤਰ '੧ਓ...ਗੁਰਪ੍ਰਸਾਦਿ' ਨੂੰ ਵੀ ਬਰਾਬਰ ਨਾਲ ਨਾਲ ਲਿਖਣਾ ਉਸ ਸਮੇਂ ਪ੍ਰਚਲਿਤ ਸੀ। ਦਰਸ਼ਨੀ ਦਰਵਾਜ਼ੇ ਦੇ ਖੱਬੇ ਪਾਸੇ ਦੀ ਬਾਰੀ ਵੱਲ ਸ੍ਰੀ ਦਰਬਾਰ ਸਾਹਿਬ ਦਾ ਦੂਸਰਾ ਦਰਵਾਜ਼ਾ ਹੈ। ਉਸ ਉਪਰ ਲੱਗਿਆ ਸ਼ਿਲਾ-ਲੇਖ ਸੰਮਤ 1896 ਦਾ ਹੈ ਅਤੇ ਇਸ ਦਾ ਸੰਬੰਧ ਮਹਾਰਾਜ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਵੱਲੋਂ ਕਰਵਾਈ ਗਈ ਸੇਵਾ ਨਾਲ ਹੈ। ਇਸ ਉੱਤੇ ਕੇਵਲ '੧ਓ...ਗੁਰ ਪ੍ਰਸਾਦਿ' ਮੂਲ ਮੰਤਰ ਹੀ ਹੈ।

ਇਵੇਂ ਹੀ ਬਾਹੂ (ਰੂਸ) ਦੇ ਇਕ ਪ੍ਰਾਚੀਨ ਮੰਦਰ ਦੀਆਂ ਕੰਧਾਂ ਉੱਤੇ ਲਿਖਤ ਨੂੰ ਇਕ ਥਾਂ ਮੂਲ ਮੰਤਰ '੧ਓ...ਗੁਰ ਪ੍ਰਸਾਦਿ' ਲਿਖ ਕੇ ਸ਼ੁਰੂ ਕੀਤਾ ਹੈ ਅਤੇ ਦੂਸਰੀ ਥਾਂ ਪਹਿਲਾਂ 'ਜਪੁ' ਬਾਣੀ ਦਾ ਸ਼ੁਰੂ ਵਾਲਾ ਹਿੱਸਾ '੧ਓ... ॥ ਜਪੁ ॥...ਹੋਸੀ ਭੀ ਸਚੁ ॥' ਲਿਖਿਆ ਹੋਇਆ ਹੈ। ਇਸ ਲਿਖਤ ਦੀ ਫੋਟੋਕਾਪੀ ਗੁਰੂ ਨਾਨਕ ਦਾ ਸ਼ਾਹਕਾਰ ਜਪੁ ਜੀ (ਪ੍ਰਕਾਸ਼ਕ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਵਿਚ ਪੰਨਾ 204-05 ਉੱਤੇ ਦਿੱਤੀ ਹੋਈ ਹੈ। ਇਹਨਾਂ ਦੋਹਾਂ ਉਦਾਹਰਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਮੂਲ ਮੰਤਰ '੧ਓ...ਗੁਰ ਪ੍ਰਸਾਦਿ' ਦੇ ਨਾਲ ਨਾਲ ਮੰਗਲਾਚਰਣ – ਜਪੁ – ਸਲੋਕ ਵੀ ਅਠਾਰ੍ਹਵੀਂ ਤੇ ਉੱਨੀਵੀਂ ਸਦੀ ਵਿਚ ਲਿਖਿਆ ਜਾਣਾ ਪ੍ਰਚਲਿਤ ਹੋ ਗਿਆ ਸੀ। ਇਸ ਤਰ੍ਹਾਂ ਦੇ ਹੋਰ ਉਦਾਹਰਨ ਵੀ ਮਿਲਦੇ ਹਨ। ਇਸ ਤੋਂ ਇਕ ਗੱਲ ਤਾਂ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਮੰਗਲਾਚਰਣ – ਜਪੁ – ਸਲੋਕ ਲਿਖਣ ਦੀ ਪ੍ਰਥਾ ਜਪੁ ਬਾਣੀ ਨੂੰ ਗੁਰੂ ਦਾ ਨੀਸਾਣੁ ਮੰਨ ਕੇ ਸ਼ੁਰੂ ਹੋਈ ਸੀ, ਨਾ ਕਿ ਇਸ ਨੂੰ ਮੂਲ ਮੰਤਰ ਸਮਝ ਕੇ। ਇਹ ਮੂਲ ਮੰਤਰ ਨਹੀਂ ਹੈ।

### 2.7 ਮੰਗਲਾਚਰਣ – ਜਪੁ – ਸਲੋਕ ਤੇ 'ਨਾਨਕ' ਪਦ

'੧ਓ... ॥ ਜਪੁ ॥...ਨਾਨਕ ਹੋਸੀ ਭੀ ਸਚੁ ॥੧॥' ਨੂੰ ਮੂਲ ਮੰਤਰ ਸਿੱਧ ਕਰਨ ਦੀ ਕੋਸ਼ਿਸ਼ ਵਿਚ ਕਈ ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਇਸ ਵਿਚ 'ਨਾਨਕ' ਨਾਮ ਦੀ ਛਾਪ (ਮੁਹਰ) ਹੈ, ਪਰ '੧ਓ...ਗੁਰ ਪ੍ਰਸਾਦਿ' ਵਿਚ 'ਨਾਨਕ' ਨਾਮ ਨਹੀਂ ਆਉਂਦਾ। ਇਹ ਦਲੀਲ ਮੰਨਣ ਯੋਗ ਨਹੀਂ ਹੈ, ਕਿਉਂਕਿ ਅਜਿਹਾ ਕੋਈ ਵੀ ਨਿਯਮ ਨਹੀਂ ਹੈ ਕਿ ਕਿਸੇ ਮੰਤਰ ਵਿਚ ਉਸ ਦੇ ਕਰਤੇ ਦੀ ਮੁਹਰ-ਛਾਪ ਜ਼ਰੂਰ ਹੀ ਹੋਵੇ। ਇਥੇ ਜੋ 'ਨਾਨਕ' ਨਾਮ ਆਇਆ ਹੈ, ਉਸਦਾ ਸੰਬੰਧ ਕੇਵਲ ਸਲੋਕ 'ਆਦਿ ਸਚੁ...ਨਾਨਕ ਹੋਸੀ ਭੀ ਸਚੁ' ਨਾਲ ਹੈ, ਜੋ ਸੁਤੰਤਰ ਰੂਪ ਵਿਚ ਹੈ। ਇਸ ਸਲੋਕ ਵਿਚ 'ਨਾਨਕ' ਪਦ ਹੋਣ ਕਰਕੇ ਇਸ ਨੂੰ ਪਹਿਲੇ ਦੇ ਸੁਤੰਤਰ ਮੱਦਾਂ ਜਾਂ ਵਿਸ਼ਿਆਂ '੧ਓ...ਗੁਰਪ੍ਰਸਾਦਿ' ਤੇ 'ਜਪੁ' ਨਾਲ ਜੋੜਿਆ ਨਹੀਂ ਜਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਬਹੁਤ ਸ਼ਬਦ ਹਨ, ਜਿਹਨਾਂ ਦੇ ਅੰਤ ਵਿਚ 'ਨਾਨਕ' ਪਦ ਨਹੀਂ ਆਇਆ। ਅਜਿਹੇ ਸ਼ਬਦਾਂ ਨੂੰ ਅੱਗੇ ਆਉਣ ਵਾਲੇ 'ਨਾਨਕ' ਪਦ ਵਾਲੇ ਸ਼ਬਦਾਂ ਨਾਲ ਕਿਸੇ ਵੀ ਤਰ੍ਹਾਂ ਜੋੜਿਆ ਨਹੀਂ ਜਾ ਸਕਦਾ। ਸੋ '੧ਓ...ਗੁਰ ਪ੍ਰਸਾਦਿ' ਮੂਲ ਮੰਤਰ ਵਿਚ ਕੇਵਲ 'ਨਾਨਕ' ਪਦ ਲਿਆਉਣ ਦੀ ਖਾਤਰ ਇਸ ਨਾਲ ਬਾਣੀ ਦਾ ਨਾਮ 'ਜਪੁ' ਤੇ ਜਪੁ ਦਾ ਪਹਿਲਾ ਸਲੋਕ 'ਆਦਿ ਸਚੁ...ਨਾਨਕ ਹੋਸੀ ਭੀ ਸਚੁ' ਵਾਧੂ ਜੋੜ ਦੇਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ।

### 2.8 ਮੰਗਲਾਚਰਣ – ਜਪੁ – ਸਲੋਕ ਦਾ ਅਭਿਆਸ?

'੧ਓ... ॥ ਜਪੁ ॥...ਹੋਸੀ ਭੀ ਸਚੁ ॥੧॥' ਨੂੰ ਮੂਲ ਮੰਤਰ ਦੱਸਣ ਵਾਸਤੇ ਕਈ ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪੁਰਾਤਨ ਗੁਰਸਿੱਖ ਇਸੇ ਦਾ ਹੀ ਅਭਿਆਸ ਕਰਦੇ ਸਨ ਅਤੇ ਮੂਲ ਮੰਤਰ ਦਾ ਇਹੋ ਸਰੂਪ ਅੰਮ੍ਰਿਤ ਛਕਾਉਣ ਸਮੇਂ ਉਪਦੇਸ਼ ਕੀਤਾ ਜਾਂਦਾ ਸੀ। ਮੰਗਲਾਚਰਣ – ਜਪੁ – ਸਲੋਕ ਦਾ ਉਪਦੇਸ਼ ਕੀਤੇ ਜਾਣ ਅਤੇ ਗੁਰਸਿੱਖਾਂ ਵੱਲੋਂ ਇਸ ਦੇ ਅਭਿਆਸ ਕੀਤੇ ਜਾਣ ਦੀ ਗੱਲ ਮੰਨਣ ਯੋਗ ਨਹੀਂ ਹੈ, ਕਿਉਂਕਿ ਸਿੱਖ ਇਤਿਹਾਸ ਇਸ ਦੀ ਪ੍ਰੋੜ੍ਹਤਾ ਨਹੀਂ ਕਰਦਾ, ਕਿਸੇ ਵੀ ਪੁਰਾਤਨ ਸਿੱਖ ਇਤਿਹਾਸ ਦੀ ਲਿਖਤ ਵਿਚ ਇਹ ਗੱਲ ਨਹੀਂ ਆਉਂਦੀ। '੧ਓ...ਗੁਰ ਪ੍ਰਸਾਦਿ' ਤਕ ਮੂਲ ਮੰਤਰ ਦਾ ਉਪਦੇਸ਼ ਕੀਤੇ ਜਾਣਾ ਅਤੇ ਗੁਰਸਿੱਖਾਂ

ਵੱਲੋਂ ਇਸ ਦਾ ਅਭਿਆਸ ਕਰਨ ਬਾਰੇ ਲਿਖਤੀ ਵੇਰਵੇ ਤਾਂ ਮਿਲ ਜਾਂਦੇ ਹਨ, ਪਰ ਮੰਗਲਾਚਰਣ – ਜਪੁ – ਸਲੋਕ ਬਾਰੇ ਕਿਤੇ ਵੀ ਪੁਰਾਤਨ ਲਿਖਿਆ ਹੋਇਆ ਨਹੀਂ ਮਿਲਦਾ। ਰਹਿਤਨਾਮਾ ਪ੍ਰੇਮ ਸੁਮਾਰਗ ਦੇ 'ਪ੍ਰਿਥਮ ਧਿਆਉ' ਵਿਚ ਅਕਾਲ ਪੁਰਖ ਦਾ ਬਿਆਨ ਕਰਨ ਲਈ ਪਵਿੱਤਰ ਨਾਮ ਪੜ੍ਹਨ ਵਾਸਤੇ ਮੂਲ ਮੰਤਰ ਦਾ ਸਰੂਪ '੧ੴ ਤੋਂ ਗੁਰ ਪ੍ਰਸਾਦਿ' ਤਕ ਦਿੱਤਾ ਗਿਆ ਹੈ। ਭਾਵ ਇਹ ਕਿ ਰਹਿਤਨਾਮਾ ਪ੍ਰੇਮ ਸੁਮਾਰਗ ਵਿਚ '੧ੴ ਤੋਂ ਗੁਰ ਪ੍ਰਸਾਦਿ' ਤਕ ਗੁਰ-ਸ਼ਬਦ ਨੂੰ ਪਵਿੱਤਰ ਨਾਮ ਕਿਹਾ ਹੈ, ਜਿਸ ਦਾ ਧਿਆਨ ਧਰਨਾ ਚਾਹੀਦਾ ਹੈ।

ਜੇਕਰ ਮੰਗਲਾਚਰਣ – ਜਪੁ – ਸਲੋਕ ਨੂੰ ਮੂਲ ਮੰਤਰ ਜਾਣ ਕੇ ਇਸ ਦੇ ਉਪਦੇਸ਼ ਤੇ ਸਿਮਰਨ-ਅਭਿਆਸ ਦੀ ਪਰੰਪਰਾ ਸ਼ੁਰੂ ਤੋਂ ਚੱਲਦੀ ਹੁੰਦੀ ਤਾਂ ਇਹ ਸਹਿਜ ਸੁਭਾਇ ਸਰਬ-ਸੰਮਤੀ ਨਾਲ ਸਾਰੇ ਸਿੱਖ ਪੰਥ ਵਿਚ ਚੱਲਦੀ ਹੋਣੀ ਚਾਹੀਦੀ ਸੀ। ਪਰ ਅਜਿਹਾ ਨਹੀਂ ਹੈ। ਸੋ ਸਿੱਖ ਪੰਥ ਵਿਚ '੧ੴ... ॥ ਜਪੁ ॥...ਹੋਸੀ ਭੀ ਸਚੁ ॥੧॥' ਦੇ ਉਪਦੇਸ਼ ਅਤੇ ਇਸ ਦੇ ਅਭਿਆਸ ਕਰਨ ਦੀ ਕੋਈ ਪ੍ਰਵਾਨਿਤ ਮਰਿਆਦਾ ਨਹੀਂ ਹੈ।

ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਮੂਲ ਮੰਤਰ ਦੇ ਜੋ ਵੱਖ-ਵੱਖ ਬਿਅੁਪੱਤ ਹੋਏ ਸਰੂਪ ਮਿਲਦੇ ਹਨ, ਉਹਨਾਂ ਵਿੱਚੋਂ ਕਿਸੇ ਨਾਲ ਵੀ 'ਜਪੁ' ਤੇ 'ਆਦਿ ਸਚੁ...ਹੋਸੀ ਭੀ ਸਚੁ' ਜੁੜਿਆ ਹੋਇਆ ਨਹੀਂ ਮਿਲਦਾ। ਇਹਨਾਂ ਪੋਥੀਆਂ ਵਿੱਚੋਂ ਮਿਲਦੇ ਵੱਖ-ਵੱਖ ਰੂਪ ਕੇਵਲ ਪ੍ਰਮਾਣਿਕ ਮੂਲ ਮੰਤਰ ਦੇ ਸਰੂਪ ਨਾਲ ਹੀ ਨੇੜਤਾ ਰੱਖਦੇ ਹਨ।

### 3. ਮੂਲ ਮੰਤਰ ਕਿੱਥੋਂ ਤੱਕ ਹੈ?

ਇਸ ਗੱਲ ਨਾਲ ਤਾਂ ਸਾਰੇ ਸਹਿਮਤ ਹਨ ਕਿ ਮੂਲ ਮੰਤਰ '੧ੴ' ਤੋਂ ਸ਼ੁਰੂ ਹੁੰਦਾ ਹੈ। ਇਸ ਦਾ ਅੰਤ ਕਿਥੇ ਹੈ ? ਕੀ ਇਹ 'ਗੁਰ ਪ੍ਰਸਾਦਿ' ਤਕ ਹੈ ਜਾਂ 'ਨਾਨਕ ਹੋਸੀ ਭੀ ਸਚੁ' ਤਕ ਹੈ ? ਇਸ ਦੇ ਅੰਤ ਜਾਨਣ ਦੀ ਲੋੜ ਹੈ। ਇਹੋ ਹੀ ਮੁੱਖ ਸਮੱਸਿਆ ਹੈ, ਜੋ ਅਸੀਂ ਮੂਲ ਮੰਤਰ ਬਾਰੇ ਹੱਲ ਕਰਨਾ ਚਾਹੁੰਦੇ ਹਾਂ।

ਕਿਸੇ ਮੰਤਰ ਦਾ ਅੰਤ ਜਾਨਣ ਦੀ ਸਮੱਸਿਆ ਪੁਰਾਤਨ ਭਾਰਤੀ ਦਾਰਸ਼ਨਿਕਾਂ ਤੇ ਰਿਸ਼ੀਆਂ ਸਾਹਮਣੇ ਵੀ ਆਉਂਦੀ ਰਹੀ। ਪ੍ਰਸ਼ਨ ਇਹ ਸੀ ਕਿ ਇਹ ਕਿਵੇਂ ਜਾਣਿਆ ਜਾਵੇ ਕਿ ਮੰਤਰ ਕਿਥੇ ਸਮਾਪਤ ਹੁੰਦਾ ਹੈ ? ਭਾਰਤੀ ਰਿਸ਼ੀਆਂ ਨੇ ਇਸ ਸਮੱਸਿਆ ਨੂੰ ਸੁਲਝਾਉਣ ਲਈ ਇਹ ਤਰੀਕਾ ਜਾਂ ਗੁਰ ਲੱਭਿਆ। ਇਸ ਸੰਬੰਧੀ ਉਹਨਾਂ ਇਕ ਸੂਤਰ ਬਣਾਇਆ, ਜੋ ਗ੍ਰਿਹਿਯ ਸੂਤਰ ਵਿਚ ਲਿਖਿਆ ਮਿਲਦਾ ਹੈ :

*mantrāntam avyaktam*
*parasyādigrahaṇena vidyāt.*

(*'Sacred Books of the East,' Sutra 14, Vol. 29, p. 375*)

[ਅਰਥ : ਜੇਕਰ ਇਹ ਸਪੱਸ਼ਟ ਨਹੀਂ ਕਿ ਮੰਤਰ ਕਿਥੇ ਸਮਾਪਤ ਹੁੰਦਾ ਹੈ ਤਾਂ ਅੱਗੇ ਆਉਣ ਵਾਲੇ ਵਿਸ਼ੇ ਜਾਂ ਮੰਤਰ ਦੀ ਸ਼ੁਰੂਆਤ ਜਾਣ ਕੇ ਨਿਰਣਾ ਕਰਨਾ ਚਾਹੀਦਾ ਹੈ।]

ਇਸ ਨਿਯਮ ਨੂੰ ਧਿਆਨ ਵਿਚ ਰੱਖ ਕੇ ਜਦੋਂ ਮੂਲ ਮੰਤਰ ਨੂੰ ਵੇਖੀਏ ਤਾਂ ਇਸ ਦੀ ਸਮਾਪਤੀ '॥ ਜਪੁ ॥' ਤੋਂ ਪਹਿਲਾਂ ਹੀ ਹੋ ਜਾਣੀ ਚਾਹੀਦੀ ਹੈ। 'ਗੁਰਪ੍ਰਸਾਦਿ' ਇਸ ਦੀ ਅੰਤਿਮ ਹੱਦ ਬਣ ਜਾਂਦੀ ਹੈ, ਕਿਉਂਕਿ ਅਗਲਾ ਆਉਣ ਵਾਲਾ ਨਵਾਂ ਵਿਸ਼ਾ ਜਪੁ ਦਾ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਜਪੁ ਵਿਸ਼ੇ ਦੀ ਸ਼ੁਰੂਆਤ '॥ ਜਪੁ ॥' ਤੋਂ ਹੁੰਦੀ ਹੈ, ਇਸ ਲਈ ਮੂਲ ਮੰਤਰ ਇਸ ਤੋਂ ਪਹਿਲਾਂ ਹੀ ਸਮਾਪਤ ਹੋ ਜਾਂਦਾ ਹੈ। ਮੂਲ ਮੰਤਰ, ਇਸ ਨਿਯਮ ਅਨੁਸਾਰ, '੧ੴ' ਤੋਂ ਲੈ ਕੇ 'ਗੁਰ ਪ੍ਰਸਾਦਿ' ਤਕ ਹੀ ਹੈ।

ਉਪਰ ਲਿਖੀ ਸਾਰੀ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ ਮੂਲ ਮੰਤਰ ਦਾ ਪ੍ਰਮਾਣਿਕ ਸਰੂਪ ਜੋ ਸਿੱਖ ਇਤਿਹਾਸ ਦੇ ਰਵਾਇਤ ਵਿਚ ਮਿਲਦਾ ਹੈ ਅਤੇ ਜਿਸ ਨੂੰ ਸਿੱਖ ਪੰਥ ਸਵੀਕਾਰ ਕਰਦਾ ਹੈ, ਉਹ ਇਹ ਹੈ :

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

## 4. ਸਾਰਾਂਸ਼

ਮੂਲ ਮੰਤਰ ਤੇ ਮੰਗਲਾਚਰਣ – ਜਪੁ – ਸਲੋਕ ਸੰਬੰਧੀ ਕੀਤੀ ਗਈ ਇਸ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ 'ੴ...ਗੁਰ ਪ੍ਰਸਾਦਿ' ਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ ਪਰਮੇਸ਼ਰ ਨਾਲ ਇਕਸੁਰ ਹੋ ਕੇ ਪ੍ਰਾਪਤ ਕੀਤਾ, ਇਸ ਨੂੰ ਗੁਰ-ਦੀਖਿਆ ਦੇ ਰੂਪ ਵਿਚ ਗੁਰਸਿੱਖਾਂ ਨੂੰ ਦਿੱਤਾ ਤੇ ਪ੍ਰਚਾਰਿਆ। ਮੰਗਲਾਚਰਣ ਦੇ ਰੂਪ ਵਿਚ ਵੀ ਇਹੋ ਅਨੇਕਾਂ ਵਾਰ ਲਿਖਿਆ ਹੋਇਆ ਹੈ, ਗੁਰੂ ਸਾਹਿਬਾਂ ਨੇ ਦਸਤਖ਼ਤ ਨੀਸਾਣ ਵੀ ਬਹੁਤ ਥਾਈਂ ਇਸੇ ਰੂਪ ਵਿਚ ਕੀਤੇ ਹਨ। ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤਕ ਦੇ ਸਿੱਖ ਇਤਿਹਾਸ ਤੇ ਰਵਾਇਤ ਵਿਚ ਇਸੇ ਨੂੰ ਮੂਲ ਮੰਤਰ ਕਰਕੇ ਜਾਣਿਆ ਤੇ ਸਤਿਕਾਰਿਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਜਪੁ ਬਾਣੀ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ 'ਜਪੁ ਨੀਸਾਣੁ' ਲਿਖਿਆ ਜਾਣ ਲੱਗ ਪਿਆ। 'ਜਪੁ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਥਮ ਬਾਣੀ ਹੈ ਅਤੇ ਇਸ ਦੀ ਆਪਣੀ ਇਕ ਨਿਵੇਕਲੀ ਮਹਾਨਤਾ ਤੇ ਪ੍ਰਧਾਨਤਾ ਹੈ। ਇਸ ਬਾਣੀ ਨੂੰ ਗੁਰੂ ਦਾ ਨੀਸਾਣੁ ਜਾਣ ਕੇ, ਇਸ ਦੀ ਮਹੱਤਤਾ ਨੂੰ ਪ੍ਰਗਟਾਉਣ ਲਈ, ਇਸ ਦੇ ਸ਼ੁਰੂ ਭਾਗ, 'ਮੰਗਲਾਚਰਣ – ਜਪੁ – ਸਲੋਕ' ਵਾਲੇ ਹਿੱਸੇ ਨੂੰ ਸਤਿਕਾਰ ਵਜੋਂ ਮਹੱਤਵਪੂਰਨ ਸਥਾਨਾਂ 'ਤੇ ਲਿਖੇ ਜਾਣ ਦੀ ਪ੍ਰਥਾ ਚੱਲ ਪਈ। ਮੰਗਲਾਚਰਣ – ਜਪੁ – ਸਲੋਕ ਨੂੰ ਭਾਈ ਗੁਰਦਾਸ ਜੀ ਦੀ ਵਾਰ 39 ਦੀ ਪਹਿਲੀ ਪਉੜੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਇਸ ਦਾ ਉਸ ਨਾਲ ਸੰਬੰਧ ਪੂਰੀ ਤਰ੍ਹਾਂ ਸਥਾਪਤ ਨਹੀਂ ਹੁੰਦਾ, ਕਿਉਂਕਿ ਭਾਈ ਗੁਰਦਾਸ ਜੀ ਦਾ ਇਸ ਪਉੜੀ ਵਿਚ ਮੰਗਲਾਚਰਣ – ਜਪੁ – ਸਲੋਕ ਦੀ ਵਿਆਖਿਆ ਕਰਨਾ ਵਿਸ਼ਾ ਨਹੀਂ ਹੈ। ਇਸ ਦੇ ਮੂਲ ਮੰਤਰ ਹੋਣ ਦੀ ਜਾਂ ਗੁਰ-ਦੀਖਿਆ ਵਜੋਂ ਦਿੱਤੇ ਜਾਣ ਦੀ ਪ੍ਰੋੜ੍ਹਤਾ ਸਾਨੂੰ ਪੁਰਾਤਨ ਸਿੱਖ ਇਤਿਹਾਸ ਤੇ ਰਵਾਇਤ ਵਿੱਚੋਂ ਕਿਤੇ ਵੀ ਨਹੀਂ ਮਿਲਦੀ।

ਸਿੱਖ ਧਰਮ ਦਾ ਮੂਲ ਮੰਤਰ ਜੋ ਗੁਰ-ਦੀਖਿਆ ਸਮੇਂ ਬਖ਼ਸ਼ਿਸ਼ ਕੀਤਾ ਜਾਂਦਾ ਹੈ, ਉਸ ਦਾ ਪ੍ਰਮਾਣਿਕ ਸਰੂਪ ਇਹ ਹੈ:

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

# ‘ੴ ਸਤਿ’ ਦੀ ਸੰਧੀ ਤੇ ਪ੍ਰਾਚੀਨ ਹੱਥ-
# ਲਿਖਤ ਬੀੜਾਂ ਵਿੱਚ ਮੰਗਲ ਅੰਕਿਤ ਕਰਨ ਦੀ ਵਿਧੀ

ਪ੍ਰਿੰਸੀਪਲ ਹਰਿਭਜਨ ਸਿੰਘ ਜੀ
ਪ੍ਰਿੰਸੀਪਲ ਸਤਿਨਾਮ ਸਿੰਘ,
1186 ਸੈਕਟਰ 18 ਸੀ,
ਚੰਡੀਗੜ੍ਹ-160018,
ਸੰ. 98880-47979

### ਮੰਗਲਾਚਰਣ ਤਥਾ ਮੂਲ ਮੰਤਰ

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਅਨੁਸਾਰ ਮੰਗਲਾਚਰਨ ਤਥਾ ਮੂਲ ਮੰਤਰ ਸਰਵ ਉੱਚ ਹੈ ਤੇ ਸਭ ਤੋਂ ਪਹਿਲਾਂ ਹੈ। ਆਪ ਦਾ ਮੰਨਣਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ, ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਬੱਝਵੀਂ ਤਰਤੀਬ ਅਨੁਸਾਰ ਹਰ ਥਾਂ, ਗੁਰੂ ਨਾਨਕ ਜੀ ਦੀ ਬਾਣੀ ਨੂੰ ਪਹਿਲ ਦਿੱਤੀ ਹੈ ਅਤੇ ਸਮੇਂ ਦੇ ਰਿਵਾਜ ਤੇ ਸ੍ਰੇਸ਼ਟਤਾ ਨੂੰ ਮੁੱਖ ਰੱਖ ਕੇ, ਮੰਗਲਾਚਰਣ ਤਥਾ ਮੂਲ ਮੰਤਰ ਨੂੰ ਸਭ ਤੋਂ ਪਹਿਲਾਂ ਆਦਿ ਵਿੱਚ ਸੁਸ਼ੋਭਿਤ ਕੀਤਾ ਹੈ, ਜਿਸ ਤੋਂ ਲਿਖਾਰੀ (ਗੁਰਦੇਵ ਜੀ) ਦੇ ਪੂਜਯ ਇਸ਼ਟ ਦੀ ਲੱਖਤਾ ਹੁੰਦੀ ਹੈ। ਆਪ ਜੀ ਦਾ ਵੀਚਾਰ ਹੈ ਕਿ ਆਦਿ ਸਤਿਗੁਰੂ ਜੀ ਨੇ ਆਪਣੀ ਸਿਧਾਂਤਕ ਸੇਧ ਤਾਂ ਇਸ ਮਹਾਨ-ਭਾਵੀ ਅਤੇ ਅਦੁੱਤੀ ਮੰਗਲਾਚਰਣ ਵਿੱਚ ਹੀ ਬਖਸ਼ ਦਿੱਤੀ ਹੈ, ਜਿਸ ਦੀ ਵਿਆਖਿਆ ਹੈ ‘ਜਪੁ ਜੀ’ ਅਤੇ ‘ਜਪੁ ਜੀ’ ਦੀ ਵਿਆਖਿਆ ਹੈ ‘ਗੁਰੂ ਗ੍ਰੰਥ ਸਾਹਿਬ’।

ਧਰਮ-ਗ੍ਰੰਥ ਅਥਵਾ ਹੋਰ ਰਚਨਾਵਾਂ ਦੇ ਆਰੰਭ ਵਿੱਚ ਸਵੈ ਇਸ਼ਟ ਦੇਵ ਦੀ ਆਰਾਧਨਾ ਵਜੋਂ ਮੰਗਲ, ਮੰਗਲਚਾਰ, ਮੰਗਲਾਚਾਰ, ਮੰਗਲਾਚਰਣ ਲਿਖਣ ਦਾ ਰਿਵਾਜ ਬੜਾ ਪੁਰਾਣਾ ਰਿਹਾ ਹੈ। ਵੇਦਾਂ ਤੇ ਉਪਨਿਸ਼ਦਾਂ ਵਿੱਚ ਇਸ ਦੀ ਵਰਤੋਂ ਓਮ ਮੰਗਲ ਕਰਕੇ ਕੀਤੀ ਗਈ ਹੈ ਤੇ ਕੁਰਾਨ ਸ਼ਰੀਫ ਵਿੱਚ ਬਿੱਸਮਿੱਲਾ ਹਿਰਹਮਾਨੁੱਰਹੀਮ ਕਰ ਕੇ।

### ਪ੍ਰਿੰਸੀਪਲ ਹਰਿਭਜਨ ਸਿੰਘ ਨੇ ਮੰਗਲਾਚਰਣ ਦੇ ਤਿੰਨ ਭੇਦ ਮੰਨੇ ਹਨ :

1. ਵਸਤੂ ਨਿਰਦੇਸ਼ਾਤਮਿਕ : ਗ੍ਰੰਥ ਵਿੱਚ ਜਿਸ ਦਾ ਜ਼ਿਕਰ ਕਰਨਾ ਹੈ, ਉਸ ਦੇ ਹੀ ਗੁਣ, ਮਹਿਮਾ, ਲੱਛਣ, ਬੋਧ ਕਰਾਉਣ ਵਾਲਾ ਮੰਗਲ, ਜੈਸੇ “ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥”, ਆਦਿ ।

2. ਅਸ਼ੀਰਵਾਦਾਤਮਿਕ : ਜਿਸ ਤੋਂ ਕਲਿਆਣ ਦੀ ਕਾਮਨਾ ਕੀਤੀ ਜਾਵੈ, ਜੈਸੇ-'ਵਾਹਿਗੁਰੂ ਜੀ ਕੀ ਫਤਹਿ॥' ਜਾਂ 'ਜੈ ਤੇਗੰ, ਸ੍ਰੀ ਜੈ ਤੇਗੰ ॥'
3. ਨਮਸਕਾਰਾਤਮਿਕ : ਜਿਸ ਵਿਚ ਪਰਣਾਮ ਕੀਤਾ ਜਾਵੇ, ਜੈਸੇ – 'ਨਮਸਕਾਰ ਗੁਰਦੇਵ ਕੋ...'

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਧੇਰੇ ਕਰ ਕੇ ਵਸਤੂ ਨਿਰਦੇਸ਼ਾਤਮਿਕ ਮੰਗਲ ਦੀ ਵਰਤੋਂ ਹੋਈ ਹੈ। ਪਾਠ ਕਰਨ ਵਾਲੇ ਸੱਜਣ ਜਾਣਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਜੀ ਵਿੱਚ ਜਦ ਕੋਈ ਨਵਾਂ ਰਾਗ ਅਰੰਭ ਹੁੰਦਾ ਹੈ, ਜਾਂ ਕਿਸੇ ਗੁਰੂ, ਭਗਤ, ਵਿਅਕਤੀ, ਸ਼ਬਦਾਂ ਦੇ ਸੰਗ੍ਰਹਿ (set), ਅਸਟਪਦੀਆਂ ਤੇ ਘਰ ਆਦਿ ਦੀ ਤਬਦੀਲੀ ਹੁੰਦੀ ਹੈ, ਤਾਂ ਆਮ ਕਰਕੇ ਸੰਪੂਰਨ ਜਾਂ ਸੰਖੇਪ ਮੰਗਲ ਦੀ ਵਰਤੋਂ ਕੀਤੀ ਗਈ ਹੈ।

ਪ੍ਰਿੰਸੀਪਲ ਹਰਿਭਜਨ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਕੁਲ ਮੰਗਲਾਂ ਦੀ ਗਿਣਤੀ 568 ਹੈ ਅਤੇ ਇਹ ਇਹਨਾਂ ਪੰਜਾਂ ਰੂਪਾਂ ਵਿਚ ਸੁਸ਼ੋਭਿਤ ਹਨ : –

1. ਸੰਪੂਰਨ ਮੰਗਲ : ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (33 ਵਾਰ)
2. ਸੰਖੇਪ ਮੰਗਲ : ੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥ (9 ਵਾਰ)
3. ਸੰਖੇਪ ਮੰਗਲ : ੧ੴ ਸਤਿ ਨਾਮੁ ਗੁਰ ਪ੍ਰਸਾਦਿ॥ (2 ਵਾਰ)
4. ਸੰਖੇਪ ਮੰਗਲ : ੧ੴ ਸਤਿ ਗੁਰ ਪ੍ਰਸਾਦਿ॥ (522 ਵਾਰ)
5. ਅਤਿ ਸੰਖੇਪ ਮੰਗਲ : ੧ੴ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ "ਪੜਿ ਪੁਸਤਕ ਸੰਧਿਆ…" ਸਲੋਕ ਉਪਰੰਤ ਅਤੇ ਰਾਗ ਸੋਰਠਿ ਬਾਣੀ ਭਗਤ ਨਾਮਦੇਵ ਜੀ ਕੀ (ਪੰਨਾ ੬੫੬) "ਜਬ ਦੇਖਾ ਤਬ ਗਾਵਾ" ਤੋਂ ਪਹਿਲਾਂ "੧ੴ ਸਤਿ ਗੁਰ ਪ੍ਰਸਾਦਿ॥" ਮੰਗਲ ਦੀ ਥਾਂ ਕੇਵਲ '੧ੴ' ਰੂਪ ਮੰਗਲ ਹੀ ਮਿਲਦਾ ਹੈ) (2 ਵਾਰ) ਕੁਲ ਜੋੜ: 568 ਵੇਰ

**ਪ੍ਰਾਚੀਨ ਹੱਥ-ਲਿਖਤ ਬੀੜਾਂ ਵਿੱਚ ਮੰਗਲ ਅੰਕਿਤ ਕਰਨ ਦੀ ਵਿਧੀ**

ਪਹਿਲੀ ਵਿਧੀ : ਪ੍ਰਿੰਸੀਪਲ ਹਰਿਭਜਨ ਸਿੰਘ ਨੇ ਸ੍ਰੀ ਕਰਤਾਪੁਰ ਸਾਹਿਬ ਵਾਲੀ 'ਆਦਿ ਬੀੜ' ਅਤੇ ਉਸੇ ਸ਼ੈਲੀ ਤੇ ਸਮੇਂ ਦੀਆਂ ਹੋਰ ਅਨੇਕਾਂ ਲਿਖਤੀ ਬੀੜਾਂ ਦੇ ਖੁਦ ਦਰਸ਼ਨ ਕੀਤੇ ਤੇ ਸਪਸ਼ਟ ਧਾਰਨਾ ਬਣਾਈ ਕਿ ਪੁਰਾਤਨ ਬੀੜਾਂ ਵਿੱਚ ਮੰਗਲ ਸਪਸ਼ਟ ਤੌਰ 'ਤੇ ਰਾਗ ਤੋਂ ਪਹਿਲਾਂ ਹਨ ਜਾਂ ਸੱਜੇ ਪਾਸੇ ਨੂੰ ਸ੍ਰੇਸ਼ਟ ਸਮਝ ਦਿਆਂ ਹੋਇਆਂ, ਅੱਧ ਤੋਂ ਸੱਜੇ ਪਾਸੇ ਅੰਕਿਤ ਹਨ ਅਤੇ ਰਾਗਾਂ ਦੇ ਸਿਰਲੇਖ ਖੱਬੇ ਪਾਸੇ। (ਇੱਕ ਲਾਈਨ ਦੀ ਜਗ੍ਹਾ ਬਚਾਉਣ ਹਿਤ) ਸੰਪੂਰਨ ਮੰਗਲ ਦੋ-ਦੋ, ਤਿੰਨ-ਤਿੰਨ ਪਾਲਾਂ ਵਿੱਚ ਹੁੰਦੇ ਹੋਏ ਵੀ ਸੱਜੇ ਪਾਸੇ ਹੀ ਦਿੱਤੇ ਗਏ ਹਨ। ਇਹ ਮੰਗਲ ਸੱਜੇ ਪਾਸੇ, ਕਦੀ ਰਾਗ ਦੇ ਸਿਰਲੇਖ ਨਾਲੋਂ ਉਚੇਰੇ ਹਨ ਤੇ ਕਦੀ ਬਰਾਬਰ; ਹੇਠਾਂ ਕਰਕੇ ਕਦੇ ਵੀ ਨਹੀਂ ਹਨ।

ਮਿਸਾਲ ਦੇ ਤੌਰ ਤੇ ਸੁਖਮਨੀ ਸਾਹਿਬ ਦਾ ਸਿਰਲੇਖ ਅਤੇ ਮੰਗਲ, ਜੋ ਬਾਜ਼ਾਰ ਵਿੱਚ ਪ੍ਰਾਪਤ ਛਪੀਆਂ ਬੀੜਾਂ, ਪੋਥੀਆਂ ਤੇ ਗੁਟਕਿਆਂ ਵਿੱਚ ਮਿਲਦਾ ਹੈ ਉਹ ਇਉਂ ਹੈ :

ਗਉੜੀ ਸੁਖਮਨੀ ਮਹਲਾ ੫
ਸਲੋਕ
੧ੴ ਸਤਿਗੁਰ ਪ੍ਰਸਾਦਿ
ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ ॥…

ਉਕਤ ਲਿਖਤ 'ਤੇ ਧਿਆਨ ਦਿੰਦਿਆਂ ਜਾਪਦਾ ਹੈ ਕਿ ਇਹ ਤਰਤੀਬ ਮੂਲੋਂ ਹੀ ਗੁਰਬਾਣੀ ਲਿਖਤ ਦੇ ਮਕਸਦ ਅਨੁਕੂਲ ਨਹੀਂ ਕਿਉਂਕਿ ਸਿਰਲੇਖ ਵਜੋਂ ਦਰਜ 'ਸਲੋਕ' ਸ਼ਬਦ ਉਪਰੰਤ 'ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ ॥' ਆਉਣਾ ਚਾਹੀਦਾ ਸੀ, ਨਾ ਕਿ "ੴ ਸਤਿਗੁਰ ਪ੍ਰਸਾਦਿ"; 'ੴ ਸਤਿਗੁਰ ਪ੍ਰਸਾਦਿ' ਸਲੋਕ ਨਹੀਂ, ਸਗੋਂ ਮੰਗਲ ਜਾਂ ਸੰਖੇਪ ਮੂਲ-ਮੰਤ੍ਰ ਹੈ। ਇਹ ਗ਼ਲਤੀ ਸ੍ਰੀ ਕਰਤਾਪੁਰ ਸਾਹਿਬ ਵਾਲੀ ਬੀੜ ਸਮੇਤ ਹੋਰ ਪੁਰਾਤਨ ਹੱਥ ਲਿਖਤੀ ਬੀੜਾਂ ਦੇ ਲਿਖਣ ਨਿਯਮ ਨੂੰ ਨਾ ਸਮਝਦਿਆਂ ਹੋਈ ਹੈ, ਜਿੱਥੇ ਇਉਂ ਬਣਤਰ ਦਰਜ ਹੈ:

ਗਉੜੀ ਸੁਖਮਨੀ ਮਹਲਾ ੫ ਸਲੋਕ ੴ ਸਤਿਗੁਰ ਪ੍ਰਸਾਦਿ

ਆਦਿ ਗੁਰਏਨਮਹ॥ ਜੁਗਾਦਿਗੁਰਏਨਮਹ ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਲਿਖਾਰੀ ਭਾਈ ਹਰਦਾਸ ਜੀ ਦੁਆਰਾ ਸੰਮਤ ੧੭੩੨ (ਸੰਨ 1675) ਤੋਂ ਸੰਮਤ ੧੭੬੬ (ਸੰਨ 1708) ਦੌਰਾਨ ਲਿਖੀ ਗਈ ਬੀੜ ਭਾਵ ਗੁਰੂ ਜੀ ਦੀ ਮੌਜੂਦਗੀ 'ਚ ਤਿਆਰ ਕੀਤੀ ਗਈ ਬੀੜ ਵਿੱਚ ਇਹੀ ਮੰਗਲ ਇਸ ਪ੍ਰਕਾਰ ਦਰਜ ਹੈ :

ੴ ਸਤਿਗੁਰਪ੍ਰਸਾਦਿ
ਗਉੜੀਸੁਖਮਨੀਮਹਲਾ੫ਸਲੋਕ
ਆਦਿਗੁਰਏਨਮਹ॥ਜੁਗਾਦਿਗੁਰਏਨਮਹ ॥...

ਜੇ 'ੴ ਸਤਿਗੁਰ ਪ੍ਰਸਾਦਿ' ਸਮੇਤ ਤਮਾਮ ਮੰਗਲਾਂ ਨੂੰ, ਪ੍ਰਾਚੀਨ ਲਿਖਣ-ਸ਼ੈਲੀ ਵਾਂਗ ਛਾਪਣ ਵੇਲੇ ਪਹਿਲ ਦਿੱਤੀ ਜਾਂਦੀ ਤਾਂ ਜਾਣੇ-ਅਣਜਾਣੇ ਗੁਰੂ ਆਸ਼ੇ ਦੀ ਇਹ ਅਵੱਗਿਆ ਨ ਹੁੰਦੀ।

ਦੂਜੀ ਵਿਧੀ : ਜਦ ਪਾਵਨ ਬੀੜਾਂ ਲਿਖਣ ਦਾ ਕੰਮ ਸੂਝਵਾਨ ਪ੍ਰੇਮੀ ਗੁਰਸਿੱਖਾਂ ਦੇ ਨਾਲ ਨਾਲ ਕਿੱਤਾਕਾਰ (Professional) ਲਿਖਾਰੀਆਂ ਦੇ ਹੱਥ ਵੀ ਆ ਗਿਆ ਤਾਂ ਉਹਨਾਂ ਰਾਗਾਂ ਦੇ ਸਿਰਲੇਖਾਂ ਦੀ ਸੱਜੇ/ਖੱਬੇ ਦੀ ਤਰਤੀਬ ਨੂੰ ਸਹੀ ਤੌਰ ਉੱਤੇ ਨਾ ਸਮਝਦਿਆਂ ਹੋਇਆਂ, ਜਿਵੇਂ ਲਿਖਿਆ ਦਿੱਸਦਾ ਸੀ, ਤਿਵੇਂ ਉਘੱੜ-ਦੁੱਘੜ (ਹੱਥ ਲਿਖਤਾਂ 'ਚ) ਲਿਖ ਮਾਰਿਆ। ਐਸੀ ਕਿਸੇ ਹੱਥ ਲਿਖਤ ਬੀੜ ਤੋਂ ਹੀ, ਪਹਿਲਾਂ ਨਵਲ-ਕਿਸ਼ੋਰ ਪ੍ਰੈਸ ਲਖਨਊ ਦੇ ਪੱਥਰ ਦੇ ਛਾਪੇ ਵਿੱਚ ਬੀੜ ਛਪੀ ਅਤੇ ਫੇਰ ਉਸ ਤੋਂ ਹੀ ਲਾਹੌਰ ਵਾਲੇ ਰਾਏ ਸਾਹਿਬ ਮੁਨਸ਼ੀ ਗੁਲਾਬ ਸਿੰਘ ਆਦਿ ਨੇ ਬੀੜਾਂ ਛਾਪ ਕੇ ਪੰਥ ਵਿੱਚ ਅਜੋਕਾ ਢੰਗ ਪ੍ਰਚਲਿਤ ਕਰ ਦਿੱਤਾ।

ਤੀਜੀ ਵਿਧੀ : ਗੁਰੂ ਕਾਲ ਦੌਰਾਨ ਹੀ ਜਦ ਸੂਝਵਾਨ ਸੁਘੜ ਲਿਖਾਰੀਆਂ ਨੇ ਮੰਗਲਾ-ਚਰਣ ਤੇ ਸਿਰਲੇਖਾਂ ਦੀ ਇਹ ਅਸ਼ੁੱਧ ਤਰਤੀਬ ਦੇਖੀ ਤਾਂ ਉਨ੍ਹਾਂ ਨੇ ਤਮਾਮ ਮੰਗਲ ਹੀ ਸਪਸ਼ਟ ਕਰਨ ਲਈ ਉੱਪਰ ਕਰ ਕੇ ਅੰਕਿਤ ਕਰਨੇ ਆਰੰਭ ਦਿੱਤੇ। ਸ਼੍ਰੋ: ਗੁ: ਪ੍ਰ: ਕਮੇਟੀ ਦੀ ਰੈਫਰੈਂਸ ਲਾਇਬ੍ਰੇਰੀ ਵਿੱਚ ਹੀ ਅਜਿਹੀਆਂ ਸੈਂਕੜੇ ਹੱਥ ਲਿਖਤ ਬੀੜਾਂ ਜੇਕਰ ਓਪਰੇਸ਼ਨ ਬਲਿਊ ਸਟਾਰ ਤੋਂ ਬਚ ਗਈਆਂ ਹੋਣ ਤਾਂ ਦਰਸ਼ਨ ਕੀਤੇ ਜਾ ਸਕਦੇ ਹਨ। ਏਥੇ ਵਿਸਥਾਰ ਦੇ ਡਰ ਤੋਂ ਕੇਵਲ ਕੁਝ ਕੁ ਬੀੜਾਂ ਦਾ ਵੰਨਗੀ ਵਜੋਂ ਹਵਾਲਾ ਦੇਣਾ ਉਚਿਤ ਜਾਪਦਾ ਹੈ:

ਇੱਕ ਬੀੜ ਭਾਈ ਹਰਿਦਾਸ ਜੀ ਦੀ ਲਿਖੀ ਹੋਈ ਹੈ। ਆਪ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀਆਂ ਵਿੱਚੋਂ ਇੱਕ ਉੱਘੇ ਲਿਖਾਰੀ ਸਨ। ਇਸ ਇਤਿਹਾਸਕ ਬੀੜ ਵਿੱਚ ਨਾ ਕੇਵਲ ਸਾਰੇ ਮੰਗਲ ਹੀ ਸਿਰਲੇਖਾਂ ਨਾਲੋਂ ਪਹਿਲਾਂ (ਉੱਪਰ) ਲਿਖੇ ਮਿਲਦੇ ਹਨ; ਸਗੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸਾਰੀ ਬਾਣੀ ਵੀ ਵੱਖ ਵੱਖ 15 ਰਾਗਾਂ ਵਿੱਚ ਥਾਂ ਸਿਰ ਅੰਕਿਤ ਹੈ (ਜੈਸਾ ਕਿ ਅਜੋਕੀ ਪ੍ਰਚਲਿਤ ਬੀੜ ਵਿੱਚ ਦਰਜ ਹੈ)। ਇਸ ਪਾਵਨ ਬੀੜ ਦੇ ਅੰਤ ਵਿੱਚ ਜੋ ਸ਼ਬਦ ਲਿਖੇ ਮਿਲਦੇ ਹਨ, ਉਹ ਗੁਰੂ ਕੇ ਸਿੱਖ ਦੇ ਸਿਦਕ, ਸ਼ਰਧਾ ਤੇ ਨਿਮਰਤਾ ਦੀ ਸਿੱਖਰ ਨੂੰ ਛੂਹ ਲੈਂਦੇ ਹਨ; ਜਿਵੇਂ ਕਿ

"ਗਿਰੰਥੁਸਪੂਰਨੁਹੋਯਾਲਿਖਿਆਹਰਿਦਾਸਲਿਖਾਰੀਸ੍ਰੀਗੁਰੂਗੋਬਿੰਦਸਿੰਘਦੇਲਿਖਾਰੀਲਿਖਿਆਜੀ॥
ਭੁਲਿਚੂਕਹੋਵੈਜੀਸੋਸੋਧਣਾਗੁਲਾਮੁਪਤਿਤੁਅਘਪਤਿਤੁਮਹਾਂਪਤਤੁਹਰਿਦਾਸੁਲਿਖਾਰੀਸ੍ਰੀਗੁਰੂਗੋਬਿੰਦਸਿੰਘਦਾ"

(ਨੋਟ ਕਰਨ ਯੋਗ ਹੈ ਕਿ ਉਸ ਸਮੇਂ ਅੱਜ ਦੇ ਕੰਪਿਊਟਰ ਯੁਗ ਵਾਂਗ Cut, Copy, Paste ਦਾ ਜ਼ਮਾਨਾ ਨਹੀਂ ਸੀ, ਲਿਖਾਰੀ ਪਾਸੋਂ ਜੇ ਕੋਈ ਅੱਖਰ, ਆਦਿ ਅਚੇਤ ਹੀ ਰਹਿ ਜਾਂਦਾ ਸੀ ਤਾਂ ਉਹ ਉੱਪਰ ਜਾਂ ਹੇਠਾਂ ਲਿਖ ਦਿੱਤਾ ਜਾਂਦਾ ਸੀ। ਇਸ ਦੀ ਮਿਸਾਲ ਵਜੋਂ ਸ੍ਰੀ ਕਰਤਾਪੁਰ ਸਾਹਿਬ ਵਾਲੀ 'ਆਦਿ ਬੀੜ' ਵਿੱਚ ਖੱਬੇ ਪਾਸੇ ਲਿਖੇ ਰਾਗ ਸਿਰਲੇਖਾਂ ਦੇ ਮੁਕਾਬਲੇ ਸੱਜੇ ਪਾਸੇ ਉਚੇਰੇ ਮੰਗਲ (ਸੰਖੇਪ ਰੂਪ ਛੋਟਾ ਤੇ ਸੰਪੂਰਨ ਰੂਪ 'ਚ) ਲਿਖੇ ਜਾਂਦੇ ਸਨ, ਉਹ ਵੀ ਖੱਬੇ ਪਾਸੇ ਲਿਖੇ ਗਏ ਰਾਗ ਸਿਰਲੇਖਾਂ ਦੇ ਸੱਜੇ ਪਾਸੇ ਬਰਾਬਰ ਤੋਂ ਥੋੜ੍ਹਾ ਉੱਪਰ (ਉਚੇਰਾ) ਕਰ ਕੇ ਲਿਖੇ ਜਾਂਦੇ ਸਨ।

ਪ੍ਰਿੰਸੀਪਲ ਹਰਿਭਜਨ ਸਿੰਘ ਅਨੁਸਾਰ "ੴ ਸਤਿਨਾਮੁ ਕਰਤਾਪੁਰਖ.....ਗੁਰ ਪ੍ਰਸਾਦਿ" ਨੂੰ ਮੰਗਲ ਕਹਿ ਲਈਏ ਜਾਂ ਮੂਲਮੰਤ੍ਰ ਇਸ ਦਾ ਅਸਥਾਨ ਮੁੱਢ ਵਿੱਚ ਹੀ ਹੈ ਅਤੇ ਏਸੇ ਕਾਰਨ ਹੀ ਇਸ ਨੂੰ ਮੂਲ ਮੰਤ੍ਰ ਕਿਹਾ ਜਾਂਦਾ ਹੈ। ਇਹ ਮੰਗਲ ਸਤਿਗੁਰਾਂ ਦੁਆਰਾ ਲਿਖਿਆ ਗਿਆ ਹੈ, ਭਗਤਾਂ ਆਦਿ ਦੁਆਰਾ ਨਹੀਂ। ਫਿਰ ਭਗਤਾਂ, ਆਦਿ ਦੀ ਬਾਣੀ ਦੇ ਸਿਰਲੇਖ ਤੋਂ ਬਾਅਦ ਕਿਉਂ? ਜਦ ਕਿ 'ਮੂਲ' ਦੇ ਅਰਥ ਹੀ 'ਆਦਿ' ਅਥਵਾ 'ਮੁੱਢ' ਹੁੰਦੇ ਹਨ।

ਪ੍ਰਤੱਖ ਸਾਬਤ ਹੋ ਰਿਹਾ ਹੈ ਕਿ ਮੰਗਲਾਚਰਨ (ਮੂਲ ਮੰਤ੍ਰ) ਸੰਪੂਰਨ ਜਾਂ ਸੰਖੇਪ ਰੂਪ ਵਿੱਚ ਗੁਰੂ ਸਾਹਿਬ ਦੁਆਰਾ ਲਿਖਿਆ ਹੋਇਆ ਮੁਖਵਾਕ ਹੈ, ਭਗਤ ਜਾਂ ਭੱਟ ਸਾਹਿਬਾਨ ਦੁਆਰਾ ਲਿਖਿਆ ਨਹੀਂ। ਲਿਖਤੀ ਨਿਯਮ ਅਨੁਸਾਰ ਸਤਿਗੁਰੂ ਜੀ ਨੇ ਭਗਤ ਬਾਣੀ ਦਰਜ ਕਰਨ ਵੇਲੇ ਇਹ ਮੰਗਲਾਚਰਨ ਹਰੇਕ ਭਗਤ ਦੇ ਸ਼ਬਦ ਸੰਗ੍ਰਹਿ ਦੇ ਸ਼ੁਰੂ ਵਿੱਚ ਦਰਜ ਕੀਤਾ ਹੈ ਤੇ ਇਹੀ ਇਸ ਦਾ ਯੋਗ ਸਥਾਨ ਹੈ। ਪ੍ਰਿੰਸੀਪਲ ਹਰਿਭਜਨ ਸਿੰਘ ਨੇ ਹਰ ਵਿਖਿਆਨ ਵਿੱਚ ਅਤੇ ਲਿਖਤੀ ਰੂਪ ਵਿੱਚ ਇਸ ਗੱਲ 'ਤੇ ਵਧੇਰੇ ਜ਼ੋਰ ਦਿੱਤਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਬਾਣੀ ਸੰਗ੍ਰਹਿ ਇਕੱਤਰ ਕਰਨ ਸਮੇਂ ਮੂਲ ਮੰਤਰ ਨੂੰ ਵਿਸ਼ੇਸ਼ ਜਗ੍ਹਾ ਦਿੱਤੀ ਗਈ ਹੈ ਜਦ ਕਿ ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਸੰਸਾਰਕ ਜੀਵਨ ਭੋਗ ਚੁੱਕੇ ਭਗਤ ਸਾਹਿਬਾਨ ਸਮੇਂ ਤਾਂ 'ੴਸਤਿਨਾਮੁਗੁਰਪ੍ਰਸਾਦਿ' ਆਦਿ ਮੰਗਲਾਚਰਨ ਦਾ ਵਜੂਦ ਵੀ ਨਹੀਂ ਸੀ।

ਸੋ ਦਰੁਸਤ ਇਹੀ ਹੋਵੇਗਾ ਕਿ ਪੰਚਮ ਪਾਤਸ਼ਾਹ ਜੀ ਨੇ ਮੰਗਲ ਲਿਖ ਕੇ ਹੀ ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਤੀ ਸਥਾਨ ਦਿੱਤਾ, ਜੋ ਇਸ ਦਾ ਯੋਗ ਤੇ ਅਸਲ ਅਸਥਾਨ ਵੀ ਹੈ, ਪਰ ਅੱਜ ਅਸੀਂ ਜਾਣੇ-ਅਣਜਾਣੇ ਹੋਈ ਇਸ ਭੁੱਲ ਨੂੰ ਵਿਚਾਰਨ ਲਈ ਵੀ ਤਿਆਰ ਨਹੀਂ।

ਪ੍ਰਿੰਸੀਪਲ ਜੀ ਅਨੁਸਾਰ ਮੰਗਲਾਚਰਨ ਵਾਲਾ 'ੴ' ਵੀ ਤਾਂ ਪ੍ਰਭੂ ਦਾ ਹੀ ਲਖਾਇਕ ਹੈ। ਇਸ ਲਈ ਇਸ ਦੀ ਯੋਗ ਥਾਂ, ਆਦਿ ਵਿੱਚ ਹੀ ਹੋਣੀ ਚਾਹੀਦੀ ਹੈ ਅਤੇ ਇਹੀ ਸ੍ਰੇਸ਼ਟ ਥਾਂ ਸਤਿਗੁਰਾਂ ਨੇ ਇਸ ਨੂੰ ਆਪ ਹੀ ਦਿੱਤੀ ਹੋਈ ਜਾਪਦੀ ਹੈ।

ਕਿਸੇ ਸਮੇਂ ਸਿੱਖ ਕੌਮ ਨੂੰ ਇੱਕ ਮੁੱਠ ਜੋੜਨ ਵਾਲੀ ਤੇ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਅੰਮ੍ਰਿਤਸਰ) ਨੇ 1950 ਦੇ ਦਹਾਕੇ ਵਿੱਚ ਇਸ ਪੱਖੋਂ ਖੋਜ ਅਤੇ ਜਦੋ-ਜਹਿਦ ਕਰਨ ਉਪਰੰਤ ਕੋਈ ਦਸ ਕੁ ਸਾਲ ਸਪਸ਼ਟ ਰੂਪ ਵਿੱਚ ਮੰਗਲ; ਰਾਗ ਤੋਂ ਪਹਿਲਾਂ ਛਾਪਣ ਵਾਲੀਆਂ ਹਜ਼ਾਰਾਂ ਬੀੜ ਸਾਹਿਬਾਨ, ਸ਼ਬਦਾਰਥ ਪੋਥੀਆਂ ਅਤੇ ਲੱਖਾਂ ਦੀ ਗਿਣਤੀ ਵਿੱਚ ਗੁਟਕੇ ਛਾਪੇ ਗਏ ਸਨ, ਪਰ 1962 ਦੀਆਂ ਚੋਣਾਂ ਵਿੱਚ ਕਮੇਟੀ 'ਤੇ ਕਾਬਜ਼ ਹੋਏ ਸੰਤ ਫਤਿਹ ਸਿੰਘ, ਸੰਤ ਚੰਨਣ ਸਿੰਘ ਆਦਿ ਨੇ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਸ੍ਰੀ ਰਾਮਸਰ ਜੀ ਦੇ ਸਾਰੇ ਬਲਾਕ ਦਰਿਆ ਬਿਆਸ ਦੀ ਤਹਿ ਵਿੱਚ ਡੁੱਬਵਾ ਦਿੱਤੇ ਅਤੇ ਬੀੜਾਂ ਦੀ ਛਪਵਾਈ ਫਿਰ ਤੋਂ ਮੰਗਲ ਅੱਗੜ-ਪਿੱਛੜ ਛਾਪਣੇ ਸ਼ੁਰੂ ਕਰਵਾ ਦਿੱਤੇ। ਇਸ ਦਾ ਕਾਰਨ ਉਹ ਖੁਦ ਜਾਣਨ ਜਾਂ ਕਰਤਾਰ ਜਾਣੇ ?

ਕਿਸੇ ਸਮੇਂ ਫ਼ੈਸਲਾ ਇਹ ਹੋਇਆ ਸੀ ਕਿ ਮੰਗਲ ਜਿਵੇਂ ਦਿੱਸਦੇ ਹਨ ਉਵੇਂ ਹੀ ਛਾਪੇ ਜਾਣ, ਪਰ ਅੱਜ ਹਾਲਾਤ ਇਹ ਹਨ ਕਿ ਗੁਰਦੁਆਰਾ ਸਾਹਿਬਾਨ ਵਿੱਚ ਹੁਕਮਨਾਮਾ ਲਿਖਦਿਆਂ, ਗੁਟਕੇ ਛਾਪਦਿਆਂ ਜਾਂ ਆਮ ਵਰਤੋਂ ਵਿੱਚ ਮੰਗਲਾਚਰਨ ਤਥਾ ਮੂਲਮੰਤਰ ਨੂੰ ਸੱਜੇ ਹੱਥ ਬਰਾਬਰ ਜਾਂ ਸਪਸ਼ਟ ਉੱਪਰ ਲਿਖਣ ਦੀ ਬਜਾਇ ਰਾਗ ਤੇ ਸਿਰਲੇਖ ਤੋਂ ਬਾਅਦ ਛਾਪਣਾ ਸ਼ੁਰੂ ਕਰ ਦਿੱਤਾ ਹੈ। ਆਮ ਜਗਿਆਸੂ ਲਈ ਮੰਗਲ ਦੀ ਕੋਈ ਅਹਿਮੀਅਤ ਹੀ ਨਹੀਂ ਰਹਿ ਗਈ ਤੇ ਕੋਈ ਗੁਰਬਾਣੀ ਖੋਜੀ ਜੇਕਰ ਆਵਾਜ਼ ਮਾਰਦਾ ਹੈ ਤਾਂ ਉਹ ਪੰਥ ਦੋਖੀ ਐਲਾਨਿਆ ਜਾਂਦਾ ਹੈ। ਉਸ ਨੂੰ ਪੰਥ ਵਿੱਚੋਂ ਛੇਕਣ ਤੱਕ ਦੀ ਨੌਬਤ ਆ ਜਾਂਦੀ ਹੈ।

ਅੱਜ ਕੱਲ੍ਹ ਤਾਂ ਮੰਗਲਾਂ ਦੇ ਖੱਬੇ-ਸੱਜੇ ਖ਼ਾਲੀ ਜਗ੍ਹਾ ਵੀ ਖ਼ਤਮ ਹੋ ਗਈ ਲਗਦੀ ਹੈ। ਗੁਰਬਾਣੀ ਛਾਪਕ ਕਮੇਟੀਆਂ ਨੇ ਸੰਪੂਰਨ ਜਾਂ ਸੰਖੇਪ ਮੰਗਲਾਚਰਨ ਨੂੰ ਸਪਸ਼ਟ ਰੂਪ ਵਿੱਚ ਰਾਗ ਸਿਰਲੇਖ ਤੋਂ ਹੇਠਾਂ ਛਾਪਣਾ-ਲਿਖਣਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਇੱਕ ਸੋਚੀ ਸਮਝੀ ਸਾਜ਼ਸ਼ ਜਾਪਦੀ ਹੈ ਤਾਂ ਜੋ ਆਮ ਸਿੱਖ ਨੂੰ ਇਸ ਬਾਰੇ ਮਾਮੂਲੀ ਜਾਣਕਾਰੀ ਵੀ ਨਾ ਰਹਿ ਜਾਏ ਕਿ ਮੰਗਲ ਸਥਾਨ; ਰਾਗ ਸਿਰਲੇਖ, ਮਹਲਾ ਸਿਰਲੇਖ, ਭਗਤ ਜਾਂ ਭੱਟ ਸਿਰਲੇਖ ਤੋਂ ਅਗੇਤਰ ਹੈ ਜਾਂ ਪਿਛੇਤਰ।

ਭਾਈ ਮਨੀ ਸਿੰਘ ਜੀ, ਜਿਨ੍ਹਾਂ ਨੂੰ ਦਸਮੇਸ਼ ਪਿਤਾ ਜੀ ਵੱਲੋਂ ਦਮਦਮਾ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਪਾਵਨ ਬੀੜਾਂ ਦੇ ਲਿਖਾਰੀ ਵਜੋਂ ਨਿਯੁਕਤ ਕੀਤਾ ਸੀ, ਉਨ੍ਹਾਂ ਆਪਣੀ ਲਿਖਤ ਜਨਮ ਸਾਖੀ 'ਗਿਆਨ ਰਤਨਾਵਲੀ' (ਜੋ 'ਜਨਮ ਸਾਖੀ ਭਾਈ ਮਨੀ ਸਿੰਘ ਜੀ ਵਾਲੀ' ਨਾਂ ਨਾਲ ਪ੍ਰਸਿੱਧ ਹੈ) ਵਿੱਚ ਮੂਲ ਮੰਤ੍ਰ (ਮੰਗਲਾਚਰਨ) ਸਰੂਪ ਨੂੰ ਇਸ ਤਰ੍ਹਾਂ ਦਰਜ ਕੀਤਾ ਹੋਇਆ ਮਿਲਦਾ ਹੈ :-

ੴ ਸਤਿ ਨਾਮੁਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਨਾਮ ਸਭ ਦੇਵਾਂ ਦਾ ਦੇਵ ਹੈ । ਕੋਈ ਦੇਵੀ ਨੂੰ ਮਨਾਵਦਾ ਹੈ॥ ਕੋਈ ਸ਼ਿਵ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ॥
ਗੁਰ ਕੇ ਸਿਖ ਸਤਿਨਾਮੁ ਨੂੰ ਅਰਾਧਤੇ ਹੈਂ ਜਿਸ ਕਰ ਸਭ ਵਿਘਨ ਨਾਸ ਹੋਂਦੇ ਹਨ॥
ਤਾਂ ਤੇ ਸਤਿਨਾਮ ਦਾ ਮੰਗਲਚਾਰ ਆਦਿ ਰੱਖਾ ਗਿਆ ਹੈ॥ (ਭਾਈ ਮਨੀ ਸਿੰਘ)

# ਮੂਲ ਮੰਤਰ ਦਾ ਗੁਰਬਾਣੀ 'ਚ ਸਥਾਨ ਤੇ ਬਣਤਰ

ਗਿਆਨੀ ਅਵਤਾਰ ਸਿੰਘ
ਸੰ.98140-35202

ਸੰਨ 1603-4 'ਚ 'ਆਦਿ ਗ੍ਰੰਥ' ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਸਾਹਿਬ ਜੀ ਨੇ ਗੁਰਬਾਣੀ-ਸਿਧਾਂਤ ਨੂੰ ਸਮਝਣ ਤੇ ਉਚਾਰਨ ਬਾਰੇ ਕੁੱਝ ਖ਼ਾਸ ਨਿਯਮ ਨਿਰਧਾਰਿਤ ਕੀਤੇ; ਜਿਵੇਂ ਕਿ ਭਗਤ ਬਾਣੀ ਨੂੰ ਭਿੰਨ-ਭਿੰਨ ਰਾਗਾਂ 'ਚ ਵੰਡਣਾ, ਵਾਰਾਂ ਦੀਆਂ ਪਉੜੀਆਂ ਨਾਲ਼ ਸਲੋਕ ਦਰਜ ਕਰਨਾ, ਗੁਰੂ ਨਾਨਕ ਸਾਹਿਬ ਤੇ ਗੁਰੂ ਰਾਮਦਾਸ ਜੀ ਦੀ ਇੱਕ-ਇੱਕ ਵਾਰ 'ਚ ਆਪਣੀਆਂ 15 ਪਉੜੀਆਂ ਸ਼ਾਮਲ ਕਰਨਾ, ਬਾਬਾ ਫ਼ਰੀਦ ਜੀ ਤੇ ਭਗਤ ਕਬੀਰ ਜੀ ਦੇ ਸਲੋਕਾਂ ਦੀ ਵਿਸ਼ੇ-ਕੜੀ 'ਚ ਕੁੱਝ ਸਲੋਕ ਗੁਰੂ ਸਾਹਿਬਾਨ ਦੇ ਦਰਜ ਕਰਨਾ, ਭਗਤਾਂ ਦੁਆਰਾ ਹਰੀ ਦੀ ਕੀਤੀ ਬੰਦਗੀ ਨੂੰ ਆਪਣੇ ਸ਼ਬਦ ਨਾਲ਼ ਪ੍ਰਮਾਣਿਕਤਾ ਦੇਣਾ, ਭੱਟ ਬਾਣੀ ਦੀ ਸਮੁੱਚੇ ਗੁਰਬਾਣੀ-ਫ਼ਲਸਫ਼ੇ ਨਾਲ਼ ਕੜੀ ਜੋੜਨ ਲਈ ਆਪਣੇ ਵੱਲੋਂ 20 ਸਵੀਈਏ ਰਚਨਾ, ਮੂਲ ਮੰਤਰ (ਸੰਖੇਪ ਜਾਂ ਸੰਪੂਰਨ) ਨੂੰ ਬਾਣੀਕਾਰਾਂ ਦੇ ਸ਼ਬਦਾਂ ਦੇ ਸਿਰਲੇਖ 'ਚ ਖ਼ਾਸ ਤਰਤੀਬ ਨਾਲ਼ ਦਰਜ ਕਰਨਾ, ਆਦਿ।

ਮੂਲ ਮੰਤਰ ਨੂੰ ਸਿਰਲੇਖਾਂ 'ਚ ਦਰਜ ਕਰਨ ਸਮੇਂ ਇਹ ਤਰਤੀਬ ਰੱਖੀ ਕਿ ਹਰ ਬਾਣੀਕਾਰ ਦੇ ਪਹਿਲੇ ਸ਼ਬਦ ਦੇ ਵਿਸ਼ੇ ਤੇ ਉਸ ਦੇ ਸਿਰਲੇਖ; ਦੋਵਾਂ ਵਿਚਕਾਰ ਮੂਲ ਮੰਤਰ (ਸੰਖੇਪ ਜਾਂ ਸੰਪੂਰਨ) ਨਾ ਆ ਸਕੇ ਕਿਉਂਕਿ ਸਿਰਲੇਖ ਦੇ ਵੇਰਵੇ ਤੋਂ ਸ਼ਬਦ ਦਾ ਵਿਸ਼ਾ, ਬਾਣੀਕਾਰ, ਉਸ ਨੂੰ ਗਾਈਨ ਕਰਨ ਲਈ ਨਿਰਧਾਰਿਤ ਕੀਤਾ ਰਾਗੁ ਤੇ ਘਰੁ, ਆਦਿ ਸਮਝੀਦਾ ਹੈ ਜਦਕਿ ਮੂਲ ਮੰਤਰ; ਇੱਕ ਸੁਤੰਤਰ ਮੰਗਲਾਚਰਨ ਹੈ। ਜਿਸ ਵਿੱਚ ਆਪਣੇ ਈਸ਼ਟ ਦੇ ਸੰਖੇਪ 'ਚ ਖ਼ਾਸ-ਖ਼ਾਸ ਗੁਣਾਂ ਨੂੰ ਦਰਸਾਇਆ ਹੈ। ਵੈਸੇ ਭੀ ਮੰਗਲਾਚਰਨ ਸੰਨ 1507 ਤੋਂ ਪਹਿਲਾਂ ਯਾਨੀ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਸਾਹਿਬ ਜੀ ਦੁਆਰਾ ਆਪਣੀਆਂ ਉਦਾਸੀਆਂ ਸ਼ੁਰੂ ਕਰਨ ਤੋਂ ਪਹਿਲਾਂ ਹੀ ਸੁਲਤਾਨਪੁਰ ਲੋਧੀ ਵਿਖੇ ਉਚਾਰਿਆ ਜਾ ਚੁੱਕਾ ਸੀ, ਇਸ ਲਈ ਇਸ ਦਾ ਸਥਾਨ; ਹਰ ਬਾਣੀਕਾਰ ਦੇ ਸ਼ਬਦ ਦੇ ਸਿਰਲੇਖ 'ਚ ਜਾਂ ਰਾਗ ਦੀ ਅਰੰਭਤਾ 'ਚ ਸਭ ਤੋਂ ਉੱਪਰ ਯਾਨੀ ਪਹਿਲਾਂ ਰੱਖਿਆ ਗਿਆ।

ਗੁਰਬਾਣੀ ਦੀ ਲਿਖਤ 'ਚ ਅਪਣਾਏ ਉਕਤ ਢੰਗ ਵੇਲ਼ੇ ਹੁਣ ਵਾਙ ਪ੍ਰਿੰਟਿੰਗ ਪ੍ਰੈਸ ਵਾਲ਼ੀ ਸੁਵਿਧਾ ਨਹੀਂ ਸੀ। ਉਸ ਸਮੇਂ ਗੁਟਕੇ ਅਤੇ ਬੀੜਾਂ ਦੇ ਉਤਾਰੇ ਹੱਥ ਲਿਖਤ ਨਾਲ਼ ਕੀਤੇ ਜਾਂਦੇ ਸਨ। ਬਾਅਦ 'ਚ ਸਿੱਖਾਂ ਨੂੰ ਲੰਬਾ ਸਮਾਂ ਜੰਗਾਂ-ਯੁੱਧਾਂ 'ਚ ਰਹਿਣਾ ਪਿਆ, ਜਿਸ ਕਾਰਨ ਇਹ ਕੰਮ; ਜ਼ਿਆਦਾਤਰ ਗ਼ੈਰ ਸਿੱਖ ਲਿਖਾਰੀਆਂ ਨੇ ਸੰਭਾਲ਼ਿਆ। ਉਨ੍ਹਾਂ ਨੂੰ ਮੁਗ਼ਲ ਹਕੂਮਤ ਭੀ ਆਪਣੇ ਲਈ ਖ਼ਤਰਾ ਨਹੀਂ ਮੰਨਦੀ ਸੀ। ਬਹੁਤਾਤ ਲਿਖਾਰੀਆਂ ਲਈ ਇਹ ਕੰਮ; ਰੋਜ਼ੀ-ਰੋਟੀ ਦਾ ਸਾਧਨ ਬਣ ਗਿਆ। ਜਗ੍ਹਾ ਜਗ੍ਹਾ ਗੁਰਬਾਣੀ ਦੇ ਗੁਟਕੇ ਅਤੇ ਬੀੜਾਂ ਦੇ ਉਤਾਰੇ ਹੋਣ ਲੱਗੇ, ਜਿਸ ਕਾਰਨ ਇਕਸਾਰਤਾ ਨਾ ਰਹੀ ਅਤੇ ਗੁਰਬਾਣੀ ਲਿਖਣ ਦੇ ਢੰਗ 'ਚ ਅੰਤਰ ਪੈਣਾ ਸ਼ੁਰੂ ਹੋ ਗਿਆ। ਮਿਸਾਲ ਵਜੋਂ ਕੁੱਝ ਕੁ ਸ਼ਬਦ ਹਨ :

(ੳ). ਉਹ ਰਾਗ, ਜਿਨ੍ਹਾਂ ਦੀ ਅਰੰਭਤਾ ਸੰਪੂਰਨ ਮੂਲ ਮੰਤਰ ਨਾਲ਼ ਹੈ ਤੇ ਸਿਰਲੇਖ ਦਾ ਵੇਰਵਾ (ਰਾਗੁ, ਬਾਣੀਕਾਰ, ਘਰੁ) ਬਾਅਦ ’ਚ ਹੈ :

1. ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥ ਤੂ ਸੁਲਤਾਨੁ ਕਹਾ ਹਉ ਮੀਆ; ਤੇਰੀ ਕਵਨ ਵਡਾਈ ? ॥ (ਬਿਲਾਵਲੁ/ਮਹਲਾ ੧/੭੯੫)
2. ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਰਾਗੁ ਜੈਜਾਵੰਤੀ ਮਹਲਾ ੯ ॥ ਰਾਮੁ ਸਿਮਰਿ ਰਾਮੁ ਸਿਮਰਿ; ਇਹੈ ਤੇਰੈ ਕਾਜਿ ਹੈ ॥ (ਜੈਜਾਵੰਤੀ/ਮਹਲਾ ੯/੧੩੫੨)
3. ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧ ॥ ਨਾਇ ਤੇਰੈ ਤਰਣਾ; ਨਾਇ ਪਤਿ ਪੂਜ ॥ ਨਾਉ ਤੇਰਾ ਗਹਣਾ; ਮਤਿ ਮਕਸੂਦੁ ॥ (ਪ੍ਰਭਾਤੀ/ਮਹਲਾ ੧/੧੩੨੭)

(ਅ). ਹੁਣ ਉਹ ਰਾਗ, ਜਿਨ੍ਹਾਂ ’ਚ ਪਹਿਲਾਂ ਸਿਰਲੇਖ ਦਾ ਵੇਰਵਾ (ਰਾਗੁ, ਬਾਣੀਕਾਰ, ਘਰੁ) ਹੈ ਤੇ ਬਾਅਦ ’ਚ ਸੰਪੂਰਨ ਮੂਲ ਮੰਤਰ ਹੈ :

1. ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ (ਗਉੜੀ/ਮਹਲਾ ੧/੧੫੧)
2. ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਤੁਝ ਤੇ ਬਾਹਰਿ ਕਿਛੂ ਨ ਹੋਇ ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥੧॥ (ਭੈਰਉ/ਮਹਲਾ ੧/੧੧੨੫)
3. ਰਾਗੁ ਕਾਨੜਾ ਚਉਪਦੇ ਮਹਲਾ ੪ ਘਰੁ ੧ ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ ॥ (ਕਾਨੜਾ/ਮਹਲਾ ੪/੧੨੯੪)

(ੲ). ਉਹ ਰਾਗ, ਜਿਸ ਦੀ ਅਰੰਭਤਾ; ਸੰਪੂਰਨ ਮੂਲ ਮੰਤਰ ਦੀ ਥਾਂ ਸੰਖੇਪ ਮੂਲ ਮੰਤਰ ਨਾਲ਼ ਹੈ। ਬਾਅਦ ’ਚ ਸਿਰਲੇਖ ਦਾ ਵੇਰਵਾ ਹੈ :

੧ਓ ਸਤਿਗੁਰ ਪ੍ਰਸਾਦਿ ॥ ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥ ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ (ਸਿਰੀਰਾਗੁ/ਮਹਲਾ ੧/੧੪)

4. ਹੁਣ ਉਹ ਰਾਗ, ਜਿਨ੍ਹਾਂ ’ਚ ਸੰਖੇਪ ਮੂਲ ਮੰਤਰ ਭੀ ਬਾਅਦ ’ਚ ਹੈ। ਪਹਿਲਾਂ ਸਿਰਲੇਖ ਦਾ ਵੇਰਵਾ ਉੱਪਰ ਹੈ :

(ੳ). ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ ੧ਓ ਸਤਿਗੁਰ ਪ੍ਰਸਾਦਿ ॥ ਸੁਨਿ ਮਨ ! ਅਕਥ ਕਥਾ ਹਰਿ ਨਾਮ ॥ (ਬੈਰਾੜੀ/ਮਹਲਾ ੪/੭੧੯)

(ਅ). ਕੇਦਾਰਾ ਮਹਲਾ ੪ ਘਰੁ ੧ ੧ਓ ਸਤਿਗੁਰ ਪ੍ਰਸਾਦਿ ॥ ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ ॥ (ਕੇਦਾਰਾ/ਮਹਲਾ ੪/੧੧੧੮)

ਸੋ ਇਹ ਬੇਤਰਤੀਬ ਕੇਵਲ 31 ਰਾਗਾਂ ਦੀ ਆਰੰਭਤਾ ’ਚ ਹੀ ਨਹੀਂ ਬਲਕਿ ਬਾਕੀ ਸ਼ਬਦਾਂ ’ਚ ਭੀ ਵੇਖਣ ਨੂੰ ਮਿਲਦੀ ਹੈ; ਜਿਵੇਂ ਕਿ

(1). ਉਹ ਸ਼ਬਦ, ਜਿਨ੍ਹਾਂ ਦੇ ਅਰੰਭ ’ਚ ਉੱਪਰ ਸੰਖੇਪ ਮੂਲ ਮੰਤਰ ਹੈ ਤੇ ਬਾਅਦ ’ਚ ਸਿਰਲੇਖ ਦਾ ਵੇਰਵਾ ਹੈ :

(ੳ). ੧ਓ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਥਿਤੀਂ ਕਬੀਰ ਜੀ ਕੀਂ ॥ ਸਲੋਕੁ ॥ ਪੰਦ੍ਰਹ ਥਿਤੀਂ ਸਾਤ ਵਾਰ ॥
ਕਹਿ ਕਬੀਰ ਉਰਵਾਰ ਨ ਪਾਰ ॥ (ਗਉੜੀ ਥਿਤੀ/ਭਗਤ ਕਬੀਰ/੩੪੩)

(ਅ). ੧ਓ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਘਰੁ ੨ ਮਹਲਾ ੪ ॥ ਕਿਸ ਹੀ ਧੜਾ ਕੀਆ; ਮਿਤ੍ਰ ਸੁਤ ਨਾਲਿ ਭਾਈ ॥ (ਆਸਾ/ਮਹਲਾ ੪/੩੬੬)

(ੲ). ੧ਓ ਸਤਿਗੁਰ ਪ੍ਰਸਾਦਿ ॥ ਆਸਾ ਘਰੁ ੧੦ ਮਹਲਾ ੫ ॥ ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ; ਤੇ ਪਾਹੁਨ ਦੋ ਦਾਹਾ ॥ (ਆਸਾ/ਮਹਲਾ ੫/੪੦੨)

(ਸ). ੧ਓ ਸਤਿਗੁਰ ਪ੍ਰਸਾਦਿ ॥ ਧਨਾਸਰੀ ਮਹਲਾ ੯ ॥ ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ (ਧਨਾਸਰੀ/ਮਹਲਾ ੯/੬੮੪)

(ਹ). ੧ਓ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਮਹਲਾ ੯ ॥ ਬਿਰਥਾ ਕਹਉ ਕਉਨ ਸਿਉ ਮਨ ਕੀ ॥ ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ; ਆਸਾ ਲਾਗਿਓ ਧਨ ਕੀ ॥੧॥ ਰਹਾਉ ॥ (ਆਸਾ/ਮਹਲਾ ੯/੪੧੧)

**ਨੋਟ :** ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ; ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ 'ਆਦਿ ਗ੍ਰੰਥ' ਸਾਹਿਬ 'ਚ ਦਰਜ ਕੀਤੀ ਹੈ। ਇਸ ਬਾਣੀ 'ਚ ਅਕਸਰ ਮੂਲ ਮੰਤਰ ਉੱਪਰ ਹੈ ਤੇ ਸਿਰਲੇਖ ਦਾ ਵੇਰਵਾ ਬਾਅਦ 'ਚ ਹੇਠਾਂ ਹੈ।

(2). ਹੁਣ ਉਹ ਸ਼ਬਦ, ਜਿਨ੍ਹਾਂ ਦੇ ਅਰੰਭ 'ਚ ਪਹਿਲਾਂ ਸਿਰਲੇਖ ਦਾ ਵੇਰਵਾ ਹੈ ਤੇ ਬਾਅਦ 'ਚ ਹੇਠਾਂ ਸੰਖੇਪ ਮੂਲ ਮੰਤਰ ਹੈ :

(ੳ). ਗਉੜੀ ਸੁਖਮਨੀ ਮਹਲਾ ੫ ॥ ਸਲੋਕੁ ॥ ੧ਓ ਸਤਿਗੁਰ ਪ੍ਰਸਾਦਿ ॥ ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ॥ (ਗਉੜੀ ਸੁਖਮਨੀ (ਮਹਲਾ ੫/੨੬੩)

**ਨੋਟ :** ਇਸ ਸਿਰਲੇਖ ਨੂੰ ਵੇਖੀਏ ਤਾਂ '॥ ਸਲੋਕੁ॥' ਤੋਂ ਬਾਅਦ **"ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥"** ਹੋਣਾ ਚਾਹੀਦਾ ਸੀ, ਨਾ ਕਿ **"੧ਓ ਸਤਿਗੁਰ ਪ੍ਰਸਾਦਿ ॥"** ਕਿਉਂਕਿ ਸੰਖੇਪ ਮੂਲ ਮੰਤਰ; ਸਲੋਕ ਦਾ ਹਿੱਸਾ ਨਹੀਂ ਹੈ।

24 ਸਲੋਕਾਂ ਸਮੇਤ 24 ਅਸ਼ਟਪਦੀਆਂ ਵਾਲ਼ੀ ਸੁਖਮਨੀ ਸਾਹਿਬ ਬਾਣੀ; ਪੰਜਵੇਂ ਪਾਤਿਸ਼ਾਹ ਜੀ ਦੀ ਰਚਨਾ ਹੈ ਜਦਕਿ ਮੂਲ ਮੰਤਰ; ਗੁਰੂ ਅਰਜਨ ਸਾਹਿਬ ਜੀ ਦੇ ਜਨਮ (15 ਅਪ੍ਰੈਲ 1563) ਤੋਂ ਭੀ ਤਕਰੀਬਨ 55-60 ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਦੁਆਰਾ ਉਚਾਰਿਆ ਹੋਇਆ ਹੈ।

(ਅ). ਰਾਗੁ ਆਸਾ ਮਹਲਾ ੧ ਪਟੀ ਲਿਖੀ ੧ਓ ਸਤਿਗੁਰ ਪ੍ਰਸਾਦਿ ॥ ਸਸੈ ਸੋਇ ਸ੍ਰਿਸਟਿ ਜਿਨਿ ਸਾਜੀ; ਸਭਨਾ ਸਾਹਿਬੁ ਏਕੁ ਭਇਆ ॥ (ਆਸਾ ਪਟੀ/ਮਹਲਾ ੧/੪੩੨)

(ੲ). ਰਾਮਕਲੀ ਮਹਲਾ ੩ ਅਨੰਦੁ ੧ਓ ਸਤਿਗੁਰ ਪ੍ਰਸਾਦਿ ॥ ਅਨੰਦੁ ਭਇਆ ਮੇਰੀ ਮਾਏ! ਸਤਿਗੁਰੂ ਮੈ ਪਾਇਆ ॥ (ਰਾਮਕਲੀ ਅਨੰਦ/ਮਹਲਾ ੩/੯੧੭)

(ਸ). ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ੧ਓ ਸਤਿਗੁਰ ਪ੍ਰਸਾਦਿ ॥ ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ (ਰਾਮਕਲੀ ਓਅੰਕਾਰ/ਮਹਲਾ ੧/੯੩੦)

ਇਹੀ ਬੇਤਰਤੀਬੀ ਗੁਰਬਾਣੀ ਦੀਆਂ ਵਾਰਾਂ ਦੇ ਸਿਰਲੇਖਾਂ 'ਚ ਭੀ ਵੇਖਣ ਨੂੰ ਮਿਲਦੀ ਹੈ; ਜਿਵੇਂ ਕਿ

(1). ਉਹ ਵਾਰਾਂ, ਜਿਨ੍ਹਾਂ ਦੇ ਸਿਰਲੇਖ 'ਚ ਪਹਿਲਾਂ ਮੂਲ ਮੰਤਰ ਹੈ, ਬਾਅਦ 'ਚ ਸਿਰਲੇਖ ਦਾ ਵੇਰਵਾ (ਰਾਗੁ, ਬਾਣੀਕਾਰ, ਆਦਿ)।

(ੳ). ੧ਓ ਸਤਿਗੁਰ ਪ੍ਰਸਾਦਿ ॥ ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥ ਸਲੋਕ ਮ: ੩ ॥ ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ (ਸਿਰੀਰਾਗੁ ਕੀ ਵਾਰ/ਮਹਲਾ ੪/੮੩)

(ਅ). ੧ਓ ਸਤਿਗੁਰ ਪ੍ਰਸਾਦਿ ॥ ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥ ਸਲੋਕੁ ਮ: ੩ ॥ ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥ (ਸੂਹੀ ਕੀ ਵਾਰ/ਮਹਲਾ ੩/੭੮੫)

(ਏ). ੧ੴ ਸਤਿਗੁਰ ਪ੍ਰਸਾਦਿ ॥ ਰਾਮਕਲੀ ਕੀ ਵਾਰ ਮਹਲਾ ੩ ॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥ ਸਲੋਕੁ ਮ: ੩ ॥ ਸਤਿਗੁਰੁ ਸਹਜੈ ਦਾ ਖੇਤੁ ਹੈ; ਜਿਸ ਨੋ ਲਾਏ ਭਾਉ ॥ (ਰਾਮਕਲੀ ਕੀ ਵਾਰ/ਮਹਲਾ ੩/੯੪੭)

(ਸ). ਰਾਮਕਲੀ ਕੀ ਵਾਰ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਸਲੋਕ ਮਹਲਾ ੫ ॥ ਜੈਸਾ ਸਤਿਗੁਰੁ ਸੁਣੀਦਾ; ਤੈਸੋ ਹੀ ਮੈ ਡੀਠੁ॥ (ਰਾਮਕਲੀ ਕੀ ਵਾਰ/ਮਹਲਾ ੫/੯੫੭)

(2). ਹੁਣ ਉਹ ਵਾਰਾਂ, ਜਿੱਥੇ ਪਹਿਲਾਂ ਸਿਰਲੇਖ ਦਾ ਵੇਰਵਾ (ਰਾਗੁ, ਬਾਣੀਕਾਰ, ਆਦਿ) ਹੈ ਤੇ ਬਾਅਦ 'ਚ ਮੂਲ ਮੰਤਰ ਹੈ :

(ੳ). ਗਉੜੀ ਕੀ ਵਾਰ ਮਹਲਾ ੪ ॥ ੧ੴ ਸਤਿਗੁਰ ਪ੍ਰਸਾਦਿ ॥ ਸਲੋਕ ਮ: ੪ ॥ ਸਤਿਗੁਰੁ ਪੁਰਖੁ ਦਇਆਲੁ ਹੈ; ਜਿਸ ਨੋ ਸਮਤੁ ਸਭੁ ਕੋਇ ॥ (ਗਉੜੀ ਕੀ ਵਾਰ/ਮਹਲਾ ੪/੩੦੧)

(ਅ). ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ੧ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮ: ੩ ॥ ਇਹੁ ਜਗਤੁ ਮਮਤਾ ਮੁਆ; ਜੀਵਣ ਕੀ ਬਿਧਿ ਨਾਹਿ ॥ (ਗੂਜਰੀ ਕੀ ਵਾਰ/ਮਹਲਾ ੩/੫੦੯)

(ੲ). ਮਾਰੂ ਵਾਰ ਮਹਲਾ ੩ ੧ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮ: ੧ ॥ ਵਿਣੁ ਗਾਹਕ ਗੁਣੁ ਵੇਚੀਐ; ਤਉ ਗੁਣੁ ਸਹਘੋ ਜਾਇ ॥ (ਮਾਰੂ ਵਾਰ/ਮਹਲਾ ੩/੧੦੮੭)

**ਨੋਟ :** ਆਸਾ ਕੀ ਵਾਰ ਦੇ ਸਿਰਲੇਖ 'ਚ ਤਾਂ ਪਹਿਲਾਂ ਸੰਪੂਰਨ ਮੂਲ ਮੰਤਰ ਹੈ, ਜੋ ਕਿ ਹੋਰ ਕਿਸੇ ਵਾਰ 'ਚ ਨਹੀਂ; ਜਿਵੇਂ ਕਿ

੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥ ਸਲੋਕੁ ਮ: ੧ ॥ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ; ਕਰਤ ਨ ਲਾਗੀ ਵਾਰ ॥੧॥ (ਆਸਾ ਕੀ ਵਾਰ/ਮਹਲਾ ੧/੪੬੩)

ਇਸ ਵਾਰ ਦਾ ਕੀਰਤਨ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਹੁੰਦਾ ਰਿਹਾ ਹੈ। ਸ਼ਾਇਦ ਇਸ ਦੇ ਗੁਟਕਿਆਂ 'ਚ 'ਜਪੁ' ਜੀ ਸਾਹਿਬ ਵਾਙ ਸੰਪੂਰਨ ਮੂਲ ਮੰਤਰ; ਪਹਿਲਾਂ ਉੱਪਰ ਲਿਖਿਆ ਜਾਂਦਾ ਰਿਹਾ ਸੀ। ਬਾਅਦ 'ਚ ਲਿਖਾਰੀਆਂ ਨੇ 'ਆਦਿ ਗ੍ਰੰਥ' ਸਾਹਿਬ ਦਾ ਉਤਾਰਾ ਕਰਦਿਆਂ ਇਹ ਸੰਪੂਰਨ ਮੂਲ ਮੰਤਰ; ਗੁਟਕਾ ਸਾਹਿਬ ਤੋਂ ਵੇਖ ਕੇ ਹੀ ਦਰਜ ਕਰ ਦਿੱਤਾ ਜਾਪਦਾ ਹੈ।

ਗੁਰੂ ਗ੍ਰੰਥ ਸਾਹਿਬ ਅੰਦਰ ਸੰਪੂਰਨ ਮੂਲ ਮੰਤਰ (੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥) 33 ਵਾਰ ਹੈ ਅਤੇ ਸੰਖੇਪ ਮੂਲ ਮੰਤਰ (੧ੴ ਸਤਿਗੁਰ ਪ੍ਰਸਾਦਿ ॥) 524 ਵਾਰ ਹੈ। ਸੰਪੂਰਨ ਮੂਲ ਮੰਤਰ; ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ (ਜਪੁ ਬਾਣੀ ਤੋਂ ਪਹਿਲਾਂ) ਅਤੇ 31 ਰਾਗਾਂ ਦੀ ਅਰੰਭਤਾ 'ਚ ਉੱਪਰ; ਸਿਰਲੇਖ ਦੇ ਵੇਰਵੇ ਤੋਂ ਪਹਿਲਾਂ ਦਰਜ ਹੋਣਾ ਚਾਹੀਦਾ ਹੈ ਤੇ 31 ਰਾਗ-ਤਰਤੀਬ ਸਮਾਪਤ ਹੋਣ 'ਤੇ ਸ਼ੁਰੂ ਹੋਏ ਸਹਸਕ੍ਰਿਤੀ ਸਲੋਕਾਂ ਦੇ ਅਰੰਭ 'ਚ ਭੀ ਦਰਜ ਹੋਣਾ ਚਾਹੀਦਾ ਹੈ ਅਤੇ ਸੰਖੇਪ ਮੂਲ ਮੰਤਰ; ਹਰ ਰਾਗ 'ਚ ਬਾਣੀਕਾਰ ਦਾ ਨਾਂ (ਸ਼ਬਦ, ਚਉਪਦੇ, ਅਸਟਪਦੀਆਂ, ਆਦਿ 'ਚ) ਬਦਲਣ 'ਤੇ ਜਾਂ ਘਰੁ ਬਦਲਣ 'ਤੇ ਦਰਜ ਹੋਣ ਦਾ ਵਿਧਾਨ ਹੈ। ਇਸ ਤਰਤੀਬ ਦੀ ਅਜੋਕੀ ਛਪਾਈ 'ਚ ਇਕਸਾਰਤਾ ਭੰਗ ਹੋਈ ਜਾਪਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਉਤਾਰਾ ਕਰਦਿਆਂ ਲਿਖਾਰੀ ਇਹ ਨਿਰਣਾ ਕਰਨ 'ਚ ਭੀ ਕਿਤੇ ਕਿਤੇ ਦੁਬਿਧਾ 'ਚ ਰਹੇ ਹਨ ਕਿ ਕਿੱਥੇ ਸੰਪੂਰਨ ਮੂਲ ਮੰਤਰ ਲਿਖਣਾ ਹੈ ਤੇ ਕਿੱਥੇ ਸੰਖੇਪ ਮੂਲ ਮੰਤਰ। ਇਸੇ ਕਾਰਨ ਮੂਲ ਮੰਤਰ ਦੇ 2 ਹੋਰ ਸਰੂਪ ਭੀ ਸਾਮ੍ਹਣੇ ਆ ਰਹੇ ਹਨ; ਜਿਵੇਂ ਕਿ

"੧ੴ ਸਤਿ ਨਾਮੁ ਗੁਰ ਪ੍ਰਸਾਦਿ ॥" ਗੁਰਬਾਣੀ 'ਚ 2 ਵਾਰ ਹੈ ਅਤੇ "੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥" ਬਣਤਰ 9 ਵਾਰ ਹੈ। ਇੱਥੇ ਲਿਖਾਰੀ ਸੰਖੇਪ ਮੂਲ ਮੰਤਰ (੧ੴ ਸਤਿਗੁਰ ਪ੍ਰਸਾਦਿ ॥) ਲਿਖਣਾ ਚਾਹ ਰਹੇ ਸਨ, ਪਰ ਗ਼ਲਤੀ ਨਾਲ਼ 'ਸਤਿ' ਤੋਂ ਬਾਅਦ 'ਗੁਰ' ਲਿਖਣ ਦਾ ਥਾਂ ਸੰਪੂਰਨ ਮੂਲ ਮੰਤਰ ਵਾਲ਼ਾ 'ਸਤਿ ਨਾਮੁ' ਜਾਂ 'ਸਤਿ ਨਾਮੁ ਕਰਤਾ ਪੁਰਖੁ' ਲਿਖ ਬੈਠੇ। ਜਦ ਪਤਾ ਲੱਗਾ ਕਿ ਗ਼ਲਤੀ ਹੋ ਗਈ ਤਾਂ ਹੱਥ ਲਿਖਤ 'ਚ ਮਿਟਾਉਣਾ ਅਸੰਭਵ ਸੀ, ਇਸ ਲਈ ਲਿਖ ਚੁੱਕੇ 'ਸਤਿ ਨਾਮੁ' ਅਤੇ

‘ਸਤਿ ਨਾਮੁ ਕਰਤਾ ਪੁਰਖੁ’ ਤੋਂ ਬਾਅਦ ‘ਗੁਰ ਪ੍ਰਸਾਦਿ॥’ ਲਿਖ ਦਿੱਤਾ। ਇਹੀ ਤਰੁਟੀਆਂ ਹੁਣ ਜ਼ਾਹਰ ਹੋ ਰਹੀਆਂ ਹਨ। ਅੱਜ ਸਾਡੇ ਕੋਲ਼ ਡੇਢ-ਦੋ ਹਜ਼ਾਰ ਪੁਰਾਤਨ ਹੱਥ ਲਿਖਤ ਬੀੜਾਂ ਦੀਆਂ ਪੀਡੀਐੱਫ ਫਾਇਲਾਂ ਉਪਲਬਧ ਹਨ। ਜਿਨ੍ਹਾਂ ’ਚ ਕਈ ਬੀੜਾਂ ਇਨ੍ਹਾਂ ਤਰੁਟੀਆਂ ਨੂੰ ਦਰੁਸਤ ਕਰਨ ’ਚ ਬੜੀ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਐਸਾ ਭੀ ਨਹੀਂ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਦਰੁਸਤ ਨਹੀਂ ਕਰਨਾ ਚਾਹਿਆ। ਸੰਨ 1952 ’ਚ ਸ੍ਰੋਮਣੀ ਕਮੇਟੀ ਵਲੋਂ ਛਾਪੇ ਗਏ 4 ਭਾਗ (ਸ਼ਬਦਾਰਥ) ’ਚ ਇਨ੍ਹਾਂ ਨੂੰ ਕੁੱਝ ਹੱਦ ਤੱਕ ਦਰੁਸਤ ਕਰ ਭੀ ਲਿਆ ਸੀ; ਜਿਵੇਂ ਕਿ ਕਰਤਾਰ ਪੁਰ ਵਾਲ਼ੀ ਬੀੜ ’ਚ ਇੱਕ ਜਗ੍ਹਾ ਮੂਲ ਮੰਤਰ ਦਾ ਅਤਿ ਸੰਖੇਪ ਰੂਪ ‘ੴ’ ਹੀ ਹੈ, ਜਿਸ ਨੂੰ ਸ੍ਰੋਮਣੀ ਕਮੇਟੀ ਨੇ ਦਰੁਸਤ ਕਰਕੇ ਅਜੋਕੀ ਛਪਾਈ ’ਚ “ੴ ਸਤਿਗੁਰ ਪ੍ਰਸਾਦਿ ॥” ਛਾਪ ਰੱਖਿਆ ਹੈ, ਪਰ ਸਿਆਸੀ ਤੇ ਡੇਰੇਦਾਰਾਂ ਦੇ ਦਬਾਅ ਕਾਰਨ 1952 ਵਾਲ਼ੀ ਸੋਧ ਅਗਾਂਹ ਜਾਰੀ ਰੱਖਣ ’ਚ ਸ੍ਰੋਮਣੀ ਕਮੇਟੀ ਅਸਫਲ ਰਹੀ।

ਸੋ ਇਸ ਤਰ੍ਹਾਂ ਅਜੋਕੇ ‘ਗੁਰੂ ਗ੍ਰੰਥ ਸਾਹਿਬ’ ਜੀ ਅੰਦਰ ‘ਆਦਿ ਗ੍ਰੰਥ’ ਸਾਹਿਬ ਜੀ ਨੂੰ ਲਿਖਣ ਸਮੇਂ ਨਿਰਧਾਰਿਤ ਕੀਤੀ ਤਰਤੀਬ ’ਚ ਕੁੱਝ ਅਭਾਵ ਨਜ਼ਰ ਆਉਂਦਾ ਹੈ। ਅੱਜ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੁੰਦੀਆਂ ਬੇਅਦਬੀਆਂ ਨੂੰ ਵੇਖਦਿਆਂ ਅੱਗ ਤੇ ਪਾਣੀ ਨਾਲ਼ ਖਰਾਬ ਨਾ ਹੋਣ ਵਾਲ਼ੇ ਪੇਪਰਾਂ ’ਚ ਆਧੁਨਿਕ ਪ੍ਰੈਸ ਪਿੰਟਿੰਗ ਰਾਹੀਂ ਬੀੜਾਂ ਛਾਪਣ ਦੇ ਸੁਝਾਅ; ਸੰਗਤਾਂ ਵੱਲੋਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੇ ਜਾ ਰਹੇ ਹਨ। ਬੜਾ ਜ਼ਰੂਰੀ ਹੈ ਕਿ ਜਾਣੇ ਅਣਜਾਣੇ ’ਚ ਹੋਈਆਂ ਉਕਤ ਤਰੁਟੀਆਂ ਨੂੰ ਪਹਿਲਾਂ ਪੰਥਕ ਵਿਦਵਾਨਾਂ ਨੂੰ ਇਕੱਤਰ ਕਰ ਸੋਧ ਲਿਆ ਜਾਵੇ ਤਾਂ ਕਿ ਨਵੀਂ ਛਪਾਈ ’ਚ ਇਹ ਤਰੁਟੀਆਂ ਸੰਗਤਾਂ ’ਚ ਹੋਰ ਦੁਬਿਧਾਵਾਂ ਪੈਦਾ ਨਾ ਕਰਨ।

# ਮੂਲਮੰਤਰ ਅਤੇ ਬਾਣੀ ਸਿਰਲੇਖ ਦਾ ਸਥਾਨ ਅਤੇ ਵਿਵਾਦ

ਕਿਰਪਾਲ ਸਿੰਘ, ਬਠਿੰਡਾ

ਗੁਰੂ ਗ੍ਰੰਥ ਸਾਹਿਬ ਜੀ ’ਚ ਪਹਿਲਾ ਸਥਾਨ ਮੰਗਲਾਚਰਨ ਦਾ ਹੋਣਾ ਚਾਹੀਦਾ ਹੈ ਜਾਂ ਸਿਰਲੇਖ ਦਾ; ਇਹ ਵਿਵਾਦ ਕਾਫ਼ੀ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪ੍ਰਿੰਸੀਪਲ ਹਰਿਭਜਨ ਸਿੰਘ ਜੀ (ਚੰਡੀਗੜ੍ਹ), ਜੋ ਲੰਬਾ ਸਮਾਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਅਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਰਹੇ ਹਨ; ਉਨ੍ਹਾਂ ਨੇ ਆਪਣੀ ਪੁਸਤਕ ‘ਗੁਰਬਾਣੀ ਸੰਪਾਦਨ ਨਿਰਣੈ’ ’ਚ ਹੱਥ ਲਿਖਤ ਬੀੜਾਂ ਦੀਆਂ ਕਾਫ਼ੀ ਉਦਾਹਰਨਾਂ ਦੇ ਕੇ ਇਹ ਸਿੱਧ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸ਼ੈਲੀ ਇਹ ਹੈ ਕਿ ਮੰਗਲਾਚਰਨ ਨੂੰ ਪੰਨੇ ਦੇ ਸੱਜੇ ਪਾਸੇ ਥੋੜ੍ਹਾ ਉੱਪਰ ਲਿਖ ਕੇ ਪਹਿਲ ਦਿੱਤੀ ਗਈ ਹੈ ਅਤੇ ਸ਼ਬਦ ਜਾਂ ਬਾਣੀ ਦੇ ਸਿਰਲੇਖ; ਹਰ ਪੰਨੇ ਦੇ ਖੱਬੇ ਪਾਸੇ ਥੋੜ੍ਹਾ ਹੇਠਾਂ ਜਾਂ ਕਈ ਵਾਰ ਬਰਾਬਰ ਲਿਖ ਕੇ ਮੰਗਲਾਚਰਨ ਨਾਲੋਂ ਦੂਸਰਾ ਸਥਾਨ ਦਿੱਤਾ ਗਿਆ ਹੈ। ਮੰਗਲਾਚਰਨ ਦਾ ਸਥਾਨ ਗੁਰਬਾਣੀ ਦੇ ਸਿਰਲੇਖ ਤੋਂ ਪਹਿਲੇ ਸਥਾਨ ’ਤੇ ਹੈ, ਇਹ ਤੱਥ ਹੱਥ ਲਿਖਤ ਬੀੜਾਂ ਦੀਆਂ ਕੁਝ ਕੁ ਹੇਠਾਂ ਦਿੱਤੀਆਂ ਫੋਟੋਆਂ ’ਚੋਂ ਵੀ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ

ਕਰਤਾਰਪੁਰੀ ਬੀੜ ਦੀ ਨਕਲ



ਕਹੀ ਜਾਂਦੀ ਬਾਬਾ ਦੀਪ ਸਿੰਘ ਵਾਲੀ ਸੁਨਹਿਰੀ ਜਿਲਦ ਵਾਲੀ ਬੀੜ







ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੀ ਪੁਸਤਕ 'ਗੁਰਬਾਣੀ ਸੰਪਾਦਨ ਨਿਰਣੈ' ਦੇ ਭਾਗ 'ਮੰਗਲ ਪ੍ਰਬੰਧ' ਦੇ ਸਿਰਲੇਖ ਹੇਠ ਬਹੁਤ ਹੀ ਵਿਸਥਾਰ ਸਹਿਤ ਲਿਖਿਆ ਹੈ ਕਿ ਕਰਤਾਰਪੁਰੀ ਬੀੜ ਦੀ ਸੰਪਾਦਨਾ ਸ਼ੈਲੀ ਇਹ ਸੀ ਕਿ ਪੰਨੇ ਦੇ ਸੱਜੇ ਪਾਸੇ ਦੇ ਅੱਧ ਨੂੰ ਸ੍ਰੇਸ਼ਟ ਮੰਨ ਕੇ ਮੰਗਲ (ਮੂਲ ਮੰਤਰ) ਹਮੇਸ਼ਾਂ ਸੱਜੇ ਅੱਧੇ ਪਾਸੇ ਹੀ ਲਿਖਿਆ ਅਤੇ ਕਦੀ ਵੀ ਖੱਬੇ ਪਾਸੇ ਨਹੀਂ ਆਉਣ ਦਿੱਤਾ ਭਾਵੇਂ ਕਿ ਕਈ ਥਾਂਈਂ ਦੋ ਜਾਂ ਤਿੰਨ ਸਤਰਾਂ ਵਿੱਚ ਹੀ ਕਿਉਂ ਨਾ ਲਿਖਣਾ ਪਵੇ। ਹੱਥ ਲਿਖਤ ਬੀੜਾਂ 'ਚ ਉਨ੍ਹਾਂ ਵੇਖਿਆ ਕਿ ਭਾਵੇਂ ਕਈ ਥਾਂਵਾਂ 'ਤੇ ਮੰਗਲ ਅਤੇ ਸਿਰਲੇਖ ਇੱਕੋ ਲਾਈਨ 'ਚ (ਮੰਗਲ ਸੱਜੇ ਪਾਸੇ ਅਤੇ ਸਿਰਲੇਖ ਖੱਬੇ ਪਾਸੇ) ਲਿਖੇ ਹੋਣ ਕਾਰਨ ਸਿਰਲੇਖ ਪਹਿਲਾਂ ਲਿਖੇ ਮਾਲੂਮ ਹੁੰਦੇ ਹਨ ਪਰ ਐਸਾ ਨਹੀਂ ਹੈ; ਜਿਸ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਕਈ ਵਾਰ ਸਿਰਲੇਖ ਦੇ ਕਿਸੇ ਸ਼ਬਦ ਦਾ ਕੋਈ ਇੱਕ ਅੱਧ ਅੱਖਰ ਪੰਨੇ ਦੇ ਵਿਚਕਾਰ ਜਿਹਾ ਜਾ ਕੇ ਆਪਣੀ ਲਾਈਨ ਤੋਂ ਉੱਪਰ ਜਾਂ ਹੇਠਾਂ ਲਿਖਿਆ ਹੁੰਦਾ ਹੈ ਕਿਉਂਕਿ ਉਸ ਲਾਈਨ 'ਚ ਅਗਾਂਹ (ਸੱਜੇ ਪਾਸੇ) ਤਾਂ ਮੰਗਲਾਚਰਨ; ਸ੍ਰੇਸ਼ਟ ਮੰਨ ਕੇ ਪਹਿਲਾਂ ਹੀ ਲਿਖੇ ਹੁੰਦੇ ਸਨ। ਜੇ ਸੱਜੇ ਪਾਸੇ ਮੰਗਲਾਚਰਨ ਪਹਿਲਾਂ ਨਾ ਲਿਖਿਆ ਹੁੰਦਾ ਤਾਂ ਸਿਰਲੇਖ ਦਾ ਇੱਕ ਅੱਧ ਅੱਖਰ ਉੱਪਰ ਜਾਂ ਹੇਠ ਲਿਖਣ ਦੀ ਲੋੜ ਨਾ ਪੈਂਦੀ ਸਗੋਂ ਸਿੱਧਾ ਇੱਕੋ ਸਤਰ ਵਿੱਚ ਲਿਖਿਆ ਜਾਂਦਾ। ਇਸ ਤੋਂ ਸਾਬਤ ਹੁੰਦਾ ਹੈ ਕਿ ਮੂਲਮੰਤਰ ਨੂੰ ਸਿਰਲੇਖ ਨਾਲੋਂ ਪਹਿਲ ਦਿੱਤੀ ਗਈ।

ਇਸੇ ਪੰਨੇ 'ਤੇ ਪ੍ਰਿੰ: ਹਰਿਭਜਨ ਸਿੰਘ ਜੀ ਨੇ ਲਿਖਿਆ ਹੈ ਕਿ ਗੁਰੂ ਕਾਲ 'ਚ ਹੀ ਜਦ ਸੂਝਵਾਨ ਸੁਘੜ ਲਿਖਾਰੀਆਂ ਨੇ ਮੰਗਲਾਚਰਨ ਦੀ ਇਹ ਅਸ਼ੁੱਧ ਤਰਤੀਬ ਵੇਖੀ ਤਾਂ ਉਨ੍ਹਾਂ ਨੇ ਸਾਰੇ ਦੇ ਸਾਰੇ ਮੰਗਲ; ਉੱਪਰ ਕਰਕੇ ਅੰਕਿਤ ਕਰਨੇ ਅਰੰਭ ਕਰ ਦਿੱਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਹੀ ਲੇਖਕ (ਪ੍ਰਿੰ: ਹਰਿਭਜਨ ਸਿੰਘ) ਨੂੰ ਅਜਿਹੀਆਂ ਸੈਂਕੜੇ ਲਿਖਤੀ ਬੀੜਾਂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਾਪਤ ਹੋਇਆ। ਇੱਥੇ ਵਿਸਥਾਰ ਦੇ ਡਰ ਤੋਂ ਕੇਵਲ ਕੁਝ ਕੁ ਬੀੜਾਂ ਦਾ ਵੰਨਗੀ ਮਾਤਰ ਹਵਾਲਾ ਦੇਣਾ ਉਚਿਤ ਸਮਝਦਾ ਹਾਂ।

ਇੱਕ ਬੀੜ ਭਾਈ ਹਰਦਾਸ ਜੀ ਦੀ ਲਿਖੀ ਹੋਈ ਹੈ। ਆਪ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਚਹੁੰ ਲਿਖਾਰੀਆਂ ਵਿੱਚੋਂ ਇੱਕ ਉੱਘੇ ਲਿਖਾਰੀ ਸਨ। ਇਸ ਇਤਿਹਾਸਕ ਬੀੜ 'ਚ ਨਾ ਕੇਵਲ ਸਾਰੇ ਮੰਗਲ ਹੀ ਸਿਰਲੇਖਾਂ ਨਾਲੋਂ ਸਪਸ਼ਟ ਪਹਿਲਾਂ ਜਾਂ ਉੱਪਰ ਲਿਖੇ ਹੋਏ ਮਿਲਦੇ ਹਨ ਸਗੋਂ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਸਾਰੀ ਬਾਣੀ 15 ਰਾਗਾਂ 'ਚ; ਥਾਂ ਸਿਰ ਵੀ ਅੰਕਿਤ ਹੈ। ਇਸ ਪਾਵਨ ਬੀੜ 'ਚ ਜੋ ਸ਼ਬਦ ਲਿਖਾਰੀ ਨੇ ਲਿਖੇ ਹਨ ਉਹ ਗੁਰੂ ਕੇ ਸਿੱਖ ਦੇ ਸਿਦਕ, ਸ਼ਰਧਾ ਅਤੇ ਨਿਮ੍ਰਤਾ ਦੀ ਸਿਖਰ ਹਨ; ਜਿਵੇਂਕਿ *'ਗ੍ਰੰਥ ਸੰਪੂਰਨ ਹੋਆ, ਲਿਖਿਆ ਹਰਿਦਾਸ ਲਿਖਾਰੀ, ਗੁਰੂ ਗੋਬਿੰਦ ਸਿੰਘ ਦੇ ਲਿਖਾਰੀ ਲਿਖਿਆ। ਭੂਲ ਚੂਕ ਹੋਵੇ ਸੋ ਸੋ ਧਨਾ, ਗੁਲਾਮ ਪਤਿਤ, ਅਘਪਤਿਤ ਮਹਾ ਪਤਿਤ ਹਰਿਦਾਸ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਦਾ।'*

ਭਾਈ ਹਰਿਦਾਸ ਜੀ ਵਾਲੀ ਇਹ ਬੀੜ ਇਹ ਮੰਨਣ ਲਈ ਕਾਫ਼ੀ ਹੈ ਕਿ ਸਮੁੱਚੀ ਗੁਰਬਾਣੀ 'ਚ ਮੰਗਲ ਹਮੇਸ਼ਾਂ ਸਿਰਲੇਖਾਂ ਤੋਂ ਪਹਿਲਾਂ ਹੀ ਲਿਖੇ ਗਏ ਸਨ ਅਤੇ ਲਿਖੇ ਜਾਣੇ ਚਾਹੀਦੇ ਹਨ।

ਪ੍ਰਿੰਸੀਪਲ ਜੋਧ ਸਿੰਘ ਜੀ ਦੀ ਸਲਾਹ ਨਾਲ ਸ਼੍ਰੋਮਣੀ ਕਮੇਟੀ ਨੇ ਮਿਤੀ 2-12-1951 ਨੂੰ ਕਰਤਾਰਪੁਰ ਵਿਖੇ ਧਾਰਮਕ ਸਲਾਹਕਾਰ ਕਮੇਟੀ ਦੀ ਮੀਟਿੰਗ ਰੱਖੀ ਤਾਂ ਜੋ ਉਹ, ਆਦਿ ਬੀੜ ਦੇ ਦਰਸ਼ਨ ਕਰਕੇ ਇਸ ਸੰਬੰਧੀ ਆਪਣੀ ਰਿਪੋਰਟ ਦੇਵੇ। ਧਾਰਮਕ ਸਲਾਹਕਾਰ ਕਮੇਟੀ ਨੇ ਇੱਕ ਲਿਖਤੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਦਿੱਤੀ, ਜਿਸ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਨੇ ਪੂਰੀ ਸੋਚ ਵਿਚਾਰ ਉਪਰੰਤ ਸ੍ਰੀ ਕਰਤਾਰਪੁਰ ਵਾਲੀ ਪਾਵਨ ਬੀੜ ਅਨੁਸਾਰ ਮੰਗਲਾਂ ਨੂੰ ਰਾਗਾਂ ਦੇ ਸਿਰਲੇਖ ਨਾਲੋਂ ਪਹਿਲਾਂ ਥਾਂ ਦੇਣ ਬਾਰੇ ਫ਼ੈਸਲਾ ਲਿਆ। ਇਸ ਤਰ੍ਹਾਂ ਕਰਨ ਦਾ ਮਨੋਰਥ ਪਾਵਨ 'ਆਦਿ ਬੀੜ' ਦੇ ਮੰਗਲਾਚਰਨ ਦੀ ਤਰਤੀਬ

ਦੇ ਉਲਟ ਛਪੀਆਂ ਪ੍ਰਚਲਿਤ ਬੀੜਾਂ 'ਚ ਸਹਿਜ ਸੁਭਾਅ ਆ ਗਈ ਉਕਾਈ ਨੂੰ ਦੂਰ ਕਰਨਾ ਸੀ। ਇਸ ਤੋਂ ਵੱਧ ਹੋਰ ਕੁਝ ਹਰਗਿਜ਼ ਨਹੀਂ ਸੀ। ਇਸ ਰਿਪੋਰਟ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਨੇ 1952 'ਚ ਬਲਾਕਾਂ ਰਾਹੀਂ ਬੀੜਾਂ ਛਾਪੀਆਂ, ਜਿਸ ਵਿੱਚ ਮੰਗਲਾਂ ਨੂੰ ਪਹਿਲਾ ਸਥਾਨ ਦਿੱਤਾ ਗਿਆ। ਇਹ ਸਾਰੀ ਰਿਪੋਰਟ ਸ਼੍ਰੋਮਣੀ ਕਮੇਟੀ ਵੱਲੋਂ ***'ਸ੍ਰੀ ਕਰਤਾਰਪੁਰ ਵਾਲੀ ਪਰਮ ਪਵਿੱਤਰ ਆਦਿ ਬੀੜ ਨਾਲ ਸੁਧਾਈ ਕਰਕੇ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਬਲਾਕਾਂ ਰਾਹੀਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ – ਜ਼ਰੂਰੀ ਵਾਕਫ਼ੀਅਤ'*** ਨਾਮ ਹੇਠ ਛਾਪੇ ਗਏ ਕਿਤਾਬਚੇ 'ਚ ਪੂਰੇ ਵੇਰਵੇ ਸਹਿਤ ਦਿੱਤੀ ਗਈ ਹੈ।

ਇਸ ਬੀੜ ਦੀ ਛਪਾਈ ਨਾਲ ਇਹ ਵਿਵਾਦ ਤਕਰੀਬਨ ਹੱਲ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ ਇਸ ਬੀੜ ਦੀ ਛਪਾਈ ਬਜ਼ਾਰੂ ਬੀੜਾਂ ਨਾਲੋਂ ਵਧੀਆ ਕਾਗਜ਼ ਅਤੇ ਸੁੰਦਰ ਪ੍ਰਿੰਟਿੰਗ 'ਚ ਹੋਣ ਤੋਂ ਇਲਾਵਾ ਜਿਲਦ ਵੀ ਬੜੀ ਸ਼ਾਨਦਾਰ ਸੀ ਅਤੇ ਭੇਟਾ ਵੀ ਵਾਜਬ ਸੀ। ਦੂਸਰਾ ਗੁਰਸਿੱਖਾਂ ਵਿੱਚ ਇਹ ਧਾਰਨਾ ਬਣ ਗਈ ਕਿ ਇਸ ਬੀੜ ਦੀ ਕਰਤਾਰਪੁਰੀ ਬੀੜ ਨਾਲ ਸੁਧਾਈ ਹੋਣ ਕਾਰਨ ਬਜ਼ਾਰੂ ਬੀੜਾਂ ਨਾਲੋਂ ਸ਼ੁੱਧ ਹੈ। ਇਹ ਭਾਵਨਾ ਬਣਨ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਛਾਪੀਆਂ ਜਾ ਰਹੀਆਂ ਬੀੜਾਂ ਦੀ ਮੰਗ ਵਧ ਗਈ ਅਤੇ ਪ੍ਰਾਈਵੇਟ ਛਾਪੇਖਾਨੇ ਦੀਆਂ ਵੱਡੀ ਗਿਣਤੀ 'ਚ ਪਹਿਲਾਂ ਤੋਂ ਛਪੀਆਂ ਬੀੜਾਂ ਇੱਕ ਤਰ੍ਹਾਂ ਬਲਾਕ ਹੋ ਗਈਆਂ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਕਾਫ਼ੀ ਨੁਕਸਾਨ ਹੋ ਰਿਹਾ ਸੀ ਅਤੇ ਦੂਸਰੇ ਪਾਸੇ ਸੰਤ ਸਮਾਜ ਦੇ ਡੇਰੇਦਾਰਾਂ ਦੀ ਹਉਮੈਂ ਨੂੰ ਵੀ ਸੱਟ ਵੱਜ ਰਹੀ ਸੀ ਕਿਉਂਕਿ ਉਹ ਆਪਣੇ (ਅਖੌਤੀ) ਮਹਾਂ ਪੁਰਖਾਂ ਦੇ ਕਥਨ ਅਨੁਸਾਰ ਸਿਰਲੇਖਾਂ ਅਤੇ ਮੰਗਲਾਂ ਦੀ ਬੇ-ਤਰਤੀਬੀ ਵਾਲੀਆਂ ਬੀੜਾਂ ਨੂੰ ਹੀ ਸ਼ੁੱਧ ਮੰਨ ਰਹੇ ਸਨ। ਇੰਨੇ 'ਚ ਸੰਤ ਫ਼ਤਹਿ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੰਤ ਚੰਨਣ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣ ਗਏ। ਸੰਤਾਂ ਦੀ ਇਸ ਜੋੜੀ ਤੱਕ ਸੰਤ ਸਮਾਜ ਦੀ ਰਿਸਾਈ ਸੁਖਾਲੀ ਹੋ ਗਈ। ਇਹ ਵੀ ਸਮਝਿਆ ਜਾ ਰਿਹਾ ਹੈ ਕਿ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਅਤੇ ਪ੍ਰਾਈਵੇਟ ਛਾਪੇਖਾਨੇ ਵਾਲਿਆਂ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 1952 'ਚ ਛਾਪੀਆਂ ਬੀੜਾਂ ਨਾਲ ਆਰਥਿਕ ਤੌਰ 'ਤੇ ਨੁਕਸਾਨ ਉਠਾਉਣਾ ਪੈ ਰਿਹਾ ਸੀ ਉਨ੍ਹਾਂ ਨੇ ਸੰਤ ਸਮਾਜ ਦੀ ਮੁਹਿੰਮ ਤੇਜ਼ ਕਰਨ ਲਈ ਆਰਥਿਕ ਮਦਦ ਵੀ ਕੀਤੀ। ਇਸ ਤਰ੍ਹਾਂ ਉਨ੍ਹਾਂ ਦੇ ਸਾਂਝੇ ਯਤਨਾਂ ਸਦਕਾ ਸੰਨ 1964 'ਚ ਪੰਥ ਦੀਆਂ ਦੋ ਸਿਰਮੌਰ ਸੰਸਥਾਵਾਂ (ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਮੁਖੀ ਸੰਤਾਂ ਦੀ ਰਾਹੀਂ ਪਹਿਲਾਂ ਦੀ ਤਰ੍ਹਾਂ ਮੰਗਲਾਂ ਨੂੰ ਬੇ-ਤਰਤੀਬੀ 'ਚ ਛਪਵਾਉਣ 'ਚ ਸਫਲ ਹੋ ਗਏ। ਸੰਭਵ ਹੈ ਕਿ ਕਿਸੇ ਗੁਰਸਿੱਖ ਦੇ ਘਰ ਹਾਲੀ ਵੀ 1952 ਵਾਲੀ ਬੀੜ ਹੋਵੇ ਪਰ ਹਰ ਵਿਅਕਤੀ ਲਈ ਉਸ ਦੀ ਭਾਲ ਕਰਨੀ ਆਸਾਨ ਕੰਮ ਨਹੀਂ ਹੈ।

ਇੱਕ ਹੱਥ ਲਿਖਤ ਬੀੜ ਦੇ ਪੱਤਰਾ ਨੰ: ੬੪੬ 'ਤੇ ਪ੍ਰਭਾਤੀ ਰਾਗ 'ਚ ਭਗਤ ਬੇਣੀ ਜੀ ਦੇ ਸ਼ਬਦ **''ਤਨਿ ਚੰਦਨੁ ਮਸਤਕਿ ਪਾਤੀ ॥''** ਵਾਲੇ ਸ਼ਬਦ ਤੋਂ ਬਾਅਦ ਪੱਤਰਾ ਨੰ: ੬੪੭ 'ਤੇ **''ਸਲੋਕ ਸਹਸਕ੍ਰਿਤੀ ਮਹਲਾ ੧''** ਦੇ ਸਿਰਲੇਖ ਹੇਠ ਬਾਣੀ ਦਰਜ ਹੈ। ਇਹ ਪ੍ਰਤੱਖ ਸਬੂਤ ਹੈ ਕਿ ਇਹ ਬੀੜ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਹੋਣ ਤੋਂ ਪਹਿਲਾਂ ਭਾਵ ਸੰਨ 1675 ਤੋਂ ਪਹਿਲਾਂ ਦੀ ਕਰਤਾਰਪੁਰ ਵਾਲੀ ਕਿਸੇ ਬੀੜ ਦੀ ਨਕਲ ਹੈ। ਹੱਥ ਲਿਖਤ ਇਸ ਬੀੜ ਦੇ ਪਾਵਨ ਅੰਕ ੬੪੬ 'ਤੇ ਮੰਗਲਾਚਰਨ ਅਤੇ ਸਿਰਲੇਖ ਦੀ ਤਰਤੀਬ ਇਸ ਤਰ੍ਹਾਂ ਹੈ **''ੴ ਸਤਿਗੁਰਪ੍ਰਸਾਦਿ ॥ ਪ੍ਰਭਾਤੀਭਗਤਬੇਣੀਜੀਕੀ ॥ ਤਨਿਚੰਦਨੁਮਸਤਕਿਪਾਤੀ ॥''** ਭਾਵ ਮੰਗਲਾਚਰਨ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ।





ਦਮਦਮੀ ਟਕਸਾਲ ਵੱਲੋਂ ਮੌਜੂਦਾ ਛਾਪੀ ਜਾ ਰਹੀ ਸੈਂਚੀ



ਦੂਬਿਧਾਸਹਜਿਸਮਾਣੀ ॥ ਸਭੰਹੁਕਮੁਹੁਕਮੁਹੈਆਪੇਨਿਰਭਉਸਮਤੁਬੀਚਾਰੀ ॥੩॥ ਸੰਜਨਜਾਨਿਭਜਹਿ
ਪੁਰਖੋਤਮੁਤਾਚੀਅਬਿਗਤੁਬਾਣੀ ॥ ਨਾਮਾਕਹੈਜਗਜੀਵਨੁਪਾਇਆਹਿਰਦੈਅਲਖਬਿਡਾਣੀ॥੪॥੧॥
ਪ੍ਰਭਾਤੀ ॥ ਆਦਿਜੁਗਾਦਿਜੁਗਾਦਿਚਰਗੋਹੁਗੁਤਾਕਾਅੰਤੁਨਜਾਨਿਆ ॥ ਸਰਬਨਿਰੰਤਰਿਰਾਮੁਰਹਿਆਰਵਿਐ
ਆਰੂਪੁਬਖਾਨਿਆ ॥੧॥ ਗੋਬਿਦਗਾਜੈਸਬਦੁਬਾਸੈ ॥ ਆਨਦਰੂਪੀਮੇਰੋਰਾਮਈਆ ॥੧॥ ਰਹਾਉ ॥
ਬਾਵਨਬੀਖੂਬਾਨੈਬੀਖੇਬਾਸੁਤੇਸੁਖਲਾਗਿਲਾ ॥ ਸਭਬੇਆਦਿਪਰਮਲਾਦਿਕਾਸਟਚੰਦਨੁਭੈਇਲਾ ॥੨॥
ਤੁਮ੍ਹਚੇਪਾਰਸੁਹਮਚੇਲੋਹਾਸੰਗੇਕੰਚਨੁਭੈਇਲਾ ॥ ਤੂਦਇਆਲੁਰਤਨੁਲਾਲੁਨਾਮਾਸਾਚਿਸਮਾਇਲਾ ॥੩॥੨॥
ਪ੍ਰਭਾਤੀ ॥ ਅਕੁਲਪੁਰਖਇਕੁਚਲਿਤੁਉਪਾਇਆ ॥ ਘਟਿਘਟਿਅੰਤਰਿਬ੍ਰਹਮੁਲੁਕਾਇਆ ॥੧॥ ਜੀਅ
ਜੀਲੋਤਿਨਜਾਨੈਕੋਈ ॥ ਤੈਮੈਕੀਆਸੁਮਾਲੂਮੁਹੋਈ ॥੧॥ ਰਹਾਉ ॥ ਜਿਉਪ੍ਰਗਾਸਿਆਮਾਟੀਕੁੰਭੇਉ ॥
ਆਪਹੀਕਰਤਾਬੀਠੁਲਦੇਉ ॥੨॥ ਜੀਅਕਾਬੰਧਨੁਕਰਮੁਬਿਆਪੈ ॥ ਜੋਕਿਛੁਕੀਆਸੁਆਪੈਆਪੈ ॥੩॥
ਪ੍ਰਣਵਤਿਨਾਮਦੇਉਇਹੁਜੀਉਚਿਤਵੈਸੁਲਹੈ ॥ ਅਮਰੁਹੋਇਸਦਆਕੁਲਰਹੈ ॥੪॥੩॥

ਪ੍ਰਭਾਤੀਭਗਤਬੇਣੀਜੀਕੀ ੧ੴਸਤਿਗੁਰਪ੍ਰਸਾਦਿ ॥
ਤਨਿਚੰਦਨੁਮਸਤਕਿਪਾਤੀ ॥ ਰਿਦਅੰਤਰਿਕਰਤਲਕਾਤੀ ॥ ਠਗਦਿਸਟਿਬਗਾਲਿਵਲਾਗਾ ॥ ਦੇਖਿ
ਬੈਸਨੋਪ੍ਰਾਨਮੁਖਭਾਗਾ ॥੧॥ ਕਲਿਭਗਵਤਬੰਦਚਿਰਾਂਮੰ ॥ ਕ੍ਰੂਰਦਿਸਟਿਰਤਾਨਿਸਿਬਾਦੰ ॥੧॥
ਰਹਾਉ ॥ ਨਿਤਪ੍ਰਤਿਇਸਨਾਨੁਸਰੀਰੰ ॥ ਦੁਇਧੋਤੀਕਰਮਮੁਖਿਖੀਰੰ ॥ ਰਿਦੈਛੁਰੀਸੰਧਿਆਨੀ ॥ ਪਰਦਰਬੁ
ਹਿਰਨਕੀਬਾਨੀ ॥੨॥ ਸਿਲਪੂਜਸਿਚਕ੍ਰਗਣੇਸੰ ॥ ਨਿਸਿਜਾਗਸਿਭਗਤਿਪ੍ਰਵੇਸੰ ॥ ਪਗਨਾਚਸਿਚਿਤੁਅ
ਕਰਮੰ ॥ ਏਲੰਪਟਨਾਚਅਧਰਮੰ ॥੩॥ ਮ੍ਰਿਗਆਸਣੁਤੁਲਸੀਮਾਲਾ ॥ ਕਰਊਜਲਤਿਲਕੁਕਪਾਲਾ ॥
ਰਿਦੈਕੂੜੁਕੰਠਿਰੁਦ੍ਰਾਖੰ ॥ ਰੇਲੰਪਟਕ੍ਰਿਸਨੁਅਭਾਖੰ ॥੪॥ ਜਿਨਿਆਤਮਤਤੁਨਚੀਨਿ੍ਆ ॥ ਸਭਫੋਕਟਧਰਮ
ਅਬੀਨਿਆ ॥ ਕਹੁਬੇਣੀਗੁਰਮੁਖਿਧਿਆਵੈ ॥ ਬਿਨੁਸਤਿਗੁਰਬਾਟਨਪਾਵੈ ॥੫॥੧॥

ਪਰ ਦਮਦਮੀ ਟਕਸਾਲ ਵੱਲੋਂ ਮੌਜੂਦਾ ਛਾਪੀ ਜਾ ਰਹੀ ਸੈਂਚੀ 'ਚ ਤਰਤੀਬ ਇਸ ਤਰ੍ਹਾਂ ਹੈ **''ਪ੍ਰਭਾਤੀਭਗਤਬੇਣੀਜੀਕੀ॥ ੧ੴ ਸਤਿਗੁਰਪ੍ਰਸਾਦਿ ॥ ਤਨਿਚੰਦਨੁਮਸਤਕਿਪਾਤੀ ॥''** (ਗੁਰੂ ਗ੍ਰੰਥ ਸਾਹਿਬ – ਅੰਗ ੧੩੫੧) ਭਾਵ ਸਿਰਲੇਖ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ; ਜੋ ਗੁਰਬਾਣੀ ਦੀ ਲਿਖਣਸ਼ੈਲੀ ਦੇ ਸਰਾਸਰ ਵਿਰੋਧ 'ਚ ਹੈ ਕਿਉਂਕਿ ਗੁਰਬਾਣੀ ਦੀ ਲਿਖਣਸ਼ੈਲੀ ਮੁਤਾਬਕ ਸਿਰਲੇਖ ਮਹਲਾ ੧ ਜਾਂ ੨; ੩ ਆਦਿਕ ਜਾਂ ਕਿਸੇ ਭਗਤ ਸਾਹਿਬਾਨ ਦਾ ਨਾਮ ਲਿਖੇ ਜਾਣ ਉਪਰੰਤ, ਅਗਲੇ ਸਿਰਲੇਖ ਤੱਕ ਸਾਰੀ ਬਾਣੀ ਸਿਰਲੇਖ ਨਾਲ ਸੰਬੰਧਿਤ ਗੁਰੂ ਸਾਹਿਬ ਜਾਂ ਭਗਤ ਸਾਹਿਬ, ਜਿਸ ਦਾ ਨਾਮ ਲਿਖਿਆ ਹੁੰਦਾ ਹੈ, ਉਨ੍ਹਾਂ ਦੀ ਬਾਣੀ ਮੰਨੀ ਜਾਂਦੀ ਹੈ। ਪ੍ਰਚਲਿਤ ਬੀੜਾਂ 'ਚ **''ਪ੍ਰਭਾਤੀਭਗਤਬੇਣੀਜੀਕੀ॥ ੧ੴ ਸਤਿਗੁਰਪ੍ਰਸਾਦਿ ॥''** ਤਰਤੀਬ ਅਨੁਸਾਰ ਲਿਖਿਆ ਹੋਣ ਕਰਕੇ **''੧ੴ ਸਤਿਗੁਰਪ੍ਰਸਾਦਿ ॥''** ਵੀ ਭਗਤ ਬੇਣੀ ਜੀ ਦੀ ਰਚਨਾ ਮੰਨੀ ਜਾਏਗੀ, ਜੋ ਮੰਨਣਯੋਗ ਨਹੀਂ ਕਿਉਂਕਿ ਸਮੁੱਚਾ ਪੰਥ ਮੰਨਦਾ ਹੈ ਕਿ **''੧ੴ''** ਗੁਰੂ ਨਾਨਕ ਸਾਹਿਬ ਜੀ ਦੀ ਹੀ ਰਚਨਾ ਹੈ। ਇਸ ਤੱਥ ਨੇ ਸਿੱਧ ਕਰ ਦਿੱਤਾ ਹੈ ਕਿ ਹਰ ਥਾਂ ਮੰਗਲਾਚਰਨ

ਨੂੰ ਪਹਿਲੇ ਸਥਾਨ 'ਤੇ ਰੱਖਿਆ ਜਾਣਾ ਹੀ ਯੋਗ ਹੈ। ਸ਼੍ਰੋਮਣੀ ਕਮੇਟੀ ਦੀਆਂ ਛਪੀਆਂ ਮੌਜੂਦਾ ਬੀੜਾਂ 'ਚ ਮੰਗਲਾਚਰਨ ਅਤੇ ਸਿਰਲੇਖ ਦੀ ਤਰਤੀਬ ਬਦਲੇ ਜਾਣ ਦਾ ਕਾਰਨ ਇਹ ਹੋ ਸਕਦਾ ਹੈ ਕਿ ਜਿਸ ਹੱਥ ਲਿਖਤ ਬੀੜ ਨਾਲ ਉਨ੍ਹਾਂ ਸੁਧਾਈ ਕੀਤੀ ਹੋਵੇਗੀ; ਗੁਰਬਾਣੀ ਦੀ ਲਿਖਣਸ਼ੈਲੀ ਅਤੇ ਤਰਤੀਬ ਮੁਤਾਬਕ ਉਸ ਦੇ ਪੰਨੇ ਦੇ ਸੱਜੇ ਪਾਸੇ **ਮੰਗਲਾਚਰਨ** ਲਿਖ ਕੇ ਪਹਿਲ ਦਿੱਤੀ ਹੋਵੇ ਅਤੇ ਸਿਰਲੇਖ **''ਪ੍ਰਭਾਤੀਭਗਤਬੇਣੀਜੀਕੀ॥''** ਨੂੰ ਖੱਬੇ ਪਾਸੇ ਲਿਖ ਕੇ ਦੂਸਰੇ ਸਥਾਨ 'ਤੇ ਰੱਖਿਆ ਹੋਵੇ ਪਰ, ਕਿਉਂਕਿ ਗੁਰਮੁਖੀ ਦੀ ਲਿਖਾਈ ਖੱਬੇ ਪਾਸੇ ਤੋਂ ਸ਼ੁਰੂ ਹੋ ਕੇ ਸੱਜੇ ਪਾਸੇ ਨੂੰ ਲਿਖੀ ਜਾਂਦੀ ਹੈ ਇਸ ਲਈ ਉਸ ਤੋਂ ਨਕਲ ਕਰਨ ਵਾਲੇ ਕਿਸੇ ਨੇ ਸਿਰਲੇਖ ਨੂੰ ਮੰਗਲਾਚਰਨ ਤੋਂ ਪਹਿਲਾਂ ਲਿਖ ਦਿੱਤਾ ਅਤੇ ਅੱਗੇ ਤੋਂ ਅੱਗੇ ਨਕਲ ਦਰ ਨਕਲ ਹੁੰਦਿਆਂ ਇਸੇ ਤਰ੍ਹਾਂ ਪ੍ਰਚਲਿਤ ਹੋ ਗਿਆ। ਇਹ ਸਿਰਫ ਇੱਕ ਉਦਾਹਰਨ ਹੈ। ਮੰਗਲਾਚਰਨ ਅਤੇ ਸਿਰਲੇਖਾਂ ਦੇ ਸੈਂਕੜੇ ਫੇਰਬਦਲ ਇਸੇ ਤਰ੍ਹਾਂ ਪ੍ਰਚਲਿਤ ਹੋ ਗਏ।

ਇਸ ਵਿਚਾਰ ਨਾਲ ਤਕਰੀਬਨ ਸਾਰੇ ਹੀ ਸਹਿਮਤ ਹਨ ਕਿ ਜਿਹੜੀ ਬੀੜ ਮੁੱਢਲੇ ਤੌਰ 'ਤੇ ਗੁਰੂ ਅਰਜਨ ਪਾਤਸ਼ਾਹ ਜੀ ਵੱਲੋਂ ਭਾਈ ਗੁਰਦਾਸ ਜੀ ਦੁਆਰਾ ਲਿਖਵਾਈ ਸੀ ਉਸ ਵਿੱਚ ਕੋਈ ਵੀ ਉਕਾਈ ਨਹੀਂ ਸੀ, ਪਰ ਉਸ ਦੀ ਨਕਲ ਦਰ ਨਕਲ ਕਰਦਿਆਂ ਸੁਭਾਵਕ ਹੋਣ ਵਾਲੀਆਂ ਗਲਤੀਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਗੁਰਦੁਆਰਾ ਮੰਜੀ ਸਾਹਿਬ ਦੀ ਸਟੇਜ ਤੋਂ ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਨੂੰ ਕੋਸਦੇ ਹੋਏ ਕਿਹਾ ਕਿ ਅਮਰੀਕਾ ਦੇ ਕਿਸੇ ਵਿਅਕਤੀ ਨੇ ਮਨਮਰਜ਼ੀ ਦੀਆਂ ਤਬਦੀਲੀਆਂ ਕਰਕੇ ਬੀੜ ਛਾਪ ਦਿੱਤੀ ਹੈ ਪਰ ਇਨ੍ਹਾਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਨੇ ਧੁੰਮੇ ਦੇ ਇਨ੍ਹਾਂ ਬੋਲਾਂ 'ਤੇ ਫੁੱਲ ਚੜ੍ਹਾਉਂਦੇ ਹੋਏ ਝੱਟ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ 'ਚ ਪਾਠ-ਭੇਦ ਅੰਤਰ ਸੰਬੰਧੀ ਚੱਲ ਰਹੇ ਮੌਜੂਦਾ ਵਿਵਾਦ 'ਤੇ ਵੀਚਾਰ ਕਰਨ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ 3 ਮਈ 2022 ਨੂੰ ਪੰਥਕ ਇਕੱਠ ਸੱਦ ਲਿਆ। ਇਸੇ ਸੰਦਰਭ 'ਚ ਸਿੱਖ ਰਿਸਰਚ ਇੰਸਟੀਚੂਟ ਵੈਨਕੂਵਰ (ਕੈਨੇਡਾ) ਵੱਲੋਂ ਮਿਤੀ 6 ਅਪ੍ਰੈਲ 2022 ਨੂੰ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਇੱਕ ਪੱਤਰ ਲਿਖਿਆ, ਜਿਸ ਦੀਆਂ ਕਾਪੀਆਂ ਉਨ੍ਹਾਂ ਸ: ਹਰਜਿੰਦਰ ਸਿੰਘ ਧਾਮੀ (ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ: ਸਤਵੀਰ ਸਿੰਘ (ਸਕੱਤਰ ਸ਼੍ਰੋਮਣੀ ਕਮੇਟੀ), ਡਾ: ਚਮਕੌਰ ਸਿੰਘ (ਕਨਵੀਨਰ ਸਬ ਕਮੇਟੀ), ਸ: ਜਸਪਾਲ ਸਿੰਘ (ਨਿਜੀ ਸਹਾਇਕ ਗਿਆਨੀ ਹਰਪ੍ਰੀਤ ਸਿੰਘ), ਸ: ਥਮਿੰਦਰ ਸਿੰਘ ਅਨੰਦ ਸਿੱਖ ਬੁੱਕ ਕਲੱਬ, ਯੂ.ਐੱਸ.ਏ. ਨੂੰ ਭੇਜੀ ਗਈ। ਸਿੱਖ ਰਿਸਰਚ ਇੰਸਟੀਚੂਟ ਵੈਨਕੂਵਰ ਨੇ ਆਪਣੇ ਪੱਤਰ 'ਚ ਪ੍ਰਾਈਵੇਟ ਛਾਪੇਖਾਨੇ ਵਾਲਿਆਂ ਵੱਲੋਂ ਜਾਰੀ ਕੀਤੀ ਸੂਚੀ 'ਗਲਤੀਨਾਮਾ ਗੁਰੂ ਗ੍ਰੰਥ ਸਾਹਿਬ' ਸਮੇਤ ਉਨ੍ਹਾਂ 18 ਵਿਦਵਾਨਾਂ, ਲੇਖਕਾਂ ਦੀ ਸੂਚੀ ਅਤੇ ਉਨ੍ਹਾਂ ਦੀਆਂ ਪ੍ਰਕਾਸ਼ਨਾਵਾਂ ਦਾ ਜ਼ਿਕਰ ਵੀ ਕੀਤਾ, ਜਿਨ੍ਹਾਂ ਨੇ ਵੱਖ ਵੱਖ ਹੱਥ ਲਿਖਤ ਬੀੜਾਂ ਦਾ ਮੁਤਾਲਿਆ ਕਰਕੇ ਪਾਠ-ਭੇਦ ਅੰਤਰ ਦੀਆਂ ਸੂਚੀਆਂ ਤਿਆਰ ਕੀਤੀਆਂ ਹਨ। ਇਸ ਸੂਚੀ ਵਿੱਚ ਭਾਈ ਜੋਧ ਸਿੰਘ, ਡਾ: ਗੁਲਜਾਰ ਸਿੰਘ ਕੰਗ, ਡਾ: ਹਰਕੀਰਤ ਸਿੰਘ, ਦਮਦਮੀ ਟਕਸਾਲ ਜਥਾ ਭਿੰਡਰਾਂ ਵੱਲੋਂ ਪ੍ਰਕਾਸ਼ਤ ਗੁਰਬਾਣੀ ਪਾਠ ਦਰਪਣ, ਪ੍ਰੋ: ਸਾਹਿਬ ਸਿੰਘ, ਭਾਈ ਭਗਵਾਨ ਸਿੰਘ ਸੇਵਕ, ਅਕਾਲੀ ਕੌਰ ਸਿੰਘ ਨਿਹੰਗ, ਪ੍ਰੋ: ਪਿਆਰਾ ਸਿੰਘ ਪਦਮ, ਸੰਤ ਟਹਿਲ ਸਿੰਘ, ਡਾ: ਮਾਨ ਸਿੰਘ ਨਿਰੰਕਾਰੀ, ਭਾਈ ਜੋਗਿੰਦਰ ਸਿੰਘ ਤਲਵਾੜਾ, ਗਿਆਨੀ ਹਰਬੰਸ ਸਿੰਘ ਪਟਿਆਲਾ, ਪ੍ਰਿੰ: ਹਰਿਭਜਨ ਸਿੰਘ ਆਦਿ ਦੇ ਨਾਮ ਲਿਖਣ ਤੋਂ ਇਲਾਵਾ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਵੱਲੋਂ ਪ੍ਰਕਾਸ਼ਤ ਪਾਠ-ਸੈਂਚੀਆਂ; ਗੁਰੂ ਖ਼ਾਲਸਾ ਪ੍ਰੈੱਸ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਕੀਤੇ ਗਏ ਪੋਥੀ ਰੂਪ ਗੁਰੂ ਗ੍ਰੰਥ ਸਾਹਿਬ ਅਤੇ ਸਿੰਘ ਬ੍ਰਦਰਜ਼ ਅਤੇ ਭਾਈ ਚਤਰ ਸਿੰਘ ਜੀਵਨ ਸਿੰਘ ਵੱਲੋਂ ਛਪੇ ਪੁਰਾਤਨ ਗੁਟਕਿਆਂ ਵਿੱਚ ਪਾਠ-ਅੰਤਰ ਵੱਲ ਧਿਆਨ ਦਿਵਾਉਂਦਿਆਂ ਬੇਨਤੀ ਕੀਤੀ ਕਿ ਅੰਤਮ ਫ਼ੈਸਲਾ ਲੈਣ ਤੋਂ ਪਹਿਲਾਂ ਇਨ੍ਹਾਂ ਵਿਦਵਾਨਾਂ ਵੱਲੋਂ ਕੀਤੇ ਖੋਜ ਕਾਰਜਾਂ 'ਤੇ ਵੀ ਪਿਆਰ ਅਤੇ ਸਦਭਾਵਨਾਂ ਨਾਲ ਵੀਚਾਰ ਕੀਤਾ ਜਾਵੇ। ਉਨ੍ਹਾਂ ਇਹ ਵੀ ਬੇਨਤੀ ਕੀਤੀ ਕਿ ਡਾ: ਅਮਰ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਿਨ੍ਹਾਂ ਨੇ ਹੱਥ ਲਿਖਤ ਬੀੜਾਂ ਨੂੰ ਡਿਜ਼ਟੀਲਾਈਜ਼ਡ ਕਰਨ ਸੰਬੰਧੀ ਅਤੇ ਭਾਈ ਭਰਪੂਰ ਸਿੰਘ ਜੀ ਸਾਬਕਾ ਗ੍ਰੰਥੀ ਸ਼੍ਰੀ ਦਰਬਾਰ ਸਾਹਿਬ, ਜਿਨ੍ਹਾਂ ਨੇ ਪਾਠ-ਭੇਦਾਂ ਸੰਬੰਧੀ ਖੋਜ ਕਾਰਜ ਕੀਤਾ ਹੈ, ਪੈਦਾ ਹੋਏ ਮਸਲੇ ਦੀ ਪੜਤਾਲ ਕਮੇਟੀ 'ਚ ਸ਼ਾਮਲ ਕੀਤੇ ਜਾਣ ਤਾਂ ਜੋ ਪੰਥ ਪ੍ਰਵਾਨਿਤ ਨਤੀਜੇ 'ਤੇ ਪਹੁੰਚ ਕੇ ਮਸਲੇ ਦਾ ਸਦੀਵੀ ਹੱਲ ਲੱਭਿਆ ਜਾਵੇ। ਆਪਣੇ ਵੱਲੋਂ ਇਹ ਸੁਝਾਅ ਵੀ ਦਿੱਤਾ ਕਿ ਜੇ ਯੋਗ ਸਮਝੋ ਤਾਂ ਸਿੱਖ ਰਿਸਰਚ ਇੰਸਟੀਚੂਟ ਦੇ ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ ਟੀਮ ਦੇ ਮੈਂਬਰ ਡਾ: ਜਸਵੰਤ ਸਿੰਘ ਡਾਇਰੈਕਟਰ ਗੁਰਬਾਣੀ ਰਿਸਰਚ ਅਤੇ ਸ: ਹਰਜਿੰਦਰ ਸਿੰਘ ਰਿਸਰਚ ਐਸੋਸ਼ੀਏਟ ਵੀ ਇਸ ਕਾਰਜ 'ਚ ਸਹਾਈ ਹੋ ਸਕਦੇ ਹਨ।

ਸਿੱਖ ਰਿਸਰਚ ਇੰਸਟੀਚੂਟ ਤੋਂ ਇਲਾਵਾ ਹੋਰਨਾਂ ਕਈ ਸੰਸਥਾਵਾਂ ਵੱਲੋਂ ਵੀ ਇਸ ਤਰ੍ਹਾਂ ਦੇ ਸੁਝਾਅ ਦਿੰਦਿਆਂ ਲਿਖਿਆ ਕਿ ਕੋਈ ਅੰਤਮ ਫ਼ੈਸਲਾ ਲੈਣ ਤੋਂ ਪਹਿਲਾਂ ਹੁਣ ਤੱਕ ਦੇ ਹੋਏ ਖੋਜ ਕਾਰਜਾਂ ਨੂੰ ਧਿਆਨ 'ਚ ਰੱਖਿਆ ਜਾਵੇ, ਪਰ ਜਿਹੜੇ ਆਪਣੇ ਡੇਰਿਆਂ ਦੇ ਮੁਖੀ ਨੂੰ ਗੁਰੂ ਅਰਜਨ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਨਾਲੋਂ ਵੀ ਵੱਧ ਮਹੱਤਤਾ ਦਿੰਦੇ ਹੋਣ ਉਨ੍ਹਾਂ ਲਈ ਕਿਸੇ ਵਿਦਵਾਨ ਦੇ ਖੋਜ ਕਾਰਜਾਂ ਨੂੰ ਵੀਚਾਰਨ ਦਾ ਸਮਾਂ ਹੀ ਕਿੱਥੇ ਹੈ ? ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ ਇਕੱਤਰਤਾ 'ਚ ਜਜ਼ਬਾਤੀ ਭਾਸ਼ਣ ਦੇਣ ਪਿੱਛੋਂ ਤਕਰੀਬਨ ਬਹੁ ਗਿਣਤੀ ਅਵਾਜ਼ ਸੀ ਕਿ ਇਸ ਮੁੱਦੇ ਨੂੰ ਕਮੇਟੀ ਦੇ ਹਵਾਲੇ ਕਰਨਾ ਠੰਡੇ ਬਸਤੇ 'ਚ ਪਾਉਣ ਦੇ ਤੁਲ ਹੈ; ਜੋ ਵੀ ਫ਼ੈਸਲਾ ਲੈਣਾ ਹੈ ਉਹ ਤੁਰੰਤ ਹੁਣੇ ਸੁਣਾਇਆ ਜਾਵੇ। ਕਈਆਂ ਨੇ ਤਾਂ ਇੱਥੋਂ ਤੱਕ ਕਿਹਾ ਕਿ ਜੇ ਇੱਥੋਂ ਹੁਕਮ ਹੋਵੇ ਤਾਂ ਮੈਂ ਜਾਂ ਸਾਡੇ ਜਥੇ ਦੇ ਸਿੰਘ; ਸਾਡੇ ਪਿਉ ਦੀ ਦਾਹੜੀ ਨੂੰ ਹੱਥ ਪਾਉਣ ਵਾਲੇ ਥਮਿੰਦਰ ਸਿੰਘ ਨੂੰ ਯੂ. ਐੱਸ. ਏ. ਤੋਂ ਧੂ ਕੇ ਇੱਥੇ ਲਿਆ ਸਕਦੇ ਹਨ।

ਅਜਿਹੇ ਜਜ਼ਬਾਤੀ ਬਿਆਨ ਦੇਣ ਵਾਲਿਆਂ ਨੂੰ ਇਹ ਸਵਾਲ ਤਾਂ ਪੁੱਛਣੇ ਹੀ ਬਣਦੇ ਹਨ ਕਿ ਪਿੰਡ ਜਵਾਹਰਕੇ ਦੇ ਗੁਰਦੁਆਰਾ ਸਾਹਿਬ 'ਚੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਕਰਨ ਵਾਲਿਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਕ ਬਰਗਾੜੀ ਦੀਆਂ ਗਲੀਆਂ ਨਾਲੀਆਂ 'ਚ ਖਿਲਾਰਨ ਵਾਲਿਆਂ 'ਚੋਂ ਕਿੰਨਿਆਂ ਕੁ ਨੂੰ ਤੁਸੀਂ ਧੂ ਕੇ ਲਿਆਂਦਾ ਹੈ ? ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸ੍ਵਾਂਗ ਰਚਣ ਵਾਲੇ ਸੌਦਾ ਸਾਧ ਵਿਰੁੱਧ ਦਰਜ ਕੇਸ ਨੂੰ ਵਾਪਸ ਲੈਣ ਵਾਲਿਆਂ 'ਚੋਂ ਕਿੰਨਿਆਂ ਕੁ ਨੂੰ ਧੂ ਕੇ ਇੱਥੇ ਲਿਆਂਦਾ ਹੈ ? ਉਸ ਸ੍ਵਾਂਗਧਾਰੀ, ਬਲਾਤਕਾਰੀ ਅਤੇ ਕਤਲਾਂ ਦੇ ਦੋਸ਼ੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਮੰਗਿਆਂ ਮਾਫੀ ਦਿਵਾਉਣ ਵਾਲਿਆਂ ਅਤੇ ਦੇਣ ਵਾਲੇ ਜਥੇਦਾਰਾਂ 'ਚੋਂ ਕਿੰਨਿਆਂ ਕੁ ਨੂੰ ਤੁਸੀਂ ਧੂ ਕੇ ਲਿਆਂਦਾ ਹੈ ? ਹੋਰ ਤਾਂ ਹੋਰ ਅਮਰੀਕਾ ਵਾਸੀ ਉਸ ਥਮਿੰਦਰ ਸਿੰਘ ਨੂੰ ਤਾਂ ਪੰਥ 'ਚੋਂ ਛੇਕਣ ਦਾ ਆਖਰੀ ਹਥਿਆਰ ਚਲਾ ਦਿੱਤਾ ਪਰ ਥਮਿੰਦਰ ਸਿੰਘ ਨੇ ਜੋ ਆਪਣੇ ਵੱਲੋਂ ਸਪਸ਼ਟੀਕਰਨ ਦਿੱਤਾ ਸੀ (ਜਿਸ ਦੀ ਪਹੁੰਚ ਦੀ ਪੁਸ਼ਟੀ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਵੀ ਕਰਦਿਆਂ ਕਿਹਾ ਸੀ ਕਿ ਉਹ ਜਥੇਦਾਰ ਅਕਾਲ ਤਖ਼ਤ ਨੂੰ ਵੀਚਾਰ ਕਰਨ ਹਿੱਤ ਭੇਜ ਦਿੱਤੀ ਗਈ ਹੈ) ਉਸ ਦਾ ਜ਼ਿਕਰ ਤੱਕ ਨਹੀਂ ਕੀਤਾ। ਕਈ ਹੋਰਾਂ ਵੱਲੋਂ ਇਸ ਮਾਸਲੇ ਦੇ ਗੁਰੂ ਜੁਗਤ ਰਾਹੀਂ ਨਜਿੱਠਣ ਦੇ ਦਿੱਤੇ ਸੁਝਾਵਾਂ 'ਤੇ ਵੀ ਕਿਸੇ ਨੇ ਵੀਚਾਰ ਨਾ ਕੀਤੀ।

ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਨੂੰ ਸਾਵਧਾਨ ਕਰਨ ਵਾਲੇ ਹਰਨਾਮ ਸਿੰਘ ਧੁੰਮੇ ਦੇ ਪ੍ਰਬੰਧ ਹੇਠ ਚੱਲ ਰਹੀ ਟਕਸਾਲ ਵੱਲੋਂ ਵੀ ਕਈ ਸਾਲਾਂ ਤੋਂ ਗੁਰਬਾਣੀ 'ਚ ਮਨਮਰਜ਼ੀ ਦੀਆਂ ਤਬਦੀਲੀਆਂ ਕਰਕੇ ਗੁਟਕੇ ਤੇ ਪੋਥੀਆਂ ਛਾਪੀਆਂ ਜਾ ਰਹੀਆਂ ਹਨ। ਇਸ ਸੰਬੰਧੀ ਸੰਗਤਾਂ ਵੱਲੋਂ ਵੀਡੀਓ ਵੀ ਬਣਾਈਆਂ ਗਈਆਂ ਜੋ ਸੋਸ਼ਲ ਮੀਡੀਆ ਤੇ ਉਪਲਬਧ ਹਨ। ਪਰ ਕਿਸੇ ਜਥੇਦਾਰ ਜਾਂ ਸ਼੍ਰੋਮਣੀ ਕਮੇਟੀ ਨੇ ਇਸ ਵੀਡੀਓ 'ਚ ਉਠਾਏ ਗਏ ਨੁਕਤਿਆਂ 'ਤੇ ਵਿਚਾਰ ਤਾਂ ਕੀ ਕਰਨਾ ਸੀ ਸਗੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਸਮੇਤ ਬਹੁਤੇ ਬੁਲਾਰੇ ਇਹੀ ਕਹਿੰਦੇ ਸੁਣੇ ਗਏ ਕਿ ਇਨ੍ਹਾਂ ਦਾ ਮਕਸਦ ਟਕਸਾਲ ਨੂੰ ਬਦਨਾਮ ਕਰਨਾ ਹੈ। ਦੂਜੇ ਪਾਸੇ ਜਿਨ੍ਹਾਂ ਸੰਸਥਾਵਾਂ ਅਤੇ ਵਿਅਕਤੀਆਂ ਨੇ ਪਾਠ ਭੇਦ 'ਤੇ ਹੁਣ ਤੱਕ ਹੋਈ ਖੋਜ ਨੂੰ ਧਿਆਨ 'ਚ ਰੱਖ ਕੇ ਫ਼ੈਸਲਾ ਲੈਣ ਦੀ ਸਲਾਹ ਦਿੱਤੀ, ਉਨ੍ਹਾਂ ਨੂੰ ਕਿਹਾ ਗਿਆ ਕਿ ਇਹ ਥਮਿੰਦਰ ਸਿੰਘ ਦੀ ਮੰਡਲੀ ਦੇ ਹੀ ਵਿਅਕਤੀ ਹਨ, ਇਸ ਲਈ ਉਸ ਦੇ ਹੱਕ 'ਚ ਬੋਲ ਰਹੇ ਹਨ।

ਹਰਨਾਮ ਸਿੰਘ ਧੁੰਮਾ ਦੀ ਟਕਸਾਲ ਵੱਲੋਂ ਛਪਵਾਈਆਂ ਗਈਆਂ ਪੋਥੀਆਂ ਵਿੱਚ ਕੀਤੀਆਂ ਗਈਆਂ ਮਨਮਰਜ਼ੀ ਦੀਆਂ ਤਬਦੀਲੀਆਂ, ਜਿਸ ਦੇ ਹਵਾਲੇ ਵਾਲੀ ਵੀਡੀਓ 'ਚ ਜੱਗ ਜ਼ਾਹਰ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਛਪਵਾਈਆਂ ਜਾ ਰਹੀਆਂ ਬੀੜਾਂ ਨਾਲੋਂ ਕਿੱਥੇ ਕਿੱਥੇ ਫ਼ਰਕ ਹੈ। ਉਨ੍ਹਾਂ ਸਾਰੇ ਪਾਠ ਭੇਦਾਂ ਦਾ ਹਵਾਲਾ ਦੇਣਾ ਤਾਂ ਇਸ ਲੇਖ 'ਚ ਸੰਭਵ ਨਹੀਂ ਪਰ ਬੀੜ ਦਾ ਪਹਿਲਾ, ਪਾਵਨ ਅੰਕ ੬੬੧, ੧੩੫੧ ਅਤੇ ਅਖੀਰਲੇ ਪੰਨਾ ੧੪੩੦ ਦੀਆਂ ਫੋਟੋਆਂ ਨਾਲ਼ ਹੀ ਸਾਫ਼ ਹੋ ਜਾਣਾ ਹੈ ਕਿ ਜਿਸ ਦੇ ਆਦਿ, ਮੱਧ ਅਤੇ ਅੰਤ 'ਚ ਏਨਾਂ ਫੇਰ ਬਦਲ ਕੀਤਾ ਹੋਵੇ, ਉਸ ਦੇ ਵਿਚਕਾਰ ਕੀ ਕੁਝ ਕੀਤਾ ਹੋਵੇਗਾ ਉਸ ਦਾ ਅੰਦਾਜ਼ਾ ਲੱਗ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ 'ਚ ਹੀ ਮੰਗਲਾਚਰਨ ਵਜੋਂ **"ੴ ਤੋਂ ਗੁਰਪ੍ਰਸਾਦਿ॥"** ਤੱਕ ਸੰਪੂਰਨ ਮੂਲ ਮੰਤਰ ਲਿਖਣ ਤੋਂ ਬਾਅਦ ਦੋ ਡੰਡੀਆ (॥) ਹਨ, ਜੋ ਮੂਲਮੰਤਰ ਦੀ ਸੰਪੂਰਨਤਾ ਦਾ ਸੰਕੇਤ ਹੈ। ਇਸ ਤੋਂ ਹੇਠਲੀ ਲਾਈਨ ਦੇ ਵਿਚਕਾਰ **'॥ਜਪੁ॥'** ਲਿਖ ਕੇ ਇਸ ਦੇ ਦੋਵੇਂ ਪਾਸੇ ਡੰਡੀਆਂ ਲਾਈਆਂ ਹਨ। ਇਹ ਬਾਣੀ ਦਾ ਸਿਰਲੇਖ ਹੈ, ਜਿਸ ਨੂੰ ਸਤਿਕਾਰ ਵਜੋਂ ਜਪੁ ਜੀ ਸਾਹਿਬ ਆਖਿਆ ਜਾਂਦਾ ਹੈ, ਪਰ ਟਕਸਾਲ ਵੱਲੋਂ ਛਾਪੀਆਂ ਜਾ ਰਹੀਆਂ ਪੋਥੀਆਂ ਵਿੱਚ 'ਜਪੁ' ਤੋਂ ਪਹਿਲਾਂ ਲੱਗੀਆਂ ਦੋ ਡੰਡੀਆਂ ਹਟਾ ਦਿੱਤੀਆਂ ਹਨ ਤਾਂ ਜੋ "ਨਾਨਕ ਹੋਸੀ ਭੀ ਸਚੁ॥" ਤੱਕ ਸੰਪੂਰਨ ਮੂਲਮੰਤਰ ਮੰਨਿਆ ਜਾਵੇ। ਟਕਸਾਲ ਵਾਲੇ

ਸ਼੍ਰੋਮਣੀ ਕਮੇਟੀ ਵੱਲੋਂ ਦੱਸੇ ਜਾ ਰਹੇ ਮੂਲ ਮੰਤਰ ਨੂੰ ਅਧੂਰਾ ਮੰਨਦੇ ਹਨ। ਜੇ ਟਕਸਾਲ ਦੇ ਇਸ ਵਿਚਾਰ ਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਬਾਣੀ ਦਾ ਸਿਰਲੇਖ ਕੀ ਹੋਵੇਗਾ ? ਕਿਸ ਆਧਾਰ 'ਤੇ ਅਸੀਂ ਮੁੱਢਲੀ ਬਾਣੀ ਨੂੰ 'ਜਪੁ ਜੀ ਸਾਹਿਬ' ਕਹਿ ਸਕਦੇ ਹਾਂ ?

ਸ਼੍ਰੋਮਣੀ ਕਮੇਟੀ ਬੀੜ ਪਾਵਨ ਅੰਕ ੧



੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਦਮਦਮੀ ਟਕਸਾਲ ਸੈਂਚੀ ਅੰਕ ੧



੧ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ॥
ਜਪੁ ॥
ਆਦਿਸਚੁਜੁਗਾਦਿਸਚੁ ॥ ਹੈਭੀਸਚੁਨਾਨਕਹੋਸੀਭੀਸਚੁ ॥੧॥

ਸੋਚੈਸੋਚਿਨਹੋਵਈਜੇਸੋਚੀਲਖਵਾਰ ॥ ਚੁਪੈਚੁਪਿਨਹੋਵਈਜੇਲਾਇਰਹਾਲਿਵਤਾਰ ॥
ਭੁਖਿਆਭੁਖਨਉਤਰੀਜੇਬੰਨਾਪੁਰੀਆਭਾਰ ॥ ਸਹਸਸਿਆਣਪਾਲਖਹੋਹਿਤਇਕਨਚਲੈ
ਨਾਲਿ ॥ ਕਿਵਸਚਿਆਰਾਹੋਈਐਕਿਵਕੂੜੈਤੁਟੈਪਾਲਿ ॥ ਹੁਕਮਿਰਜਾਈਚਲਣਾਨਾਨਕ
ਲਿਖਿਆਨਾਲਿ ॥੧॥ ਹੁਕਮੀਹੋਵਨਿਆਕਾਰਹੁਕਮੁਨਕਹਿਆਜਾਈ ॥ ਹੁਕਮੀਹੋਵਨਿਜੀਅ
ਹੁਕਮਿਮਿਲੈਵਡਿਆਈ ॥ ਹੁਕਮੀਉਤਮੁਨੀਚੁਹੁਕਮਿਲਿਖਿਦੁਖਸੁਖਪਾਈਅਹਿ ॥ ਇਕਨਾ
ਹੁਕਮੀਬਖਸੀਸਇਕਿਹੁਕਮੀਸਦਾਭਵਾਈਅਹਿ ॥ ਹੁਕਮੈਅੰਦਰਿਸਭੁਕੋਬਾਹਰਿਹੁਕਮਨ
ਕੋਇ ॥ ਨਾਨਕਹੁਕਮੈਜੇਬੁਝੈਤਹਉਮੈਕਹੈਨਕੋਇ ॥੨॥ ਗਾਵੈਕੋਤਾਣੁਹੋਵੈਕਿਸੈਤਾਣੁ ॥
ਗਾਵੈਕੋਦਾਤਿਜਾਣੈਨੀਸਾਣੁ ॥ ਗਾਵੈਕੋਗੁਣਵਡਿਆਈਆਚਾਰ ॥ ਗਾਵੈਕੋਵਿਦਿਆ
ਵਿਖਮੁਵੀਚਾਰੁ ॥ ਗਾਵੈਕੋਸਾਜਿਕਰੇਤਨੁਖੇਹ ॥ ਗਾਵੈਕੋਜੀਅਲੈਫਿਰਿਦੇਹ ॥ ਗਾਵੈ

ਵੈਸੇ ਦਮਦਮੀ ਟਕਸਾਲ ਦੀ ਇਸ ਮਨੌਤ ਦਾ ਉਨ੍ਹਾਂ ਦੇ ਆਪਣੇ ਹੀ ਤੱਥ ਖੰਡਨ ਵੀ ਕਰਦੇ ਹਨ। ਉੱਪਰ ਆਪਾਂ ਮੰਨੀ ਜਾਂਦੀ ਬਾਬਾ ਦੀਪ ਸਿੰਘ ਜੀ ਦੀ ਸੁਨਹਿਰੀ ਜਿਲਦ ਵਾਲੀ ਬੀੜ ਦਾ ਪਾਵਨ ਅੰਕ ੧ ਵੇਖ ਆਏ ਹਾਂ, ਜਿਸ ਦੇ ਉੱਪਰ ਮੱਧ 'ਚ **"੧ੴ ਤੋਂ ਗੁਰਪ੍ਰਸਾਦਿ॥"** ਤੱਕ ਸੰਪੂਰਨ ਮੂਲ ਮੰਤਰ ਦੋ ਸਤਰਾਂ 'ਚ ਲਿਖਿਆ ਹੈ। ਜਿਸ ਦੇ ਹੇਠਾਂ ਪੰਨੇ ਦੇ ਖੱਬੇ ਪਾਸੇ **"॥ਜਪੁ॥"** ਸਿਰਲੇਖ ਲਿਖ ਕੇ ਬਿਲਕੁਲ ਨਾਲ ਹੀ ਸਲੋਕ **"ਆਦਿ ਸਚੁ ਤੋਂ ਹੋਸੀ ਭੀ ਸਚੁ॥੧॥"** ਤੱਕ ਲਿਖਣ ਉਪਰੰਤ ਪਾਉੜੀ ਦੀ ਪਹਿਲੀ ਤੁਕ **"ਸੋਚੈ ਸੋਚਿ ਨ ਹੋਵਈ ....."** ਸ਼ੁਰੂ ਕੀਤੀ ਹੈ। ਲਿਖਤ ਦਾ ਇਹ ਢੰਗ ਸਿੱਧ ਕਰਦਾ ਹੈ ਕਿ ਮੂਲ ਮੰਤਰ ਗੁਰ ਪ੍ਰਸਾਦਿ ਤੱਕ ਹੈ। ਜਪੁ ਬਾਣੀ ਦਾ ਸਿਰਲੇਖ ਹੈ, ਜਿਸ ਦਾ ਸੰਬੰਧ ਇਸ ਤੋਂ ਅੱਗੇ ਲਿਖੀਆਂ 38 ਪਉੜੀਆਂ ਅਤੇ ਦੋ ਸਲੋਕਾਂ ਨਾਲ਼ ਹੈ, ਨਾ ਕਿ ਇਸ ਤੋਂ ਪਹਿਲਾਂ ਲਿਖੇ ਮੂਲ ਮੰਤਰ ਨਾਲ਼।

ਟਕਸਾਲ ਦੇ ਵਿਦਵਾਨ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਵੱਲੋਂ 1950 ਤੋਂ ਵਰਤੀਆਂ ਜਾ ਰਹੀਆਂ ਸੈਂਚੀਆਂ (ਪੋਥੀਆਂ) ਦੇ ਭਾਗ ੧ ਪੰਨਾ ੧ ਦੀ ਲਿਖਤ (ਜਿਸ ਦੀ ਫੋਟੋ ਹੇਠਾਂ ਵੇਖੀ ਜਾ ਸਕਦੀ ਹੈ) ਵੀ ਹੂਬਹੂ ਬਾਬਾ ਦੀਪ ਸਿੰਘ ਜੀ ਵਾਲੀ ਦੱਸੀ ਜਾ ਰਹੀ ਸੁਨਹਿਰੀ ਬੀੜ ਦੀ ਲਿਖਤ ਨਾਲ਼ ਮਿਲਦੀ ਹੈ। ਇਸ ਪੋਥੀ 'ਚ ਵੀ ਮੂਲ ਮੰਤਰ "੧ੴ ਤੋਂ ਗੁਰਪ੍ਰਸਾਦਿ॥" ਪੰਨੇ ਦੇ ਮੱਧ 'ਚ ਮੋਟੇ ਅੱਖਰਾਂ ਸਮੇਤ ਦੋ ਸਤਰਾਂ 'ਚ ਲਿਖਣ ਤੋਂ ਬਾਅਦ ਤੀਜੀ ਲਾਈਨ ਦੇ ਬਿਲਕੁਲ ਵਿਚਕਾਰ ਮੋਟੇ ਅੱਖਰਾਂ 'ਚ "ਜਪ॥" ਸਿਰਲੇਖ ਦੇ ਕੇ ਚੌਥੀ ਲਾਈਨ 'ਚ ਸਲੋਕ ਲਿਖਣ ਉਪਰੰਤ ਪਹਿਲੀ ਪਉੜੀ "ਸੋਚੈ ਸੋਚਿ ਨ ਹੋਵਈ ..." ਸ਼ੁਰੂ ਕੀਤੀ ਹੈ, ਜਿਸ ਦਾ ਭਾਵ ਹੈ ਕਿ ਇਸ ਬਾਣੀ ਦਾ ਸਿਰਲੇਖ "॥ਜਪੁ॥" ਹੈ, ਜੋ ਇਸ ਤੋਂ ਅੱਗੇ ਸ਼ੁਰੂ ਹੁੰਦੀ ਹੈ ਜਦੋਂ ਕਿ ਹਰਨਾਮ ਸਿੰਘ ਧੁੰਮਾ ਦੇ ਸਮੇਂ (2007) ਤੋਂ ਬਾਅਦ ਛਪ ਰਹੀਆਂ ਪੋਥੀਆਂ 'ਚ "੧ੴ ਤੋਂ .. ਹੋਸੀ ਭੀ ਸਚੁ॥੧॥" ਤੱਕ ਨੂੰ ਮੂਲ ਮੰਤਰ ਸਾਬਤ ਕਰਨ ਲਈ ਪੰਨੇ ਦੇ ਵਿਚਕਾਰ ਲਾਲ ਅੱਖਰਾਂ ਨਾਲ਼ ਚਾਰ ਸਤਰਾਂ 'ਚ ਲਿਖ ਕੇ ਹੇਠਾਂ ਛੋਟੇ ਅੱਖਰਾਂ ਅਤੇ ਕਾਲੇ ਰੰਗ 'ਚ ਪਹਿਲੀ ਪਉੜੀ ਆਰੰਭ ਕੀਤੀ ਹੈ। ਇਸ ਨਾਲ਼ ਇਹ ਭੁਲੇਖਾ ਪੈਂਦਾ ਹੈ ਕਿ 'ਜਪੁ' ਸਿਰਲੇਖ ਸਮੇਤ "ਆਦਿ ਸਚੁ.. ਤੋਂ ਨਾਨਕ ਹੋਸੀ ਭੀ ਸਚੁ॥੧" ਤੱਕ ਯਾਨੀ ਪਹਿਲਾ ਸਲੋਕ ਭੀ ਮੂਲ ਮੰਤਰ ਹੀ ਹੈ। ਸੋ ਸਪਸ਼ਟ ਹੁੰਦਾ ਹੈ ਕਿ ਅਜੋਕਾ ਟਕਸਾਲ ਮੁਖੀ ਹਰਨਾਮ ਸਿੰਘ ਧੁੰਮਾ; ਪੁਰਾਤਨ ਹੱਥ ਲਿਖਤ ਬੀੜਾਂ, ਆਪਣੇ ਪੂਰਬਜ਼ ਟਕਸਾਲ ਦੇ ਮੁਖੀ ਅਤੇ ਸ਼੍ਰੋਮਣੀ ਕਮੇਟੀ ਨਾਲੋਂ ਵੱਖਰੀ ਗੁਰਬਾਣੀ ਲਿਖਤ ਪੇਸ਼ ਕਰਕੇ ਪੰਥ 'ਚ ਨਵੇਂ ਵਿਵਾਦਾਂ ਨੂੰ ਜਨਮ ਦੇ ਰਿਹਾ ਹੈ।

ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਵੱਲੋਂ 1950 ਤੋਂ ਵਰਤੀਆਂ ਜਾ ਰਹੀਆਂ ਸੈਂਚੀਆਂ ਪੋਥੀਆਂ ਦੇ ਭਾਗ ੧ ਪੰਨਾ ੧ ਦੀ ਲਿਖਤ



੧ ੴ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ॥
ਜਪੁ ॥
ਆਦਿਸਚੁਜੁਗਾਦਿਸਚੁ ॥ ਹੈਭੀਸਚੁਨਾਨਕਹੋਸੀਭੀਸਚੁ ॥੧॥ ਸੋਚੈਸੋਚਿ
ਨਹੋਵਈਜੇਸੋਚੀਲਖਵਾਰ ॥ ਚੁਪੈਚੁਪਨਹੋਵਈਜੇਲਾਇਰਹਾਲਿਵਤਾਰ
॥ ਭੁਖਿਆਭੁਖਨਉਤਰੀਜੇਬੰਨਾਪੁਰੀਆਭਾਰ ॥ ਸਹਸਸਿਆਣਪਾਲਖ

ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਜਾ ਰਹੀ ਬੀੜ ਦੇ ਪਾਵਨ ਅੰਕ ੬੬੧ 'ਤੇ ਸਿਰਲੇਖ ਹੈ 'ਧਨਾਸਰੀ ਮਹਲਾ ੧॥' ਪਰ ਦਮਦਮੀ ਟਕਸਾਲ ਵੱਲੋਂ ਇਹ ਸਿਰਲੇਖ ਬਦਲ ਕੇ 'ਧਨਾਸਰੀ ਮਹਲਾ ੩॥' ਕਰ ਦਿੱਤਾ। ਜੇਕਰ ਥਮਿੰਦਰ ਸਿੰਘ ਨੇ ਗੁਰਬਾਣੀ 'ਚ ਫੇਰਬਦਲ ਕਰਕੇ ਅਵੱਗਿਆ ਕੀਤੀ ਹੈ ਤਾਂ ਟਕਸਾਲ ਮੁਖੀ ਕੀ ਕਰਦਾ ਪਿਆ ਹੈ ?

ਸ੍ਰੋਮਣੀ ਕਮੇਟੀ ਬੀੜ ਪਾਵਨ ਅੰਕ ੬੬੧ | ਦਮਦਮੀ ਟਕਸਾਲ ਸੈਂਚੀ ਅੰਕ ੬੬੧





ਜਿਵੇਂ ਗੁਰਬਾਣੀ ਦੀ ਲਗ ਮਾਤਰ ਜਾਂ ਸਿਰਲੇਖ ਬਦਲਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਉਸੇ ਤਰ੍ਹਾਂ ਸ਼ਬਦਾਂ ਅਤੇ ਬਾਣੀਆਂ ਦੇ ਅਖੀਰ 'ਤੇ ਦਿੱਤੇ ਅੰਕਾਂ ਨੂੰ ਬਦਲਣ ਦਾ ਵੀ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਅੰਕ ਵੀ ਗੁਰੂ ਸਾਹਿਬ ਜੀ ਨੇ ਇਕ ਖਾਸ ਤਰਤੀਬ 'ਚ ਦਰਜ ਕੀਤੇ ਹਨ, ਜੋ ਇਸ ਗੱਲ ਦਾ ਪ੍ਰਬੰਧ ਯਕੀਨੀ ਬਣਾਉਂਦੇ ਹਨ ਕਿ ਕੋਈ ਵੀ ਵਿਅਕਤੀ ਬਾਣੀ ਵਿੱਚ ਦਰਜ ਸ਼ਬਦਾਂ 'ਚ ਵਾਧ ਘਾਟ ਨਾ ਕਰ ਸਕੇ, ਪਰ ਅੰਤਲੇ ਪੰਨਾ ਨੰ: ੧੪੩੦ 'ਤੇ ਵੇਖ ਸਕਦੇ ਹਾਂ ਕਿ ਜਿੱਥੇ ਸ਼੍ਰੋਮਣੀ ਕਮੇਟੀ ਦੀ ਬੀੜ 'ਚ ਅਖੀਰਲੀ ਤੁੱਕ "ਅਠਾਰਹ ਦਸ ਬੀਸ" ਦੀ ਸਮਾਪਤੀ ਤੇ ਸ਼ਬਦ ਜੋੜ ਅੰਕ '॥੧॥੧॥' ਲਿਖਿਆ ਹੈ ਉੱਥੇ ਦਮਦਮੀ ਟਕਸਾਲ ਵਾਲੀ ਪੋਥੀ 'ਚ ਬਦਲ ਕੇ ਜੋੜ ਅੰਕ '॥੧॥੬॥' ਲਿਖ ਦਿੱਤਾ ਗਿਆ ਹੈ।

ਸ੍ਰੋਮਣੀ ਕਮੇਟੀ ਬੀੜ ਪਾਵਨ ਅੰਕ ੧੪੩੦



੧੪੩੦

ਬਰਹੀ ॥ ਪੰਥ ਰਾਗਨੀ ਸੰਗਿ ਉਚਰਹੀ ॥ ਪ੍ਰਥਮ ਭੈਰਵੀ ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥ ਪੁਨਿ
ਅਸਲੇਖੀ ਕੀ ਭਈ ਬਾਰੀ ॥ ਏ ਭੈਰਉ ਕੀ ਪਾਚਉ ਨਾਰੀ ॥ ਪੰਚਮ ਹਰਖ ਦਿਸਾਖ ਸੁਨਾਵਹਿ ॥ ਬੰਗਾਲਮ
ਮਧੁ ਮਾਧਵ ਗਾਵਹਿ ॥੧॥ ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ ਗਾਵਹਿ
ਗਾਇਨ ਪਾਤ੍ਰ ॥੧॥ ਦੁਤੀਆ ਮਾਲਕਉਸਕ ਆਲਾਪਹਿ ॥ ਸੰਗਿ ਰਾਗਨੀ ਪਾਚਉ ਥਾਪਹਿ ॥ ਗੋਂਡਕਰੀ ਅਰੁ
ਦੇਵਗੰਧਾਰੀ ॥ ਗੰਧਾਰੀ ਸੀਹੁਤੀ ਉਚਾਰੀ ॥ ਧਨਾਸਰੀ ਏ ਪਾਚਉ ਗਾਈ ॥ ਮਾਲ ਰਾਗ ਕਉਸਕ ਸੰਗਿ ਲਾਈ ॥
ਮਾਰੂ ਮਸਤਅੰਗ ਮੇਵਾਰਾ ॥ ਪ੍ਰਬਲਚੰਡ ਕਉਸਕ ਉਭਾਰਾ ॥ ਖਉਖਟ ਅਉ ਭਉਰਾਨਦ ਗਾਏ ॥ ਅਸਟ
ਮਾਲਕਉਸਕ ਸੰਗਿ ਲਾਏ ॥੧॥ ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥ ਉਠਹਿ ਤਾਨ ਕਲੋਲ
ਗਾਇਨ ਤਾਰ ਮਿਲਾਵਹੀ ॥੧॥ ਤੇਲੰਗੀ ਦੇਵਕਰੀ ਆਈ ॥ ਬਸੰਤੀ ਸੰਦੂਰ ਸੁਹਾਈ ॥ ਸਰਸ ਅਹੀਰੀ ਲੈ ਭਾਰਜਾ
॥ ਸੰਗਿ ਲਾਈ ਪਾਂਚਉ ਆਰਜਾ ॥ ਸੁਰਮਾਨੰਦ ਭਾਸਕਰ ਆਏ ॥ ਚੰਦ੍ਰਬਿੰਬ ਮੰਗਲਨ ਸੁਹਾਏ ॥ ਸਰਸਬਾਨ ਅਉ
ਆਹਿ ਬਿਨੋਦਾ ॥ ਗਾਵਹਿ ਸਰਸ ਬਸੰਤ ਕਮੋਦਾ ॥ ਅਸਟ ਪੁਤ੍ਰ ਮੈ ਕਹੇ ਸਵਾਰੀ ॥ ਪੁਨਿ ਆਈ ਦੀਪਕ ਕੀ ਬਾਰੀ
॥੧॥ ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥ ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥੧॥ ਕਾਲੰਕਾ
ਕੁੰਤਲ ਅਉ ਰਾਮਾ ॥ ਕਮਲਕੁਸਮ ਚੰਪਕ ਕੇ ਨਾਮਾ ॥ ਗਉਰਾ ਅਉ ਕਾਨਰਾ ਕਲ੍ਯਾਨਾ ॥ ਅਸਟ ਪੁਤ੍ਰ ਦੀਪਕ ਕੇ
ਜਾਨਾ ॥੧॥ ਸਭ ਮਿਲਿ ਸਿਰੀਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ਬੈਰਾਰੀ ਕਰਨਾਟੀ ਧਰੀ ॥
ਗਵਰੀ ਗਾਵਹਿ ਆਸਾਵਰੀ ॥ ਤਿਹ ਪਾਛੈ ਸਿੰਧਵੀ ਅਲਾਪੀ ॥ ਸਿਰੀਰਾਗ ਸਿਉ ਪਾਂਚਉ ਥਾਪੀ ॥੧॥ ਸਾਲੂ
ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥ ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥ ਖਸਟਮ ਮੇਘ ਰਾਗ ਵੈ
ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ਸੋਰਠਿ ਗੋਂਡ ਮਲਾਰੀ ਧੁਨੀ ॥ ਪੁਨਿ ਗਾਵਹਿ ਆਸਾ ਗੁਨ
ਗੁਨੀ ॥ ਊਚੈ ਸੁਰਿ ਸੂਹਉ ਪੁਨਿ ਕੀਨੀ ॥ ਮੇਘ ਰਾਗ ਸਿਉ ਪਾਂਚਉ ਚੀਨੀ ॥੧॥ ਬੈਰਾਧਰ ਗਜਧਰ ਕੇਦਾਰਾ ॥
ਜਬਲੀਧਰ ਨਟ ਅਉ ਜਲਧਾਰਾ ॥ ਪੁਨਿ ਗਾਵਹਿ ਸੰਕਰ ਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥
ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੧॥

ਦਮਦਮੀ ਟਕਸਾਲ ਸੈਂਚੀ ਅੰਕ ੧੪੩੦



੧੪੪੬

ਬਤੁਰੀ ॥ ਪੰਥ ਰਾਗਨੀ ਸੰਤਿ ਉਚਰਰੀ ॥ ਪ੍ਰਥਮ ਭੈਰਵੀ ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥
ਅਸਲੇਕੀ ਕੀ ਭਈ ਬਾਰੀ ॥ ਏ ਭੈਰਉ ਕੀ ਪਾਂਚਉ ਨਾਰੀ ॥ ਪੰਚਮ ਹਰਖ ਦਿਸਾਪ ਸੁਨਾਵਹਿ ॥ ਬੇਲਾਸ਼ਮਾ
ਮਧੁ ਮਾਧਵ ਗਾਵਹਿ ॥੧॥ ਲਲਤ ਲਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ ਗਾਵਹਿ
ਗਾਇਨ ਪਾਤ੍ਰ ॥੧॥ ਜੁਤੀਆ ਮਾਲਕਉਸਕ ਆਨਾਪਹਿ ॥ ਸੰਗਿ ਰਾਗਨੀ ਪਾਂਚਉ ਥਾਪਹਿ ॥ ਗੋਂਡਕਰੀ ਅਰੁ
ਦੇਵਗੰਧਾਰੀ ॥ ਗੰਧਾਕੀ ਸੀਤੁਤੀ ਉਚਾਰੀ ॥ ਧਨਾਸਕੀ ਏ ਪਾਚਉ ਗਾਟੀ ॥ ਮਾਲ ਹਾਰਾ ਕਉਸਕ ਸੰਲਿ ਲਾਈ ॥
ਮਾਧੁ ਮਨਤਅੰਗ ਮੇਵਾਰਾ ॥ ਪ੍ਰਬਲਖੰਡ ਕਉਸਕ ਉਰਾਰਾ ॥ ਖਉਖਟ ਅਉ ਭਉਰਾਨਦ ਗਾਏ ॥ ਅਸਟ
ਮਾਲਕਉਸਕ ਸੰਲਿ ਲਾਏ ॥੧॥ ਪੁਨਿ ਆਦਿਅਉ ਹਿੰਗੋਲੁ ਪੰਖ ਨਾਹਿ ਸੰਗਿ ਅਸਟ ਸੁਤ ॥ ਉਨਹਿ ਤਾਨ ਕਲੋਲ
ਗਾਇਨ ਭਾਰ ਮਿਲਾਵਹੀ ॥੧॥ ਤੇਲੇਗੀ ਦੇਵਕਰੀ ਆਈ ॥ ਬਲੰਤੀ ਮੰਦੁਵ ਸੁਹਾਈ ॥ ਸਰਸ ਅਗੋਡ਼ੀ ਲੈ ਭਾਵਕਾ
॥ ਸੰਗਿ ਲਾਈ ਪਾਂਚਉ ਆਰਜ਼ਾ ॥ ਸੁਰਮਾਨੇਵ ਭਾਸਕਰ ਆਏ ॥ ਚੰਦ੍ਰਖਿੰਕ ਮੰਗਲਨੁ ਸੁਹਾਏ ॥ ਸਟਲਫਾਨ ਅਉ
ਆਹਿ ਝਿਨੇਦਾ ॥ ਗਾਵਹਿ ਸੁਰਸ ਬਸੰਤ ਥਮੇਦਾ ॥ ਅਸਟ ਪੁਤ੍ਰ ਮੈ ਕਰੇ ਸਬਾਚੀ ॥ ਪੁਨਿ ਆਈ ਦੀਪਕ ਧੀ ਵਾਰੀ
॥੧॥ ਕਛੇਲੀ ਪਟਮੰਜਰੀ ਟੇਡੀ ਕਹੀ ਅਲਾਪਿ ॥ ਕਾਮੇਦੀ ਅਉ ਗੂਜਰੀ ਸੰਗਿ ਦੀਪਕ ਕੇ ਬਾਪਿ ॥੧॥ ਕਾਲੰਕਾ
ਕੁੰਡਲ ਅਉ ਰਾਮਾ ॥ ਕਮਲਕੁਸਮ ਚੰਪਕ ਕੇ ਨਾਮਾ ॥ ਗਉਰਾ ਅਉ ਕਾਨਹਾ ਕਕੁਾਨਾ ॥ ਅਸਟ ਪੁਤ੍ਰ ਦੀਪਕ ਕੇ
ਜਾਨਾ ॥੧॥ ਸਭ ਮਿਲਿ ਸਿਰੀਰਾਗ ਵੇ ਗਾਵਹਿ ॥ ਪਾਂਖਉ ਸੰਗਿ ਬਰੰਗਣ ਲਾਵਹਿ ॥ ਬੈਰਾਰੀ ਕਕਨਾਟੀ ਖਭੀ ॥
ਗਵਹੀ ਗਾਵਹਿ ਆਸਾਵਹੀ ॥ ਤਿਹ ਪਾਛੇ ਸਿੰਧਵੀ ਅਲਾਪੀ ॥ ਸਿਕੀਰਾਗ ਸਿਉ ਪਾਂਖਉ ਬਾਪੀ ॥੧॥ ਸਾਲੂ
ਸ਼ਾਭਵਾ ਸਾਗਰਾ ਅਉਹ ਗੱਡ ਗੰਭੀਰ ॥ ਅਸਟ ਪੁਤ੍ਰ ਸ੍ਰੀਵਾਗ ਕੇ ਗੁੰਡ ਕੁੰਝ ਹਮੀਰ ॥੧॥ ਅਸਟਮ ਮੇਘ ਨਾਵਾ ਵੇ
ਗਾਵਹਿ ॥ ਪਾਂਖਉ ਸੰਗਿ ਬਰੰਗਣ ਲਾਵਹਿ ॥ ਸੈਰੀਨ ਗੌਡ ਮਲਾਰੀ ਧੁਨੀ ॥ ਪੁਨਿ ਗਾਵਹਿ ਆਸਾ ਗੁਨ
ਗੁਨੀ ॥ ਉਚੇ ਸੁਰਿ ਸੁਰਉ ਪੁਨਿ ਕੀਨੀ ॥ ਮੇਖ ਰਾਗ ਸਿਉ ਪਾਂਖਉ ਦੀਨੀ ॥੧॥ ਬੇਰਾਧਰ ਗਸਧਰ ਬੇਵਾਦਾ ॥
ਜਬਲੀਧਰ ਨਟ ਅਉ ਜਸਧਾਰਾ ॥ ਪੁਨਿ ਗਾਵਹਿ ਸੱਕਰ ਅਉ ਸਿਆਮਾ ॥ ਮੇਖ ਰਾਗ ਪੁਤ੍ਰਨ ਕੇ ਨਾਮਾ ॥੧॥
ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਲ ॥ ਸਭੇ ਪੁਤ੍ਰ ਰਾਗੀਨ ਕੇ ਅਠਾਵਰ ਦਸ ਬੀਸ ॥੧॥੧॥

ਉਕਤ ਵਿਚਾਰ ਤੋਂ ਬਾਅਦ ਸਾਫ਼ ਹੋ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਜਾਂ ਦਮਦਮੀ ਟਕਸਾਲ ਦੋਵਾਂ 'ਚੋ ਕੋਈ ਇੱਕ ਗਲਤ ਹੈ, ਇਸ ਲਈ ਜੋ ਸਜ਼ਾ ਥਮਿੰਦਰ ਸਿੰਘ ਨੂੰ ਦਿੱਤੀ ਗਈ ਹੈ ਉਸ ਦੇ ਹੱਕਦਾਰ ਸ਼੍ਰੋਮਣੀ ਕਮੇਟੀ ਜਾਂ ਟਕਸਾਲ ਮੁਖੀ ਭੀ ਹਨ।

ਹੇਠਲੇ ਕੁੱਝ ਨੁਕਤੇ ਵੀ ਧਿਆਨ ਮੰਗਦੇ ਹਨ :

1. ਸ਼੍ਰੋਮਣੀ ਕਮੇਟੀ ਨੇ 14 ਸਾਲਾਂ ਦੇ ਲੰਬੇ ਵਿਚਾਰ ਵਟਾਂਦਰੇ ਉਪਰੰਤ ਸਿੱਖ ਰਹਿਤ ਮਰਿਆਦਾ ਤਿਆਰ ਕੀਤੀ, ਜੋ ਅੱਜ ਵੀ ਲੱਖਾਂ ਦੀ ਗਿਣਤੀ 'ਚ ਛਪਵਾ ਕੇ ਪ੍ਰਚਾਰ ਹਿੱਤ ਭੇਟਾ ਰਹਿਤ ਸੰਗਤਾਂ 'ਚ ਵੰਡੀ ਜਾ ਰਹੀ ਹੈ ਪਰ ਹੈਰਾਨੀ ਹੁੰਦੀ ਹੈ ਕਿ ਜੋ ਡੇਰੇਦਾਰ ਅਕਾਲ ਤਖ਼ਤ ਸਾਹਿਬ 'ਤੇ 3 ਮਈ ਦੇ ਇਕੱਠ 'ਚ ਅਕਾਲ ਤਖ਼ਤ ਦੇ ਹਰ ਹੁਕਮ 'ਤੇ ਸਿਰ ਦੇਣ ਦੀਆਂ ਸਹੁੰਆਂ ਚੁੱਕ ਰਹੇ ਹਨ ਉਨ੍ਹਾਂ 'ਚੋਂ ਕੋਈ ਵੀ ਡੇਰੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਨੂੰ ਆਪਣੇ ਡੇਰਿਆਂ 'ਚ ਲਾਗੂ ਕਰਨ ਲਈ ਤਿਆਰ ਨਹੀਂ।
2. ਸ਼੍ਰੋਮਣੀ ਕਮੇਟੀ ਨੇ ਮੰਗਲਾਂ ਅਤੇ ਸਿਰਲੇਖਾਂ ਦੇ ਸਹੀ ਸਥਾਨ ਸੰਬੰਧੀ ਲਏ ਸੰਨ 1952 'ਚ ਫ਼ੈਸਲੇ ਅਨੁਸਾਰ ਬੀੜਾਂ ਛਾਪਣੀਆਂ ਤਾਂ ਦੂਰ ਸਗੋਂ ਡੇਰੇਦਾਰਾਂ ਵੱਲੋਂ 1964 ਤੋਂ ਉਸ ਫ਼ੈਸਲੇ ਦੇ ਉਲ਼ਟ ਬੀੜਾਂ ਛਾਪਣ ਦੀ ਖੁੱਲ੍ਹ ਕਿਉਂ ਦਿੱਤੀ ?
3. ਸ਼੍ਰੋਮਣੀ ਕਮੇਟੀ ਨੇ 2003 'ਚ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ, ਪਰ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਤੋਂ ਭਗੋੜੇ ਅਤੇ ਗੁਰਬਾਣੀ 'ਚ ਮਨ ਮਰਜ਼ੀ ਦੇ ਫੇਰਬਦਲ ਕਰਨ ਵਾਲ਼ੇ ਡੇਰੇਦਾਰਾਂ ਨੂੰ ਖ਼ੁਸ਼ ਰੱਖਣ ਲਈ ਮੁੜ ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ।
4. ਸ਼੍ਰੋਮਣੀ ਕਮੇਟੀ ਪ੍ਰਿੰ: ਤੇਜਾ ਸਿੰਘ ਵੱਲੋਂ ਲਿਖਿਆ ਕਿਤਾਬਚਾ "ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ **ਸ਼ਬਦਾਂਤਿਕ ਲਗਾਂ ਮਾਤ੍ਰਾ** ਦੇ **ਗੁੱਝੇ ਭੇਦ**" ਪਿਛਲੇ ਲੰਬੇ ਸਮੇਂ ਤੋਂ ਛਾਪ ਕੇ ਪ੍ਰਚਾਰ ਹਿਤ ਮੁਫਤ ਵੰਡ ਰਹੀ ਹੈ ਅਤੇ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਮਿਸ਼ਨਰੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਵੀ ਇਸ ਅਨੁਸਾਰ ਗੁਰਬਾਣੀ ਸੰਥਿਆ ਕਰਵਾਈ ਜਾਂਦੀ ਹੈ। ਇਸ ਵਿੱਚ ਸਪਸ਼ਟ ਹੈ ਕਿ ਗੁਰਬਾਣੀ ਵਿੱਚ ਖ਼ਾਸਕਰ ਸ਼ਬਦ ਦੇ ਮਗਰਲੇ ਅੱਖਰ ਨੂੰ ਲੱਗੀ ਸਿਹਾਰੀ ਅਤੇ ਔਂਕੜ ਅਰਥ ਸਮਝਣ ਲਈ ਹਨ, ਨਾ ਕਿ ਉਚਾਰਨ ਲਈ, ਪਰ ਪਿਛਲੇ ਸਾਲ ਭਵਾਨੀਗੜ੍ਹ ਜ਼ਿਲ੍ਹਾ ਪਟਿਆਲਾ 'ਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸੰਸਥਾ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਹੀ ਕਰਵਾਏ ਗਏ ਇੱਕ ਸੈਮੀਨਾਰ 'ਚ ਕਿਤਾਬਚਾ ਜਾਰੀ ਕੀਤਾ ਗਿਆ, ਜਿਸ ਵਿੱਚ ਗੁਰਬਾਣੀ ਜਿਵੇਂ ਲਿਖੀ ਹੈ ਉਸੇ ਤਰ੍ਹਾਂ ਉਚਾਰਨ ਕੀਤੇ ਜਾਣ ਦੀਆਂ ਹਿਦਾਇਤਾਂ ਸਨ। ਇਹ ਹਿਦਾਇਤਾਂ ਪ੍ਰਿੰ: ਤੇਜਾ ਸਿੰਘ ਵੱਲੋਂ ਲਿਖੇ ਕਿਤਾਬਚੇ ਦੀਆਂ ਭਾਵਨਾਵਾਂ ਦੇ ਬਿਲਕੁਲ ਉਲ਼ਟ ਹੈ।

ਇਹ ਗੱਲਾਂ ਤਾਂ ਸਾਰੇ ਸੰਸਾਰ 'ਚ ਗੁਰਬਾਣੀ ਦਾ ਉਚਾਰਨ ਇਕਸਾਰ ਕਰਨ ਦੀਆਂ ਕਰਦੇ ਹਨ ਪਰ ਆਪਣੀ ਹਾਲਤ ਇਹ ਹੈ ਕਿ ਦਰਬਾਰ ਸਾਹਿਬ ਦੇ ਸਾਰੇ ਗ੍ਰੰਥੀਆਂ ਅਤੇ ਕੀਰਤਨੀਏ ਸਿੰਘਾਂ ਨੂੰ ਜੇ ਇੱਕ ਵੀ ਸ਼ਬਦ ਦਾ ਪਾਠ ਸੁਣਾਉਣ ਲਈ ਕਿਹਾ ਜਾਵੇ ਤਾਂ ਸਭ ਦਾ ਉਚਾਰਨ ਵੱਖਰਾ ਵੱਖਰਾ ਹੋਵੇਗਾ। ਸਰੋਤੇ ਵੀ ਦੰਗ ਰਹਿ ਜਾਂਦੇ ਹਨ ਕਿ ਕਿਸ ਨੂੰ ਸਹੀ ਅਤੇ ਕਿਸ ਨੂੰ ਗਲਤ ਮੰਨਿਆ ਜਾਵੇ।

5. ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਜਾਂ ਕਰਵਾਏ ਗਏ ਸਿਆਸੀ ਹੁਕਮਨਾਮੇ, ਜੋ ਵਾਰ ਵਾਰ ਵਾਪਸ ਵੀ ਲੈਣੇ ਪਏ, ਇਨ੍ਹਾਂ ਨਾਲ਼ ਅਕਾਲ ਤਖ਼ਤ ਸਾਹਿਬ ਦੇ ਸਨਮਾਨ ਨੂੰ ਲੱਗੀ ਢਾਹ ਲਈ ਜ਼ਿੰਮੇਵਾਰ ਕੌਣ ਹੈ ?

ਸੋ ਸਮੁੱਚੀ ਸਿੱਖ ਕੌਮ ਨੂੰ ਇਕੱਤਰ ਹੋ ਕੇ ਹਰ ਵਿਵਾਦਿਤ ਮਸਲੇ ਲਈ ਸਾਂਝੇ ਫ਼ੈਸਲੇ ਆਪ ਲੈਣੇ ਪੈਣੇ ਹਨ। ਕੋਈ ਵੀ ਸਿਆਸੀ ਵਿੰਗ ਧਰਮ 'ਤੇ ਕਾਬਜ਼ ਹੋ ਕੇ ਗੁਰਬਾਣੀ ਸਿਧਾਂਤ ਅਤੇ ਸਿੱਖ ਕੌਮ ਦੀ ਉੱਨਤੀ ਲਈ ਸੁਹਿਰਦ ਨਹੀਂ ਹੋ ਸਕਦਾ; ਜਿਵੇਂ ਕਿ ਨਾਨਕਸਰ ਸੰਪਰਦਾ ਦੀ ਮਰਿਆਦਾ ਨਾਲ ਗੁਰਬਾਣੀ ਦੇ ਗੁਟਕੇ ਛਾਪਣ ਦੇ ਦੋਸ਼ ਹੇਠ 20.4.1998 ਨੂੰ ਗੁਰਮੁਖ ਸਿੰਘ ਨੂੰ ਪੰਥ 'ਚੋਂ ਛੇਕਿਆ ਗਿਆ ਸੀ। ਹੁਕਮਨਾਮੇ ਦੀ ਕਾਪੀ ਇਹ ਹੈ :



ਹੁਕਮਨਾਮਾ

ਅੱਜ ਮਿਤੀ 20-4-98 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਗੁਰਮੁਖ ਸਿੰਘ ਜਪੁੱਤਰ ਸ੍ਰ: ਉਤਮ ਸਿੰਘ ਯਾਸੀ ਰੇਲਵੇ ਫ਼ਾਟਕ, ਨਾਨਕਸਰ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਵਿਧੀਆਂ ਵਾਲੇ ਗੁਟਕੇ ਇਤਿਆਦਿ ਦੋਸ਼ਾਂ ਨੂੰ ਵਿਚਾਰਿਆ ਗਿਆ। ਇਨ੍ਹਾਂ ਦੋਸ਼ਾਂ ਸੰਬੰਧੀ ਗੁਰਮੁਖ ਸਿੰਘ ਨੂੰ ਸਪੱਸ਼ਟੀਕਰਨ ਦੇਣ ਲਈ ਤਿੰਨ ਵਾਰ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ। ਇਸਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਨਜ਼ਰ-ਅੰਦਾਜ਼ ਕੀਤਾ ਅਤੇ ਪੇਸ਼ ਨਹੀਂ ਹੋਇਆ। ਸੋ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਦੇ ਦੋਸ਼ ਅਧੀਨ ਗੁਰਮੁਖ ਸਿੰਘ ਨੂੰ ਖ਼ਾਲਸਾ ਪੰਥ ਵਿੱਚੋਂ ਛੇਕਿਆ ਜਾਂਦਾ ਹੈ। ਸਮੂੰਹ ਸਿੱਖ ਸੰਗਤਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਸੰਦੇਸ਼ ਹੈ ਕਿ ਜਿਤਨਾ ਚਿਰ ਗੁਰਮੁਖ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੇ ਦੋਸ਼ਾਂ ਲਈ ਭੁੱਲ ਨਹੀਂ ਬਖ਼ਸ਼ਾਉਂਣਾ, ਉਤਨਾ ਚਿਰ ਤਕ ਇਸ ਨਾਲ ਕੋਟੀ-ਬੇਟੀ ਦੀ ਸਾਂਝ ਅਤੇ ਸਮਾਜਿਕ ਵਰਤੋਂ ਵਿਹਾਰ ਨਾ ਕੀਤਾ ਜਾਵੇ।

ਹਰ ਇਕ ਢਾਪਕ, ਫੈਲਣ ਵਾਲੇ ਤੇ ਵੇਚਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਪ੍ਰਤੀ ਵੀ ਇਹ ਆਦੇਸ਼ ਹੈ ਕਿ ਗੁਰਮੁਖ ਸਿੰਘ ਦੁਆਰਾ ਨਾਨਕਸਰੀ ਵਿਧੀਆਂ ਵਾਲੇ ਤਿਆਰ ਕੀਤੇ ਗਏ ਗੁਟਕੇ ਨਾ ਲਾਪ ਜਾਣ, ਨਾ ਵੱਡੇ ਜਾਣ ਤੇ ਨਾ ਵੇਚੇ ਜਾਣ।

ਗੁਰੂ ਪੰਥ ਦਾ ਦਾਸ,
-/ਸਹੀ
(ਰਣਜੀਤ ਸਿੰਘ)
ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ

ਪਰ ਜਥੇਦਾਰ ਭਾਈ ਰਣਜੀਤ ਸਿੰਘ ਜੀ ਤੋਂ ਬਾਅਦ ਅਕਾਲੀ ਦਲ ਬਾਦਲ ਵੱਲੋਂ ਆਪਣਾ ਨਵਾਂ ਜਥੇਦਾਰ ਨਿਯੁਕਤ ਕਰ ਦੇਣ ਕਾਰਨ ਕਿਸੇ ਨੇ ਇਸ ਹੁਕਮਨਾਮੇ ਨੂੰ ਲਾਗੂ ਕਰਵਾਉਣ ਦੀ ਹਿੰਮਤ ਨਾ ਕੀਤੀ। ਹੁਣ ਵੀ ਉਸੇ (ਨਾਨਕਸਰੀ) ਮਰਿਆਦਾ ਨਾਲ ਗੁਟਕੇ ਛਪ ਰਹੇ ਹਨ ਤੇ ਅਕਾਲੀ ਦਲ ਬਾਦਲ ਵੱਲੋਂ ਥਾਪੇ ਜਥੇਦਾਰਾਂ ਨੇ ਥਮਿੰਦਰ ਸਿੰਘ ਵਿਰੁਧ ਹੁਕਮਨਾਮਾ ਜਾਰੀ ਕਰ ਦਿੱਤਾ। ਸੋਚਣਾ ਬਣਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੁਆਰਾ ਸਿੱਖ ਕੌਮ ਨੂੰ ਸੇਧ ਦੇਣ ਲਈ ਨਿਰਧਾਰਿਤ ਕੀਤੇ ਅਕਾਲ ਬੁੰਗਾ (ਅਕਾਲ ਤਖ਼ਤ) ਸਾਹਿਬ ਤੋਂ ਜਾਰੀ ਹੁੰਦੇ ਅੱਜ ਹੁਕਮਨਾਮੇ; ਸਿੱਖ ਕੌਮ 'ਤੇ ਦ੍ਰਿੜ੍ਹਤਾ ਨਾਲ਼ ਲਾਗੂ ਕਿਉਂ ਨਹੀਂ ਹੁੰਦੇ ? ਸ਼ਾਇਦ ਇਸ ਲਈ ਹੀ ਹਰਨਾਮ ਸਿੰਘ ਧੁੰਮਾ ਵੱਲੋਂ ਸ਼੍ਰੋਮਣੀ ਕਮੇਟੀ ਨਾਲੋਂ ਵੱਖਰੀਆਂ ਗੁਰਬਾਣੀ ਸੈਂਚੀਆਂ ਤੇ ਗੁਟਕੇ ਸਾਹਿਬ ਛਾਪਣ ਦੇ ਬਾਵਜੂਦ ਵੀ ਇਨ੍ਹਾਂ ਵਿਰੁਧ ਕੋਈ ਹੁਕਮਨਾਮਾ ਜਾਰੀ ਨਹੀਂ ਹੋਇਆ ਕਿਉਂਕਿ ਇਹ ਵੀ ਕਾਬਜ਼ ਸਿਆਸੀ ਧਿਰਾਂ ਨੇ ਲਾਗੂ ਨਹੀਂ ਹੋਣ ਦੇਣਾ ਸੀ। ਅਜਿਹੇ ਵਿਰੋਧਾਭਾਸੀ ਹੁਕਮਨਾਮਿਆਂ ਨੂੰ ਲਾਗੂ ਕਰਨਾ ਫਿਰ ਵਾਪਸ ਲੈਣਾ ਆਦਿ ਵੇਖ ਵੇਖ ਥਮਿੰਦਰ ਸਿੰਘ ਵਰਗਿਆਂ 'ਤੇ ਭੀ ਕਿੰਨਾ ਕੁ ਇਨ੍ਹਾਂ ਹੁਕਮਨਾਮਿਆਂ ਦਾ ਅਸਰ ਹੋਣ ਵਾਲ਼ਾ ਹੈ ?

ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਵਿਵਾਦਿਤ ਮੁੱਦਿਆਂ 'ਤੇ ਆਪਸੀ ਸਾਂਝ ਸਥਾਪਿਤ ਕਰਿਆ ਕਰੇ ਤਾਂ ਜੋ ਕੌਮ ਅੰਦਰ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦਾ ਮੁੜ ਪਹਿਲਾਂ ਵਾਲ਼ਾ ਸਤਿਕਾਰ ਕਾਇਮ ਹੋ ਸਕੇ। ਵਿਵਾਦਿਤ ਮਸਲਿਆਂ ਨੂੰ ਲੰਬਾ ਲਟਕਾਉਣਾ ਭੀ ਕੌਮ ਦੀ ਏਕਤਾ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਪਿਛਲੇ 70 ਸਾਲਾਂ ਤੋਂ ਗੁਰਬਾਣੀ ਪਾਠ ਭੇਦ ਦੇ ਅੰਤਰ ਬਾਰੇ ਵਿਦਵਾਨਾਂ ਵੱਲੋਂ ਕੀਤੀ ਖੋਜ ਅਤੇ ਤਿਆਰ ਕੀਤੀਆਂ ਪਾਠ-ਭੇਦ ਸੂਚੀਆਂ 'ਤੇ ਵੀਚਾਰ ਕਰਕੇ ਹੀ ਇਹ ਮਸਲਾ ਸਦਾ ਲਈ ਹੱਲ ਹੋ ਸਕਦਾ ਹੈ।

ਅੱਜ ਗੁਰਬਾਣੀ ਲਿਖਤ 'ਚ ਇਕਸਾਰਤਾ ਅਤੇ ਸਿੱਖ ਰਹਿਤ ਮਰਯਾਦਾ ਨੂੰ ਕੌਮ ਵਿੱਚ ਲਾਗੂ ਕਰਨ ਦੀ ਸਖ਼ਤ ਜ਼ਰੂਰਤ ਹੈ। ਸੋ ਸਮੁੱਚੀ ਸਿੱਖ ਕੌਮ ਨੂੰ ਇਕੱਤਰ ਹੋ ਕੇ ਹਰ ਵਿਵਾਦਿਤ ਮਸਲੇ ਲਈ ਆਪ ਸਾਂਝੇ ਫ਼ੈਸਲੇ ਲੈਣੇ ਪੈਣੇ ਹਨ। ਜੋ ਵੀ ਵਿਅਕਤੀ ਜਾਂ ਪਾਰਟੀ; ਸਿਆਸੀ ਹਿੱਤਾਂ ਲਈ ਫ਼ੈਸਲੇ ਲੈਂਦੀ ਹੈ, ਉਸ ਵਿਰੁਧ ਲਾਮਬੰਦ ਹੋਣਾ ਚਾਹੀਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਾਠ–ਭੇਦਾਂ ਬਾਰੇ ਸਰਬੱਤ ਖ਼ਾਲਸਾ ਦੇ ਸਨਮੁੱਖ ਇੱਕ ਜ਼ਰੂਰੀ ਲੇਖ

ਡਾ. ਓਅੰਕਾਰ ਸਿੰਘ

*"ਪਾਵਨ ਸਰੂਪ ਦੀ ਛਪਾਈ ਵਿੱਚ ਬਾਰ-ਬਾਰ ਅਤੇ ਗੁਪਤੋ-ਗੁਪਤੀ ਪ੍ਰੈਸ-ਅਮਲੇ ਦੀ ਪਧਰ ਤੇ ਕੀਤੀਆਂ ਜਾ ਰਹੀਆਂ ਪਾਠ-ਸੁਧਾਈਆਂ ਦਾ ਸਿਖ ਸੰਗਤਾਂ ਉਤੇ ਅਣਸੁਖਾਵਾਂ ਪ੍ਰਭਾਵ ਪੈਂਦਾ ਹੈ। ਇਸ ਸਮੱਸਿਆ ਦਾ ਪੰਥ-ਪ੍ਰਵਾਣਿਤ ਸਥਾਈ ਹਲ ਹੋਣਾ ਚਾਹੀਦਾ ਹੈ।*

...

*ਹਥ ਲਿਖਤ ਤਕਨੀਕ ਮਗਰੋਂ ਛਾਪੇ ਦੀ ਤਕਨੀਕ ਹੋਂਦ ਵਿਚ ਆਈ ਅਤੇ ਹੁਣ ਕੰਪਿਊਟਰ ਦੀ ਤਕਨੀਕ ਪ੍ਰਚਲਤ ਹੈ। ਜੇਕਰ ਡਾਟਾ (data) ਕੰਪਿਊਟਰ ਵਿਚ ਵੀ ਛਾਪੇ ਦੀਆਂ ਗਲਤੀਆਂ ਵਾਲਾ ਸ਼ਾਮਲ ਹੋ ਗਿਆ ਤਾਂ ਇਹ ਅਸ਼ੁਧੀਆਂ ਅਗੇ ਤੋਂ ਅਗੇ ਚਲਦੀਆਂ ਜਾਣਗੀਆਂ ਜਿਸ ਨਾਲ ਵੱਡੀ ਹਾਨੀ ਹੋਣ ਦੀ ਸੰਭਾਵਨਾ ਹੈ।"*

ਇਹ ਸਤਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਗਠਿਤ ਕੀਤੀ ਗਈ ਕਮੇਟੀ ਦੀ ੨੬ ਮਾਰਚ ੧੯੯੬ ਦੀ ਅੰਤ੍ਰਿਗ ਰਿਪੋਰਟ ਵਿੱਚ ਦਰਜ ਹਨ। ਇਹ ਛੇ-ਮੈਂਬਰੀ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਾਠ-ਭੇਦਾਂ ਦੀ ਨਿਸ਼ਾਨਦੇਹੀ ਵਾਸਤੇ ਬਣਾਈ ਗਈ ਸੀ, ਜਿਸ ਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਸਨ। ਸ਼੍ਰੋਮਣੀ ਕਮੇਟੀ ਨੇ ਹੁਣ ਤੱਕ ਕੋਈ ਕਾਰਵਾਈ ਕਿਉਂ ਨਾ ਕੀਤੀ? ੧੯੯੬ ਤੋਂ ੨੦੨੫ ਆ ਗਿਆ, ਕੰਪਿਊਟਰ ਤਕਨੀਕ ਤਾਂ ਬਹੁਤ ਤੇਜ਼ ਰਫਤਾਰ ਨਾਲ ਚੱਲ ਰਹੀ ਹੈ। ਹਥ-ਲਿਖਤ ਤੋਂ ਛਾਪੇ ਤੱਕ, ਛਾਪੇ ਤੋਂ ਕੰਪਿਊਟਰ ਅਤੇ ਹੁਣ ਉਸ ਤੋਂ ਵੀ ਅਗਾਂਹ ਏ.ਆਈ. ਦਾ ਦੌਰ ਆ ਗਿਆ। ਹੁਣ ਦੱਸੋ ਭਲਾ ਇਹ ਅਸ਼ੁੱਧੀਆਂ ਕਦੋਂ ਦੂਰ ਹੋਣਗੀਆਂ ਅਤੇ ਕੌਣ ਕਰੇਗਾ?

ਇੱਥੇ ਇਹ ਦੱਸਣਾ ਜ਼ਰੂਰੀ ਹੈ ਕੀ ਜਿਨ੍ਹਾਂ ਅਸ਼ੁੱਧੀਆਂ ਬਾਰੇ ਵਿਚਾਰ-ਚਰਚਾ ਹੋ ਰਹੀ ਹੈ ਉਹ ਸਾਡੇ ਵਰਗੇ ਸੰਸਾਰੀ ਮਨੁੱਖਾਂ ਵੱਲੋਂ ਉਤਾਰੇ ਕਰਨ ਲੱਗਿਆਂ ਜਾਂ ਬੀੜਾਂ ਨੂੰ ਛਾਪਣ ਲੱਗਿਆਂ ਜਾਣੇ-ਅਨਜਾਣੇ ਵਿੱਚ ਹੋਈਆਂ ਹਨ। ਧੰਨ ਗੁਰੂ ਗ੍ਰੰਥ ਸਾਹਿਬ ਜੀ, ਜਿਸ ਨੂੰ ਹਰ ਸਿੱਖ, ਜਾਗਤ-ਜੋਤ ਸਤਿਗੁਰੂ ਮੰਨਦਾ ਹੈ, ਉਸ ਬਾਰੇ ਬੀਤ ਚੁੱਕੇ ਸਮੇਂ ਵਿੱਚ ਸਾਡੀਆਂ ਜ਼ਿੰਮੇਵਾਰ ਸੰਸਥਾਵਾਂ ਨੇ ਕੀ ਰੋਲ ਨਿਭਾਇਆ ਹੈ, ਵਰਤਮਾਨ ਵਿੱਚ ਅਸੀਂ ਕਿੱਥੇ ਖੜ੍ਹੇ ਹਾਂ, ਅਤੇ ਭਵਿੱਖ ਵਿੱਚ ਸਾਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਮਸਲੇ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਹ ਇੱਕ ਬਹੁਤ ਗਹਿਰ-ਗੰਭੀਰ ਅਤੇ ਨਾਜ਼ੁਕ ਵਿਸ਼ਾ ਹੈ, ਜਿਸ ਬਾਰੇ ਹਰ ਸਿੱਖ ਦਾ ਜਾਗਰੂਕ ਹੋਣਾ ਜ਼ਰੂਰੀ ਹੈ। ਆਉ ਸੰਖੇਪ ਵਿੱਚ ਇਸ ਬਾਰੇ ਵਿਚਾਰ ਕਰੀਏ।

ਇਸ ਮਸਲੇ ਨੂੰ ਵਿਚਾਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੀ ਸਮਗਰੀ ਨੂੰ ਹੀ ਆਧਾਰ ਬਣਾਇਆ ਜਾ ਰਿਹਾ ਹੈ। ਬਾਹਰੋਂ ਕਿਸੇ ਸੰਸਥਾ, ਯੂਨੀਵਰਸਿਟੀ ਜਾਂ ਕਿਸੇ ਹੋਰ ਪੁਸਤਕ ਦਾ ਹਵਾਲਾ ਨਹੀਂ ਲਿਆ ਗਿਆ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜਿਹੜੀਆਂ ਹੱਥ-ਲਿਖਤਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਉਹ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੀ ਸਮਗਰੀ ਦੀ ਪ੍ਰੋੜ੍ਹਤਾ ਲਈ ਹੀ ਦਿੱਤਾ ਜਾ ਰਿਹਾ ਹੈ।

**ਪੁਰਾਤਨ ਹੱਥ-ਲਿਖਤ ਬੀੜਾਂ ਦਾ ਹਵਾਲਾ ਅਤੇ ਇਤਿਹਾਸਕ ਪੱਖ**

ਅਸੀਂ ਸਭ ਜਾਣਦੇ ਹਾਂ ਕੀ ਧੰਨ ਗੁਰੂ ਅਰਜਨ ਪਾਤਸ਼ਾਹ ਜੀ ਨੇਂ ਰਾਮਸਰ ਦੇ ਅਸਥਾਨ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ। ਇਸ ਕਾਰਜ ਨੂੰ ੧੬੦੧ ਤੋਂ ਲੈ ਕੇ ੧੬੦੪ ਤੱਕ ਚਾਰ ਸਾਲ ਦਾ ਸਮਾਂ ਲੱਗਿਆ। ਭਾਦੋਂ ਸੁਦੀ ੧ ਸੰਮਤ ੧੬੬੧ (ਸੰਨ ੧੬੦੪) ਨੂੰ ਗੁਰੂ ਅਰਜਨ ਪਾਤਸ਼ਾਹ ਜੀ ਨੇਂ ਆਪ ਆਪਣੇਂ ਸੀਸ ਤੇ ਇਸ ਬੀੜ ਨੂੰ ਲਿਜਾ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਕਾਸ਼ ਕੀਤਾ। ਬਾਅਦ ਵਿੱਚ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਹੀ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਦੇ ਅਸਥਾਨ ਤੇ ਥਾਂ ਪੁਰ ਥਾਂ ਦਰਜ ਕਰ ਦਿੱਤਾ। ਵੱਖ ਵੱਖ ਵਿਦਵਾਨਾਂ ਨੇ ਇਸ ਦੇ ਹਵਾਲੇ ਦਿੱਤੇ ਹੋਏ ਹਨ। ਇਸੇ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਨੇਂ ੬ ਅਕਤੂਬਰ ੧੭੦੮ ਈ. ਨੂੰ ਆਪਣੇ ਜੋਤੀ ਜੋਤ ਸਮਾਉਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸੇ ਸਰੂਪ ਨੂੰ ਬਕਾਇਦਾ ਗੁਰਿਆਈ ਬਖਸ਼ ਦਿੱਤੀ। ਇਸ ਦਾ ਵਿਸਥਾਰ ਸਹਿਤ ਜ਼ਿਕਰ ਭੱਟ ਵਹੀ, ਤਲੰਡਾ ਪਰਗਨਾ ਜੀਂਦ ਨੇ ਆਪਣੀ ਵਹੀ ਵਿੱਚ ਕੀਤਾ ਹੈ। ਇਨ੍ਹਾਂ ਭੱਟ ਵਹੀਆਂ ਦੀ ਖੋਜ ਗਿਆਨੀ ਗਰਜਾ ਸਿੰਘ ਜੀ ਨੇ ਕੀਤੀ ਜੋ ਕਿ ਸਿੰਘ ਬਰਦਰਜ਼ ਵੱਲੋਂ ਛਾਪੀ ਗਈ ਹੈ।

ਬਦਕਿਸਮਤੀ ਨੂੰ ਹੁਣ ਸਾਡੇ ਕੋਲ਼ ਇਨ੍ਹਾਂ ਇਹਨਾਂ ਸਰੂਪਾਂ ਵਿੱਚੋਂ ਕੋਈ ਵੀ ਉਪਲਬਧ ਨਹੀਂ ਹੈ। ਇਸ ਬਾਰੇ ਅੱਗੇ ਜਾ ਕੇ ਪ੍ਰਮਾਣਾਂ ਸਹਿਤ ਵਿਸਥਾਰ ਨਾਲ ਵਿਚਾਰ ਕਰਾਂਗੇ।

ਆਓ ਹੁਣ ਆਪਾਂ ਆਪਣੇਂ ਮੂਲ ਮਸਲੇ ਵੱਲ ਆਈਏ। ਗਿਆਨੀ ਕਿਰਪਾਲ ਸਿੰਘ ਅਨੁਸਾਰ ਪਹਿਲੋਂ ਪਹਿਲ ਤਾਂ ਗੁਰਸਿੱਖਾਂ ਨੂੰ ਗੁਰਬਾਣੀ ਦੀ ਲਿਖਾਈ, ਗੁਰਬਾਣੀ ਵਿਆਕਰਣ, ਅਤੇ ਸ਼ਬਦ-ਜੋੜਾਂ ਦਾ ਪੂਰਨ ਗਿਆਨ ਹੁੰਦਾ ਸੀ ਜਿਸ ਕਾਰਨ ਅਸ਼ੁੱਧੀਆਂ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ। ਉਸ ਦੀ ਪਰੂਫ਼ ਰੀਡਿੰਗ ਵੇਲੇ ਹਾਸ਼ੀਏ ਦੇ ਬਾਹਰ ਉਨ੍ਹਾਂ ਨੂੰ ਚਰਖੜੀ ਦਾ ਨਿਸ਼ਾਨ ਬਣਾ ਕੇ ਠੀਕ ਤਰ੍ਹਾਂ ਕਰਕੇ ਲਿਖ ਵੀ ਦਿੱਤਾ ਜਾਂਦਾ ਸੀ ਅਤੇ ਗਲਤੀ ਉੱਤੇ ਹੜਤਾਲ ਫੇਰ ਦਿੱਤੀ ਜਾਂਦੀ ਸੀ। ਲੇਕਿਨ ਸਮੇਂ ਨਾਲ ਜਿਉਂ ਜਿਉਂ ਬੀੜਾਂ ਦੀ ਮੰਗ ਵਧਣ ਲੱਗੀ ਤਾਂ ਬਹੁਤ ਸਾਰੇ ਲਿਖਾਰੀਆਂ ਨੇ ਇਸ ਨੂੰ ਆਪਣੀ ਰੋਜ਼ੀ-ਰੋਟੀ ਦਾ ਸਾਧਨ ਬਣਾ ਲਿਆ ਅਤੇ ਉਤਾਰੇ ਕਰਨ ਵੇਲੇ ਆਈਆਂ ਅਸ਼ੁੱਧੀਆਂ ਨੂੰ ਦੁਬਾਰਾ ਸੋਧਣ ਦੀ ਪਰੰਪਰਾ ਬਿਲਕੁਲ ਹੀ ਖ਼ਤਮ ਹੋ ਗਈ। ਇਸੇ ਕਾਰਨ ਪਾਠ-ਭੇਦਾਂ ਦੀ ਸੂਚੀ ਲੰਬੀ ਹੁੰਦੀ ਚਲੀ ਗਈ। ਵਪਾਰੀ ਬਿਰਤੀ ਕਾਰਨ ਬਹੁਤ ਸਾਰੇ ਲਿਖਾਰੀਆਂ ਵੱਲੋਂ ਸੁੰਦਰਤਾ ਵੱਲ ਜ਼ਿਆਦਾ ਧਿਆਨ ਦਿੱਤਾ ਜਾਣ ਲੱਗਾ, ਇੱਥੋਂ ਤੱਕ ਕਿ ਬਹੁਤ ਸਾਰੀਆਂ ਬੀੜਾਂ ਤਾਂ ਨਕਾਸ਼ਾਂ ਪਾਸੋਂ ਲਿਖਵਾਈਆਂ ਗਈਆਂ ਜਿਸ ਦੇ ਨਤੀਜੇ ਅੱਜ ਸਾਡੇ ਸਾਹਮਣੇਂ ਹਨ ਅਤੇ ਅਸੀਂ ਉਨ੍ਹਾਂ ਉੱਤੇ ਹੀ ਵਿਚਾਰ-ਚਰਚਾ ਕਰ ਰਹੇ ਹਾਂ।

ਸਮੇਂ ਸਮੇਂ ਹੱਥ ਨਾਲ ਲਿਖੀਆਂ ਗਈਆਂ ਇਨ੍ਹਾਂ ਬੀੜਾਂ ਦੇ ਹੀ ਅੱਗੋਂ ਬੇਅੰਤ ਉਤਾਰੇ ਹੁੰਦੇ ਰਹੇ, ਇਨ੍ਹਾਂ ਵਿੱਚ ਤਿੰਨ ਬੀੜਾਂ ਪ੍ਰਮੁੱਖ ਹਨ: ਕਰਤਾਰਪੁਰ ਸਾਹਿਬ ਵਾਲ਼ੀ ਬੀੜ, ਭਾਈ ਬੰਨੋ ਜੀ ਵਾਲ਼ੀ ਬੀੜ, ਜਿਸ ਨੂੰ ਖ਼ਾਰੀ ਬੀੜ ਵੀ ਕਿਹਾ ਜਾਂਦਾ ਹੈ, ਅਤੇ ਦਮਦਮੀ ਬੀੜ ਜਿਸ ਨੂੰ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰਿਆਈ ਬਖਸ਼ੀ। ਇਹਨਾਂ ਵਿੱਚੋਂ ਕਰਤਾਰਪੁਰ ਸਾਹਿਬ ਵਾਲ਼ੀ ਮੰਨੀ ਜਾਂਦੀ ਬੀੜ ਨੂੰ ਬਹੁਤ ਲਿਖਤਾਂ ਵਿੱਚ ਅਧਾਰ ਬਣਾਇਆ ਗਿਆ ਅਤੇ ਉਸ ਦੇ ਬਹੁਤ ਉਤਾਰੇ ਹੋਏ। ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਬੀੜ ਦੀ ਮੌਲਿਕਤਾ ਅਥਵਾ ਅਸਲੀਅਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

ਇਹ ਗੱਲ ਪ੍ਰਤੱਖ ਹੈ ਕਿ ਕਰਤਾਰਪੁਰੀ ਬੀੜ ਓਹ ਅਸਲ ਬੀੜ ਨਹੀਂ ਹੈ ਜਿਹੜੀ ਧੰਨ ਗੁਰੂ ਅਰਜਨ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਲਿਖਵਾਈ ਸੀ। ਇਸ ਬਾਰੇ ਡਾ. ਪਿਆਰ ਸਿੰਘ ਜੀ ਨੇ ਆਪਣੀ ਪੁਸਤਕ "ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਵਿੱਚ ਵਿਸਥਾਰ ਸਹਿਤ ਜ਼ਿਕਰ ਕੀਤਾ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਦਾ ਇੱਕ ਪੱਤਰ ਵੀ ਜੋ ਪੜ੍ਹਨ ਯੋਗ ਹੈ,

ਇਸੇ ਪੁਸਤਕ ਵਿੱਚ ਅੰਤਿਕਾ ਦੇ ਤੌਰ ਤੇ ਦਿੱਤਾ ਹੋਇਆ ਹੈ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਜਗਤਾਰ ਸਿੰਘ ਜੀ ਜਾਚਕ ਅਤੇ ਜੀ.ਬੀ. ਸਿੰਘ ਆਦਿਕ ਹੋਰ ਵਿਦਵਾਨਾਂ ਨੇ ਵੀ ਆਪਣੀਆਂ ਪੁਸਤਕਾਂ ਵਿੱਚ ਇਸ ਬਾਰੇ ਵਿਸਥਾਰ ਸਹਿਤ ਜ਼ਿਕਰ ਕੀਤਾ ਹੋਇਆ ਹੈ। ਇਸ ਬੀੜ ਦੀਆਂ ਕੁੱਝ ਤਸਵੀਰਾਂ ਨਾਲ ਉਕਾਈਆਂ ਸਪੱਸ਼ਟ ਹੋ ਜਾਣਗੀਆਂ। ਸਭ ਤੋਂ ਪਹਿਲਾਂ ਪਰੰਪਰਾ ਅਨੁਸਾਰ ਮੰਨੀ ਜਾਂਦੀ ਕਰਤਾਰਪੁਰੀ ਬੀੜ ਦੇ ਤਤਕਰੇ ਦੀ ਤਸਵੀਰ ਵੇਖੋ: ਹਾਸ਼ੀਏ ਦੇ ਸੱਜੇ ਪਾਸੇ ਇੱਕ ਇੰਦਰਾਜ ਦਿੱਤਾ ਹੋਇਆ ਹੈ ਜਿਸ ਵਿੱਚ ਸ਼ਿਵਨਾਭ ਰਾਜੇ ਕੀ ਬਿਧਿ ਦਾ ਜ਼ਿਕਰ ਹੈ। ਥੱਲੇ ਇੱਕ ਹੋਰ ਇੰਦਰਾਜ ਹੈ ਜਿਸ ਵਿੱਚ ਰਾਗਮਾਲਾ ਤਥਾ ਸਿੰਘਲਦੀਪ ਦਾ ਜ਼ਿਕਰ ਹੈ।

ਕਿਸੇ ਵੀ ਗ੍ਰੰਥ ਦਾ ਤਤਕਰਾ ਹਮੇਸ਼ਾਂ ਬਾਅਦ ਵਿੱਚ ਲਿਖਿਆ ਜਾਂਦਾ ਹੈ। ਇੱਥੇ ਤਤਕਰੇ ਵਿੱਚ ਲਿਖੀ ਬਾਣੀ ਮੂਲ ਗ੍ਰੰਥ ਵਿੱਚ ਨਹੀਂ ਹੈ। ਇਵੇਂ ਹੀ ਰਵਿਦਾਸ ਜੀ ਦੇ ਸ਼ਬਦ ਤੋਂ ਬਾਦ ਮੀਰਾਂ ਬਾਈ ਦਾ ਭਜਨ ਅੰਕਿਤ ਹੈ ਜੋ ਗੁਰਬਾਣੀ ਨਹੀਂ ਹੈ।






ਧਰਾਮਿਕ ਸਲਾਹਕਾਰ ਕਮੇਟੀ ਦੀ ਉਨਵੀਂ ਇਕੱਤਰਤਾ
ਮਿਤੀ 19-8-52 ਦੀ ਕਾਰਵਾਈ

1. ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਪ੍ਰਚਲਤ ਛਾਪੇ ਵਿ ਆਈਆਂ ਬੀੜਾਂ ਵਿਚ ਜੋ ਸੋਧ ਔਖੇ ਕੀਤੀ ਜਾ ਚੁੱਕੀ ਹੈ, ਉਨ੍ਹਾਂ ਬਰਕਰਾਰ ਰਕਿ ਜਾਵੇ। ਬਾਕੀ ਲਗ ਮਾਤਰਾ ਦੀਆਂ ਜਿਤਨੀਆਂ ਭੁੱਲਾਂ ਛਪਣ ਵਿਚ ਪੈ ਗਈਆਂ ਹ ਉਨ੍ਹਾਂ ਦੀ ਸੋਧ ਕਰ ਲਈ ਜਾਵੇ।

ਇਸ ਅਨੁਸਾਰ ਹੇਠ ਦਿੱਤੇ ਸ਼ਬਦਾਂ ਨੂੰ ਅਗੇ ਦਸੇ ਅਨੁਸਾਰ ਸੋਧ ਕੇ ਛਾਪਿਆ ਜਾ

| ਪੰਨਾ ਨੰ: | ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਪਾਠ | ਦੀ ਥਾਂ | ਛਾਪੇ ਦੀਆਂ ਪ੍ਰਚਲਤ ਬੀੜਾਂ ਵਿਚ ਛਾਪਿਆ ਜਾ |
|---|---|---|---|
| 478 | ਡੁਠਹਾ ਤਰਨਾ | - - | ਡੁਠਹਾ ਗਨਨਾ |
| 478 | ਮੋਹਿਲੁ | - - | ਮਿਹਲੁ |
| 954 | ਹੋਵਹਿ ਕਿਰਪਾ | - - | ਹੋਵਹਿ ਕਿਰਪਾਲ |
| 953 | ਕਿਨਾ ਭੀ ਮੇਰੀ ਧੋਕਿ | - - | ਮੇਰੀ |
| 963 | ਕਿਰੰਪ | - - | ਕਿਰਪ |
| 975 | ਸਲ ਸਲਲੇ | - - | ਸਲਨ ਸਲਲੇ |
| 1025 | ਸੁਖ ਦਾਲਹੁ | - - | ਦਾਲਹੁ |
| 1050 | ਸਤਿਗੁਰੂ ਸਖੇ ਲਾਏ ਸੁਧ ਹੈ | | |
| 1068 | ਪਾਰੂ ਨ ਪਰੇ | - - | ਪਾਏ |
| 1089 | ਇਹੁ | - - | ਇਹੁ |
| 1095 | ਝਾਖੜੇ ਮਹਲਾ-5 | - - | ਝਖੜੇ |
| 1120 | ਪਿਆਰ | - - | ਬੇਹਾਰਾ |
| 1161 | ਪ੍ਰੇਮ ਪਲੀਤਾ | - - | ਪ੍ਰੇਮ ਪਲੀਤਾ |
| 1165 | ਮਿਹਰੀ ਕਹੇ ਪਟਵਾਨੀ ਸੁਧ ਹੈ। | | |
| 1264 | ਪਾਣ ਪਟੰਬਰ ਬਹੁ ਬਿਅੰਤ ਕਰ ਸੁਧ ਹੈ। | | |
| 711 | ਬਹੁ ਪ੍ਰਭ ਬੇਰਾ | - - | ਬਹੁ ਪ੍ਰਭ ਘਾ |
| 732 | ਦੂਜਿ ਮਿਲਿਆ ਜਰ ਸੁਖ ਕਵਾਈ ਸੁਧ ਹੈ। | | |
| 848 | ਵਿਲਾਵਨੁ | - - | ਬਿਲਾਵਲ |
| 857 | ਬਿਚਰ | - - | ਬਿਚਰ |
| 875 | ਏਕੁ ਮੁਕਰ | - - | ਏਕੁ |
| 1266 | ਹੁ ਰ ਹੁ | - - | ਹੁ ਰੁ ਹੁ |
| 1359 | ਰਏਤ੍ਰਪੁਕਰ | - - | ਪੁਰਖਾ |
| 1373 | ਹੁਬੇਰਸ | - - | ਹੁਬੇਰਸ |
| 1374 | ਮੁੱਲਾਂ | - - | ਮੁਲਾਂ |
| 1396 | ਸਵੀਏ | - - | ਸਵਈਏ |
| 1397 | ਸਹਜੁਸ | - - | ਸਹਜੁਸ |
| 1398 | ਇਵਾ ਸਰੇਉ ਨ ਹਰਨਾ ਨ ਹੁਲਤਾ | - - | ਨ ਹਰਨਾ ਨ ਹੁਲਤਾ |

• • •

48

ਆਓ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕੀਤੇ ਗਏ ਸਵੈ-ਵਿਰੋਧੀ ਫੈਸਲਿਆਂ ਬਾਰੇ ਵਿਚਾਰ ਕਰੀਏ। ਕਰਤਾਰਪੁਰੀ ਬੀੜ ਨੂੰ ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਲਈ ਆਧਾਰ ਮੰਨਿਆਂ ਸੀ। ਫਿਰ ਦੱਸੋ ਭਲਾ ਕਮੇਟੀ ਵਿੱਚ ਇਹ ਮਤਾ ਕਿਵੇਂ ਪਾਸ ਹੋ ਸਕਦਾ ਹੈ ਕਿ 1952 ਵਾਲ਼ੀ ਬੀੜ ਦੀ ਛਪਾਈ ਵੇਲੇ ਕਰਤਾਰਪੁਰੀ ਬੀੜ ਵਿੱਚਲੇ ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਛਾਪਿਆ ਜਾਏ? ਕੀ ਗੁਰੂ ਅਰਜਨ ਪਾਤਸ਼ਾਹ ਜੀ ਅਤੇ ਭਾਈ ਗੁਰਦਾਸ ਜੀ ਨੇ ਇਨ੍ਹਾਂ ਸ਼ਬਦਾਂ ਦੀ ਸੁਧਾਈ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ? ਹੁਣ ਜ਼ਰਾ ਇਹ ਵੀ ਸਮਝਾਓ ਕਿ ਸ਼੍ਰੋਮਣੀ ਕਮੇਟੀ ਨੇ ਕਿਹੜੀ ਬੀੜ ਨੂੰ ਆਧਾਰ ਬਣਾ ਕੇ ਗਲਤੀਆਂ ਦਰੁਸਤ ਕੀਤੀਆਂ ਸਨ?

ਸੋ ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਸੈਂਚਾ ਤਿਆਰ ਕਰਨ ਲਈ ਵਿਦਵਾਨਾ ਵੱਲੋਂ ਚੋਣਵੀਆਂ ਭਰੋਸੇਯੋਗ ਅਤੇ ਪ੍ਰਮਾਣੀਕ 31 ਹੱਥ-ਲਿਖਤ ਬੀੜਾਂ ਨੂੰ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਵਿੱਚੋਂ ਦੋ ਬਹੁਤ ਹੀ ਪ੍ਰਮਾਣੀਕ ਬੀੜਾਂ ਦੇ ਕੁੱਝ ਕੁ ਚਿੱਤਰ ਪਾਠਕਾਂ ਦੀ ਗਿਆਤ ਲਈ ਹੇਠਾਂ ਦਿੱਤੇ ਜਾ ਰਹੇ ਹਨ।



ਰਾਮ ਰਾਏ ਜੀ ਵਾਲੀ ਬੀੜ (ਸੰਨ ੧੬੯੫)

ਇਨ੍ਹਾਂ ਚਿੱਤਰਾਂ ਵਿੱਚ ਕੁੱਝ ਗੱਲਾਂ ਧਿਆਨ ਦੇਣ ਯੋਗ ਹਨ। ਰਾਮ ਰਾਏ ਜੀ ਵਾਲੀ ਬੀੜ ਦੇ ਤਤਕਰੇ ਦੇ ਆਰੰਭ ਵਿੱਚ ਸਾਲ ਦਾ ਸੰਕੇਤ, ਸੰਮਤ ੧੭੫੨ ਜਿਸ ਦਾ ਈਸਵੀ ਸੰਨ 1695 ਬਣਦਾ ਹੈ ਬਹੁਤ ਸਾਫ਼ ਅਤੇ ਸਪਸ਼ਟ ਦਿੱਤਾ ਹੋਇਆ ਹੈ। ਦੂਸਰਾ ਬਹੁਤ ਹੀ ਜ਼ਰੂਰੀ ਸੰਕੇਤ ਕਿ ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀਉ ਕਿਆ ਦਸਤਖਤਾ ਕਾ ਨਕਲ ਜਿਸ ਦਾ ਅਰਥ ਹੈ ਕਿ ਇਹ ਬੀੜ ਭਾਈ ਗੁਰਦਾਸ ਜੀ ਵਾਲ਼ੀ ਬੀੜ ਦਾ ਉਤਾਰਾ ਹੈ। ਤੀਸਰੀ ਵੱਡੀ ਗੱਲ ਇਸ ਵਿੱਚ ਸੰਪੂਰਨ ਮੂਲ ਮੰਤਰ ਨੂੰ ਪੂਰੀ ਤਰ੍ਹਾ ਸੱਜੇ ਹੱਥ ਰੱਖ ਕੇ ਲਿਖਿਆ ਗਿਆ ਹੈ ਅਤੇ ਲੰਬੀਆਂ ਲਕੀਰਾਂ ਖਿੱਚ ਕੇ ਹਾਸ਼ੀਏ ਨਾਲ ਜੋੜ ਦਿੱਤਾ ਗਿਆ ਹੈ। ਜਪੁ ਸਿਰਲੇਖ ਨੂੰ ਦੋ ਦੋ ਡੰਡੀਆਂ ਦੇ ਵਿਕਾਰ ਰੱਖ ਕੇ ਖੱਬੇ ਹੱਥ ਲਿਖਿਆ ਗਿਆ ਹੈ। ਤੀਜੀ ਤਸਵੀਰ ਵਿੱਚ ਮੰਗਲਾਚਰਨ ਅਤੇ ਬਾਣੀ ਦੇ ਸਿਰਲੇਖਾਂ ਦੀ ਤਰਤੀਬ ਵੇਖੀ ਜਾ ਸਕਦੀ ਹੈ। ਛੋਟਾ ਮੰਗਲਾਚਰਣ ਸੱਜੇ ਹੱਥ ਲਿਖ ਕੇ ਬਹੁਤ ਹੀ ਬਾਕਮਾਲ ਤਰੀਕੇ ਨਾਲ ਹੈਡਿੰਗ ਦਿੱਤਾ ਗਿਆ ਹੈ।

1. ਪਹਿਲਾਂ ਰਾਗ ਦਾ ਨਾਮ: ਰਾਗ ਆਸਾ
2. ਫਿਰ ਉਚਾਰਣ ਵਾਲ਼ੀ ਪਾਤਸ਼ਾਹੀ: ਮਹਲਾ ੧,
3. ਫਿਰ ਬਾਣੀ ਦਾ ਨਾਮ: ॥ਸੋਦਰੁ॥

ਇਹੋ ਹੀ ਤਰਤੀਬ ਇਸ ਸਾਰੀ ਬੀੜ ਵਿੱਚ ਦਿੱਤੀ ਹੋਈ ਹੈ। ਇਸ ਸਮੁੱਚੀ ਬੀੜ ਵਿੱਚ ਕੇਵਲ ਦੋ ਹੀ ਮੰਗਲ ਦਿੱਤੇ ਗਏ ਹਨ: ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਅਤੇ ਫਿਰ ਰਾਗਾਂ ਦੇ ਆਰੰਭ ਵਿੱਚ ਸੰਪੂਰਨ ਮੰਗਲ ਅਤੇ ਬਾਕੀ ਸਭ ਸਥਾਨਾਂ ਤੇ *'ੴ ਸਤਿਗੁਰਪ੍ਰਸਾਦਿ'* ਦਾ ਮੰਗਲ ਹੈ। ਇਸ ਬੀੜ ਵਿੱਚ ਇੱਕ ਹੋਰ ਬਹੁਤ ਹੀ ਮਹੱਤਵਪੂਰਣ ਸੰਕੇਤ ਵੀ ਦਿੱਤਾ ਹੋਇਆ ਹੈ: *'ਤੇਰਾ ਕੀਤਾ ਜਾਤੋ ਨਾਹੀਂ'* ਸ਼ਬਦ ਤੋਂ ਬਾਅਦ ਅਤੇ ਰਾਗਮਾਲ਼ਾ ਦੇ ਇੰਦਰਾਜ ਤੋਂ ਪਹਿਲਾਂ ਲਿਖਿਆ ਹੈ ਕਿ: *'ਏਹੁ ਭੋਗੁ ਸ੍ਰੀ ਆਦ ਗਿਰੰਥ ਜੀ ਹੈ'* ਅਤੇ ਮੁਖ ਤਤਕਰੇ ਦੇ ਵਿੱਚ ਵੀ ਰਾਗਮਾਲਾ ਦਾ ਕੋਈ ਜ਼ਿਕਰ ਨਹੀਂ। ਇਹ ਸੰਕੇਤ ਸਾਡੇ ਰਾਗਮਾਲ਼ਾ ਵਾਲ਼ੇ ਝਗੜੇ ਨੂੰ ਨਿਬੇੜਨ ਵਿੱਚ ਅਤਿਅੰਤ ਸਹਾਈ ਹੋ ਸਕਦਾ ਹੈ।



ਭਾਈ ਬਿਧੀ ਚੰਦ ਜੀ ਵਾਲੀ ਬੀੜ

ਹੁਣ ਆਪਾਂ ਭਾਈ ਬਿਧੀ ਚੰਦ ਜੀ ਦੇ ਅਸਥਾਨ ਤੇ ਪਈ ਬੀੜ ਜੋ ਬਾਬਾ ਬਿੱਧੀ ਚੰਦ ਜੀ ਵੱਲੋਂ ਲਿਖੀ ਹੋਈ ਮੰਨੀ ਜਾਂਦੀ ਹੈ ਬਾਰੇ ਗੱਲ ਕਰਾਂਗੇ। ਇਸ ਵਿੱਚ ਵੀ ਜਪੁਜੀ ਸਾਹਿਬ ਦੇ ਆਰੰਭ ਵਿੱਚ ਮੰਗਲਾਚਰਨ ਨੂੰ ਹਾਸ਼ੀਏ ਦੇ ਸੱਜੇ ਹੱਥ ਲਿਖਿਆ ਗਿਆ ਹੈ ਅਤੇ ਬਚੀ ਹੋਈ ਜਗ੍ਹਾ ਨੂੰ ਲੰਬੀ ਲਕੀਰ ਰਾਹੀਂ ਹਾਸ਼ੀਏ ਨਾਲ ਜੋੜ ਦਿੱਤਾ ਗਿਆ ਹੈ। ਇਹ ਤਰਤੀਬ ਵੀ ਭਾਈ ਰਾਮ ਰਾਇ ਜੀ ਦੀ ਬੀੜ ਵਾਲ਼ੀ ਹੀ ਹੈ। ਇਸ ਦੇ ਤਤਕਰੇ ਵਿੱਚ ਵੀ ਲਿਖਿਆ ਹੈ ਕਿ ਇਹ ਬੀੜ *'ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀ ਕੇ ਦਸਖ਼ਤਾ ਕਾ ਨਕਲੁ ਹੈ'* ਭਾਵ ਇਹ ਵੀ ਮੂਲ ਬੀੜ ਦਾ ਉਤਾਰਾ ਹੈ। ਇਸ ਦੇ ਨਾਲ ਹੀ ਭਾਈ ਰਾਮਰਾਇ ਜੀ ਵਾਲ਼ੀ ਬੀੜ ਵਾਂਗ ਹੀ ਇਸ ਵਿੱਚ ਵੀ ਛੋਟੇ ਮੰਗਲਚਾਰਣ ਤੋਂ ਬਾਅਦ ਪਹਿਲਾਂ ਰਾਗ ਦਾ ਨਾਮ, ਫਿਰ ਪਾਤਸ਼ਾਹੀ ਦਾ ਨਾਮ ਅਤੇ ਫਿਰ ਬਾਣੀ ਦਾ ਸਿਰਲੇਖ *'ਸੋਦਰੁ॥'* ਦਿੱਤਾ ਗਿਆ ਹੈ। ਇਵੇਂ ਹੀ ਹੋਰ ਬਹੁਤ ਸਾਰੀਆਂ ਬੀੜਾਂ ਨੂੰ ਵੀ ਘੋਖਿਆ-ਵਿਚਾਰਿਆ ਜਾ ਸਕਦਾ ਹੈ।

## ਪ੍ਰਿੰਟਿੰਗ ਤਕਨੀਕ ਦੇ ਵਿਕਾਸ ਉਪਰੰਤ ਛਪਾਈ ਵਿੱਚ ਆਏ ਪਾਠ-ਭੇਦ

ਲਗਭੱਗ 1864 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਹੱਥ-ਲਿਖਤੀ ਹੀ ਰਿਹਾ। ਜਦੋਂ ਪੱਥਰ ਦੇ ਛਾਪੇਖ਼ਾਨੇ ਦਾ ਆਰੰਭ ਹੋਇਆ ਤਾਂ 1864 ਦੇ ਕਰੀਬ ਲਾਹੌਰ ਦੇ ਪ੍ਰਕਾਸ਼ਕ ਲਾਲਾ ਹਰਿਸੁਖ ਰਾਇ ਵੱਲੋਂ ਪਹਿਲੀ ਬੀੜ ਛਾਪੀ ਗਈ। ਫਿਰ 1885 ਵਿੱਚ ਯੰਤ੍ਰ ਗਣੇਸ਼ ਪ੍ਰਕਾਸ਼ ਲਾਹੌਰ ਵੱਲੋਂ ਪੱਥਰ ਦੇ ਛਾਪੇ ਦੀ ਬੀੜ ਛਾਪੀ ਗਈ। ਉਪਰੰਤ ੧੯੯੩ ਚ ਵਿੱਦਿਆ ਪ੍ਰਕਾਸ਼ ਪ੍ਰੈਸ ਲਾਹੌਰ ਦੇ ਮਾਲਿਕ ਵਪਾਰੀ ਮੁਨਸ਼ੀ ਹਰੀ ਚੰਦ ਨੇ 1430 ਪੰਨਿਆਂ ਵਾਲ਼ੀ ਪੱਥਰ ਦੇ ਛਾਪੇ ਦੀ ਬੀੜ ਛਾਪੀ। ਇਸ ਤੋਂ ਬਾਅਦ ਭਾਈ ਚਰਨ ਸਿੰਘ ਜੀ ਸ਼ਹੀਦ ਜੋ ਹਾਸ-ਰਸ ਦੇ ਬਹੁਤ ਵੱਡੇ ਕਵੀ ਵੀ ਹੋਏ ਹਨ ਨੇ ਬੜੀ ਮਿਹਨਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਛਾਪਿਆ ਅਤੇ ਮਗਰੋਂ ਹੋਰ ਵੀ ਯਤਨ ਹੋਏ। 1875 ਦੇ ਲੱਗਭੱਗ ਮਾਈ ਸੇਵਾਂ ਬਜ਼ਾਰ, ਅਮ੍ਰਿਤਸਰ ਦੇ ਛਾਪਕਾਂ, ਭਾਈ ਚਤਰ ਸਿੰਘ - ਜੀਵਨ ਸਿੰਘ (1875), ਅਤੇ ਬਾਅਦ ਵਿੱਚ ਭਾਈ ਜਵਾਹਰ ਸਿੰਘ - ਕਿਰਪਾਲ ਸਿੰਘ (1920) ਵੱਲੋਂ ਇਸ ਦਾ ਵਪਾਰੀਕਰਣ ਸ਼ੁਰੂ ਹੋਇਆ। ਲਿਥੋਪ੍ਰਿੰਟਿੰਗ ਦੀ ਪ੍ਰਕਿਰਿਆ ਸ਼ੁਰੂ ਕੀਤੀ ਤਾਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਅਤੇ ਗੁਰਬਾਣੀ ਗੁਟਕਿਆਂ ਦੇ ਲਿਥੋਗ੍ਰਾਫਿਕ ਖੰਡ ਪ੍ਰਕਾਸ਼ਿਤ ਕੀਤੇ। ਸਮੇਂ ਦੇ ਬਦਲਾਅ ਨਾਲ ਟਾਈਪ ਪ੍ਰਿੰਟਿੰਗ ਵਿੱਚ ਛਾਪਣਾ ਸ਼ੁਰੂ ਕੀਤਾ ਗਿਆ। ਗਿਆਨੀ ਜਗਤਾਰ ਸਿੰਘ ਜਾਚਕ ਜੀ ਨੇ ਆਪਣੀ ਪੁਸਤਕ, ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 145 ਉੱਪਰ ਜ਼ਿਕਰ ਕੀਤਾ ਹੈ ਕਿ ਗੁਰਬਾਣੀ ਨੂੰ ਪਦ-ਛੇਦ ਕਰ ਕੇ ਪਦ-ਅਰਥ ਕਰਨ ਦਾ ਪਹਿਲਾ ਉਪਰਾਲਾ ਸ਼ਬਦਾਰਥੀ ਵਿਦਵਾਨਾਂ ਵੱਲੋਂ 28 ਮਈ 1936 ਵਿੱਚ ਆਰੰਭ ਕਰ ਕੇ 15 ਸਤੰਬਰ 1941 ਵਿੱਚ ਸੰਪੂਰਨ ਕੀਤਾ ਗਿਆ। ਇਹ ਪਹਿਲਾ ਅਕਾਦਮਿਕ ਉਪਰਾਲਾ ਸੀ। ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਘਰ-ਘਰ ਪਹੁੰਚਾਉਣ ਵਿੱਚ ਮਦਦ ਤਾਂ ਮਿਲੀ ਪਰ ਗੁਰਬਾਣੀ ਦੀ ਸ਼ੁੱਧਤਾ ਲਈ ਕੋਈ ਮਾਪਦੰਡ ਨਹੀਂ ਵਰਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਰਕਿਆਂ ਦੀ ਬੇਅਦਬੀ ਅਤੇ ਗੈਰ ਜ਼ਿੰਮੇਦਾਰ ਤਰੀਕੇ ਨਾਲ ਵੇਚਣ ਦੇ

ਮਾਮਲੇ ਵੀ ਸਾਹਮਣੇ ਆਉਂਦੇ ਰਹੇ। ਪ੍ਰਾਈਵੇਟ ਛਾਪਕਾਂ ਵੱਲੋ 2006 ਵਿੱਚ ਅਕਾਲ ਤਖ਼ਤ ਦੇ ਹੁਕਮਨਾਮੇ ਅਤੇ ਪੰਜਾਬ ਅਸੰਬਲੀ ਦੇ ਮਤੇ ਮਗਰੋਂ ਇਹ ਸਿਲਸਲਾ ਬੰਦ ਹੋਇਆ।

ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਹੋਂਦ ਵਿੱਚ ਆਈ ਤਾਂ ਪ੍ਰਾਈਵੇਟ ਛਾਪਕਾਂ ਦੇ ਵਪਾਰੀਕਰਣ ਅਤੇ ਅਸ਼ੁੱਧ ਛਪਾਈ ਤੇ ਰੋਕ ਲਗਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਦਾ ਕਾਰਜ ਉਨ੍ਹਾਂ ਵੱਲੋਂ ਖ਼ੁਦ ਆਰੰਭ ਕਰਨ ਦਾ ਫੈਸਲਾ ਕੀਤਾ ਗਿਆ। ਇਸ ਲਈ ਉਨ੍ਹਾਂ ਨੇ ਉਸ ਸਮੇਂ ਦੇ ਸਥਾਪਿਤ ਵਿਦਵਾਨ ਸੱਜਣਾਂ ਦੀਆਂ ਕਮੇਟੀਆਂ ਬਣਾਈਆਂ ਜਿਨ੍ਹਾਂ ਨੇ ਕਰਤਾਰਪੁਰੀ ਬੀੜ ਅਤੇ ਦਮਦਮੀ ਬੀੜ ਨੂੰ ਆਧਾਰ ਬਣਾ ਕੇ ਇੱਕ ਤਰਤੀਬ ਤਿਆਰ ਕੀਤੀ। ਕਿਉਂਕਿ ਉਸ ਸਮੇਂ ਕੰਪਿਊਟਰ ਦੀ ਕਾਢ ਅਜੇ ਆਰੰਭ ਨਹੀਂ ਸੀ ਹੋਈ, ਜਿਸ ਕਰਕੇ ਸਮੇਂ ਅਨੁਸਾਰ ਲੱਖਾਂ ਰੁਪਏ ਖਰਚ ਕੇ ਇਸ ਦੇ ਸੁੰਦਰ ਬਲਾਕ ਬਣਵਾਏ ਗਏ ਅਤੇ ਸੰਨ 1950 ਦੇ ਕਰੀਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਦਾ ਕਾਰਜ ਆਰੰਭ ਕੀਤਾ ਗਿਆ ਜੋ 1952 ਵਿੱਚ ਸੰਪੂਰਨ ਹੋ ਗਿਆ। ਬਹੁਤ ਹੀ ਸੁੰਦਰ ਛਪਵਾਈ ਕਰਵਾਈ ਗਈ। ਇਸ ਦੀ ਭੇਟਾ ਵੀ ਲਾਗਤ ਮਾਤਰ ਹੀ ਰੱਖੀ ਗਈ। ਸ਼ਬਦਾਰਥ ਦੀਆਂ ਜੋ ਸੈਂਚੀਆਂ ਛਪਦੀਆਂ ਸਨ ਉਨ੍ਹਾਂ ਵਿੱਚ ਵੀ ਸਾਰੇ ਮੰਗਲਾਂ ਦੀ ਤਰਤੀਬ ਬਾਣੀ ਦੇ ਸਿਰਲੇਖਾਂ ਤੋਂ ਪਹਿਲਾਂ ਲਿਖ ਕੇ ਇਕਸਾਰ ਕਰ ਦਿੱਤੀ ਗਈ। ੧੯੫੨ ਵਾਲ਼ੀ ਇਹ ਬੀੜ ਅਤੇ ਸ਼ਬਦਾਰਥ ਸੈਂਚੀਆਂ ਮੂਲ ਰੂਪ ਵਿੱਚ ਦਾਸ ਕੋਲ਼ ਸੁਰੱਖਿਅਤ ਹਨ। ੧੯੫੨ ਵਾਲ਼ੀ ਬੀੜ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੨੫/੦੨/੧੯੫੯ ਵਿੱਚ ਛਾਪੇ ਕਿਤਾਬਚੇ ਅੰਦਰ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਵੱਲੋਂ ਬਹੁਤ ਸਾਰੇ ਹਵਾਲੇ ਦਿੱਤੇ ਗਏ ਹਨ। ਇਸੇ ਕਿਤਾਬਚੇ ਵਿੱਚ ਜ਼ਿਕਰ ਕੀਤਾ ਹੋਇਆ ਹੈ ਕਿ ਜਦੋਂ ਵਿਦਵਾਨਾਂ ਦੀ ਕਮੇਟੀ ਨੇ ਪੁਰਾਤਨ ਹੱਥ-ਲਿਖਤ ਬੀੜਾਂ ਨੂੰ ਆਧਾਰ ਬਣਾ ਕੇ ਨਵੀਂ ਬੀੜ ਨੂੰ ਛਾਪਣ ਦਾ ਮਨ ਬਣਾਇਆ ਤਾਂ ਲਗਭਗ 700 ਪਾਠ-ਅੰਤਰ ਉਨ੍ਹਾਂ ਦੇ ਸਾਹਮਣੇਂ ਆਏ ਜੋ ਉਨ੍ਹਾਂ ਨੇਂ ਠੀਕ ਕਰਕੇ ਹੀ ਨਵੀਂ ਬੀੜ ਦੀ ਛਪਾਈ ਕੀਤੀ ਸੀ।

ਬਾਅਦ ਵਿੱਚ ਵਪਾਰੀ ਬਿਰਤੀ ਵਾਲ਼ੇ ਪ੍ਰਾਈਵੇਟ ਛਾਪਕਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਚੀਫ਼-ਖਾਲਸਾ ਦੀਵਾਨ ਅਤੇ ਹੋਰਨਾਂ ਡੇਰੇਦਾਰਾਂ ਨੂੰ ਵੀ ਇਸ ਵਿੱਚ ਪਾਰਟੀ ਬਣਾ ਲਿਆ ਗਿਆ ਕਿ ਸ਼੍ਰੋਮਣੀ ਕਮੇਟੀ ਨੇ ਤਾਂ ਬਾਣੀ ਹੀ ਬਦਲ ਦਿੱਤੀ ਹੈ ਅਤੇ ਕਿਹਾ ਗਿਆ ਕਿ ਇਹ ਤਰਤੀਬ ਕਰਤਾਰਪੁਰੀ ਬੀੜ ਅਨੁਸਾਰ ਨਹੀਂ ਹੈ। ਇਸ ਗੰਭੀਰ ਮਸਲੇ ਬਾਰੇ ਬਾਰੰਬਾਰ ਵਿਦਵਾਨਾਂ ਦੀਆਂ ਮੀਟਿੰਗਾਂ ਅਤੇ ਵੀਚਾਰਾਂ ਹੁੰਦੀਆਂ ਰਹੀਆਂ। ਇਸ ਵਿੱਚ ਬਾਵਾ ਹਰਕਿਸ਼ਨ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਸ. ਹਰਨਾਮ ਸਿੰਘ ਜੱਜ ਹਾਈਕੋਰਟ, ਡਾ. ਗੰਡਾ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਅਤੇ ਹੋਰ ਬਹੁਤ ਸਾਰੇ ਵਿਦਵਾਨ ਸਮੇਂ ਸਮੇਂ ਭਾਗ ਲੈਂਦੇ ਰਹੇ। ਆਖਰ ੧੯੬੪ ਵਿੱਚ ਜਦੋਂ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਹੋਏ ਤਾਂ ਉਨ੍ਹਾਂ ਨੇ ਡੇਰੇਦਾਰਾਂ ਅਤੇ ਵਪਾਰੀਆਂ ਦੇ ਕਹਿਣ ਤੇ ਉਹ ਸਾਰੇ ਕੀਮਤੀ ਬਲਾਕ ਤੁੜਵਾ ਦਿੱਤੇ ਅਤੇ ਮੁੜ ਕੇ ਫਿਰ ਤੋਂ ਬੇਤਰਤੀਬੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਵਾਈ ਆਰੰਭ ਕਰਵਾ ਦਿੱਤੀ। ਸ਼ਬਦਾਰਥ ਦੀਆਂ ਸੈਂਚੀਆਂ ਅਤੇ ਗੁਟਕੇ ਆਦਿ ਵੀ ਫਿਰ ਤੋਂ ਬੇਤਰਤੀਬੀ ਅਨੁਸਾਰ ਛਾਪਣੇਂ ਆਰੰਭ ਕਰਵਾ ਦਿੱਤੇ ਗਏ।

*ਸੋ ਤੱਤ-ਨਿਚੋੜ ਇਹ ਨਿਕਲਿਆ ਕੀ ਸ਼੍ਰੋਮਣੀ ਕਮੇਟੀ ਵੱਲੋਂ ੧੯੫੨ ਵਿੱਚ ਵਿਦਵਾਨਾ ਦੀ ਨਿਗਰਾਨੀ ਹੇਠ ਛਪਾਈ ਗਈ ਬੀੜ ਅਤੇ ਫਿਰ ੧੯੬੪ ਵਿੱਚ ਡੇਰੇਦਾਰਾਂ ਦੇ ਦਬਾਅ ਅਧੀਨ ਛਪਾਈ ਗਈ ਬੀੜ ਵਿੱਚ ਬੜਾ ਭਾਰੀ ਅੰਤਰ ਹੈ। ਇਹ ਅੰਤਰ ਸ਼੍ਰੋਮਣੀ ਕਮੇਟੀ ਵੱਲੋਂ ਕਿਸ ਅਧਾਰ ਤੇ ਪਾਇਆ ਗਿਆ, ਇਸ ਬਾਰੇ ਕਿਤੇ ਵੀ ਕੋਈ ਰਿਕਾਰਡ ਜਾਂ ਜਾਣਕਾਰੀ ਮੌਜੂਦ ਨਹੀਂ ਹੈ। ਇਸ ਨਾਲ ਜ਼ਰੂਰੀ ਪ੍ਰਸ਼ਨ ਇਹ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਇਸ ਅਤਿਅੰਤ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਕਾਰਜ ਬਾਰੇ ਪੰਥਕ ਵਿਦਵਾਨਾਂ ਨਾਲ ਉਸ ਸਮੇਂ ਕੋਈ ਵਿਚਾਰ ਵਟਾਂਦਰਾ ਕਿਉਂ ਨਹੀਂ ਕੀਤਾ ਗਿਆ? ੧੯੬੪ ਤੋਂ ਬਾਅਦ ਵੀ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਪਾਠ-ਸੁਧਾਈਆਂ ਹੋਈਆਂ ਹਨ। ਇਸੇ ਕਰਕੇ ਇਸ ਗੰਭੀਰ ਉਕਾਈ ਦੇ ਨਤੀਜੇ ਅੱਜ ਸਾਨੂੰ ਭੁਗਤਣੇ ਪੈ ਰਹੇ ਹਨ।*

**ਪਾਠ–ਭੇਦਾਂ ਬਾਰੇ ਚਰਚਾ**

ਸਮੇਂ ਸਮੇਂ ਬਹੁਤ ਸਾਰੇ ਪੰਥ ਦਰਦੀਆਂ ਅਤੇ ਸਥਾਪਿਤ ਵਿਦਵਾਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਪਾਠ-ਭੇਦਾਂ ਦੀਆਂ ਬਹੁਤ ਸਾਰੀਆਂ ਅਸ਼ੁੱਧੀਆਂ ਬਾਰੇ ਆਗਾਹ ਕੀਤਾ। ਪਾਠਕਾਂ ਦੀ ਗਿਆਤ ਲਈ ਇੱਥੇ ਇੱਕ ਹੋਰ ਬਹੁਤ ਜ਼ਰੂਰੀ ਸੂਚਨਾ ਸਾਂਝੀ ਕਰਨੀ ਬਣਦੀ ਹੈ। ਦਮਦਮੀ ਟਕਸਾਲ ਨੇ ਵੀ ਆਪਣੀਂ ਇੱਕ ਪੁਸਤਕ ਗੁਰਬਾਣੀ ਪਾਠ ਦਰਪਣ ਵਿੱਚ ਕਰਤਾਰਪੁਰੀ ਬੀੜ ਨਾਲੋਂ ਤਕ੍ਰੀਬਨ ਪੰਦਰਾਂ ਸੌ ਪਾਠ ਭੇਦਾਂ ਦਾ ਜ਼ਿਕਰ ਕੀਤਾ ਹੋਇਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਉੱਦਮ ਕਰਕੇ 1975 ਵਿੱਚ ਸ. ਰਣਧੀਰ ਸਿੰਘ ਰਿਸਰਚ ਸਕਾਲਰ, ਗਿਆਨੀ ਕੁੰਦਨ ਸਿੰਘ ਅਤੇ ਭਾਈ ਗਿਆਨ ਸਿੰਘ ਜੀ ਨਿਹੰਗ ਦੀ ਇੱਕ ਕਮੇਟੀ ਬਣਾਈ ਗਈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਹੱਥ-ਲਿਖਤ ਬੀੜਾਂ ਨੂੰ ਆਧਾਰ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਪਾਠ-ਭੇਦਾਂ ਦੀ ਇੱਕ ਸੂਚੀ ਤਿਆਰ ਕੀਤੀ ਜਾਵੇ ਤਾਂਕਿ ਇਸ ਅਨੁਸਾਰ ਸ਼ੁੱਧ ਛਪਵਾਈ ਲਈ ਲੋੜੀਂਦੀਆਂ ਸੋਧਾਂ ਕੀਤੀਆਂ ਜਾ ਸਕਣ। ਇਸ ਕਮੇਟੀ ਨੇ ਬਹੁਤ ਮਿਹਨਤ ਨਾਲ 5000 ਤੋਂ ਵੱਧ ਪਾਠ-ਭੇਦਾਂ ਦੀ ਇੱਕ ਸੂਚੀ ਤਿਆਰ ਕੀਤੀ ਜਿਸ ਦੀ ਭੂਮਿਕਾ ਉਸ ਵੇਲੇ ਦੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਭਾਈ ਸਾਹਿਬ ਕ੍ਰਿਪਾਲ ਸਿੰਘ ਜੀ, ਜੋ ਬਾਅਦ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਬਣੇ, ਨੇ ਲਿਖੀ। ਇਹ ਵੱਡ ਆਕਾਰੀ ਪੁਸਤਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਕਾਇਦਾ ਛਪਵਾਇਆ ਗਿਆ। ਲੇਕਿਨ ਅਫ਼ਸੋਸ! ਡੇਰਾਵਾਦ ਦੇ ਪ੍ਰਭਾਵ ਥੱਲੇ ਇਸ ਰਿਪੋਰਟ ਦੀਆਂ ਕਾਪੀਆਂ ਸਾੜ ਦਿੱਤੀਆਂ ਗਈਆਂ। ਗੋਇੰਦਵਾਲ ਦੇ ਅਸਥਾਨ ਤੇ ਜਦੋਂ ਇਹ ਕਾਪੀਆਂ ਸਾੜੀਆਂ ਜਾ ਰਹੀਆਂ ਸਨ ਤਾਂ ਕੁੱਝ ਪੰਥ ਦਰਦੀ ਉੱਥੇ ਮੌਜੂਦ ਸਨ, ਉਨ੍ਹਾਂ ਨੇ ਕਿਸੇ ਯਤਨ ਨਾਲ ਕੁੱਝ ਕਾਪੀਆਂ ਸੇਵਾਦਾਰਾਂ ਤੋਂ ਲੈ ਲਈਆਂ। ਜੋ ਹੁਣ ਵੀ ਕੁੱਝ ਪੰਥ ਦਰਦੀਆਂ ਕੋਲ਼ ਸਾਂਭੀਆਂ ਪਈਆਂ ਹਨ। ਇਸ ਪਾਠ-ਭੇਦ ਸੂਚੀ ਦੀ ਇੱਕ ਮੂਲ ਕਾਪੀ ਦਾਸ ਦੀ ਲਾਇਬ੍ਰੇਰੀ ਵਿੱਚ ਵੀ ਮੌਜੂਦ ਹੈ। ਸ਼੍ਰੋਮਣੀ ਕਮੇਟੀ ਨੇ ਕਦੀ ਵੀ ਇਨ੍ਹਾਂ ਪਾਠ-ਭੇਦਾਂ ਨੂੰ ਦਰੁਸਤ ਕਰਨ ਦਾ ਅੱਜ ਤੱਕ ਕੋਈ ਉੱਦਮ ਉਪਰਾਲਾ ਨਹੀਂ ਕੀਤਾ। ਇਹ ਆਪਣੇ-ਆਪ ਵਿੱਚ ਹੈਰਾਨ ਕਰਨ ਵਾਲੀ ਗੱਲ ਹੈ ਕਿ ਕਿਸੇ ਸੰਸਥਾ ਨੇ ਆਪ ਹੀ ਕਮੇਟੀ ਬਣਾਈ ਹੋਵੇ, ਪਾਠ-ਭੇਦਾਂ ਦੀ ਸੂਚੀ ਤਿਆਰ ਕੀਤੀ ਹੋਵੇ, ਲੇਕਿਨ ਉਨ੍ਹਾਂ ਨੂੰ ਦਰੁਸਤ ਨਾ ਕੀਤਾ ਗਿਆ ਹੋਵੇ। ਇਸ ਤੋਂ ਵੱਧ ਅਫ਼ਸੋਸਨਾਕ ਗੱਲ ਹੋਰ ਕੀ ਹੋ ਸਕਦੀ ਹੈ ਅਤੇ ਇਹ ਸਿੱਖ ਸੰਸਥਾਵਾਂ ਵਿੱਚ ਬਾਹਰੀ ਦਖਲਅੰਦਾਜੀ ਦਾ ਪਰਤੱਖ ਪ੍ਰਮਾਣ ਹੈ।

1995 ਵਿੱਚ ਪ੍ਰੋ. ਮਨਜੀਤ ਸਿੰਘ ਜੀ, ਜੋ ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਦੇ ਧਿਆਨ ਵਿੱਚ ਲਿਆਂਦਾ ਕਿ ਪ੍ਰਬੰਧਕ ਕਮੇਟੀ ਵੱਲੋਂ ਛਾਪੀਆਂ ਜਾਂਦੀਆਂ ਬੀੜਾਂ, ਸ਼ਬਦਾਰਥ ਸੈਂਚੀਆਂ ਅਤੇ ਗੁਟਕਿਆਂ ਵਿੱਚ ਛਾਪੇ ਦੀਆਂ ਬਹੁਤ ਸਾਰੀਆਂ ਉਕਾਈਆਂ ਹਨ। ਜਥੇਦਾਰ ਸਾਹਿਬ ਦੇ ਜ਼ੋਰ ਦੇਣ ਤੇ ਸ. ਗੁਰਚਰਨ ਸਿੰਘ ਟੌਹੜਾ ਨੇ ਦੁਬਾਰਾ ਫ਼ਿਰ ਇੱਕ 7 ਮੈਂਬਰੀ ਕਮੇਟੀ ਬਣਾਈ ਜਿਸ ਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ। ਇਸੇ ਦੇ ਜ਼ਿਕਰ ਤੋਂ ਇਸ ਲੇਖ ਦਾ ਆਰੰਭ ਕੀਤਾ ਗਿਆ ਹੈ। ਇਸ ਕਮੇਟੀ ਨੇ ਬਹੁਤ ਮਿਹਨਤ ਨਾਲ ਇਸ ਸੰਬੰਧੀ ਸਾਰੀ ਰਿਪੋਰਟ ਤਿਆਰ ਕਰਨ ਦਾ ਉਪਰਾਲਾ ਕੀਤਾ। ਲੇਕਿਨ ਫਿਰ ਡੇਰਾਵਾਦ ਦੇ ਪ੍ਰਭਾਵ ਥੱਲੇ ਸ਼੍ਰੋਮਣੀ ਕਮੇਟੀ ਤੇ ਜ਼ੋਰ ਪਾਇਆ ਗਿਆ ਅਤੇ ਇਹ ਕਮੇਟੀ ਆਪਣੀ ਰਿਪੋਰਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1100 ਪੰਨਿਆਂ ਤੱਕ ਹੀ ਤਿਆਰ ਕਰ ਸਕੀ ਅਤੇ ਇਹ ਅਧੂਰੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ੧੯੯੬ ਵਿੱਚ ਸੌਂਪ ਦਿੱਤੀ। ਇਸ ਰਿਪੋਰਟ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਇਹ ਸਮੇਂ ਦੀ ਧੂੜ ਹੇਠ ਦੱਬ ਕੇ ਰਹਿ ਗਈ।

ਸ. ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਤਾਂ ਕੂਕਦੇ ਕੂਕਦੇ ਹੀ ਇਸ ਸੰਸਾਰ ਤੋਂ ਤੁਰ ਗਏ ਲੇਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪਾਸੇ ਕਦੀ ਵੀ ਕੋਈ ਧਿਆਨ ਦੇਣ ਦਾ ਯਤਨ ਨਹੀਂ ਕੀਤਾ। ਸ. ਜੋਗਿੰਦਰ ਸਿੰਘ ਜੀ ਤਲਵਾੜਾ ਵੱਲੋਂ ਕੀਤਾ ਹੋਇਆ ਲੰਬਾ ਕਾਰਜ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਅਜੇ ਵੀ ਸਾਂਭਿਆ ਪਿਆ ਹੈ ਜਿਸ ਦੀ ਕਾਪੀ ਦਾਸ ਕੋਲ਼ ਵੀ ਮੌਜੂਦ ਹੈ।

ਬਲਿਊ ਸਟਾਰ ਉਪਰੇਸ਼ਨ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਜਿਹੜੀਆਂ ਅਤਿ ਕੀਮਤੀ ਹੱਥ ਲਿਖਤ ਬੀੜਾਂ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਪਈਆਂ ਸਨ, ਉਹ ਸਾਰੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਾਪਸ ਕਰ ਦਿੱਤੀਆਂ ਗਈਆਂ। ਅਤਿ ਅਫ਼ਸੋਸ ਨਾਲ ਦੱਸਣਾ ਪੈ ਰਿਹਾ ਹੈ ਕਿ ਉਸ ਵਿੱਚ ਅਨੇਕਾਂ ਅਤਿ ਕੀਮਤੀ ਬੀੜਾਂ ਨੂੰ

ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਵੱਡੀ ਰੱਕਮ ਲੈਕੇ ਵਿਦੇਸ਼ਾਂ ਅੰਦਰ ਵੇਚ ਦੇਣ ਦੇ ਆਰੋਪ ਲਗਦੇ ਰਹਿੰਦੇ ਹਨ। ਇਸ ਦੇ ਬਾਵਜੂਦ ਪ੍ਰੋ. ਸਾਹਿਬ ਸਿੰਘ ਟਰਸਟ ਜਿਸ ਦੇ ਚੇਅਰਮੈਨ ਪ੍ਰੋ. ਮਨਜੀਤ ਸਿੰਘ ਜੀ ਸਾਬਕਾ ਜਥੇਦਾਰ ਹਨ ਦੇ ਸੁਹਿਰਦ ਯਤਨਾਂ ਸਦਕਾ ਸਾਰੇ ਹਿੰਦੁਸਤਾਨ ਵਿੱਚੋਂ ਪੁਰਾਤਨ ਬੀੜਾਂ ਦਾ ਕੀਮਤੀ ਖਜ਼ਾਨਾਂ ਲਗਭਗ 18 ਸਾਲ ਦਾ ਸਮਾਂ ਲਗਾ ਕੇ ਇਕੱਤ੍ਰ ਕੀਤਾ ਗਿਆ। ਸ. ਜੋਗਿੰਦਰ ਸਿੰਘ ਜੀ ਵੇਦਾਂਤੀ ਵੱਲੋਂ ਵੀ ਇਸ ਪਾਸੇ ਯਤਨ ਕੀਤੇ ਗਏ ਸਨ। ਇਨ੍ਹਾਂ ਕੀਮਤੀ ਬੀੜਾਂ ਅਤੇ ਪੋਥੀਆਂ ਦਾ ਖਜ਼ਾਨਾਂ ਜੋ ਲਗਭੱਗ 600 ਦੇ ਕਰੀਬ ਹੈ ਦਾਸ ਕੋਲ ਸਾਂਭਿਆ ਹੋਇਆ ਹੈ ਅਤੇ ਅਸੀਂ ਜਲਦੀ ਹੀ ਇਹ ਸਾਰਾ ਖ਼ਜ਼ਾਨਾ ਇਸ ਵੈਬਸਾਈਟ (gurugranthsahib.study) ਤੇ ਪਾਕੇ ਸਿੱਖ ਸੰਗਤਾਂ ਨਾਲ ਸਾਂਝਾ ਕਰਾਂਗੇ।

ਬੀੜਾਂ ਦੀ ਛਪਾਈ ਸੰਬੰਧੀ ਅਸਲ ਸਮੱਸਿਆ ਤੋਂ ਬੇ-ਖ਼ਬਰ ਕੁੱਝ ਵੀਰ ਗਲਤ-ਫਹਿਮੀ ਦਾ ਸ਼ਿਕਾਰ ਹੋ ਕੇ ਬੀੜਾਂ ਵਿਚਲੀਆਂ ਛਾਪੇ ਦੀਆਂ ਗਲਤੀਆਂ ਦੀ ਚਰਚਾ ਕਰਨ ਵਾਲ਼ੇ ਵਿਅਕਤੀਆਂ ਉੱਤੇ ਕੁਫ਼ਰ ਦਾ ਦੋਸ਼ ਥੋਪਣ ਤਕ ਜਾਂਦੇ ਹਨ। ਜੇ ਅਜਿਹੇ ਵੀਰ ਆਪਣੀ ਹਠ-ਧਰਮੀ ਛੱਡ ਕੇ ਧੀਰਜ-ਤਹੱਮਲ ਨਾਲ ਵਿਚਾਰ-ਖੇਤਰ ਵਿੱਚ ਆਉਣ ਦੀ ਖੇਚਲ ਕਰਨ ਤਾਂ ਉਨ੍ਹਾਂ ਨੂੰ ਬੀੜਾਂ ਦੀ ਛਪਾਈ ਵਿੱਚ ਛਾਪੇ ਦੀਆਂ ਗਲਤੀਆਂ ਦੀ ਹੋਂਦ ਦਾ ਅਹਿਸਾਸ ਹੋ ਸਕਦਾ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਕੀ ਇਸ ਅਸਲੀਅਤ ਨੂੰ ਆਪਾਂ ਹਮੇਸ਼ਾਂ ਨਜ਼ਰ-ਅੰਦਾਜ਼ ਹੀ ਕਰਦੇ ਜਾਵਾਂਗੇ ਜਾਂ ਪੰਥਕ ਪੱਧਰ ਤੇ ਇਸ ਦੇ ਸਥਾਈ ਹੱਲ ਲੱਭਣ ਲਈ ਕਦੀ ਯਤਨਸ਼ੀਲ ਹੋਵਾਂਗੇ।

**ਅਪੀਲ**

ਹੋਰ ਧਰਮਾਂ ਵਾਲ਼ਿਆਂ ਨੇ ਤਾਂ ਆਪੋ ਆਪਣੇ ਧਰਮ-ਗ੍ਰੰਥਾਂ ਵਿੱਚੋਂ ਛਾਪੇ ਦੀਆਂ ਉਕਾਈਆਂ ਦੂਰ ਕਰ ਕੇ ਉਨ੍ਹਾਂ ਦਾ ਪ੍ਰਮਾਣੀਕ ਸਰੂਪ ਸਥਾਪਤ ਕਰ ਲਿਆ ਹੋਇਆ ਹੈ। ਇਹ ਦੱਸਣਾਂ ਯੋਗ ਹੋਵੇਗਾ ਕਿ ਸੰਸਾਰ ਭਰ ਦੇ ਧਰਮ-ਗ੍ਰੰਥਾਂ ਦੇ ਉਤਾਰਿਆਂ ਵੇਲੇ ਵੀ ਪਾਠ- ਭੇਦਾਂ ਦੀ ਸਮੱਸਿਆ ਆਉਂਦੀ ਰਹੀ ਹੈ। ਬਾਈਬਲ ਦੇ ਅਨੁਵਾਦ ਅਤੇ ਪਾਠ ਸੁਧਾਈ ਵੇਲੇ ਵੀ ਇਹ ਸਮੱਸਿਆ ਆਈ। ਬਾਈਬਲ ਦੀ ਪਹਿਲੀ ਮਿਆਰੀਕਰਨ ਪ੍ਰਕਿਰਿਆ ਲਗਭਗ 325 ਈਸਵੀ ਵਿੱਚ ਕਾਂਸਟਾਂਟੀਨ ਦੇ ਸ਼ਾਸਨ ਦੌਰਾਨ ਸ਼ੁਰੂ ਹੋਈ ਸੀ, ਜਿਸ ਵਿੱਚ ਸ਼ੁਰੂਆਤੀ ਗਿਰਜਾ ਕੌਂਸਲਾਂ ਅਤੇ ਜਰੋਮ ਵਰਗੇ ਵਿਦਵਾਨਾਂ ਨੇ ਕੰਮ ਕੀਤਾ ਸੀ। ਇਸੇ ਤਰ੍ਹਾਂ ਇਸਲਾਮ ਦੇ ਤੀਜੇ ਖ਼ਲੀਫੇ ਹਜ਼ਰਤ ਉਸਮਾਨ ਬਿਨ ਅੱਫ਼ਾਨ ਦੇ ਧਿਆਨ ਵਿੱਚ ਆਇਆ ਕਿ ਕੁਰਾਨ ਦੀਆਂ ਹੱਥ ਲਿਖਤਾਂ ਵਿੱਚ ਕਈ ਪਾਠ-ਭੇਦ ਹਨ ਤਾਂ ਉਨ੍ਹਾਂ ਨੇ ਪੈਗੰਬਰ ਮੁਹੰਮਦ ਦੀ ਮੌਤ ਤੋਂ ਤਕਰੀਬਨ 20 ਸਾਲ ਬਾਅਦ (632 ਈ.) ਵਿੱਚ ਇੱਕ ਪ੍ਰਮਾਣੀਕ ਲਿਖਤ ਨੂੰ ਰੱਖ ਕੇ ਬਾਕੀ ਸਭ ਨੂੰ ਅਗਨ ਭੇਟ ਕਰ ਦਿੱਤਾ ਸੀ।

ਸਰਬੱਤ ਖ਼ਾਲਸਾ ਅੱਗੇ ਅਪੀਲ ਹੈ ਕੀ ਸਿਆਣੀਆਂ ਕੌਮਾਂ ਦੇ ਵਿਦਵਾਨ, ਇਕੱਤ੍ਰ ਹੋਕੇ ਇਹੋ ਜਿਹੇ ਮਸਲਿਆਂ ਨੂੰ ਹੱਲ ਕਰ ਲਿਆ ਕਰਦੇ ਹਨ। ਅਸੀਂ ਅਵੇਸਲੇ ਹੋਏ ਬੈਠੇ ਹਾਂ, ਆਖਰ ਕਿਉਂ? ਬਾਕੀਆਂ ਦੇ ਤਾਂ ਸਿਰਫ਼ ਧਰਮ-ਗ੍ਰੰਥ ਹਨ, ਸਾਡਾ ਧਰਮ-ਗ੍ਰੰਥ ਤਾਂ ਸਤਿਗੁਰੂ ਹੈ। ਇਸ ਲਈ ਸਾਡੀ ਜ਼ਿੰਮੇਦਾਰੀ ਤਾਂ ਕਿਤੇ ਵੱਧ ਹੈ। ਇੱਥੇ ਪਾਠਕਾਂ ਨਾਲ ਇੱਕ ਹੋਰ ਮਹੱਤਵਪੂਰਣ ਤੱਥ ਸਾਂਝਾ ਕਰਨਾ ਜ਼ਰੂਰੀ ਹੋਵੇਗਾ ਕਿ ਬਾਕੀ ਧਰਮ-ਗ੍ਰੰਥਾਂ ਦੇ ਮੁਕਾਬਲੇ ਸਤਿਗੁਰੂ ਸਾਹਿਬ ਜੀ ਨੇ ਆਪ ਹੀ ਧੁਰ ਕੀ ਬਾਣੀ ਨੂੰ ਆਪਣੇਂ ਕਰ-ਕਮਲਾਂ ਨਾਲ ਲਿਖਿਆ ਅਤੇ ਧੰਨ ਗੁਰੂ ਅਰਜਨ ਸਾਹਿਬ ਜੀ ਨੇ ਉਸ ਸਾਰੀ ਬਾਣੀ ਨੂੰ ਆਪਣੀਂ ਮੌਜੂਦਗੀ ਵਿੱਚ ਹੀ ਸੰਪਾਦਿਤ ਕੀਤਾ। ਇਸ ਦੀ ਮੂਲ ਕਾਪੀ ਸਾਡੇ ਕੋਲ ਮੌਜੂਦ ਨਾਂ ਹੋਣ ਦੇ ਬਾਵਜੂਦ ਵੀ ਬਹੁਤ ਸਾਰੇ ਹੱਥ-ਲਿਖਤ ਉਤਾਰੇ ਸਾਡੇ ਕੋਲ ਸਾਂਭੇ ਹੋਏ ਹਨ। ਵਿਦਵਾਨਾਂ ਵੱਲੋਂ ਹੁਣ ਇਨ੍ਹਾਂ ਨੂੰ ਆਧਾਰ ਬਣਾ ਕੇ ਅਗਲਾ ਕਾਰਜ ਨੇਪਰੇ ਚਾੜ੍ਹਨਾ ਚਾਹੀਦਾ ਹੈ। ਗਲਤੀਆਂ ਕੇਵਲ ਛਪਾਈ ਦੀਆਂ ਹਨ, ਜੋ ਸਾਡੇ ਵੱਲੋਂ ਹੀ ਹੋਈਆਂ ਹਨ, ਅਤੇ ਸਾਡੇ ਵੱਲੋਂ ਹੀ ਤੁਰੰਤ ਇਹਨਾਂ ਨੂੰ ਠੀਕ ਕਰਨਾ ਵੀ ਬਣਦਾ ਹੈ। ਦੇਰੀ ਕਰਨ ਨਾਲ ਇਹ ਸਮੱਸਿਆ ਹੋਰ ਗੰਭੀਰ ਹੋਣ ਅਤੇ ਉਲਝਣ ਦੀ ਸੰਭਾਵਨਾ ਬਣੀ ਰਹੇਗੀ। ਖ਼ਾਲਸਾ ਜੀ, ਸੁਚੇਤ ਹੋਈਏ! ਸਾਵਧਾਨ ਹੋਈਏ!

ਭੁੱਲਾਂ ਚੁੱਕਾਂ ਲਈ ਖਿਮਾਂ। ਉਸਾਰੂ ਸੁਝਾਵਾਂ ਅਤੇ ਅਸੀਸਾਂ ਲਈ ਸਦਾ ਹੀ ਉਡੀਕ ਰਹੇਗੀ।

# ਸਿੱਖ-ਰੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਗਏ ਪੱਤਰ

SIKHRI

੬ ਅਪਰੈਲ ੨੦੨੨

ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ ਵਿਚ ਪਾਠ ਭੇਦ ਅੰਤਰ

ਸਤਿਕਾਰਜੋਗ ਗਿ. ਹਰਪ੍ਰੀਤ ਸਿੰਘ ਜੀ,
ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਆਪ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸੰਬੰਧੀ ਪੈਦਾ ਹੋਏ ਮਸਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਜਾਣਾ (ਚਿੱਠੀ ਨੰ. ਅ:3/22/33੯, ਮਿਤੀ ੩੦ ਮਾਰਚ ੨੦੨੨) ਬੇਹੱਦ ਸਲਾਘਾਜੋਗ ਕਦਮ ਹੈ। ਅਸੀਂ ਇਸ ਨਾਲ ਆਪਣੀ ਪੂਰਨ ਸਹਿਮਤੀ ਪਰਗਟ ਕਰਦੇ ਹੋਏ, ਗੁਰੂ ਗ੍ਰੰਥ ਸਾਹਿਬ ਦੀਆਂ ਮੌਜੂਦਾ ਬੀੜਾਂ ਵਿਚ ਛਾਪੇ ਦੀਆਂ ਉਕਾਈਆਂ ਨੂੰ ਲੈ ਕੇ ਵਿਦਵਾਨਾਂ, ਖੋਜੀਆਂ, ਟੀਕਾਕਾਰਾਂ ਆਦਿ ਵੱਲੋਂ ਪਿਛਲੇ ਕਾਫੀ ਲੰਮੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਬੇਨਤੀਆਂ, ਸੁਝਾਵਾਂ, ਦਲੀਲਾਂ ਆਦਿ ਨੂੰ ਵੀ ਪਿਆਰ, ਗੰਭੀਰਤਾ ਤੇ ਠਰੰਮੇ ਨਾਲ ਵਿਚਾਰਨ ਦੀ ਸਨਿਮਰ ਬੇਨਤੀ ਕਰਦੇ ਹਾਂ।

ਗੁਰੂ ਗ੍ਰੰਥ ਸਾਹਿਬ ਦੇ ਪਾਵਨ ਵਾਕ 'ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥' (੧੨੫੫) ਤੋਂ ਸੇਧ ਲੈਂਦੇ ਹੋਏ ਅਤੇ ਇਸ ਨੂੰ 'ਗੁਰੂ ਗ੍ਰੰਥ ਅਤੇ ਪੰਥ' ਦੀ ਸੇਵਾ ਸਮਝਦੇ ਹੋਏ ਅਸੀਂ 'ਛਾਪੇ ਦੀਆਂ ਉਕਾਈਆਂ' ਸੰਬੰਧੀ ਮਿਲਦੇ ਕੁਝ ਕਾਰਜਾਂ, ਵਿਚਾਰਾਂ ਤੇ ਹਵਾਲਿਆਂ ਨੂੰ ਵੀ ਪੜਤਾਲ ਕਮੇਟੀ ਦੇ ਧਿਆਨ ਵਿਚ ਲਿਆਉਣਾ ਆਪਣਾ ਫਰਜ ਸਮਝਦੇ ਹਾਂ:

1. ਛਾਪੇ ਦੇ ਅਰੰਭਕ ਕਾਲ ਵਿਚ ਵਪਾਰੀ ਪ੍ਰਕਾਸਕਾਂ ਵੱਲੋਂ ਛਾਪੀਆਂ ਬੀੜਾਂ ਸੰਬੰਧੀ ਬਾਅਦ ਵਿਚ 'ਗਲਤੀ-ਨਾਮਾ ਗੁਰੂ ਗਰੰਥ ਸਾਹਿਬ ਕਾ' ਨਾਮਕ ਇਕ ਸੂਚੀ ਛਾਪੀ ਗਈ। ਇਸ ਵਿਚ ਤਕਰੀਬਨ 50-60 ਸ਼ਬਦਾਂ ਦਾ ਅਸੁਧ ਅਤੇ ਸੁਧ ਰੂਪ ਦਿੱਤਾ ਹੋਇਆ ਹੈ।

2. ਭਾਈ ਜੋਧ ਸਿੰਘ ਲਿਖਦੇ ਹਨ ਕਿ "ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਗ, ਕੰਨੇ ਆਦਿ ਦੀਆਂ ਬਹੁਤ ਅਸੁਧੀਆਂ ਆ ਗਈਆਂ ਹਨ।" -ਵੇਖੋ, ਗੁਰਮਤਿ ਨਿਰਣਯ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੦੩, ਪੰਨਾ ੭

3. ਡਾ. ਗੁਲਜਾਰ ਸਿੰਘ ਕੰਗ ਨੇ 'ਜਪੁਜੀ ਸਾਹਿਬ (ਸਰਬਪੱਖੀ ਵਿਆਖਿਆ)' ਵਿਚ ਕਨੌੜੇ ਵਾਲੇ ਸ਼ਬਦਾਂ 'ਮੁਹੌ, ਜੀਭੌ' ਆਦਿ ਦਾ ਸੁਧ ਰੂਪ 'ਮੁਹੌਂ, ਜੀਭੌਂ' ਆਦਿ ਮੰਨਿਆ ਹੈ। -ਵੇਖੋ, ਜਪੁਜੀ ਸਾਹਿਬ (ਸਰਬਪੱਖੀ ਵਿਆਖਿਆ), ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੨੦੧੪, ਪੰਨਾ ੩੧

**Sikh Research Institute**
470 Schooleys Mt Rd Ste 614, Hackettstown, NJ 07840, USA
5307 Victoria Drive Unit #284, Vancouver, BC V5P 3V6, Canada
sikhri.org

4. ਡਾ. ਹਰਕੀਰਤ ਸਿੰਘ ਨੇ ਛਾਪੇ ਦੀਆਂ ਉਕਾਈਆਂ ਵੱਲ ਸੰਕੇਤ ਕਰਦਿਆਂ ਇਕ ਜ਼ਰੂਰੀ ਟਿੱਪਣੀ ਤਹਿਤ ਲਿਖਿਆ ਹੈ ਕਿ "ਕੁਝ ਹਾਲਤਾਂ ਵਿਚ ਇਹ ਲਿਖਾਰੀ ਦੀ ਜਾਂ ਛਪਾਈ ਦੀ ਗਲਤੀ ਹੋ ਸਕਦੀ ਹੈ।" -ਵੇਖੋ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੬, ਪੰਨਾ ੩੬੫

5. 'ਗੁਰਬਾਣੀ ਪਾਠ ਦਰਪਣ' ਵਿਚ ਕਰਤਾਰਪੁਰੀ ਬੀੜ ਤੇ ਦਮਦਮੀ ਬੀੜ ਦੇ ਦਰਮਿਆਨ ਪਾਠ-ਭੇਦਾਂ ਦੀ ਸੂਚੀ ਵੀ ਦਿੱਤੀ ਹੈ ਅਤੇ ਨਾਲ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਬੀੜਾਂ ਦੇ ਤਕਰੀਬਨ ਪੰਦਰਾਂ ਸੌ ਪਾਠ ਆਪਸ ਵਿਚ ਨਹੀਂ ਮਿਲਦੇ। -ਵੇਖੋ, ਗੁਰਬਾਣੀ ਪਾਠ ਦਰਪਣ, ਦਾਸਨਿ ਦਾਸ ਠਾਕੁਰ ਸਿੰਘ ਖਾਲਸਾ, ਦਮਦਮੀ ਟਕਸਾਲ, ਜਥਾ ਭਿੰਡਰਾਂ, ਮਹਿਤਾ, ਅੰਮ੍ਰਿਤਸਰ, ੧੯੯੮, ਪੰਨਾ ੬੯੪

6. ਪ੍ਰੋ. ਸਾਹਿਬ ਸਿੰਘ ਦੇ ਸ੍ਰੀ 'ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਪਹਿਲੀ ਐਡੀਸ਼ਨ ਵਿਚ ਮੂਲ-ਪਾਠ ਅਤੇ ਪਦ-ਅਰਥਾਂ ਵਿਚ ਦਿੱਤੇ ਪਾਠ ਵਿਚ ਸ਼ਬਦ-ਜੋੜਾਂ ਦਾ ਅੰਤਰ ਮਿਲਦਾ ਹੈ, ਜਿਵੇਂ: 'ਦੇਂਦਾ ਦੇ ਲੈਂਦੇ ਥਕਿ ਪਾਹਿ।' -ਵੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਰਾਜ ਪਬਲਿਸ਼ਰਜ਼, ਜਲੰਧਰ, ੧੯੬੨, ਪੰਨਾ ੫੨; ਇਸਦੇ ਨਾਲ ਹੋਰ ਅਨੇਕ ਸ਼ਬਦ-ਜੋੜ, ਪਾਠ-ਭੇਦ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਨ੍ਹਾਂ ਦੀ ਵਖਰੇ ਰੂਪ ਵਿਚ ਸੂਚੀ ਸਾਂਝੀ ਕੀਤੀ ਜਾ ਸਕਦੀ ਹੈ।

7. ਭਗਵਾਨ ਸਿੰਘ ਸੇਵਕ ਨੇ ਪਾਠ-ਭੇਦਾਂ ਦਾ ਉਲੇਖ ਕਰਦਿਆਂ ਪਾਠ-ਭੇਦਾਂ ਦੀ ਸੂਚੀ ਦਿੱਤੀ ਹੈ। ਉਨ੍ਹਾਂ ਨੇ ਕੁਝ ਸ਼ਬਦ-ਜੋੜ ਸਮਾਸੀ ਰੂਪ ਵਿਚ ਅਤੇ ਕੁਝ ਮੌਜੂਦਾ ਬੀੜਾਂ ਤੋਂ ਬਿਲਕੁਲ ਵਖਰੀ ਤਰ੍ਹਾਂ ਛਾਪੇ ਹਨ। -ਵੇਖੋ, ਗੁਰਬਾਣੀ ਪਾਠ ਨਿਰਣਯ, ਪਿੰਡ ਮਾੜੀ ਮੇਘਾ, ਅੰਮ੍ਰਿਤਸਰ, ੧੯੪੯, ਪੰਨਾ ੩੯੮

8. ਅਕਾਲੀ ਕੌਰ ਸਿੰਘ ਨਿਹੰਗ ਦੇ 'ਗੁਰ ਸ਼ਬਦ ਰਤਨ ਪ੍ਰਕਾਸ਼' ਵਿਚ ਵੀ ਕੁਝ ਪਾਠ-ਭੇਦ ਦ੍ਰਿਸ਼ਟੀਗੋਚਰ ਹੋਏ ਹਨ, ਜਿਵੇਂ ਕਿ ਅਮੁਲ ਬਖਸੀਸ, ਦੇਂਦਾ, ਖੁਦਾਇਆ, ਦੇਵਗੰਧਾਰੀ ਦੇ ਕਈ ਸਿਰਲੇਖ 'ਦੇਵਗੰਧਾਰੀ ਮ:੫' ਆਦਿ। -ਵੇਖੋ, ਗੁਰ ਸ਼ਬਦ ਰਤਨ ਪ੍ਰਕਾਸ਼, ਤੁਕ ਤਤਕਰਾ, ਭਾਸ਼ਾ ਵਿਭਾਗ, ਪਟਿਆਲਾ, ੧੯੯੬, ਪੰਨਾ ੨੪੭ ਤੇ 313

9. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ "ਛਾਪੇ ਵਿਚ ਬਹੁਤ ਸਾਰੀਆਂ ਉਕਾਈਆਂ ਆ ਰਹੀਆਂ ਹਨ, ਸਿਹਾਰੀ ਔਂਕੜ ਦੀਆਂ ਭੁੱਲਾਂ ਤਾਂ ਸੋਚ ਵਿਚਾਰ ਕੇ ਲੱਭਣ ਵਾਲੀਆਂ ਹਨ, ਉਂਜ ਜੋ ਲਫਜ਼ੀ ਅਦਲਾ-ਬਦਲੀਆਂ ਹੋਈਆਂ ਹਨ, ਉਹ ਸੋਧ ਦੀਆਂ ਮੁਥਾਜ ਹਨ।" -ਵੇਖੋ, ਗੁਰੂ ਗ੍ਰੰਥ ਪ੍ਰਕਾਸ਼, ਕਲਮ ਮੰਦਿਰ ਲੋਅਰ ਮਾਲ, ਪਟਿਆਲਾ, ੧੯੯੦, ਪੰਨਾ 113

10. ਸੰਤ ਟਹਲ ਸਿੰਘ ਜੀ ਨੇ ਆਪਣੇ ਕੁਝ ਲੇਖਾਂ ਵਿਚ 'ਛਾਪੇ ਦੀਆਂ ਗਲਤੀਆਂ ਦੀ ਸੂਚੀ' ਛਾਪੀ ਹੈ। ਉਨ੍ਹਾਂ ਕੁਝ ਤੁਕਾਂ, ਜੋ ਮੌਜੂਦਾ ਬੀੜਾਂ ਵਿਚ ਸੰਪੂਰਨ ਨਹੀਂ ਹਨ, ਵੀ ਦਿੱਤੀਆ ਹਨ, ਜਿਵੇਂ: "ਬਿਖੈ ਬਾਚ ਹਰਿ ਰਾਚੁ ਸਮਝੁ ਮਨ ਬਉਰਾ ਰੇ॥ ਦੁਰਲਭ ਦੇਹ ਕੈ ਕਾਜ॥" -ਵੇਖੋ, ਗੁਰਮਤਿ ਸਾਹਿਤ, ਭਾਸ਼ਾ ਵਿਭਾਗ, ਪਟਿਆਲਾ, ੧੯੭੦, ਪੰਨਾ ੨੧੧

11. ਡਾ. ਮਾਨ ਸਿੰਘ ਨਿਰੰਕਾਰੀ ਨੇ ਵੀ ਕੁਝ ਪਾਠ-ਭੇਦਾਂ ਦਾ ਜਿਕਰ ਕੀਤਾ ਹੈ। -ਵੇਖੋ, ਗੁਰਬਾਣੀ ਤੱਤਸਾਰ, ਚੰਡੀਗੜ੍ਹ, ੨੦੦੬, ਪੰਨਾ ੨੪

12. ਭਾਈ ਜੋਗਿੰਦਰ ਸਿੰਘ ਤਲਵਾੜਾ ਲਿਖਦੇ ਹਨ ਕਿ "ਵਪਾਰੀ ਪ੍ਰਕਾਸ਼ਕਾਂ ਦੀ ਬੇਸਮਝੀ ਅਤੇ ਅਣਗਹਿਲੀ ਕਾਰਣ ਵਖ-ਵਖ ਵਪਾਰੀ ਪ੍ਰਕਾਸ਼ਕਾਂ ਵੱਲੋਂ ਛਾਪੀਆਂ ਜਾ ਰਹੀਆਂ ਬੀੜਾਂ ਵਿਚ ਅੱਖਰਾਂ, ਲਗਾਂ, ਮਾਤ੍ਰਾਂ ਆਦਿ ਦੇ ਹਜ਼ਾਰਾਂ ਦੀ ਗਿਣਤੀ ਵਿਚ ਭੇਦ ਹਨ।" ਉਨ੍ਹਾਂ ਇਸ ਸੰਬੰਧੀ ਕੁਝ ਸ਼ਬਦਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਹਨ। -ਵੇਖੋ, ਗੁਰਬਾਣੀ ਉਚਾਰਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੮, ਪੰਨਾ ੭੪; ਇਸ ਦੇ ਸਮੇਤ ਭਾਈ ਜੋਗਿੰਦਰ ਸਿੰਘ ਤਲਵਾੜਾ ਵੱਲੋਂ ਲਿਖੇ ਵਖ-ਵਖ ਬਾਣੀਆਂ ਦੇ ਸਟੀਕਾਂ ਵਿਚ ਵੀ ਪਾਠ-ਭੇਦ ਅਤੇ ਛਾਪੇ ਦੀਆਂ ਉਕਾਈਆਂ ਸੰਬੰਧੀ ਲਿਖਿਆ ਗਿਆ ਹੈ। -ਵੇਖੋ, ਨਿਤਨੇਮ ਸਰਲ ਸਟੀਕ, ਬਾਵਨ ਅਖਰੀ ਸਟੀਕ ਆਦਿਕ।

13. ਗਿ. ਕਿਰਪਾਲ ਸਿੰਘ ਦੀ 'ਪੰਥਕ ਮਤੇ' ਪੁਸਤਕ ਵਿਚ ਇਕ ਮਤਾ 'ਛਾਪੇ ਦੀਆਂ ਬੀੜਾਂ ਵਿਚ ਆਈਆਂ ਉਕਾਈਆਂ' ਸੰਬੰਧੀ ਹੈ, ਕੁਝ ਉਕਾਈ ਵਾਲੇ ਸ਼ਬਦਾਂ ਦੀ ਸੂਚੀ ਵੀ ਦਿੱਤੀ ਗਈ ਹੈ। -ਵੇਖੋ, ਪੰਥਕ ਮਤੇ, ਡਾ. ਮਾਨ ਸਿੰਘ ਨਿਰੰਕਾਰੀ (ਪ੍ਰਕਾਸ਼ਕ), ਅੰਮ੍ਰਿਤਸਰ, ੨੦੦੨, ਪੰਨਾ ੪੮

14. ਗਿ. ਹਰਬੰਸ ਸਿੰਘ ਵੱਲੋਂ 'ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਵਿਚ ਥਾਂ ਪੁਰ ਥਾਂ ਪਾਠ-ਭੇਦ ਅਤੇ ਛਾਪੇ ਦੀਆਂ ਉਕਾਈਆਂ ਸੰਬੰਧੀ ਨੋਟ ਦਿੱਤੇ ਗਏ ਹਨ।

15. ਪ੍ਰਿੰ. ਹਰਭਜਨ ਸਿੰਘ ਨੇ ਆਪਣੀਆਂ ਕੁਝ ਪੁਸਤਕਾਂ, ਜਿਵੇਂ: 'ਗੁਰਬਾਣੀ ਸੰਪਾਦਨ ਨਿਰਣੈ,' 'ਜਵਾਬ ਉਲ ਜਵਾਬ,' 'ਬਿਬੇਕ ਬੁਧਿ' ਆਦਿ ਵਿਚ ਪਾਠ-ਭੇਦਾਂ ਸੰਬੰਧੀ ਨੋਟ ਦਿੱਤੇ ਹਨ।

16. ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਪਾਠ-ਸੈਂਚੀਆਂ ਵਿਚ ਕੁਝ ਪਾਠ-ਭੇਦ ਆਪਣੀ ਧੰਧਰ 'ਤੇ ਸੋਧੇ ਹੋਏ ਮਿਲਦੇ ਹਨ, ਜਿਵੇਂ: 'ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ' ਦੀ ਥਾਂ 'ਤੇ 'ਖੁਦਾਇਆ' (ਪੰਨਾ ੧੪੪), 'ਇਕ ਦਝਹਿ ਇਕ ਦਬੀਅਹਿ... ਸਲੋਕ ਦਾ ਸਿਰਲੇਖ 'ਮ:੧' ਦੀ ਬਜਾਇ 'ਮ:੩' (੬੪੮) ਦਿੱਤਾ ਹੈ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਭਿੰਨਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

17. ਗੁਰੂ ਖਾਲਸਾ ਪ੍ਰੈਸ, ਅੰਮ੍ਰਿਤਸਰ ਵੱਲੋਂ ਇਕ ਪੋਥੀ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਤ ਕੀਤਾ ਗਿਆ ਹੈ, ਜਿਸ ਵਿਚ ਕੁਝ ਪਾਠ-ਭੇਦ ਮਿਲਦੇ ਹਨ: ਜਿਵੇਂ, ਖੁਦਾਇਆ (੧੪੪), ਮ:੩ ਇਕ ਦਝਹਿ...(੬੪੮), ਕਾਗਦ ਦੇਹਿ ਬਹਾਇ (1373), ਆਦਿਕ।

18. ਸਿੰਘ ਬ੍ਰਦਰਜ਼ ਅਤੇ ਭਾਈ ਚਤਰ ਸਿੰਘ ਭਾਈ ਜੀਵਨ ਸਿੰਘ ਵੱਲੋਂ ਪ੍ਰਕਾਸ਼ਤ ਪੁਰਾਤਨ ਗੁਟਕਿਆਂ ਵਿਚ 'ਜਪੁ' ਬਾਣੀ ਦੇ ਪਾਠ ਇਸ ਤਰ੍ਹਾਂ ਛਾਪੇ ਗਏ ਹਨ: ਮੋਖ ਦੁਆਰੁ, ਪੰਚ ਪਰਧਾਨ, ਉਤਰਸਿ ਖੇਹ, ਅਮੁਲ ਬਖਸੀਸ, ਕਵਣਿ ਸਿ ਰੁਤੀ, ਰਹਿਆ ਭਰਪੂਰਿ ਆਦਿ।

ਜ਼ਿਕਰਜੋਗ ਹੈ ਕਿ ਉਪਰੋਕਤ 16, 17 ਅਤੇ 18 ਨੰਬਰਾਂ ਵਿਚ ਵਿਦਵਾਨਾਂ ਵੱਲੋਂ ਦਰਸਾਏ ਸ਼ਬਦ-ਜੋੜ ਗੁਰਬਾਣੀ ਦੀ ਲਿਖਣ ਸ਼ੈਲੀ ਅਤੇ ਲਿਖਤੀ ਬੀੜਾਂ ਤੋਂ ਮਿਲਦੀ ਸੇਧ ਮੁਤਾਬਕ ਦਰੁਸਤ ਜਾਪਦੇ ਹਨ ।

ਡਾ. ਅਮਰ ਸਿੰਘ ਜੀ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ) ਨੇ ਗੁਰੂ ਗ੍ਰੰਥ ਸਾਹਿਬ ਦੀਆਂ ਹਥ-ਲਿਖਤ ਬੀੜਾਂ ਨੂੰ ਡਿਜੀਟਲਾਈਜ਼ਡ ਕਰਨ ਸੰਬੰਧੀ ਅਤੇ ਭਾਈ ਭਰਪੂਰ ਸਿੰਘ ਜੀ (ਸਾਬਕਾ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਨੇ ਪਾਠ-ਭੇਦਾਂ ਸੰਬੰਧੀ ਖੋਜ-ਕਾਰਜ ਕੀਤਾ ਹੈ। ਅਸੀਂ ਪੈਦਾ ਹੋਏ ਮਸਲੇ ਦੀ ਪੜਤਾਲ ਕਮੇਟੀ ਵਿਚ ਅਜਿਹੇ ਵਿਦਵਾਨਾਂ ਨੂੰ ਵੀ ਸ਼ਾਮਲ ਕਰਨ ਦੀ ਬੇਨਤੀ ਕਰਦੇ ਹਾਂ, ਤਾਂ ਜੋ ਕਿਸੇ ਪੰਥ ਪ੍ਰਵਾਣਤ ਨਤੀਜੇ 'ਤੇ ਪਹੁੰਚ ਕੇ ਇਸ ਮਸਲੇ ਦਾ

ਸਦੀਵੀ ਹੱਲ ਕੱਢਿਆ ਜਾ ਸਕੇ। ਜੇਕਰ ਆਪ ਜੀ ਯੋਗ ਸਮਝੋ ਤਾਂ ਸਿਖ ਰਿਸਰਚ ਇੰਸਟੀਟਿਊਟ ਦੇ 'ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ' (www.GuruGranthSahib.io) ਟੀਮ ਦੇ ਮੈਂਬਰ ਡਾ. ਜਸਵੰਤ ਸਿੰਘ, ਡਾਇਰੈਕਟਰ ਗੁਰਬਾਣੀ ਰਿਸਰਚ ਅਤੇ ਸ੍ਰ. ਹਰਜਿੰਦਰ ਸਿੰਘ, ਰਿਸਰਚ ਐਸੋਸਿਏਟ ਵੀ ਇਸ ਕਾਰਜ ਵਿਚ ਸਹਾਈ ਹੋ ਸਕਦੇ ਹਨ।

ਅਸੀਂ ਇਹ ਬੇਨਤੀ-ਪੱਤਰ ਗੁਰੂ ਨਾਨਕ ਸਾਹਿਬ ਦੀ ਇਸ ਪਾਵਨ ਤੁਕ ਨੂੰ ਸਨਮੁਖ ਰਖਦੇ ਹੋਏ ਆਪ ਜੀ ਦੇ ਵਿਚਾਰ ਹਿਤ ਭੇਜ ਰਹੇ ਹਾਂ: 'ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥' (੧੨੫੫)

ਸਤਿਗੁਰੂ ਸਾਨੂੰ ਸਾਰਿਆਂ ਨੂੰ ਸੁਮਤਿ ਅਤੇ ਇਤਫਾਕ ਬਖਸ਼ੇ।

ਧੰਨਵਾਦ ਸਹਿਤ।

ਹਰਿੰਦਰ ਸਿੰਘ
ਕੋ-ਫਾਊਂਡਰ ਅਤੇ ਇਨੋਵੇਸ਼ਨ ਡਾਇਰੈਕਟਰ

ਉਤਾਰਾ:
ਸ੍ਰ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
ਸ੍ਰ. ਸਤਵੀਰ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
ਡਾ. ਚਮਕੌਰ ਸਿੰਘ, ਕਨਵੀਨਰ, ਸਬ-ਕਮੇਟੀ
ਸ੍ਰ. ਜਸਪਾਲ ਸਿੰਘ, ਨਿਜੀ ਸਹਾਇਕ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ
ਸ੍ਰ. ਬਮਿੰਦਰ ਸਿੰਘ ਅਨੰਦ, ਸਿਖ ਬੁਕ ਕਲਬ, ਯੂ.ਐਸ.ਏ.

Sikh Research Institute 4 / 4

SIKHRI

ਮਿਤੀ: ੩੦ ਅਪਰੈਲ ੨੦੨੨

ਸਤਿਕਾਰਜੋਗ ਗਿ. ਹਰਪ੍ਰੀਤ ਸਿੰਘ ਜੀ,
ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਵਿਸ਼ਾ: ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ ਨੂੰ ਲੈ ਕੇ ਉਠੇ ਵਿਵਾਦ ਦੇ ਸੰਬੰਧ ਵਿਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ੩ ਮਈ ੨੦੨੨ ਦੀ ਪੰਥਕ ਇਕੱਤਰਤਾ ਲਈ ਮੰਗੇ ਸੁਝਾਵਾਂ ਸੰਬੰਧੀ।

ਹਵਾਲਾ: ਉਪਰੋਕਤ ਵਿਵਾਦ ਸੰਬੰਧੀ ਮਿਤੀ ੬ ਅਪਰੈਲ ੨੦੨੨ ਨੂੰ ਲਿਖੇ ਪੱਤਰ ਦੀ ਲਗਾਤਾਰਤਾ ਵਿਚ।

ਆਪ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਪ੍ਰਮਾਣਿਕਤਾ ਅਤੇ ਛਪਾਈ ਨੂੰ ਲੈ ਕੇ ਪੈਦਾ ਹੋਏ ਮਸਲੇ ਦੇ ਸਾਰੇ ਪਹਿਲੂਆਂ ਨੂੰ ਗੰਭੀਰਤਾ ਨਾਲ ਵਿਚਾਰਨ ਅਤੇ ਇਸ ਦਾ ਸਥਾਈ ਹੱਲ ਲੱਭਣ ਲਈ, ਮਿਤੀ ੩ ਮਈ ੨੦੨੨ ਨੂੰ ਜਿਹੜੀ ਪੰਥਕ ਇਕੱਤਰਤਾ (ਪੱਤਰ ਨੰ. ਅ:3/22/32, ਮਿਤੀ ੧੯ ਅਪਰੈਲ ੨੦੨੨ ਰਾਹੀਂ) ਸੱਦੀ ਗਈ ਹੈ, ਉਸ ਵਿਚ ਭਾਗ ਲੈਣ ਲਈ ਸਿਖ ਰਿਸਰਚ ਇੰਸਟੀਟਿਊਟ ਦੇ 'ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ' (www.GuruGranthSahib.io) ਟੀਮ ਦੇ ਮੈਂਬਰ ਡਾ. ਜਸਵੰਤ ਸਿੰਘ, ਡਾਇਰੈਕਟਰ ਗੁਰਬਾਣੀ ਰਿਸਰਚ ਅਤੇ ਸ੍ਰ. ਹਰਜਿੰਦਰ ਸਿੰਘ, ਰਿਸਰਚ ਐਸੋਸਿਏਟ ਨੂੰ ਸੱਦਾ-ਪੱਤਰ ਪ੍ਰਾਪਤ ਹੋਇਆ ਹੈ। ਇਸ ਲਈ ਅਸੀਂ ਆਪ ਜੀ ਦੇ ਧੰਨਵਾਦੀ ਹਾਂ।

ਅਸੀਂ ਆਪ ਜੀ ਵੱਲੋਂ ਸੱਦੀ ਗਈ ਇਸ ਪੰਥਕ ਇਕੱਤਰਤਾ ਦੀ ਸਲਾਘਾ ਕਰਦੇ ਹਾਂ। ਹੋਰ ਵੀ ਚੰਗਾ ਹੁੰਦਾ ਜੇਕਰ ਇਸ ਇਕੱਤਰਤਾ ਤੋਂ ਪਹਿਲਾਂ ਇਸ ਵਿਸ਼ੇ ਦੇ ਮਾਹਰ ਤੇ ਅਨੁਭਵੀ ਵਿਦਵਾਨਾਂ ਨੂੰ ਇਸ ਬਾਰੇ ਵਿਚਾਰ ਕਰਨ ਲਈ ਬੁਲਾ ਲਿਆ ਜਾਂਦਾ।

ਗੁਰੂ ਗ੍ਰੰਥ ਸਾਹਿਬ ਦੇ ਪਾਵਨ ਵਾਕ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥' (੧੧੮੫) ਤੋਂ ਅਗਵਾਈ ਲੈਂਦੇ ਹੋਏ ਅਸੀਂ ਆਸ ਕਰਦੇ ਹਾਂ ਕਿ ਇਸ ਮਸਲੇ ਦਾ ਹੱਲ ਪਰਸਪਰ ਵਿਚਾਰ-ਵਟਾਂਦਰੇ ਅਤੇ ਸੁਹਿਰਦਤਾ ਨਾਲ ਕਢ ਲਿਆ ਜਾਵੇਗਾ। ਇਸ ਸੰਬੰਧੀ ਆਪ ਜੀ ਵੱਲੋਂ ਲਿਖਤੀ ਰੂਪ ਵਿਚ ਮੰਗੇ ਗਏ ਸੁਝਾਵਾਂ ਵਜੋਂ ਅਸੀਂ ਹੇਠ ਲਿਖੇ ਵਿਚਾਰ ਅਤੇ ਸੁਝਾਅ ਭੇਜ ਰਹੇ ਹਾਂ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਤ 'ਧੁਰ ਕੀ ਬਾਣੀ' ਨੂੰ ਗੁਰੂ ਸਾਹਿਬ ਨੇ ਆਪਣੀ ਦੂਰ-ਅੰਦੇਸ਼ੀ ਅਤੇ ਨਿਵੇਕਲੀ ਸੂਝ ਅਨੁਸਾਰ ਆਪਣੀ ਨਿਗਰਾਨੀ ਹੇਠ ਲਿਖਵਾਇਆ। ਇਹ ਬਾਣੀ ਹਰ ਇਕ ਸਿਖ ਲਈ ਗੁਰੂ-ਰੂਪ ਹੈ। ਵਿਸ਼ਵ ਵਿਚ ਜਿਥੇ-ਜਿਥੇ ਵੀ ਸਿਖ-ਸੰਗਤਾਂ ਮੌਜੂਦ ਹਨ, ਉਹ ਗੁਰੂ ਗ੍ਰੰਥ ਸਾਹਿਬ ਨੂੰ ਹਾਜਰ-ਨਾਜਰ ਗੁਰੂ-ਰੂਪ ਮੰਨਦੀਆਂ ਹਨ ਅਤੇ ਆਪਣੇ ਹਰ ਕਾਰਜ ਲਈ ਬਾਣੀ ਤੋਂ ਹੀ ਅਗਵਾਈ ਲੈਂਦੀਆਂ ਹਨ। ਇਸ ਕਾਰਣ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ/ਸੈਂਚੀਆਂ ਦੀਆਂ ਪ੍ਰਕਾਸ਼ਨਾਵਾਂ ਵਿਚ ਕਾਫੀ ਵਾਧਾ ਹੋਇਆ ਅਤੇ ਬਹੁਤ ਸਾਰੀਆਂ ਸਿਖ-ਸੰਸਥਾਵਾਂ ਅਤੇ ਵਖ-ਵਖ ਪ੍ਰਕਾਸ਼ਕਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ਨ ਦਾ ਕਾਰਜ ਸ਼ੁਰੂ ਕਰ ਦਿੱਤਾ।

ਇਸ ਦੇ ਸਿੱਟੇ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਦਾਰਿਆਂ ਦੁਆਰਾ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਬੀੜਾਂ/ਸੈਂਚੀਆਂ ਵਿਚ ਅੱਖਰਾਂ ਅਤੇ ਲਗਾਂ-ਮਾਤਰਾਵਾਂ ਦੇ ਕੁਝ ਫਰਕ ਸਾਹਮਣੇ ਆਉਣ ਲੱਗ ਪਏ ਹਨ। ਇਹ ਵਰਤਾਰਾ ਚਿੰਤਾ ਦਾ ਵਿਸ਼ਾ ਹੈ ਅਤੇ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ। ਅਜਿਹੀ ਸਥਿਤੀ ਨੂੰ ਮੁੱਖ ਰਖ ਕੇ ਹੀ ਅੱਜ ਤੋਂ ਤਕਰੀਬਨ ੯੦ ਸਾਲ ਪਹਿਲਾਂ

**Sikh Research Institute**
470 Schooleys Mt Rd Ste 614, Hackettstown, NJ 07840, USA
3307 Victoria Drive Unit #284, Vancouver, BC V5P 3V6, Canada
sikhri.org

ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਜੋਧ ਸਿੰਘ ਜੀ ਨੇ 'ਗੁਰਮਤਿ ਨਿਰਣਯ' ਪੁਸਤਕ ਦੀ ਉਥਾਨਕਾ ਵਿਚ ਆਪਣੇ ਵੱਲੋਂ ਹੇਠ ਲਿਖਿਆ ਨੋਟ ਦੇ ਕੇ ਜ਼ਿੰਮੇਵਾਰ ਸਿਖ ਸੰਸਥਾਵਾਂ ਦਾ ਧਿਆਨ ਇਸ ਪਾਸੇ ਦਿਵਾਉਣ ਦਾ ਜਤਨ ਕੀਤਾ ਸੀ:

'ਢਾਹ ਲਗਦੀ ਗੁਰਬਾਣੀ ਨੂੰ ਸ਼ੁੱਧ ਛਾਪਣ ਦਾ ਯਤਨ ਕੀਤਾ ਗਿਆ ਹੈ। ਅਤੇ ਇਸ ਵਿਚ ਬਹੁਤ ਸਾਰੀ ਸਹਾਇਤਾ ਮੈਨੂੰ ਆਪਣੇ ਨੌਜਵਾਨ ਮਿੱਤਰ ਭਾਈ ਸਾਹਿਬ ਸਿੰਘ ਜੀ ਲੈਕਚਰਾਰ ਪੰਜਾਬੀ ਅਤੇ ਧਰਮ ਵਿਦਿਆ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਪਾਸੋਂ ਪ੍ਰਾਪਤ ਹੋਈ ਹੈ। ਪਰ ਇਸ ਸੋਧ ਵਿਚ ਇਕ ਖ਼ਤਰਾ ਜੋ ਮੈਨੂੰ ਪ੍ਰਤੀਤ ਹੋਇਆ ਹੈ, ਉਹ ਵੀ ਪੰਥ ਦੇ ਮੁਖੀ ਜਥਿਆਂ ਦਾ ਖ਼ਿਆਲ ਦਿਵਾਏ ਬਿਨਾ ਮੈਂ ਨਹੀਂ ਰਹਿ ਸਕਦਾ। ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਗ ਕੰਨੇ ਆਦਿ ਦੀਆਂ ਬਹੁਤ ਅਸ਼ੁਧੀਆਂ ਆ ਗਈਆਂ ਹਨ। ਜੇ ਕਿਸੇ ਜ਼ੁੰਮੇਵਾਰ ਜਥੇ ਨੇ ਇਹ ਬੀੜਾਂ ਪ੍ਰਕਾਸ਼ਤ ਕਰਨ ਦਾ ਕੰਮ ਆਪਣੇ ਜ਼ੁੰਮੇ ਨਾ ਲਇਆ ਤਾਂ ਥੋੜੇ ਚਿਰ ਮਗਰੋਂ ਸੁਧ ਪਾਠ ਸਹੀ ਕਰਨਾ ਅਤਿ ਕਠਨ ਹੋ ਜਾਵੇਗਾ।" -ਗੁਰਮਤਿ ਨਿਰਣਯ, ੧੯੩੨, ਪੰਨਾ ਹ

'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਵੀ ਥਾਂ ਪੁਰ ਥਾਂ ਪਾਠ-ਭੇਦਾਂ ਸੰਬੰਧੀ ਫੁਟਨੋਟ ਦਿੱਤੇ ਮਿਲਦੇ ਹਨ, ਜਿਵੇਂ ਕਿ 'ਅਨਿਨ ਉਪਾਵ ਕਰਿ ਹਾਂ॥' ਤੁਕ ਨਾਲ ਸੰਬੰਧਤ ਟਿੱਪਣੀ ਵਿਚ ਲਿਖਿਆ ਹੈ ਕਿ 'ਕਈ ਬੀੜਾਂ ਵਿਚ ਪਾਠ 'ਅਨਿਕ' ਹੈ।' -ਪੋਥੀ ਦੂਜੀ, ਗੁਰ ਸੇਵਕ ਸਭਾ, ੧੯੩੭, ਪੰਨਾ ੪੦੯

'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਪਹਿਲੀ ਐਡੀਸ਼ਨ ਵਿਚ ਮੂਲ-ਪਾਠ ਅਤੇ ਪਦ-ਅਰਥਾਂ ਵਿਚ ਦਿੱਤੇ ਪਾਠਾਂ ਵਿਚ ਵੀ ਸ਼ਬਦ-ਜੋੜਾਂ ਦਾ ਅੰਤਰ ਮਿਲਦਾ ਹੈ, ਜਿਵੇਂ: 'ਦੇਦਾ ਦੇ ਲੈਦੇ ਥਕਿ ਪਾਹਿ॥' ਦੀ ਥਾਂ 'ਦੇਂਦਾ ਦੇ ਲੈਦੇ ਥਕਿ ਪਾਹਿ॥' -ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਰਾਜ ਪਬਲਿਸ਼ਰਜ, ਜਲੰਧਰ, ੧੯੬੨, ਪੰਨਾ ੫੨

ਇਸੇ ਤਰ੍ਹਾਂ ਦੀਆਂ ਦੋ ਉਦਾਹਰਣਾਂ ਹੋਰ ਵੇਖੀਆਂ ਜਾਣ: ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੪੧ 'ਤੇ ਸਿਰਲੇਖ 'ਸੋਰਠਿ ਮਹਲਾ ੫ ਘਰੁ ੨ ਅਸਟਪਦੀਆ॥' ਅੰਕਤ ਹੈ। ਇਸ ਸਿਰਲੇਖ ਅਧੀਨ ਇਕੋ ਹੀ ਅਸਟਪਦੀ ਹੈ, ਪਰ ਅੰਕਤ 'ਅਸਟਪਦੀਆ' ਹੈ। ਹਥ-ਲਿਖਤੀ ਬੀੜਾਂ ਵਿਚ ਇਸ ਸਿਰਲੇਖ ਵਿਚ 'ਅਸਟਪਦੀਆ' ਦੀ ਬਜਾਇ 'ਅਸਟਪਦੀ' ਹੀ ਅੰਕਤ ਕੀਤਾ ਮਿਲਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੭੧੦ 'ਤੇ ਅੰਕਤ ਸਿਰਲੇਖ 'ਜੈਤਸਰੀ ਬਾਣੀ ਭਗਤਾਂ ਕੀ' ਨੂੰ ਹਥ-ਲਿਖਤੀ ਬੀੜਾਂ ਵਿਚ 'ਜੈਤਸਰੀ ਬਾਣੀ ਭਗਤ ਰਵਿਦਾਸ ਕੀ' ਲਿਖਿਆ ਮਿਲਦਾ ਹੈ, ਕਿਉਂਕਿ ਇਸ ਸਿਰਲੇਖ ਅਧੀਨ ਕੇਵਲ ਇਕ ਭਗਤ ਜੀ ਦੀ ਹੀ ਬਾਣੀ ਦਰਜ ਹੈ।

੧੯੪੯ ਵਿਚ 'ਗੁਰਬਾਣੀ ਪਾਠ ਨਿਰਣਯ' ਪੁਸਤਕ, ਜਿਸ ਦੀ ਭੂਮਿਕਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਲਿਖੀ, ਦੇ ਲੇਖਕ ਨੇ ਪਾਠ-ਭੇਦਾਂ ਦਾ ਉਲੇਖ ਕਰਦਿਆਂ ਪਾਠ-ਭੇਦਾਂ ਦੀ ਇਕ ਸੂਚੀ ਦਿੱਤੀ ਹੈ। ਉਨ੍ਹਾਂ ਨੇ ਕੁਝ ਸ਼ਬਦ-ਜੋੜ ਸਮਾਸੀ ਰੂਪ ਵਿਚ ਅਤੇ ਕੁਝ ਮੌਜੂਦਾ ਬੀੜਾਂ ਤੋਂ ਬਿਲਕੁਲ ਵਖਰੀ ਤਰ੍ਹਾਂ ਛਾਪੇ ਹਨ। -ਭਗਵਾਨ ਸਿੰਘ ਸੇਵਕ, ਗੁਰਬਾਣੀ ਪਾਠ ਨਿਰਣਯ, ਪਿੰਡ ਮਾੜੀ ਮੇਘਾ, ਅੰਮ੍ਰਿਤਸਰ, ੧੯੪੯, ਪੰਨਾ ੩੯੮

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ 'ਗੁਰਬਾਣੀ ਪਾਠ ਦਰਸ਼ਨ' ਪੁਸਤਕ (ਪਹਿਲਾ ਐਡੀਸ਼ਨ ੧੯੫੬-੫੭?) ਵਿਚ ਲਿਖਿਆ ਹੈ ਕਿ ਕਰਤਾਰਪੁਰੀ ਬੀੜ ਤੇ ਦਮਦਮੀ ਬੀੜ ਵਿਚ ਤਕਰੀਬਨ ਪੰਦਰਾਂ ਸੌ ਪਾਠ ਆਪਸ ਵਿਚ ਨਹੀਂ ਮਿਲਦੇ। ਇਸ ਪੁਸਤਕ ਵਿਚ ਇਨ੍ਹਾਂ ਪਾਠ-ਭੇਦਾਂ ਦੀ ਸੂਚੀ ਵੀ ਦਿੱਤੀ ਹੋਈ ਹੈ। -ਗੁਰਬਾਣੀ ਪਾਠ ਦਰਸ਼ਨ, ਦਾਸਨਿ ਦਾਸ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ, ਦਮਦਮੀ ਟਕਸਾਲ, ਜਥਾ ਭਿੰਡਰਾਂ ਮਹਿਤਾ, ੧੯੯੬, ਪੰਨਾ ੬੫੬

ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਮਿਲਦੇ ਪਾਠ-ਭੇਦਾਂ ਸੰਬੰਧੀ ਸੰਤ ਇੰਦਰ ਸਿੰਘ ਚਕਰਵਰਤੀ ਲਿਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਭੇਦ ਹੈ ਅਤੇ ਰੂਪ ਵੀ ਇਕ ਤਰਤੀਬਵਾਰ ਤੇ ਸਿਲਸਿਲੇਵਾਰ ਨਹੀਂ। ਪਾਠ-ਭੇਦ ਵੀ ਕਾਫ਼ੀ ਹਨ। ਬਾਣੀਆਂ ਵਿਚ ਵੀ ਅੰਤਰ ਹੈ। -ਗੁਰਮਤ ਸਾਹਿਤ, ਭਾਸ਼ਾ ਵਿਭਾਗ ਪਟਿਆਲਾ, ੧੯੭੦, ਪੰਨਾ ੨੧੧

ਪੋਥੀਆਂ ਜਾਂ ਬੀੜਾਂ ਦੇ ਉਤਾਰੇ ਕਰਨ ਵੇਲੇ ਲਿਖਾਰੀਆਂ ਵੱਲੋਂ ਅਤੇ ਬਾਅਦ ਵਿਚ ਛਾਪਾ ਪੱਥਰ 'ਤੇ ਟਾਈਪ ਕਰਨ ਦੌਰਾਨ ਪਾਠ-ਭੇਦਾਂ ਦੀ ਗਿਣਤੀ ਕਿਵੇਂ ਵਧਦੀ ਗਈ, ਇਸ ਬਾਰੇ ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ ਨੇ ੧੯੭੭ ਵਿਚ ਲਿਖਿਆ ਕਿ "ਪਹਿਲੇ ਲਿਖਾਰੀ ਗੁਰਬਾਣੀ ਦੇ ਗੁਟਕੇ, ਪੋਥੀਆਂ ਜਾਂ ਬੀੜਾਂ ਦੇ ਉਤਾਰੇ ਪ੍ਰੇਮ-ਭਾਵ ਤੇ ਸਿਖੀ ਸਰਧਾ ਵਿਚ ਭਿੱਜ ਕੇ ਕੀਤਾ ਕਰਦੇ ਸਨ ਤੇ ਪ੍ਰੇਮੀ ਸੰਗਤਾਂ ਨੂੰ ਬਿਨਾਂ ਇਵਜ਼ਾਨਾ ਲਏ ਸੇਵਾ-ਭਾਵ ਨਾਲ ਮੁਫ਼ਤ ਹੀ ਭੇਟਾ ਕੀਤਾ ਕਰਦੇ ਸਨ, ਪਰ ਸਿੱਖ ਮਿਸਲਾਂ ਤੇ ਸਿੱਖ ਰਾਜ ਸਮੇਂ ਬੀੜਾਂ ਦੇ ਉਤਾਰਿਆਂ ਦੀ ਮੰਗ ਵਧ ਜਾਣ ਦੇ ਕਾਰਨ ਨਵੇਂ ਲਿਖਾਰੀਆਂ ਨੇ ਇਸ ਸੇਵਾ ਨੂੰ ਆਪਣੀ ਰੋਜ਼ੀ ਦਾ ਸਾਧਨ ਹੀ ਬਣਾ ਲਿਆ, ਜਿਸ ਕਰਕੇ ਉਤਾਰਿਆਂ ਨੂੰ ਛੇਤੀ ਸੰਪੂਰਨ ਕਰਨ ਦੀ ਰੁਚੀ ਨੇ ਲਿਖਾਰੀਆਂ ਅੰਦਰ ਸ਼ੁੱਧ ਗੁਰਬਾਣੀ ਲਿਖਣ ਤੇ ਅਸ਼ੁਧੀਆਂ ਦੀ ਦੋਬਾਰਾ ਸੋਧ ਕਰਨ ਦੀ ਰੀਤ ਬਿਲਕੁਲ ਹੀ ਖ਼ਤਮ ਕਰ ਦਿੱਤੀ। ਇਹੋ ਕਾਰਨ ਸੀ ਕਿ ਪਾਠ-ਭੇਦਾਂ ਦੀ ਗਿਣਤੀ ਵਧਦੀ ਗਈ। ਇਸ ਸਮੇਂ ਲਿਖਾਈ ਦੀ ਸ਼ੁੱਧਤਾ ਨਾਲੋਂ ਸੁੰਦਰਤਾ ਵਲ ਵਧੇਰੇ ਧਿਆਨ ਦਿੱਤਾ ਗਿਆ ਅਤੇ ਅਜੇਹੀ ਰੁਚੀ ਦੇ ਅਧੀਨ ਕੁਝ ਬੀੜਾਂ ਨਕਾਸ਼ਾਂ ਪਾਸੋਂ ਲਿਖਵਾਈਆਂ ਗਈਆਂ।"

"ਜਦ ਛਾਪਾ ਪੱਥਰ ਆਇਆ ਤਾਂ ਲਿਖਾਰੀਆਂ ਦੀਆਂ ਲਿਖਣ ਸਮੇਂ ਦੀਆਂ ਗਲਤੀਆਂ ਨੂੰ ਘਟ ਕਰਨ ਲਈ ਪੰਥਕ ਤੌਰ 'ਤੇ ਕੀਤੇ ਗਏ ਕਿਸੇ ਯਤਨ ਦੀ ਸੂਹ ਨਹੀਂ ਮਿਲਦੀ।"

"ਛਾਪੇ ਟਾਈਪ ਵਿਚ ਬੀੜਾਂ ਛਾਪਣ ਸਮੇਂ ਅੱਖਰ ਜੋੜਣ ਵਾਲੇ (ਕੰਪੋਜ਼ੀਟਰਾਂ) ਤੇ ਸੁਧਾਈ ਕਰਨ ਵਾਲਿਆਂ (ਪਰੂਫ਼ ਰੀਡਰਾਂ) ਦੇ ਯਤਨ ਕਰਨ ਦੇ ਬਾਵਜੂਦ ਪਾਠ-ਭੇਦਾਂ ਦੀ ਗਿਣਤੀ ਵਧਦੀ ਗਈ, ਕਿਉਂਕਿ ਜਿਤਨੀ ਸਾਵਧਾਨੀ ਦੀ ਲੋੜ ਸੀ ਓਨੀ ਨਾ ਵਰਤੀ ਗਈ।" -ਪਾਠ-ਭੇਦਾਂ ਦੀ ਸੂਚੀ, ਭੂਮਿਕਾ (ਗਿ. ਕਿਰਪਾਲ ਸਿੰਘ), ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੭੭, ਪੰਨਾ ੲ-ਸ

'ਬਾਣੀ ਮਹਲਾ ੯ ਸਟੀਕ' ਦੀ ਭੂਮਿਕਾ ਵਿਚ ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ ਪੰਥ ਦਾ ਧਿਆਨ ਇਸ ਪਾਸੇ ਦਿਵਾਉਂਦੇ ਹੋਏ ਲਿਖਦੇ ਹਨ ਕਿ "ਇਨ੍ਹਾਂ ਸਾਰਿਆਂ ਉਪਰਾਲਿਆਂ ਵਿਚ ਜੋ ਗੱਲ ਸਾਰਿਆਂ ਦੇ ਅੱਖੋਂ ਉਹਲੇ ਰਹਿ ਗਈ ਸੀ ਤੇ ਜਿਸ ਨੂੰ ਗੁਰਬਾਣੀ ਦੇ ਖੋਜੀ ਵਿਦਵਾਨ ਬਹੁਤ ਵੱਡਾ ਘਾਟਾ ਮਹਿਸੂਸ ਕਰ ਰਹੇ ਸਨ, ਉਹ ਸੀ ਮੂਲ ਬਾਣੀ ਦੀ ਲਿਖਤ ਵਿਚ ਲਿਖਣ ਤੇ ਛਾਪੇ ਦੀ ਅਣਗਹਿਲੀ ਕਾਰਨ ਆਈਆਂ ਲਗ-ਮਾਤ੍ਰੀ ਉਕਾਈਆਂ ਦੀ ਸੁਧਾਈ, ਜੋ ਪੁਰਾਤਨ ਪ੍ਰਮਾਣੀਕ ਹੱਥ-ਲਿਖਤੀ ਬੀੜਾਂ ਅਤੇ ਗੁਰਬਾਣੀ ਦੇ ਅੰਦਰਲੇ ਨੇਮਾਂ ਮੁਤਾਬਕ ਹੋਣੀ ਜ਼ਰੂਰੀ ਹੈ।...ਤਾਂਕਿ ਉਹ ਅਗੋਂ ਲਈ ਇਨ੍ਹਾਂ ਹੀ ਲੀਹਾਂ ਉਪਰ ਸਮੱਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਲਿਖਤ ਤੇ ਛਾਪੇ ਦੀ ਅਣਗਹਿਲੀ ਕਾਰਨ ਆਈਆਂ ਉਕਾਈਆਂ ਨੂੰ ਪ੍ਰਮਾਣਿਕ ਲਿਖਤੀ ਬੀੜਾਂ ਤੇ ਗੁਰਬਾਣੀ ਦੇ ਅੰਦਰਲੇ ਲਗ-ਮਾਤ੍ਰੀ ਨਿਯਮਾਂ ਦੀ ਅਗਵਾਈ ਵਿਚ ਸੋਧ ਕੇ ਅਰਥਾਂ ਸਹਿਤ ਲਿਖਣ ਤੇ ਛਾਪਣ ਦੀ ਸੇਵਾ ਕਰ ਕੇ ਪੰਥ ਅਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕਣ।" -ਬਾਣੀ ਮਹਲਾ ੯ ਸਟੀਕ (ਭਾਈ ਜੋਗਿੰਦਰ ਸਿੰਘ ਤਲਵਾੜਾ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੯੬, ਪੰਨਾ ੫-੭

ਉਪਰੋਕਤ ਵਿਦਵਾਨਾਂ ਤੋਂ ਇਲਾਵਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਖ ਵਖ ਸਮਿਆਂ 'ਤੇ ਰਹੇ ਜਥੇਦਾਰ ਸਾਹਿਬਾਨ ਨੇ ਵੀ ਆਪਣੀ ਸੂਝ-ਸਮਝ ਅਤੇ ਸਮਰਥਾ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸੰਸਥਾਵਾਂ ਦਾ ਧਿਆਨ ਇਸ ਮੁੱਦੇ ਵੱਲ ਦਿਵਾਇਆ ਅਤੇ ਛਾਪੇ ਦੀਆਂ ਉਕਾਈਆਂ ਨੂੰ ਦੂਰ ਕਰਨ ਲਈ ਪਾਠ-ਭੇਦਾਂ ਸੰਬੰਧੀ ਜਾਣਕਾਰੀ ਰਖਣ ਵਾਲੇ ਖੋਜੀ ਵਿਦਵਾਨਾਂ ਦੀਆਂ ਕਮੇਟੀਆਂ ਬਣਾ ਕੇ ਵਿਸ਼ੇਸ਼ ਜਤਨ ਕੀਤੇ। ਇਨ੍ਹਾਂ ਵਿਚੋਂ ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ, ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ, ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਜੀ ਵੇਦਾਂਤੀ ਆਦਿ ਦੇ ਨਾਮ ਵਰਨਣਜੋਗ ਹਨ।

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥਕ ਜਥੇਬੰਦੀਆਂ ਦੀ ਇਕ ਇਕੱਤਰਤਾ ਮਿਤੀ ੨੬ ਮਾਰਚ ੧੯੯੬ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਬੁਲਾਈ ਗਈ, ਜਿਸ ਵਿਚ ਹੋਰ ਫ਼ੈਸਲਿਆਂ ਦੇ ਨਾਲ-ਨਾਲ ਇਕ ਛੇ-ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ:

੧. ਭਾਈ ਜੋਗਿੰਦਰ ਸਿੰਘ ਵੇਦਾਂਤੀ।
੨. ਭਾਈ ਜੋਗਿੰਦਰ ਸਿੰਘ ਤਲਵਾੜਾ।
੩. ਗਿ. ਹਰਬੰਸ ਸਿੰਘ
੪. ਡਾ. ਵਿਕਰਮ ਸਿੰਘ
੫. ਬਾਬਾ ਅਵਤਾਰ ਸਿੰਘ ਬੱਧਨੀ ਕਲਾਂ
੬. ਪ੍ਰਿ. ਪ੍ਰਕਾਸ਼ ਸਿੰਘ

ਇਸ ਕਮੇਟੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਜਾ ਰਹੇ ਪਾਵਨ ਸਰੂਪਾਂ ਤੇ ਸ਼ਬਦਾਰਥ ਸੈਂਚੀਆਂ ਵਿਚਲੇ ਪਰਸਪਰ ਪਾਠ-ਭੇਦਾਂ ਅਤੇ ਛਾਪੇ ਦੀਆਂ ਉਕਾਈਆਂ ਦੀ ਨਿਸ਼ਾਨ-ਦੇਹੀ ਕਰਨ ਦੀ ਸੇਵਾ ਸੌਂਪੀ ਗਈ। ਉਪਰੋਕਤ ਕਮੇਟੀ ਵੱਲੋਂ ਮਿਤੀ ੪ ਮਈ ੧੯੯੬ ਨੂੰ ਸਤਿਗੁਰੂ ਪਾਤਸ਼ਾਹ ਜੀ ਦੀ ਅਸੀਸ ਲੈ ਕੇ ਕਾਰਜ-ਆਰੰਭ ਕੀਤਾ ਗਿਆ। ਇਸ ਕਮੇਟੀ ਨੇ ਸੌਂਪਿਆ ਗਿਆ ਕਾਰਜ ਗੁਰੂ ਗ੍ਰੰਥ ਸਾਹਿਬ ਦੇ ਅੰਗ ੧੧੦੬ ਤਕ ਮੁਕੰਮਲ ਕਰਕੇ ਪਾਠ-ਭੇਦਾਂ ਬਾਰੇ ਅਤਿ ਸੰਖੇਪ ਸ਼ਬਦਾਂ ਵਿਚ ਅੰਤ੍ਰਿਮ ਰਿਪੋਰਟ ਪੇਸ਼ ਕੀਤੀ। -ਉਪਰੋਕਤ ਰਿਪੋਰਟ ਦੇ ਅਧਾਰ 'ਤੇ

ਉਪਰ ਦਿੱਤੇ ਹਵਾਲਿਆਂ ਤੋਂ ਇਸ ਗੱਲ ਦੀ ਲੋੜ ਜਾਪਦੀ ਹੈ ਕਿ ਪੰਥਕ ਸੰਸਥਾਵਾਂ ਦੁਆਰਾ ਛਾਪੇ ਦੀਆਂ ਉਕਾਈਆਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਵਿਚਾਰ ਕਰਨ ਲਈ ਇਹ ਕਾਰਜ ਅਜਿਹੇ ਗੁਰਬਾਣੀ ਦੇ ਰਸੀਏ ਤੇ ਖੋਜੀ ਵਿਦਵਾਨਾਂ ਦੀ ਟੀਮ ਨੂੰ ਸੌਂਪਣਾ ਚਾਹੀਦਾ ਹੈ, ਜਿਨ੍ਹਾਂ ਨੂੰ ਗੁਰਬਾਣੀ ਦੀ ਲਗ-ਮਾਤਰੀ ਸੋਝੀ ਹੋਵੇ। ਇਹ ਟੀਮ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ, ਗੁਰੂ ਦੀ ਭੈ-ਭਾਵਨੀ ਵਿਚ ਰਹਿ ਕੇ ਪਾਠ-ਭੇਦਾਂ ਉਪਰ ਪ੍ਰਮਾਣਿਕ ਪੁਰਾਤਨ ਹਥ-ਲਿਖਤ ਬੀੜਾਂ ਤੋਂ ਸੇਧ ਲੈ ਕੇ, ਧੀਰਜ ਨਾਲ ਦੀਰਘ ਵਿਚਾਰ ਕਰੇ। ਟੀਮ ਵੱਲੋਂ ਦਿੱਤੇ ਸੁਝਾਵਾਂ ਉਪਰ ਪੰਥ ਦੀਆਂ ਨੁਮਾਇੰਦਾ ਜਥੇਬੰਦੀਆਂ ਦੇ ਪ੍ਰਤਿਨਿਧੀਆਂ ਨਾਲ ਵਿਚਾਰ ਕੀਤੀ ਜਾਵੇ। ਅੰਤਮ ਰੂਪ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਆਪਣੀ ਨਿਗਰਾਨੀ ਹੇਠ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਖੋਜੀ ਵਿਦਵਾਨਾਂ ਦੀ ਉਪਰੋਕਤ ਟੀਮ ਅਤੇ ਨੁਮਾਇੰਦਾ ਜਥੇਬੰਦੀਆਂ ਦੇ ਪ੍ਰਤਿਨਿਧੀਆਂ ਦੇ ਸਹਿਯੋਗ ਨਾਲ ਇਸ ਕਾਰਜ ਨੂੰ ਸਿਰੇ ਚੜ੍ਹਾਉਣ।

ਇਥੇ ਅਸੀਂ ਕੁਝ ਕੁ ਵਿਦਵਾਨਾਂ ਅਤੇ ਟੀਕਾਕਾਰਾਂ ਵੱਲੋਂ ਕੀਤੀਆਂ ਜੋਦੜੀਆਂ ਨੂੰ ਵੀ ਹੂ-ਬ-ਹੂ ਦੇ ਰਹੇ ਹਾਂ ਤਾਂ ਕਿ ਗੁਰਬਾਣੀ ਦੀ ਛਪਾਈ ਨੂੰ 'ਅੱਖਰ ਲਗ-ਮਾਤਰ' ਤਕ ਧਿਆਨ ਵਿਚ ਰਖ ਕੇ ਸੁਧ ਰੂਪ ਵਿਚ ਸੰਗਤਾਂ ਤਕ ਪਹੁੰਚਾਇਆ ਜਾ ਸਕੇ:

"ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦੇ ਬਾਕੀ ਧਰਮ ਗ੍ਰੰਥਾਂ ਤੋਂ ਵਿਲੱਖਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ 'ਗੁਰੂ' ਹਨ, ਅਤੇ ਹਜ਼ੂਰ ਦੀ ਗੁਰਤਾ ਜੁਗੋ-ਜੁਗ ਅਟੱਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਤੀ ਉਕਾਈਆਂ ਜੋ ਲਿਖਾਰੀਆਂ ਜਾਂ ਛਾਪੇ ਵਾਲਿਆਂ ਦੀ ਅਣਗਹਿਲੀ ਕਾਰਨ ਆ ਗਈਆਂ ਹਨ ਦੀ ਪਰਖ-ਪੜਤਾਲ ਕੀਤੀ ਜਾਣੀ ਅਤਿ ਜ਼ਰੂਰੀ ਭਾਸਦੀ ਹੈ। ਗੁਰੂ ਕਰਤਾਰ ਤਾਂ ਅਭੁੱਲ ਹੈ, ਪਰ ਲਿਖਾਰੀਆਂ ਕੋਲੋਂ ਏਡੇ ਵੱਡੇ ਅਕਾਰ ਦੇ ਗ੍ਰੰਥ ਦਾ ਉਤਾਰਾ ਕਰਨ ਵਿਚ ਉਕਾਈਆਂ ਜ਼ਰੂਰ ਰਹੀਆਂ ਹਨ ਤੇ ਸੋਧ-ਸੁਧਾਈ ਅਜਿਹੀਆਂ ਉਕਾਈਆਂ ਦੀ ਹੀ ਲੋੜੀਂਦੀ ਹੈ। ਭਾਵੇਂ ਬਹੁਤ ਸਾਰੀਆਂ ਪੁਰਾਤਨ ਹੱਥ-ਲਿਖਤ ਬੀੜਾਂ ਸਾਡੀ ਅਣਗਹਿਲੀ ਜਾਂ ਕਿਸੇ ਹੋਰ ਕਾਰਨਾਂ ਕਰਕੇ ਅਲੋਪ ਹੋ ਗਈਆਂ ਹਨ, ਪਰ ਅਜੇ ਵੀ ਭਾਰੀ ਗਿਣਤੀ ਵਿਚ ਹੱਥ-ਲਿਖਤ ਬੀੜਾਂ ਵਖ-ਵਖ ਇਤਿਹਾਸਿਕ ਗੁਰਦੁਆਰਿਆਂ, ਡੇਰਿਆਂ ਜਾਂ ਵਿਅਕਤੀਆਂ ਪਾਸ ਮੌਜੂਦ ਹਨ। ਜੇ ਕੁਝ ਦੇਰ ਹੋਰ ਪਾਠ-ਭੇਦਾਂ ਅਤੇ ਲਿਖਤੀ ਉਕਾਈਆਂ ਦੀ

ਪਰਖ-ਪੜਤਾਲ ਕਰਨ ਵਿਚ ਅਣਗਹਿਲੀ ਜਾਂ ਬੇਰੁਖੀ ਵਰਤੀ ਤਾਂ ਸਮਾਂ ਪਾ ਕੇ ਇਨ੍ਹਾਂ ਬੀੜਾਂ ਵਿਚੋਂ ਵੀ ਕੁਝ ਬੀੜਾਂ ਉਪਲਬਧ ਹੋਣੀਆਂ ਅਸੰਭਵ ਹੋ ਜਾਣਗੀਆਂ।

'ਹਰ ਇਕ ਗੁਰਸਿੱਖ ਗੁਰਬਾਣੀ ਨੂੰ ਸ਼ੁੱਧ ਰੂਪ ਵਿਚ ਛਪਿਆ ਵੇਖਣਾ ਚਾਹੁੰਦਾ ਹੈ ਤਾਂਕਿ ਉਹ ਸ਼ੁੱਧ ਪਾਠ ਕਰ ਸਕੇ। ਇਸ ਮੰਤਵ ਦੀ ਪੂਰਤੀ ਲਈ ਗੁਰਬਾਣੀ ਦਾ ਸ਼ੁੱਧ ਰੂਪ ਛਾਪਣਾ ਅਤਿ ਜਰੂਰੀ ਮਸਲਾ ਬਣ ਗਿਆ ਹੈ। ਇਸ ਲਈ ਹੁਣ ਗੁਰਬਾਣੀ ਦੇ ਰਸੀਏ ਤੇ ਖੋਜੀ ਸਿਖ ਵਿਦਵਾਨਾਂ ਨੂੰ ਇਸ ਪਾਠ-ਭੇਦਾਂ ਦੀ ਸੂਚੀ 'ਤੇ ਵਿਚਾਰ ਕਰਨੀ ਜਰੂਰੀ ਹੋ ਗਈ ਹੈ।" -ਪਾਠ-ਭੇਦਾਂ ਦੀ ਸੂਚੀ, ਭੂਮਿਕਾ (ਗਿ. ਕਿਰਪਾਲ ਸਿੰਘ), ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੭੭, ਪੰਨਾ ੲ-ਸ

'ਇਸ ਤੋਂ ਪਹਿਲਾਂ ਕਿ ਬਗਾਨੇ ਸਾਡੇ ਧਰਮ-ਗ੍ਰੰਥ ਉਪਰ ਉਂਗਲ ਉਠਾਉਣ, ਸਾਨੂੰ ਪੰਥਕ ਤੌਰ 'ਤੇ ਯਤਨ ਕਰਕੇ ਐਸੇ ਪਾਠ ਭੇਦਾਂ ਨੂੰ ਠੀਕ ਕਰ ਲੈਣਾ ਚਾਹੀਦਾ ਹੈ। ਇਸ ਵਿਚ ਨਾ ਤਾਂ ਮਿਹਣੇ ਵਾਲੀ ਗੱਲ ਹੈ ਅਤੇ ਨਾ ਹੀ ਸ਼ਰਮ ਵਾਲੀ ਗੱਲ ਹੈ। ਸਭ ਧਰਮ-ਗ੍ਰੰਥ ਸਮੇਂ ਦੇ ਨਾਲ ਦੂਸ਼ਿਤ ਹੁੰਦੇ ਆਏ ਹਨ। ਸੂਝਵਾਨ ਕੌਮਾਂ ਚਾਰ ਸਦੀਆਂ ਤੀਕ ਅਜਿਹੇ ਗੰਭੀਰ ਕੰਮ ਕਰਨ ਲਈ, ਇੰਤਜ਼ਾਰ ਨਹੀਂ ਕਰਦੀਆਂ। ਹੱਠ ਛੱਡ ਕੇ ਆਪਣੀ ਸੋਚ ਨੂੰ ਖੁਲ੍ਹਾ ਕਰਨ ਨਾਲ ਮਸਲੇ ਹੱਲ ਹੋ ਸਕਦੇ ਹਨ। ਵਿਦਵਾਨਾਂ ਨੂੰ ਨਿੰਦਣ ਨਾਲ ਕੋਈ ਫਾਇਦਾ ਨਹੀਂ।" -ਡਾ. ਗੁਰਸ਼ਰਨ ਜੀਤ ਸਿੰਘ, ਅਜੋਕੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ, ਗੁਰਨਿਧ ਪ੍ਰਕਾਸ਼ਨ, ਅੰਮ੍ਰਿਤਸਰ, ੨੦੦੫, ਪੰਨਾ ੨੦੦

'ਪੁਰਾਤਨ ਹੱਥ ਲਿਖਤੀ ਬੀੜਾਂ ਵਿਚ 'ਮਨਿ' ਪਦ ਸਿਹਾਰੀ ਸਹਿਤ ਉਪਲਬਧ ਹੈ ਅਤੇ ਗੁਰਬਾਣੀ ਵਿਆਕਰਣ ਦੇ ਆਧਾਰ ਤੇ ਸੁਧ ਮੰਨਿਆ ਜਾ ਸਕਦਾ ਹੈ। ਛਾਪੇ ਵਾਲੀਆਂ ਬੀੜਾਂ ਵਿਚ 'ਮਨ' ਪਦ ਨੰਨੇ ਮੁਕਤੇ ਵਾਲਾ ਹੈ...ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼ੁੱਧ ਛਪਾਈ ਵੱਲ ਧਿਆਣ ਦੇਣਾ ਚਾਹੀਦਾ ਹੈ ਤਾਂ ਜੋ ਪਾਠਕ ਅਜਿਹੇ ਭੁਲੇਖਿਆਂ ਤੋਂ ਬਚ ਸਕਣ।...ਪ੍ਰਬੰਧਕ ਕਮੇਟੀ ਦਾ ਫਰਜ ਬਣਦਾ ਹੈ ਕਿ ਅਗੋਂ ਲਈ ਹਥ-ਲਿਖਤੀ ਪ੍ਰਮਾਣਿਕ ਬੀੜਾਂ ਤੋਂ ਅਗਵਾਈ ਲੈ ਕੇ ਜਿਥੇ ਛਪਾਈ ਜਾਂ ਪਰੂਫ ਪੜ੍ਹਨ ਵਿਚ ਉਕਾਈਆਂ ਰਹਿ ਗਈਆਂ, ਉਨ੍ਹਾਂ ਦੀ ਸੁਧਾਈ ਲਈ ਜਤਨਸ਼ੀਲ ਹੋਵੇ ਕਿਉਂਕਿ ਹਰੇਕ ਵਿਦਵਾਨ ਅਜਿਹੀਆਂ ਅਸ਼ੁੱਧੀਆਂ ਦੂਰ ਕਰਨੀਆਂ ਆਪਣੇ ਅਧਿਕਾਰ-ਖੇਤਰ ਤੋਂ ਬਾਹਰ ਦੀ ਗੱਲ ਸਮਝਦਾ ਹੈ।" -ਗਿ. ਹਰਿਬੰਸ ਸਿੰਘ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਤੁਲਨਾਤਮਿਕ ਅਧਿਐਨ, ਪੋਥੀ ਪਹਿਲੀ, ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, ੨੦੧੪, ਪੰਨਾ ੮੯

ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਵੇਦਾਂਤੀ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿਮਘ ਟੌਹੜਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਦੇ ਤਤਕਾਲੀ ਸਿੰਘ ਸਾਹਿਬਾਨ ਦੇ ਦਿਸ਼ਾ-ਨਿਰਦੇਸ਼ ਤੇ ਸਹਿਯੋਗ ਨਾਲ ਭਾਈ ਜੋਗਿੰਦਰ ਸਿੰਘ ਤਲਵਾੜਾ, ਗਿ: ਭਰਪੂਰ ਸਿੰਘ ਜੀ ਆਦਿ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਪਾਵਨ ਬੀੜਾਂ ਦੁਆਰਾ ਗੁਰਬਾਣੀ ਦੀ ਗਹਿਰੀ-ਖੋਜ ਵਿਚਾਰ ਕਰਨ ਦਾ ਲੰਮਾ-ਸਮਾਂ ਅਵਸਰ ਬਣਿਆ ਰਿਹਾ। ਆਪ ਜੀ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ' ਪੁਸਤਕ ਵਿਚ ਲਿਖੇ 'ਦੋ ਸ਼ਬਦ' ਸਿਰਲੇਖ ਅਧੀਨ ਲਿਖਦੇ ਹਨ:

'ਸਤਿਕਾਰਯੋਗ ਪ੍ਰਿੰਸੀਪਲ ਹਰਿਭਜਨ ਸਿੰਘ, ਗਿ: ਗੁਰਦਿੱਤ ਸਿੰਘ ਤੇ ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਵਰਗੇ ਸਾਡੇ ਵਿਦਵਾਨ ਇਹੀ ਕੂਕਦੇ ਤੁਰ ਗਏ ਕਿ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਤੀ ਪਾਠ ਦੀ ਸ਼ੁੱਧਤਾ ਤੇ ਇਕਸਾਰਤਾ ਪੱਖੋ ਪਾਠ-ਭੇਦਾਂ ਦੇ ਮਸਲੇ ਨੂੰ ਗੰਭੀਰਤਾ ਸਹਿਤ ਵਿਚਾਰੇ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤੇ ਮਨੁੱਖਤਾ ਦੇ ਭਲੇ ਲਈ ਕੋਈ ਇਕ ਪ੍ਰਮਾਣਿਕ ਬੀੜ ਤਿਆਰ ਕਰੇ। ਤਲਵਾੜਾ ਜੀ ਦੀ ਅੰਤਮ ਅਰਦਾਸ ਮੌਕੇ ਉਨ੍ਹਾਂ ਦਾ ਉਪਰੋਕਤ ਕੌਮੀ ਸਨੇਹਾ ਗੁਰਦੁਆਰਾ ਦੀਵਾਨ ਹਾਲ, ਮੰਜੀ ਸਾਹਿਬ ਵਿਚ ਲੱਗੇ ਵਿਸ਼ੇਸ਼ ਬੈਨਰਾਂ ਦੁਆਰਾ ਵੀ ਪੰਥ ਦੇ ਧਿਆਨ ਵਿਚ ਲਿਆਉਣ ਦਾ ਯਤਨ ਕੀਤਾ ਗਿਆ ਸੀ। ਸਭ ਤੋਂ ਵੱਡੀ ਗੱਲ ਹੈ ਕਿ ਉਨ੍ਹਾਂ ਦੀ ਅਰਥੀ ਉੱਪਰ ਪਾਏ ਕੱਪੜੇ ਉੱਤੇ ਵੀ ਗੁਰਬਾਣੀ ਵਿਚਲੀਆਂ ਲਿਖਤੀ ਅਸ਼ੁੱਧੀਆਂ ਦੂਰ ਕਰਨ ਦਾ ਪੰਥਕ ਸਨੇਹਾ ਲਿਖਿਆ ਹੋਇਆ ਸੀ। ਇਹ ਵੀ ਇਕ ਸੱਚ ਹੈ ਕਿ ਇਹ ਸਭ ਕੁਝ ਉਨ੍ਹਾਂ ਦੀ ਆਖਰੀ ਇੱਛਾ ਮੁਤਾਬਕ ਸੀ।" -ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਗਿ: ਜਗਤਾਰ ਸਿੰਘ ਜਾਚਕ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੯, ਪੰਨਾ ੧੦

ਅੰਤ ਵਿਚ ਅਸੀਂ ਪਿਛਲੇ ਲੰਮੇ ਸਮੇਂ ਤੋਂ ਬਹੁਤ ਸਾਰੇ ਵਿਦਵਾਨਾਂ ਅਤੇ ਟੀਕਾਕਾਰਾਂ ਵੱਲੋਂ ਇਸ ਮਸਲੇ ਸੰਬੰਧੀ ਕੀਤੀਆਂ ਬੇਨਤੀਆਂ, ਦਿੱਤੇ ਸੁਝਾਵਾਂ ਅਤੇ ਦਲੀਲਾਂ ਨੂੰ ਵੀ ਪਿਆਰ ਅਤੇ ਗੰਭੀਰਤਾ ਸਹਿਤ ਵਿਚਾਰਨ ਦੀ ਬੇਨਤੀ ਕਰਦੇ ਹਾਂ। ਉਮੀਦ ਹੈ ਕਿ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ, ਉਪਰ ਦਿੱਤੇ ਇਨ੍ਹਾਂ ਹਵਾਲਿਆਂ ਅਤੇ ਵਿਚਾਰਾਂ ਦੀ ਰੌਸ਼ਨੀ ਵਿਚ ਛਾਪੇ ਦੀਆਂ ਉਕਾਈਆਂ ਨੂੰ ਦੂਰ ਕਰਨ ਹਿਤ ਸਮੇਂ ਸਿਰ ਲੋੜੀਂਦੀ ਕਾਰਵਾਈ ਕਰਨ ਲਈ ਅਗਵਾਈ ਕਰਨਗੇ, ਤਾਂ ਕਿ ਕਿਸੇ ਪੰਥ ਪ੍ਰਵਾਣਤ ਨਤੀਜੇ 'ਤੇ ਪਹੁੰਚ ਕੇ ਇਸ ਮਸਲੇ ਦਾ ਸਦੀਵੀ ਹੱਲ ਕੱਢਿਆ ਜਾ ਸਕੇ। ਜੇਕਰ ਆਪ ਜੀ ਚਾਹੋ, ਸਿਖ ਰਿਸਰਚ ਇੰਸਟੀਟਿਊਟ ਦੇ 'ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ' (www.GuruGranthSahib.io) ਟੀਮ ਦੇ ਮੈਂਬਰ ਡਾ. ਜਸਵੰਤ ਸਿੰਘ, ਡਾਇਰੈਕਟਰ ਗੁਰਬਾਣੀ ਰਿਸਰਚ ਅਤੇ ਸ੍ਰ. ਹਰਜਿੰਦਰ ਸਿੰਘ, ਰਿਸਰਚ ਐਸੋਸਿਏਟ ਵੀ ਇਸ ਕਾਰਜ ਵਿਚ ਸਹਾਈ ਹੋ ਸਕਦੇ ਹਨ।

ਅਸੀਂ ਇਹ ਸੁਝਾਅ ਗੁਰੂ ਅਰਜਨ ਸਾਹਿਬ ਦੀ ਇਸ ਪਾਵਨ ਤੁਕ ਨੂੰ ਸਨਮੁਖ ਰਖਦੇ ਹੋਏ ਆਪ ਜੀ ਦੇ ਵਿਚਾਰ ਹਿਤ ਭੇਜ ਰਹੇ ਹਾਂ: 'ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥' (੧੧੮੫)

ਸਤਿਗੁਰੂ ਸਾਨੂੰ ਸਾਰਿਆਂ ਨੂੰ ਸੁਮਤਿ ਅਤੇ ਪਰਸਪਰ ਪ੍ਰੇਮ-ਭਾਵ ਦੀ ਦਾਤ ਬਖਸ਼ਣ।

ਧੰਨਵਾਦ ਸਹਿਤ।

ਹਰਿੰਦਰ ਸਿੰਘ
ਕੋ-ਫਾਊਂਡਰ ਅਤੇ ਇਨੋਵੇਸ਼ਨ ਡਾਇਰੈਕਟਰ

ਉਤਾਰਾ:
ਸ੍ਰ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
ਸ੍ਰ. ਸਤਵੀਰ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
ਡਾ. ਚਮਕੌਰ ਸਿੰਘ, ਕਨਵੀਨਰ, ਸਬ-ਕਮੇਟੀ
ਸ੍ਰ. ਜਸਪਾਲ ਸਿੰਘ, ਨਿਜੀ ਸਹਾਇਕ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ

## ·ਸਰਬੱਤ ਖਾਲਸਾ ਜਥੇਬੰਦੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੇ ਗਏ ਪੱਤਰ

**ਸਰਬੱਤ ਖ਼ਾਲਸਾ**

**Sarbat Khalsa**

ਗੁਰਮਤਿ ਸਿਧਾਂਤ — ਪੰਚ-ਪ੍ਰਧਾਨੀ ਜੁਗਤਿ

ਮਿਤੀ: ੨੬ ਜੁਲਾਈ ੨੦੨੫

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ,
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।

**ਵਿਸ਼ਾ: ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਲਈ ਐਸ.ਜੀ.ਪੀ.ਸੀ. ਕਿਸ ਵੇਲੇ ਦੀ ਉਡੀਕ ਕਰ ਰਹੀ ਹੈ?**

ਅਜੋਕੇ ਪੰਥਕ ਹਾਲਾਤ ਇਹ ਹੋ ਗਏ ਹਨ ਕਿ ਪਿਛਲੇ ਮਸਲੇ ਸੁਲਝ ਨਹੀਂ ਰਹੇ, ਪਰ ਨਿੱਤ ਦਿਹਾੜੇ ਨਵੇਂ ਮਸਲੇ ਖੜੇ ਹੋ ਰਹੇ ਹਨ। ਅਫ਼ਸੋਸ, ਜਿਸ ਅਹਿਮ ਮਸਲੇ ਦੀ ਨਿਸ਼ਾਨਦੇਹੀ ਸਿੱਖਾਂ ਦੀ ਹਰ ਧਿਰ ਨੇ ਕੀਤੀ ਹੋਵੇ ਅਤੇ ਉਸ ਨੂੰ ਸੁਲਝਾਉਣ ਵਾਸਤੇ ਐਸ.ਜੀ.ਪੀ.ਸੀ ਵੱਲੋਂ ਵੀ ਸਮੇਂ-ਸਮੇਂ ਕਮੇਟੀਆਂ ਬਣਾਈਆਂ ਗਈਆਂ ਹੋਣ, ਉਸ ਨੂੰ ਵੀ ਲੰਬੇ ਸਮੇਂ ਤੋਂ ਠੰਡੇ ਬਸਤੇ ਵਿੱਚ ਪਾਇਆ ਹੋਇਆ ਹੈ। ਭਾਵ, ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਤੋਂ ਹੈ।

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥
ਗਲਤੀਆਂ ਛਪਾਈ ਦੀਆਂ ਹਨ, ਜੋ ਸਾਡੇ ਵਰਗੇ ਭੁਲਣਹਾਰ ਸਿੱਖਾਂ ਵੱਲੋਂ ਉਤਾਰੇ ਦੋਰਾਨ ਹੋਈਆਂ ਹਨ, ਅਤੇ ਸਾਡੇ ਵੱਲੋਂ ਹੀ ਤੁਰੰਤ ਇਹਨਾਂ ਨੂੰ ਠੀਕ ਕਰਨਾ ਵੀ ਬਣਦਾ ਹੈ। ਵਧੇਰੇ ਜਾਣਕਾਰੀ ਲਈ ਦੇਖੋ: https://gurugranthsahib.study

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਇਸੇ ਗੰਭੀਰ ਮੁੱਦੇ ਤੇ ਸੰਗਤਾਂ ਦੀ ਜਾਗਰੂਕਤਾ ਲਈ ੨੬ ਜੁਲਾਈ ਨੂੰ ਵੈਬੀਨਾਰ ਕਰਵਾਇਆ ਗਿਆ ਹੈ। ਜਾਣਕਾਰੀ ਭਰਪੂਰ ਵੈਬੀਨਾਰ ਉਪਰੰਤ ਅਤੇ ਸਮੇਂ-ਸਮੇਂ ਸਿਰ ਛਪਦੇ ਲੇਖਾਂ ਅਤੇ ਚਿੱਠੀਆਂ ਤੋਂ ਹਾਸਲ ਜਾਣਕਾਰੀ ਦੇ ਅਧਾਰ ਤੇ ਐਸ.ਜੀ.ਪੀ.ਸੀ. ਦੀ ਕਾਰਜ ਸ਼ੈਲੀ ਤੇ ਹੇਠ ਲਿਖੇ ਗੰਭੀਰ ਸਵਾਲ ਖੜੇ ਹੁੰਦੇ ਹਨ:

੧) ਸ਼੍ਰੋਮਣੀ ਕਮੇਟੀ ਵੱਲੋਂ ੧੯੫੨ ਵਿੱਚ ਵਿਦਵਾਨਾ ਦੀ ਨਿਗਰਾਨੀ ਹੇਠ ਪਵਿੱਤਰ ਬੀੜ ਛਪਵਾਈ ਗਈ ਸੀ, ਪਰ ੧੯੬੪ ਵਿੱਚ ਛਪਾਈ ਗਈ ਇਸੇ ਬੀੜ ਵਿੱਚ ਬਹੁਤ ਜ਼ਿਆਦਾ ਅੰਤਰ ਪਾ ਦਿੱਤਾ ਗਿਆ। ੧੯੫੨ ਵਾਲੀ ਬੀੜ ਵਿੱਚ ਮੰਗਲ ਉੱਪਰ ਅਤੇ ਇੱਕ ਤਰਤੀਬ ਵਿੱਚ ਸਨ ਜੋ ੧੯੬੪ ਵਿੱਚ ਬੇਤਰਤੀਬੇ ਕਰ ਦਿੱਤੇ ਗਏ। ਦੱਸਣ ਦੀ ਕਿਰਪਾ ਕੀਤੀ ਜਾਵੇ ਕਿ ੧੯੬੪ ਵਿੱਚ ਛਪੀ ਬੀੜ ਅੰਦਰ ਇਹ ਤਬਦੀਲੀਆਂ ਕਿਸ ਅਧਾਰ ਤੇ ਕੀਤੀਆਂ ਗਈਆਂ ਸਨ ਅਤੇ ਕਿਹੜੇ ਵਿਦਵਾਨਾਂ ਦੀ ਰਾਇ ਨਾਲ ਕੀਤੀਆਂ ਗਈਆਂ ਸਨ? ਇਸਦਾ ਕੋਈ ਰਿਕਾਰਡ ਜਨਤਕ ਕਿਉਂ ਨਹੀਂ ਕੀਤਾ ਗਿਆ? ਸ਼੍ਰੋਮਣੀ ਕਮੇਟੀ ਨੂੰ ਇਸ ਬਾਬਤ ਸਪਸ਼ਟ ਕਰਨਾ ਬਣਦਾ ਹੈ।

੨) ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਰਾਹੀਂ ਗਠਿਤ ਕੀਤੀ ਗਈ ਕਮੇਟੀ, ਜਿਸਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ, ਦੀ ੨੬ ਮਾਰਚ ੧੯੯੬ ਦੀ ਅੰਤ੍ਰਿਗ ਰਿਪੋਰਟ ਵਿੱਚ ਇਹ ਦਰਜ ਹੋਣਾ ਕਿ "ਪਾਵਨ ਸਰੂਪਾਂ ਦੀ ਛਪਾਈ ਵਿੱਚ ਬਾਰ-ਬਾਰ ਅਤੇ ਗੁਪਤੋ-ਗੁਪਤੀ ਪ੍ਰੈਸ-ਅਮਲੇ ਦੀ ਪੱਧਰ ਤੇ ਕੀਤੀਆਂ ਜਾ ਰਹੀਆਂ ਪਾਠ-ਸੁਧਾਈਆਂ" ਚਿੰਤਾਜਨਕ ਹੈ। ਇਹ ਸਥਾਪਤ ਕਰਦਾ ਹੈ ਕਿ ੧੯੬੪ ਤੋਂ ਬਾਅਦ ਵੀ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਪਾਠ-ਭੇਦ ਕੀਤੇ ਜਾ ਰਹੇ ਹਨ। ਇਸ ਦਾ ਸਾਰਾ ਰਿਕਾਰਡ ਵੀ ਉਨ੍ਹਾਂ ਆਪਣੀ ਰਿਪੋਰਟ ਦੇ ਨਾਲ ਨੱਥੀ ਕੀਤਾ ਹੋਇਆ ਹੈ। ਇਹ ਸਾਰਾ ਕੁੱਝ ਨਾ ਸਿਰਫ਼ ਸ਼੍ਰੋਮਣੀ ਕਮੇਟੀ ਦੀ ਕਾਬਲੀਅਤ ਤੇ ਸਵਾਲ ਖੜਾ ਕਰਦਾ ਹੈ, ਬਲਕਿ ਨੀਅਤ ਤੇ ਵੀ।

https://sarbatkhalsa.world — fateh@sarbatkhalsa.world

੩) ਜਾਗਤ-ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਵੀ ਸੰਸਥਾ ਤੋਂ ਇਲਾਵਾ ਕੋਈ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਛਾਪਣ, ਸਟੋਰ ਕਰਨ, ਵੰਡਣ ਅਤੇ ਸਪਲਾਈ ਕਰਨ ਦਾ ਅਧਕਾਰ ਨਹੀਂ ਰੱਖਦਾ। ਇਸ ਕਾਨੂੰਨ ਨਾਲ ਏਕਾਧਿਕਾਰ ਮਿਲ ਜਾਣ ਕਰਕੇ ਸ਼੍ਰੋਮਣੀ ਕਮੇਟੀ ਦੀ ਪਾਠ-ਭੇਦਾਂ ਦੀ ਸੁਧਾਈ ਦੀ ਜ਼ਿਮੇਵਾਰੀ ਤਾਂ ਸਗੋਂ ਹੋਰ ਵੀ ਵੱਧ ਜਾਂਦੀ ਹੈ। ਪਰ ਅਮਲ ਪਾਰਦਰਸ਼ੀ ਹੋਣ ਦੀ ਥਾਂ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਹੋ ਰਿਹਾ ਹੈ। ਸੰਗਤਾਂ ਅਥਵਾ ਵਿਦਵਾਨਾਂ ਨਾਲ ਉੱਕਾ ਹੀ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਜਾ ਰਿਹਾ। ਜਾਗਤ-ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀ ਮਨਮਰਜ਼ੀ ਦੀ ਵਿਆਖਿਆ ਵੀ ਦੇਖੀ ਜਾ ਰਹੀ ਹੈ। ਐਮਾਜ਼ਾਨ ਨੇ ਇਸ ਐਕਟ ਦੇ ਹਵਾਲੇ ਨਾਲ 'ਪੰਜਾਬੀ' ਵਿੱਚ ਲਿਖੀਆਂ ਅਨੇਕਾਂ ਗੁਰਬਾਣੀ ਆਧਾਰਿਤ ਕਿਤਾਬਾਂ ਆਪਣੇ ਪਲੈਟਫ਼ਾਰਮ ਤੋਂ ਹਟਾ ਦਿੱਤੀਆਂ ਹਨ ਜੋ ਕੀ ਸਰਾਸਰ ਗਲਤ ਹੈ। ਇੱਥੋਂ ਤੱਕ ਕਿ ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਪੰਜਾਬੀ ਟੀਕਾ 'ਸ੍ਰੀ ਗੁਰੂ ਗਰੰਥ ਦਰਪਨ' ਵੀ ਐਮਾਜ਼ਾਨ ਤੋਂ ਹਟਾ ਦਿੱਤਾ ਗਿਆ ਹੈ।

੪) ਐਸ.ਜੀ.ਪੀ.ਸੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਮਹਿਕਮੇ ਲਈ ਮੁਲਾਜ਼ਮਾਂ ਅਤੇ ਕਮੇਟੀ ਦੀ ਚੋਣ ਲਈ ਯੋਗਤਾ ਅਤੇ ਪ੍ਰਕ੍ਰਿਆ ਪਾਰਦਰਸ਼ੀ ਅਤੇ ਆਨਲਾਈਨ ਹੋਣੀ ਚਾਹੀਦੀ ਹੈ। ਬੀੜ ਦੀ ਛਪਾਈ ਵਾਲ਼ੇ ਮਹਿਕਮੇ ਦੇ ਮੁਲਾਜ਼ਮਾਂ ਅਤੇ ਕਮੇਟੀ ਦੇ ਮੈਂਬਰਾਂ ਦੇ ਨਾਮ ਹਮੇਸ਼ਾ ਜਨਤਕ ਹੋਣੇ ਚਾਹੀਦੇ ਹਨ। ਸੰਗਤਾਂ ਨੂੰ ਦੱਸਿਆ ਜਾਵੇ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਹ ਕਿਵੇਂ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਗੁਰਮਤਿ-ਵਿਰੋਧੀ ਤਾਕਤਾਂ ਛਪਾਈ ਮਹਿਕਮੇ ਵਿੱਚ ਦਖਲ ਅੰਦਾਜ਼ੀ ਨਹੀਂ ਕਰ ਰਹੀਆਂ?

੫) ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਬਹੁਤ ਅਹਿਮ ਅਤੇ ਗੰਭੀਰ ਮਸਲਾ ਹੈ ਅਤੇ ਇਸ ਮਸਲੇ ਨੂੰ ਚੰਗੀ ਤਰਾਂ ਜਾਣਨ ਵਾਲੇ ਵਿਦਵਾਨ ਉਂਗਲਾ ਤੇ ਗਿਣੇ ਜਾ ਸਕਦੇ ਹਨ, ਜੋ ਕਿ ਇੱਕ-ਇੱਕ ਕਰਕੇ ਸੰਸਾਰ ਤੋਂ ਕੂਚ ਕਰੀ ਜਾ ਰਹੇ ਹਨ। ਸਮਾਂ ਬਹੁਤ ਕੀਮਤੀ ਹੈ। ਦੱਸੋ ਭਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਹਿਮ ਮਸਲੇ ਨੂੰ ਹੱਲ ਕਰਨ ਲਈ ਕਿਸ ਸਮੇਂ ਦੀ ਉਡੀਕ ਕਰ ਰਹੀ ਹੈ?

ਸੋ ਖਾਲਸਾ ਪੰਥ ਵੱਲੋਂ ਆਸ-ਉਮੀਦ ਕੀਤੀ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਬਿਨਾ ਕਿਸੇ ਦੇਰੀ ਦੇ ਸੰਗਤ ਦੀ ਕਚਿਹਰੀ ਵਿੱਚ ਇਨ੍ਹਾਂ ਗੰਭੀਰ ਸਵਾਲਾਂ ਦੇ ਤਸੱਲੀਬਖਸ਼ ਜੁਆਬ ਦਿੱਤੇ ਜਾਣ।

ਵੱਲੋਂ ਪੰਜ ਪ੍ਰਧਾਨੀ ਕੌਂਸਲ:
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।

## ਸਰਬੱਤ ਖ਼ਾਲਸਾ

## Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

੨੯ ਸਤੰਬਰ ੨੦੨੫

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ,
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।

**ਵਿਸ਼ਾ: ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਪਹਿਲਾਂ ਭੇਜੀ ਚਿੱਠੀ (੨੯ ਜੁਲਾਈ ੨੦੨੫) ਬਾਰੇ ਯਾਦ ਦਿਹਾਨੀ।**

ਸਤਿਕਾਰਯੋਗ ਪ੍ਰਧਾਨ ਜੀ,

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ੨੯ ਜੁਲਾਈ ੨੦੨੫ ਨੂੰ ਤੁਹਾਡੇ ਨਾਮ ਇਕ ਵਿਸਥਾਰਪੂਰਣ ਚਿੱਠੀ ਭੇਜੀ ਗਈ ਸੀ (ਦੋਬਾਰਾ ਨਾਲ ਨੱਥੀ ਕੀਤੀ ਹੈ) ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਗੰਭੀਰ ਚਿੰਤਾਵਾਂ ਅਤੇ ਸਵਾਲ ਦਰਜ ਕੀਤੇ ਗਏ ਸਨ। ਉਸ ਚਿੱਠੀ ਵਿੱਚ ਕਈ ਅਹਿਮ ਬਿੰਦੂ ਉਠਾਏ ਗਏ ਸਨ, ਜਿਵੇਂ ਕਿ ੧੯੫੨ ਅਤੇ ੧੯੬੪ ਤੋਂ ਬਾਅਦ ਦੀਆਂ ਬੀੜਾਂ ਦੇ ਵਿੱਚ ਅੰਤਰ, ਕਮੇਟੀਆਂ ਦੀਆਂ ਰਿਪੋਰਟਾਂ ਵਿੱਚ ਦਰਜ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਕੀਤੀਆਂ ਸੁਧਾਈਆਂ, ਜਾਗਤ-ਜੋਤ ਐਕਟ 2008 ਅਨੁਸਾਰ SGPC ਦੀ ਜ਼ਿੰਮੇਵਾਰੀ, ਅਤੇ ਛਪਾਈ ਪ੍ਰਕਿਰਿਆ ਦੀ ਪਾਰਦਰਸ਼ਤਾ ਦੀ ਲੋੜ।

ਇਸ ਗੰਭੀਰ ਮਸਲੇ 'ਤੇ ਸੰਗਤਾਂ ਵੱਲੋਂ ਵੱਧ ਰਹੀ ਚਿੰਤਾ ਦੇ ਬਾਵਜੂਦ, ਅਜੇ ਤੱਕ ਉਸ ਚਿੱਠੀ ਦਾ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਹੈ। ਸਮਾਂ ਬੀਤਦਾ ਜਾ ਰਿਹਾ ਹੈ ਅਤੇ ਉਹ ਵਿਦਵਾਨ, ਜੋ ਇਸ ਵਿਸ਼ੇ ਨੂੰ ਡੂੰਘਾਈ ਨਾਲ ਸਮਝਦੇ ਸਨ, ਇੱਕ-ਇੱਕ ਕਰਕੇ ਸੰਸਾਰ ਤੋਂ ਰੁਖਸਤ ਹੋ ਰਹੇ ਹਨ। ਇਸ ਲਈ, ਹੋਰ ਦੇਰੀ ਸਿਰਫ਼ ਕੌਮੀ ਨੁਕਸਾਨ ਹੀ ਕਰੇਗੀ।

ਇਸ ਯਾਦ ਦਿਹਾਨੀ ਰਾਹੀਂ ਦੁਬਾਰਾ ਅਰਜ਼ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਸੰਗਤ ਦੇ ਸਾਹਮਣੇ ਸਪਸ਼ਟ ਜਵਾਬ ਅਤੇ ਅੱਗੇ ਦੇ ਕਦਮ ਰੱਖੇ ਜਾਣ।

ਸਾਡੀ ਬੇਨਤੀ ਹੈ ਕਿ ਬਿਨਾ ਹੋਰ ਦੇਰੀ ਦੇ, SGPC ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਦੀ ਪ੍ਰਕਿਰਿਆ ਨੂੰ ਜਨਤਕ ਤੇ ਪਾਰਦਰਸ਼ੀ ਤਰੀਕੇ ਨਾਲ ਸ਼ੁਰੂ ਕਰੇ।

ਤੁਹਾਡੇ ਤੁਰੰਤ ਜਵਾਬ ਦੀ ਉਮੀਦ ਕਰਦਿਆਂ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)

https://sarbatkhalsa.world fateh@sarbatkhalsa.world

# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

੧੯ ਦਸੰਬਰ ੨੦੨੫

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਿਸ਼ਾ: **ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ੨੯ ਜੁਲਾਈ ੨੦੨੫ ਨੂੰ ਭੇਜੀ ਚਿੱਠੀ ਬਾਰੇ ਦੂਜੀ ਯਾਦ ਦਿਹਾਨੀ।**

ਸਤਿਕਾਰਯੋਗ ਪ੍ਰਧਾਨ ਜੀ,

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਤੁਹਾਨੂੰ **੨੯ ਜੁਲਾਈ ੨੦੨੫** ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਇਕ ਵਿਸਥਾਰਪੂਰਣ ਅਤੇ ਗੰਭੀਰ ਚਿੱਠੀ ਭੇਜੀ ਗਈ ਸੀ (ਦੋਬਾਰਾ ਨਾਲ ਨੱਥੀ ਕਰ ਰਹੇ ਹਾਂ)। ਯਾਦ ਦਹਾਨੀ ਲਈ **੨੯ ਸਤੰਬਰ ੨੦੨੫** ਨੂੰ ਵੀ ਚਿੱਠੀ ਭੇਜੀ ਸੀ।

ਇਹ ਬਹੁਤ ਹੀ ਚਿੰਤਾਜਨਕ ਗੱਲ ਹੈ ਕਿ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾ ਤਾਂ ਕਿਸੇ ਪ੍ਰਕਾਰ ਦਾ ਲਿਖਤੀ ਜਵਾਬ ਦਿੱਤਾ ਗਿਆ ਹੈ ਅਤੇ ਨਾ ਹੀ ਕੋਈ ਸਪਸ਼ਟ ਸਥਿਤੀ ਕੌਮ ਦੇ ਸਾਹਮਣੇ ਰੱਖੀ ਗਈ ਹੈ। ਇਹ ਚੁੱਪੀ ਨਾ ਕੇਵਲ ਪੰਥਕ ਸੰਸਥਾ ਦੀ ਜ਼ਿੰਮੇਵਾਰੀ ਉੱਤੇ ਸਵਾਲ ਖੜੇ ਕਰਦੀ ਹੈ, ਸਗੋਂ ਸੰਗਤਾਂ ਵਿੱਚ ਵੱਧ ਰਹੀ ਬੇਚੈਨੀ ਅਤੇ ਅਵਿਸ਼ਵਾਸ ਨੂੰ ਵੀ ਹੋਰ ਗਹਿਰਾ ਕਰ ਰਹੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਨਾਲ ਜੁੜੇ ਪਾਠ-ਭੇਦ ਕੋਈ ਸਧਾਰਣ ਪ੍ਰਸ਼ਾਸਕੀ ਮਸਲਾ ਨਹੀਂ, ਸਗੋਂ ਇਹ ਪੂਰੀ ਸਿੱਖ ਕੌਮ ਦੀ ਆਸਥਾ, ਇਤਿਹਾਸ ਅਤੇ ਭਵਿੱਖ ਨਾਲ ਸੰਬੰਧਤ ਅਤਿ ਸੰਵੇਦਨਸ਼ੀਲ ਵਿਸ਼ਾ ਹੈ। ਬੀੜਾਂ ਵਿੱਚ ਆਏ ਅੰਤਰ, ਕਮੇਟੀਆਂ ਦੀਆਂ ਰਿਪੋਰਟਾਂ ਵਿੱਚ ਦਰਜ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਤਬਦੀਲੀਆਂ ਨੂੰ ਦੇਖਦੇ ਹੋਏ SGPC ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਮਸਲੇ ਨੂੰ ਤੁਰੰਤ ਅਤੇ ਪਾਰਦਰਸ਼ੀ ਤਰੀਕੇ ਨਾਲ ਹੱਲ ਕਰੇ। ਇਸ ਲਈ, ਕੌਮ ਇਹ ਉਮੀਦ ਨਹੀਂ, ਸਗੋਂ ਹੱਕ ਰੱਖਦੀ ਹੈ ਕਿ SGPC ਤੁਰੰਤ ਤੌਰ 'ਤੇ:

- ਆਪਣੀ ਸਥਿਤੀ ਸਪਸ਼ਟ ਕਰੇ,
- ਪਾਠ-ਭੇਦਾਂ ਦੀ ਸੁਧਾਈ ਸਬੰਧੀ ਅੱਗੇ ਦੀ ਕਾਰਵਾਈ ਦਾ ਖਾਕਾ ਜਨਤਕ ਕਰੇ, ਅਤੇ
- ਪੂਰੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਕੌਮ ਦੇ ਸਾਹਮਣੇ ਲਿਆਵੇ।

ਇਸ ਰਾਹੀਂ ਤੁਹਾਨੂੰ ਸਪਸ਼ਟ ਤੌਰ 'ਤੇ ਅਗਾਹ ਕੀਤਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੋਰ ਚੁੱਪੀ ਜਾਂ ਟਾਲਮਟੋਲ ਕਬੂਲ ਨਹੀਂ ਕੀਤਾ ਜਾਵੇਗਾ। SGPC ਵੱਲੋਂ ਕੋਈ ਜਵਾਬ ਅਤੇ ਕਾਰਵਾਈ ਨਾ ਕਰਨ ਦੇ ਹਾਲਾਤ ਵਿੱਚ ਸਰਬੱਤ ਖ਼ਾਲਸਾ ਜਥੇਬੰਦੀ ਵਿਦਵਾਨਾ ਦੀ ਨਿਗਰਾਨੀ ਵਿੱਚ ਇਸ ਜ਼ਰੂਰੀ ਕਾਰਜ ਨੂੰ ਆਪ ਸਿਰੇ ਚਾੜਣ ਦੇ ਯਤਨ ਕਰਨ ਲਈ ਆਜ਼ਾਦ ਹੋਵੇਗਾ।

ਅਸੀਂ ਉਮੀਦ ਕਰਦੇ ਹਾਂ ਕਿ ਇਸ ਯਾਦ ਦਿਹਾਨੀ ਨੂੰ ਗੰਭੀਰਤਾ ਨਾਲ ਲੈਂਦਿਆਂ, ਬਿਨਾ ਹੋਰ ਦੇਰੀ ਦੇ ਤੁਹਾਡਾ ਸਪਸ਼ਟ ਅਤੇ ਜਵਾਬਦੇਹ ਲਿਖਤੀ ਜਵਾਬ ਪ੍ਰਾਪਤ ਹੋਵੇਗਾ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)

੨੬ ਜਨਵਰੀ ੨੦੨੬

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਿਸ਼ਾ: **ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ੨੬ ਜੁਲਾਈ ੨੦੨੫ ਨੂੰ ਭੇਜੀ ਚਿੱਠੀ ਬਾਰੇ ਤੀਜੀ ਅਤੇ ਆਖ਼ਰੀ ਯਾਦ ਦਿਹਾਨੀ।**

ਸਤਿਕਾਰਯੋਗ ਪ੍ਰਧਾਨ ਜੀ,

ਇਹ ਪੱਤਰ ਤੁਹਾਨੂੰ ਗੰਭੀਰ ਚਿੰਤਾ ਅਤੇ ਪੰਥਕ ਜ਼ਿੰਮੇਵਾਰੀ ਦੇ ਭਾਵ ਨਾਲ ਲਿਖਿਆ ਜਾ ਰਿਹਾ ਹੈ। ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਤੁਹਾਨੂੰ **੨੬ ਜੁਲਾਈ ੨੦੨੫** ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਇਕ ਵਿਸਥਾਰਪੂਰਣ ਅਤੇ ਗੰਭੀਰ ਚਿੱਠੀ ਭੇਜੀ ਗਈ ਸੀ (ਦੋਬਾਰਾ ਨਾਲ ਨੱਥੀ ਕਰ ਰਹੇ ਹਾਂ)। **ਯਾਦ ਦਹਾਨੀ ਲਈ ੨੬ ਸਤੰਬਰ ੨੦੨੫ ਅਤੇ ੧੯ ਦਸੰਬਰ ੨੦੨੫** ਨੂੰ ਵੀ ਚਿੱਠੀ ਭੇਜੀ ਸੀ।

ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਗੰਭੀਰ ਮੱਸਲੇ ਤੇ ਹੁਣ ਤਕ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਜੁਆਬ ਨਹੀਂ ਆਇਆ। ਇਹ ਮਸਲਾ ਨਾ ਤਾਂ ਪ੍ਰਸ਼ਾਸਕੀ ਲਾਪਰਵਾਹੀ ਨਾਲ ਟਾਲਿਆ ਜਾ ਸਕਦਾ ਹੈ ਅਤੇ ਨਾ ਹੀ ਚੁੱਪੀ ਨਾਲ ਦਬਾਇਆ ਜਾ ਸਕਦਾ ਹੈ। SGPC ਰਾਹੀਂ ਗਠਿਤ ਕੀਤੀ ਗਈ ਕਮੇਟੀ ਵੱਲੋਂ **੨੬ ਮਾਰਚ ੧੯੯੬ ਦੀ ਰਿਪੋਰਟ ਵਿੱਚ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਬੀੜਾਂ ਵਿੱਚ ਆਈ ਤਬਦੀਲੀਆਂ** ਬਾਰੇ ਦਰਜ ਹੋਣਾ ਅਤਿ ਗੰਭੀਰ ਵਿਸ਼ਾ ਹੈ। SGPC ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਦੇ ਮਸਲੇ ਨੂੰ ਤੁਰੰਤ ਅਤੇ ਪਾਰਦਰਸ਼ੀ ਤਰੀਕੇ ਨਾਲ ਹੱਲ ਕਰੇ।

ਇਸ ਪੱਤਰ ਰਾਹੀਂ SGPC ਨੂੰ **ਨਾਨਕਸ਼ਾਹੀ ਸੰਮਤ ੫੫੭ ਵਰ੍ਹੇ ਦੇ ਆਖਰੀ ਦਿਨ ੩੦ ਫੱਗਣ ਤੱਕ (13 ਮਾਰਚ 2026)** ਤੱਕ ਆਪ ਜੀ ਵੱਲੋਂ ਆਪਣਾ ਰੁਖ਼ ਸਪਸ਼ਟਤਾ ਨਾਲ ਜਨਤਕ ਕਰਨ ਦੀ ਉਡੀਕ ਕੀਤੀ ਜਾਵੇਗੀ। ਜੇ ਇਸ ਮਿਆਦ ਤੱਕ ਵੀ ਕੋਈ ਜਵਾਬ ਨਹੀਂ ਮਿਲਦਾ, ਤਾਂ ਇਸ **ਚੁਪੀ ਨੂੰ ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਪਾਠ-ਭੇਦਾਂ ਦੇ ਮੱਸਲੇ ਨੂੰ ਸੁਲਝਾਉਣ ਲਈ ਸਹਿਮਤੀ ਮੰਨਿਆ ਜਾਵੇਗਾ।** ਨਾਨਕਸ਼ਾਹੀ ਸੰਮਤ ੫੫੮ ਦੇ ਆਰੰਭ, ੧ ਚੇਤ (14 ਮਾਰਚ 2026) ਤੋਂ ਬਾਅਦ, SGPC ਤੇ ਆਸ ਛੱਡ ਕੇ ਸਰਬੱਤ ਖ਼ਾਲਸਾ ਜਥੇਬੰਦੀ, ਪੰਥਕ ਵਿਦਵਾਨਾਂ ਦੀ ਨਿਗਰਰਾਨੀ ਵਿੱਚ, ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਨੂੰ ਦਰੁਸਤ ਕਰਨ ਦੇ ਪਵਿੱਤਰ ਕਾਰਜ ਲਈ ਆਜ਼ਾਦ ਹੋਵੇਗੀ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)

# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ — ਪੰਚ-ਪ੍ਰਧਾਨੀ ਜੁਗਤਿ

੧੪ ਮਾਰਚ ੨੦੨੬

ਸਤਿਕਾਰਯੋਗ ਪ੍ਰਧਾਨ ਸ: ਹਰਜਿੰਦਰ ਸਿੰਘ ਜੀ ਐਡਵੋਕੇਟ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਿਸ਼ਾ: **ਪਾਠ-ਭੇਦਾਂ ਦੀ ਸੁਧਾਈ ਦੇ ਗੰਭੀਰ ਮਸਲੇ 'ਤੇ ਐਸ.ਜੀ.ਪੀ.ਸੀ. ਵੱਲੋਂ ਨਿਰੰਤਰ ਚੁੱਪੀ ਰਾਹੀਂ ਸਰਬੱਤ ਖ਼ਾਲਸਾ ਜਥੇਬੰਦੀ ਨੂੰ ਕਾਰਜ ਸਿਰੇ ਚਾੜ੍ਹਨ ਦੀ ਜ਼ਿੰਮੇਵਾਰੀ ਦੇਣ ਲਈ ਧੰਨਵਾਦ।**

ਸਤਿਕਾਰਯੋਗ ਪ੍ਰਧਾਨ ਜੀ,

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਤੁਹਾਨੂੰ ੨੬ ਜੁਲਾਈ ੨੦੨੫ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਇਕ ਵਿਸਥਾਰਪੂਰਨ ਅਤੇ ਗੰਭੀਰ ਚਿੱਠੀ ਭੇਜੀ ਗਈ ਸੀ (ਦੋਬਾਰਾ ਨਾਲ ਨੱਥੀ ਕਰ ਰਹੇ ਹਾਂ)। ਯਾਦ ਦਹਾਨੀ ਲਈ ੨੬ ਸਤੰਬਰ ੨੦੨੫, ੧੯ ਦਸੰਬਰ ੨੦੨੫ ਅਤੇ ੨੬ ਜਨਵਰੀ ੨੦੨੬ ਨੂੰ ਵੀ ਚਿੱਠੀ ਭੇਜੀ ਸੀ।

ਆਖਰੀ ਯਾਦ ਦਹਾਨੀ ਵਿੱਚ ਸਪਸ਼ਟ ਲਿਖਿਆ ਸੀ, "SGPC ਨੂੰ ਨਾਨਕਸ਼ਾਹੀ ਸੰਮਤ ੫੫੭ ਵਰ੍ਹੇ ਦੇ ਆਖਰੀ ਦਿਨ ੩੦ ਫੱਗਣ ਤੱਕ (13 ਮਾਰਚ 2026) ਤੱਕ ਆਪ ਜੀ ਵੱਲੋਂ ਆਪਣਾ ਰੁਖ਼ ਸਪਸ਼ਟਤਾ ਨਾਲ ਜਨਤਕ ਕਰਨ ਦੀ ਉਡੀਕ ਕੀਤੀ ਜਾਵੇਗੀ। ਜੇ ਇਸ ਮਿਆਦ ਤੱਕ ਵੀ ਕੋਈ ਜਵਾਬ ਨਹੀਂ ਮਿਲਦਾ ਤਾਂ ਇਸ ਚੁੱਪੀ ਨੂੰ ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਪਾਠ-ਭੇਦਾਂ ਦੇ ਮਸਲੇ ਨੂੰ ਸੁਲਝਾਉਣ ਲਈ ਸਹਿਮਤੀ ਮੰਨਿਆ ਜਾਵੇਗਾ।"

ਇਹ ਪੱਤਰ ਸਰਬੱਤ ਖ਼ਾਲਸਾ ਜਥੇਬੰਦੀ ਨੂੰ ਪਾਠ-ਭੇਦਾਂ ਦੇ ਮਸਲੇ ਨੂੰ ਸੁਲਝਾਉਣ ਲਈ ਤੁਹਾਡੀ ਚੁੱਪ ਰੂਪੀ ਸਹਿਮਤੀ ਦੇਣ ਲਈ ਧੰਨਵਾਦ ਵਿੱਚ ਲਿੱਖ ਰਹੇ ਹਾਂ। ਹੁਣ SGPC 'ਤੇ ਆਸ ਛੱਡ ਕੇ ਸਰਬੱਤ ਖ਼ਾਲਸਾ ਜਥੇਬੰਦੀ ਪੰਥਕ ਵਿਦਵਾਨਾਂ ਦੀ ਨਿਗਰਾਨੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਨੂੰ ਦਰੁੱਸਤ ਕਰਨ ਦੇ ਪਵਿੱਤਰ ਕਾਰਜ ਲਈ ਅਜ਼ਾਦ ਹੈ ਅਤੇ ਜਲਦ ਹੀ ਕਾਰਜ ਅਰੰਭ ਕਰ ਦਿੱਤਾ ਜਾਵੇਗਾ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)

https://sarbatkhalsa.world    fateh@sarbatkhalsa.world